**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Ad Space Available**
**Please Call**
**Ph:847-359-0746**

Fourteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 42, October 19, 2013 | 20451 N Plum Grove Rd., Palatine, IL 60074 | Ph:847-359-0746, Fax:847-705-9388

## ਸਲਾਹਕਾਰਾਂ ਦੀ ਧਾੜ ਨੇ ਲੁੱਟ ਲਿਆ ਪੰਜਾਬ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਜਨਤਾ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਬੇਸ਼ੱਕ ਪੰਜਾਬ ਸਰਕਾਰ ਦਾ ਖਜ਼ਾਨਾ ਖਾਲੀ ਹੈ ਪਰ ਲੀਡਰਾਂ ਤੇ ਆਪਣੇ ਚਹੇਤਿਆਂ ਦੀ ਐਸ਼ ਲਈ ਪੈਸਾ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ। ਬਾਦਲਾਂ ਨੇ ਪਹਿਲਾਂ ਆਪਣੇ ਵਫਾਦਾਰਾਂ ਨੂੰ ਖੁਸ਼ ਕਰਨ ਲਈ ਸੰਸਦੀ ਸਕੱਤਰਾਂ ਦੀ ਵੱਡੀ ਫੌਜ ਖੜ੍ਹੀ ਕੀਤੀ ਅਤੇ ਹੁਣ ਮੀਡੀਆ ਸਲਾਹਕਾਰਾਂ ਨੂੰ ਕੈਬਨਿਟ ਤੇ ਰਾਜ ਮੰਤਰੀ ਤੱਕ ਦਾ ਰੁਤਬਾ ਦੇ ਕੇ ਸੰਵਿਧਾਨ ਤੇ ਕਾਨੂੰਨ ਦੀਆਂ ਵੀ ਧੱਜੀਆਂ ਉਡਾਈਆਂ ਹਨ। ਇਨ੍ਹਾਂ ਅਹੁਦਿਆਂ 'ਤੇ ਬਿਰਾਜਮਾਨ ਸ਼ਖ਼ਸਾਂ ਦੀਆਂ ਤਨਖਾਹਾਂ, ਭੱਤਿਆਂ ਤੇ ਸੁੱਖ ਸਹੂਲਤਾਂ 'ਤੇ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ।

ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਸੰਸਦੀ ਸਕੱਤਰਾਂ ਅਤੇ ਸਲਾਹਕਾਰਾਂ ਦੀ ਫ਼ੌਜ ਨੂੰ ਆਪਣੇ ਕੰਮਕਾਜ ਦਾ ਹੀ ਪਤਾ ਨਹੀਂ ਜਿਸ ਕਾਰਨ ਪਿਛਲੇ ਸਮੇਂ ਦੌਰਾਨ ਆਪਸੀ ਵਿਰੋਧ ਦੇ ਮਾਮਲੇ ਵੀ ਸਾਹਮਣੇ ਆਏ ਹਨ। ਸੰਸਦੀ ਸਕੱਤਰ ਨਵਜੋਤ ਕੌਰ ਸਿੱਧੂ ਨੇ ਤਾਂ ਸ਼ਰ੍ਹੇਆਮ ਦੋਸ਼ ਲਾਏ ਸਨ ਕਿ ਸਰਕਾਰ ਵੱਲੋਂ ਉਨ੍ਹਾਂ ਦਾ ਕੋਈ ਅਧਿਕਾਰ ਖੇਤਰ ਹੀ ਤੈਅ ਨਹੀਂ ਕੀਤਾ ਗਿਆ। ਇਸ ਕਰ ਕੇ ਉਨ੍ਹਾਂ ਦਾ ਆਪਣੀ ਪਾਰਟੀ ਦੇ ਹੀ ਮੰਤਰੀ ਨਾਲ ਤਕਰਾਰ ਹੋ ਗਿਆ ਸੀ। ਇਹੋ ਹਾਲ ਸਲਾਹਕਾਰਾਂ ਦੀ ਫੌਜ ਦਾ ਹੈ। ਜ਼ਿਕਰਯੋਗ ਹੈ ਕਿ ਆਪਣੇ ਚਹੇਤਿਆਂ ਨੂੰ ਖੁਸ਼ ਕਰਨ ਲਈ ਪੰਜਾਬ ਸਰਕਾਰ ਨੇ ਜੁਗਤ ਬਣਾ ਕੇ ਜਿਨ੍ਹਾਂ ਨੂੰ ਸਲਾਹਕਾਰ ਨਿਯੁਕਤ ਕੀਤਾ ਹੈ, ਉਹ ਕਿਸੇ ਸੰਵਿਧਾਨਕ ਜਾਂ ਕਾਨੂੰਨੀ ਮਾਨਤਾ ਤੋਂ ਵਾਂਝੇ ਹਨ। ਇਨ੍ਹਾਂ ਵਿਚੋਂ ਕਈਆਂ ਨੂੰ ਮੰਤਰੀਆਂ ਵਾਲੇ ਰੁਤਬੇ ਤੇ ਭੱਤੇ ਦਿੱਤੇ ਗਏ ਹਨ। ਪੰਜਾਬ ਵਿਚ ਚਾਰ ਸਲਾਹਕਾਰ ਹਨ ਜਿਨ੍ਹਾਂ ਵਿਚੋਂ ਤਿੰਨ ਨੂੰ ਕੈਬਨਿਟ ਮੰਤਰੀ ਦਾ ਅਹੁਦਾ ਹਾਸਲ ਹੈ। ਇਸ ਤੋਂ ਇਲਾਵਾ ਚਾਰ ਮੀਡੀਆ ਸਲਾਹਕਾਰਾਂ ਵਿਚੋਂ ਦੋ ਨੂੰ ਰਾਜ ਮੰਤਰੀ ਤੇ ਦੋ ਨੂੰ ਮੁੱਖ ਪਾਰਲੀਮਾਨੀ ਸਕੱਤਰ ਦਾ ਰੁਤਬਾ ਹਾਸਲ ਹੈ।

### ਸੰਵਿਧਾਨ ਦੀ ਵੀ ਉਲੰਘਣਾ

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਸਲਾਹਕਾਰਾਂ ਦੀ ਨਿਯੁਕਤੀ, ਭਾਰਤ ਸਰਕਾਰ ਦੀ ਸੰਵਿਧਾਨਕ ਜਾਇਜ਼ਾ ਕਮੇਟੀ ਦੀਆਂ ਮੰਤਰੀਆਂ ਦੀ ਕੌਂਸਲ ਦਾ ਆਕਾਰ ਸੰਖੇਪ ਰੱਖਣ ਤੇ ਖਰਚੇ ਘਟਾਉਣ ਦੀਆਂ ਸਿਫਾਰਸ਼ਾਂ ਨੂੰ ਅੱਖੋਂ ਉਹਲੇ ਕਰਨ ਦੇ ਤੁੱਲ ਹੈ। ਇਨ੍ਹਾਂ ਵਿਚੋਂ ਹਰ ਸਲਾਹਕਾਰ ਦੀ ਨਿਯੁਕਤੀ ਲਈ ਤੈਅ ਨੇਮ ਤੇ ਸ਼ਰਤਾਂ ਦੇ ਆਧਾਰ 'ਤੇ ਮੋਟੇ ਜਿਹੇ ਅੰਦਾਜ਼ੇ ਅਨੁਸਾਰ ਸਰਕਾਰ ਇਨ੍ਹਾਂ ਵਿਚੋਂ ਹਰ ਇਕ ਉਤੇ 21 ਲੱਖ ਰੁਪਏ ਸਾਲਾਨਾ ਖਰਚ ਕਰ ਰਹੀ ਹੈ। ਇਸ ਖਰਚੇ ਵਿਚ ਇਨ੍ਹਾਂ ਨਾਲ ਲਾਏ ਸਟਾਫ ਨੂੰ ਦਿੱਤੀਆਂ ਜਾਂਦੀਆਂ ਤਨਖਾਹਾਂ ਤੇ ਇਨ੍ਹਾਂ ਨੂੰ ਮਿਲੀਆਂ ਸਰਕਾਰੀ ਕਾਰਾਂ ਦੇ ਖਰਚੇ ਸ਼ਾਮਲ ਨਹੀਂ ਹਨ।

ਕਾਨੂੰਨ ਅਨੁਸਾਰ ਚੁਣੇ ਹੋਏ ਮੈਂਬਰਾਂ ਵਿਚੋਂ 15 ਫੀਸਦੀ ਨੁਮਾਇੰਦਿਆਂ ਨੂੰ ਮੰਤਰੀ ਬਣਾਇਆ ਜਾ ਸਕਦਾ ਹੈ। ਇਸ ਮੁਤਾਬਕ ਪੰਜਾਬ ਦੀ 117 ਮੈਂਬਰੀ ਵਿਧਾਨ ਸਭਾ ਵਿਚ ਸਿਰਫ 18 ਮੰਤਰੀ ਹੋ ਸਕਦੇ ਹਨ। ਪੰਜਾਬ ਵਿਚ ਮੰਤਰੀਆਂ ਦੇ ਦੋ ਅਹੁਦੇ (ਜਗੀਰ ਕੌਰ ਤੇ

*(ਬਾਕੀ ਸਫਾ 6 'ਤੇ)*

## ਪੰਜਾਬ ਕਾਂਗਰਸ ਦੇ ਕਲੇਸ਼ ਨੇ ਦਿੱਲੀ ਹਿਲਾਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਕਾਂਗਰਸ ਵਿਚਲੀ ਤਿੱਖੀ ਧੜੇਬੰਦੀ ਮੁੜ ਤੇਜ਼ ਹੋ ਗਈ ਹੈ ਜਿਸ ਨੂੰ ਖਤਰੇ ਦੀ ਘੰਟੀ ਮੰਨਿਆ ਜਾ ਰਿਹਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਇਸ ਖਾਨਾਜੰਗੀ ਦਾ ਖਮਿਆਜ਼ਾ ਭੁਗਤ ਚੁੱਕੀ ਹੈ ਪਰ ਪਾਰਟੀ ਦੇ ਸੀਨੀਅਰ ਆਗੂਆਂ ਨੇ ਇਸ ਤੋਂ ਕੋਈ ਸਬਕ ਨਹੀਂ ਸਿੱਖਿਆ ਜਾਪਦਾ। ਪਾਰਟੀ ਹਾਈ ਕਮਾਨ ਸਾਰੇ ਧੜਿਆਂ ਨੂੰ ਨੇੜੇ ਲਿਆਉਣ ਲਈ ਸਿਰ ਤੋੜ ਯਤਨ ਕਰ ਰਹੀ ਹੈ ਪਰ ਇਹ ਖਿਲਾਰਾ ਹੋਰ ਖਿਲਰਦਾ ਜਾ ਰਿਹਾ ਹੈ।

ਇਸ ਵਾਰ ਕਾਂਗਰਸ ਦੀ ਧੜੀਬੰਦੀ 10 ਅਕਤੂਬਰ ਨੂੰ ਹੋਈ ਸੰਗਰੂਰ ਰੈਲੀ ਦੌਰਾਨ ਖੁੱਲ੍ਹ ਕੇ ਸਾਹਮਣੇ ਆਈ। ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਕੁੱਲ ਹਿੰਦ ਕਾਂਗਰਸ ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੀ ਹਾਜ਼ਰੀ ਵਿਚ ਹੀ ਖਹਿਬੜਦੇ ਰਹੇ। ਸੂਤਰਾਂ ਅਨੁਸਾਰ ਕੈਪਟਨ ਨੂੰ ਜਦੋਂ ਪਤਾ ਲੱਗਿਆ ਕਿ ਉਨ੍ਹਾਂ ਲਈ ਸਟੇਜ ਉਪਰ ਸੀਟ ਤੈਅ ਨਹੀਂ ਕੀਤੀ ਗਈ ਤਾਂ ਉਨ੍ਹਾਂ ਅਦਾਲਤ ਵਿਚ ਪੇਸ਼ੀ ਦਾ ਬਹਾਨਾ ਲਾ ਕੇ ਸਮਾਗਮ ਵਿਚ ਪਹੁੰਚਣ ਤੋਂ ਇਨਕਾਰ ਕਰ ਦਿੱਤਾ। ਜਦੋਂ ਇਹ ਗੱਲ ਹਾਈ ਕਮਾਂਡ ਕੋਲ ਪੁੱਜੀ ਤਾਂ ਹੰਗਾਮੀ ਹਾਲਤ ਵਿਚ ਪੰਜਾਬ ਕਾਂਗਰਸ ਦੇ ਇੰਚਾਰਜ ਤੇ ਕੌਮੀ ਜਨਰਲ ਸਕੱਤਰ ਸ਼ਕੀਲ ਅਹਿਮਦ ਰੈਲੀ ਤੋਂ ਇਕ ਦਿਨ ਪਹਿਲਾਂ ਸੰਗਰੂਰ ਪੁੱਜੇ ਤੇ ਉਨ੍ਹਾਂ ਖ਼ੁਦ ਕੈਪਟਨ ਨੂੰ ਫੋਨ ਕਰ ਕੇ ਰੈਲੀ ਵਿਚ ਪੁੱਜਣ ਦਾ ਸੱਦਾ

*(ਬਾਕੀ ਸਫਾ 6 'ਤੇ)*

### ਬਾਜਵਾ ਤੇ ਕੈਪਟਨ ਫਿਰ ਆਹਮੋ-ਸਾਹਮਣੇ





### ਏਕੇ ਲਈ ਲੰਚ ਡਿਪਲੋਮੇਸੀ

**ਚੰਡੀਗੜ੍ਹ:** ਧੜੇਬੰਦੀ ਤੋਂ ਫਿਕਰਮੰਦ ਪਾਰਟੀ ਹਾਈ ਕਮਾਂਡ ਨੂੰ ਸੂਬਾਈ ਆਗੂਆਂ ਦੇ ਮਤਭੇਦ ਖ਼ਤਮ ਕਰਨ ਲਈ 'ਲੰਚ ਡਿਪਲੋਮੇਸੀ' ਦਾ ਸਹਾਰਾ ਲੈਣਾ ਪਿਆ। ਅਜਿਹਾ ਪਹਿਲਾ ਲੰਚ ਇਥੇ ਪੰਜਾਬ ਮਾਮਲਿਆਂ ਸਬੰਧੀ ਕਾਂਗਰਸ ਦੇ ਇੰਚਾਰਜ ਤੇ ਜਨਰਲ ਸਕੱਤਰ ਸ਼ਕੀਲ ਅਹਿਮਦ ਨੇ ਸ਼ਾਮਕਾਰ ਇੰਡੀਆ ਇਸਲਾਮਿਕ ਸੈਂਟਰ ਵਿਚ ਦਿੱਤਾ। ਇਸ ਮੌਕੇ ਉਹ ਸ਼ਖਸੀਅਤਾਂ ਹਾਜ਼ਰ ਸਨ ਜਿਨ੍ਹਾਂ ਨੂੰ ਸ਼ਾਇਦ ਹੀ ਕਦੇ ਖਾਣੇ ਦੀ ਮੇਜ਼ ਉਤੇ ਇਕੱਠਿਆਂ ਬੈਠਿਆਂ ਦੇਖਿਆ ਗਿਆ ਹੋਵੇ। ਇਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਰਾਜਿੰਦਰ ਕੌਰ ਭੱਠਲ, ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਸੀਨੀਅਰ ਸੂਬਾਈ ਆਗੂ ਜਗਮੀਤ ਬਰਾੜ ਵੀ ਸ਼ਾਮਲ ਸਨ। ਪੰਜਾਬ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ, ਸਾਬਕਾ ਸੂਬਾਈ ਵਰਕਿੰਗ ਪ੍ਰਧਾਨ ਲਾਲ ਸਿੰਘ ਤੇ ਸੀਨੀਅਰ ਦਲਿਤ ਆਗੂ ਸ਼ਮਸ਼ੇਰ ਸਿੰਘ ਦੂਲੋ ਵੀ ਭੋਜ ਵਿਚ ਸ਼ਾਮਲ ਸਨ। ਸ਼ਕੀਲ ਨੇ ਕੁੱਲ ਅੱਠ ਆਗੂਆਂ ਨੂੰ ਸੱਦਿਆ ਸੀ ਤੇ ਇਨ੍ਹਾਂ ਵਿਚੋਂ ਸਿਰਫ ਮਹਿੰਦਰ ਸਿੰਘ ਕੇਪੀ ਹੀ ਨਹੀਂ ਪੁੱਜ ਸਕੇ।

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval



ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA · SFR · CDPE
Century 21
M&M and Associates
209.918.6464
ahundal@c21mm.com
605 Standiford Ave, Ste D · Modesto, CA 95350
SFR

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of**
**Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਦਾਸ ਦੀਆਂ ਅੱਖਾਂ ਹੋਈਆਂ ਨਮ...

**ਲੰਬੀ:** ਦਸਹਿਰੇ ਮਗਰੋਂ ਪਿੰਡ ਬਾਦਲ ਵਿਖੇ ਪਾਸ਼ (ਪ੍ਰਕਾਸ਼ ਸਿੰਘ ਬਾਦਲ) ਅਤੇ ਦਾਸ (ਗੁਰਦਾਸ ਸਿੰਘ ਬਾਦਲ) ਵਿਚਕਾਰ ਕਮਰਾਬੰਦ ਮੁਲਾਕਾਤ ਹੋਈ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਦੋਹਾਂ ਭਰਾਵਾਂ ਦੀ ਮੁਲਾਕਾਤ ਦੇ ਵੱਖੋ-ਵੱਖ ਮਾਇਨੇ ਕੱਢੇ ਜਾ ਰਹੇ ਹਨ। ਸਿਆਸੀ ਹਲਕਿਆਂ ਵਿਚ ਇਸ ਮੁਲਾਕਾਤ ਨੂੰ ਲੋਕ ਸਭਾ ਚੋਣਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ, ਹਾਲਾਂਕਿ ਪਾਸ਼ ਦੇ ਨੇੜਲੇ ਸੂਤਰ ਇਸ ਨੂੰ ਭਰਾਵਾਂ ਦੀ ਮੁਲਾਕਾਤ ਦੱਸ ਰਹੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਛੋਟੇ ਭਰਾ ਗੁਰਦਾਸ ਸਿੰਘ ਬਾਦਲ ਨੂੰ ਮਿਲਣ ਖਾਤਰ ਜੱਦੀ ਰਿਹਾਇਸ਼ 'ਤੇ ਪੁੱਜੇ। ਉਨ੍ਹਾਂ ਗੁਰਦਾਸ ਸਿੰਘ ਬਾਦਲ ਨਾਲ ਤਕਰੀਬਨ 42 ਮਿੰਟ ਮੀਟਿੰਗ ਕੀਤੀ। ਪਤਾ ਲੱਗਿਆ ਹੈ ਕਿ ਹਕੂਮਤ ਵੱਲੋਂ ਇਸ ਮੁਲਾਕਾਤ ਨੂੰ ਖਾਸਾ ਗੁਪਤ ਰੱਖਣ ਦੇ ਮੰਤਵ ਨਾਲ ਸੂਬਾਈ ਖਾਕੀ ਤੰਤਰ ਦੀ ਬਜਾਏ ਸੀ.ਆਈ.ਸੀ.ਐਫ਼ ਦੇ ਮੁਲਾਜ਼ਮ ਹੀ ਮੁੱਖ ਮੰਤਰੀ ਦੇ ਸੁਰੱਖਿਆ ਦਸਤੇ ਵਜੋਂ ਭੇਜੇ ਗਏ। ਇਸ ਮੀਟਿੰਗ ਦੇ ਵੇਰਵੇ ਤਾਂ ਅਜੇ ਹਾਸਲ ਨਹੀਂ ਹੋ ਸਕੇ ਪਰ ਸੂਤਰਾਂ ਅਨੁਸਾਰ ਮੁਲਾਕਾਤ ਮਗਰੋਂ ਛੋਟੇ ਭਰਾ ਦੀਆਂ ਅੱਖਾਂ ਵਿਚੋਂ ਹੰਝੂ ਕਿਰਦੇ ਜ਼ਰੂਰ ਵੇਖੇ ਗਏ।

ਇਸ ਮੀਟਿੰਗ ਨੂੰ ਬਠਿੰਡਾ ਲੋਕ ਸਭਾ ਸੀਟ ਤੋਂ ਅਕਾਲੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਸਾਹਮਣੇ ਪੀ.ਪੀ.ਪੀ. ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਦੇ ਚੋਣ ਮੈਦਾਨ ਵਿਚ ਡਟਣ ਦੀ ਸੂਰਤ ਵਿਚ ਪਾਸ਼ ਤੇ ਦਾਸ ਦੇ ਪਰਿਵਾਰਾਂ ਵਿਚਕਾਰ ਦੂਜੀ ਸਿੱਧੀ ਚੋਣ ਜੰਗ ਨੂੰ ਟਾਲਣ ਦੀ ਕੜੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਚਰਚਾ ਹੈ ਕਿ ਆਪਣੇ ਭਤੀਜੇ ਮਨਪ੍ਰੀਤ ਸਿੰਘ ਦੇ ਸਿਆਸੀ ਮਨੋਬਲ ਨੂੰ ਢਿੱਲਾ ਕਰਨ ਦੇ ਉਦੇਸ਼ ਨਾਲ ਸਮੇਂ-ਸਮੇਂ ਪਾਸ਼ ਵੱਲੋਂ ਦਾਸ ਨਾਲ ਮੁਲਾਕਾਤਾਂ ਕਰ ਕੇ ਅਸਿੱਧੇ ਢੰਗ ਨਾਲ ਸਿਆਸੀ ਤੀਰ ਛੱਡੇ ਜਾਂਦੇ ਹਨ ਤਾਂ ਜੋ ਆਮ ਜਨਤਾ ਵਿਚ ਪੀ.ਪੀ.ਪੀ. ਦਾ ਵਜੂਦ ਖਦਸ਼ਿਆਂ ਤੇ ਕਿਆਸਾਂ ਨਾਲ ਲਬਰੇਜ਼ ਹਾਲਾਤ ਦਾ ਸ਼ਿਕਾਰ ਬਣਿਆ ਰਹੇ। ਇਸ ਬਾਰੇ ਜਦੋਂ ਗੁਰਦਾਸ ਸਿੰਘ ਬਾਦਲ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਮੁਲਾਕਾਤ ਕਰਨੋਂ ਕੋਰਾ ਇਨਕਾਰ ਕਰ ਦਿੱਤਾ। ਦੂਜੇ ਪਾਸੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਿੱਜੀ ਸਕੱਤਰ ਅਵਤਾਰ ਸਿੰਘ ਵਣਵਾਲਾ ਨੇ ਦੋਵੇਂ ਭਰਾਵਾਂ ਦੀ ਮੀਟਿੰਗ ਨੂੰ ਨਿਰੋਲ ਭਰਾਵੀਂ ਤੇ ਭਾਵਨਾਤਮਕ ਮੁਲਾਕਾਤ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਬਾਦਲ ਪਿੰਡ ਬਾਦਲ 'ਚ ਆਮਦ ਮੌਕੇ ਅਕਸਰ ਹੀ ਆਪਣੇ ਛੋਟੇ ਭਰਾ ਨੂੰ ਮਿਲਣ ਆਉਂਦੇ ਹਨ।



*ਗੁਰਦਾਸ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ*



*ਸੈਨ ਹੋਜ਼ੇ: ਕੌਮਾਂਤਰੀ ਪੱਧਰ ਦੇ ਹੇਮਕੁੰਟ ਭਾਸ਼ਣ ਮੁਕਾਬਲਿਆਂ ਵਿਚ ਗੁਰਦੁਆਰਾ ਸੈਨ ਹੋਜ਼ੇ ਦੀ ਨੁਮਾਇੰਦਗੀ ਕਰਨ ਵਾਲੇ ਚਾਰ ਬੱਚੇ ਜਿਨ੍ਹਾਂ ਦਾ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕਾਂ ਵਲੋਂ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ। ਤਸਵੀਰ ਵਿਚ ਖੱਬਿਓਂ-ਕਿਰਨ ਕੌਰ, ਸੁਖਵੀਰ ਸਿੰਘ, ਮਹਿਮਾ ਕੌਰ ਭੇਲਾ ਅਤੇ ਸਾਨੀਆ ਕੌਰ ਭੇਲਾ (ਸੋਨ ਤਮਗਾ ਜੇਤੂ)*

## ਅਮਰੀਕੀ ਜਹਾਜ਼ ਦਾ ਹਥਿਆਰ ਸਮਗਲਿੰਗ ਨਾਲ ਸਬੰਧ ਨਹੀਂ

**ਨਵੀਂ ਦਿੱਲੀ (ਬਿਊਰੋ):** ਕੌਮੀ ਸੁਰੱਖਿਆ ਬਾਰੇ ਉਪ ਸਲਾਹਕਾਰ ਨਿਹਚਲ ਸੰਧੂ ਨੇ ਕਿਹਾ ਹੈ ਕਿ ਫੜੇ ਗਏ ਅਮਰੀਕੀ ਜਹਾਜ਼ ਐਮ.ਵੀ. ਸੀਮੈਨ ਗਾਰਡ ਓਹਾਇਓ ਦਾ ਹਥਿਆਰਾਂ ਦੀ ਸਮਗਲਿੰਗ ਨਾਲ ਕੋਈ ਸਬੰਧ ਨਹੀਂ ਜਾਪਦਾ। ਫਿਰ ਵੀ ਸਾਰੇ ਮਾਮਲੇ ਦੀ ਤਹਿ ਤਕ ਜਾਂਚ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਹ ਜਹਾਜ਼ ਨੈਸ਼ਨਲ ਕੋਸਟ ਗਾਰਡ ਨੇ ਤਾਮਿਲਨਾਡੂ ਦੇ ਤੱਟ ਤੋਂ ਫੜਿਆ ਸੀ। ਇਸ ਵਿਚ ਹਥਿਆਰਾਂ ਦਾ ਜ਼ਖੀਰਾ ਸੀ।

## ਅੱਧੇ ਕੇਂਦਰੀ ਮੰਤਰੀਆਂ ਨੇ ਜਾਇਦਾਦ ਦੇ ਵੇਰਵੇ ਨਹੀਂ ਦੱਸੇ

**ਨਵੀਂ ਦਿੱਲੀ:** 77 ਕੇਂਦਰੀ ਮੰਤਰੀਆਂ ਵਿਚੋਂ 35 ਕੇਂਦਰੀ ਮੰਤਰੀ, ਪ੍ਰਧਾਨ ਮੰਤਰੀ ਨੂੰ ਆਪਣੀ ਜਾਇਦਾਦ ਸਬੰਧੀ ਵੇਰਵਿਆਂ ਦੀ ਸਾਲਾਨਾ ਫਾਈਲ ਮੁਹੱਈਆ ਨਹੀਂ ਕਰਵਾ ਸਕੇ ਅਤੇ ਇਸ ਲਈ ਨਿਰਧਾਰਿਤ ਕੀਤੀ ਤਰੀਕ ਤੋਂ ਬਾਅਦ ਮਹੀਨੇ ਤੋਂ ਵਧੇਰੇ ਸਮਾਂ ਗੁਜ਼ਰ ਚੁੱਕਾ ਹੈ।

ਇਹ ਵੇਰਵੇ ਦੇਣ ਲਈ 31 ਅਗਸਤ ਨਿਸ਼ਚਿਤ ਕੀਤੀ ਗਈ ਸੀ ਅਤੇ ਅਜੇ 32 ਕੈਬਨਿਟ ਮੰਤਰੀਆਂ ਵਿਚੋਂ 18, ਆਜ਼ਾਦਾਨਾ ਚਾਰਜ ਵਾਲੇ 12 ਕੇਂਦਰੀ ਰਾਜ ਮੰਤਰੀਆਂ ਵਿਚੋਂ ਕੇਵਲ 7 ਮੰਤਰੀ, 33 ਕੇਂਦਰੀ ਰਾਜ ਮੰਤਰੀਆਂ 'ਚੋਂ 17 ਮੰਤਰੀ ਹੀ ਆਪਣੀਆਂ ਜਾਇਦਾਦਾਂ ਦੇ ਵੇਰਵੇ ਮੁਹੱਈਆ ਕਰਵਾ ਸਕੇ ਹਨ। ਜਿਹੜੇ ਕੈਬਨਿਟ ਮੰਤਰੀ ਮਿਥੀ ਤਰੀਕ 'ਤੇ ਵੇਰਵੇ ਨਹੀਂ ਦੇ ਸਕੇ, ਉਨ੍ਹਾਂ ਵਿਚ ਗੁਲਾਮ ਨਬੀ ਆਜ਼ਾਦ, ਕਪਿਲ ਸਿੱਬਲ, ਸ੍ਰੀਪ੍ਰਕਾਸ਼ ਜੈਸਵਾਲ ਤੇ ਹਰੀਸ਼ ਰਾਵਤ ਸ਼ਾਮਲ ਹਨ।

## ਸ਼ਹਿਜ਼ਾਦਾ ਚਾਰਲਸ ਤੇ ਕੈਮਿਲਾ ਦੀ ਭਾਰਤ ਗੇੜੀ ਅਗਲੇ ਮਹੀਨੇ

**ਲੰਡਨ:** ਬਰਤਾਨੀਆ ਦੇ ਸ਼ਹਿਜ਼ਾਦਾ ਚਾਰਲਸ ਅਤੇ ਉਨ੍ਹਾਂ ਦੀ ਪਤਨੀ ਕੈਮਿਲਾ ਪਾਰਕਰ ਅਗਲੇ ਮਹੀਨੇ ਸ੍ਰੀਲੰਕਾ ਨੂੰ ਰਾਸ਼ਟਰਮੰਡਲ ਦੇਸ਼ਾਂ ਦੇ ਸਰਕਾਰਾਂ ਦੇ ਮੁਖੀਆਂ ਦੀ ਮੀਟਿੰਗ 'ਚ ਸ਼ਾਮਿਲ ਹੋਣ ਲਈ ਜਾਂਦੇ ਸਮੇਂ ਭਾਰਤ ਦਾ 9 ਦਿਨਾ ਦੌਰਾ ਕਰਨਗੇ। ਇਹ ਸ਼ਾਹੀ ਜੋੜੇ ਦੀ ਇਕੱਠਿਆਂ ਦੀ ਤੀਜੀ ਸਰਕਾਰੀ ਯਾਤਰਾ ਹੋਵੇਗੀ। 6 ਤੋਂ 14 ਨਵੰਬਰ ਤਕ ਆਪਣੀ ਯਾਤਰਾ ਦੌਰਾਨ ਉਹ ਦੇਹਰਾਦੂਨ, ਦਿੱਲੀ, ਮੁੰਬਈ, ਪੁਣੇ ਅਤੇ ਕੋਚੀ ਜਾਣਗੇ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*





*Contact:*

Dr. Baljit Jammu

*Doctor of Chiropractic*

Ph: 510-940-8236

1090 La Palya Dr.,
Hayward CA 94545



Soft Touch Dental Practice

A reason to smile . . .

Call us Today!
(510) 952-9395

State of the art Dental Facility in your neighborhood.

General Dentistry Including
Periodontal Care, Cosmetic Dentistry
Root-Canals, Invisalign, Crowns
Most Insurances Accepted
0% Finance Options
Promotional Rate For New Patients

$69.99
Cleaning Exam X-Rays

www.soft touch dental practice.com



ਅਸੀਂ ਮੁਸਕਰਾਹਟਾਂ ਵੰਡਦੇ ਹਾਂ

Special Rates For New Patients.



ਡਾ. ਅੰਮ੍ਰਿਤਪਾਲ ਕੌਰ

Call us Today (510) 952-9395

email: amrit@drakaur.com

People Like Us On Yelp!
facebook.com/
softtouchdentalpractice

Parking in the back.

2701 Decoto Road, 1A, Union City, CA 94587
Conveniently Located Near Union City BART
From San Jose, Northbound 880, Exit Decoto, Make A Right, Left On Royal Ann.
From Oakland, Southbound 880, Exit Decoto, Make A Left, Left On Royal Ann.





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।


✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.659.9400

# ਭਾਈ ਪੰਥਪ੍ਰੀਤ ਸਿੰਘ ਦੀ ਅਮਰੀਕਾ ਪ੍ਰਚਾਰ ਫੇਰੀ 26 ਤੋਂ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਸਿੱਖ ਪ੍ਰਚਾਰਕਾਂ ਦੀ ਸ਼੍ਰੇਣੀ ਵਿਚ ਨਿਵੇਕਲੀ ਅਤੇ ਵਿਲੱਖਣ ਪਹਿਚਾਣ ਵਾਲੇ, ਤਤਿ ਗੁਰਮਤਿ ਨੂੰ ਪ੍ਰਣਾਏ ਭਾਈ ਪੰਥਪ੍ਰੀਤ ਸਿੰਘ ਭਾਈ ਬਖਤੌਰ ਵਾਲਿਆਂ ਦੀ ਪਹਿਲੀ ਅਮਰੀਕਾ ਪ੍ਰਚਾਰ



*ਭਾਈ ਪੰਥਪ੍ਰੀਤ ਸਿੰਘ*

ਫੇਰੀ 26 ਅਕਤੂਬਰ ਨੂੰ ਸਿਆਟਲ ਵਿਚ ਹੋਣ ਵਾਲੇ ਇਕ ਸੈਮੀਨਾਰ ਤੋਂ ਸ਼ੁਰੂ ਹੋਵੇਗੀ। ਗੈਰ ਸਿੱਖ ਘਰਾਣੇ ਵਿਚ ਪੈਦਾ ਹੋਏ ਅਤੇ ਕਿੱਤੇ ਵਜੋਂ ਡਾਕਟਰ ਭਾਈ ਪੰਥਪ੍ਰੀਤ ਸਿੰਘ ਮੂਲ ਨਾਨਕਸ਼ਾਹੀ ਕੈਲੰਡਰ ਦੀ ਮੁੜ ਬਹਾਲੀ ਸਬੰਧੀ ਹੋ ਰਹੇ ਇਸ ਸੈਮੀਨਾਰ ਵਿਚ ਭਾਗ ਲੈਣਗੇ।

ਵਰਲਡ ਸਿੱਖ ਫੈਡਰੇਸ਼ਨ ਦੇ ਬੁਲਾਰੇ ਭਾਈ ਹਰਮਿੰਦਰ ਸਿੰਘ ਸੇਖਾ ਅਨੁਸਾਰ ਭਾਈ ਪੰਥਪ੍ਰੀਤ ਸਿੰਘ ਵਲੋਂ ਗੁਰਦੁਆਰਾ ਸਿੰਘ ਸਭਾ-ਫਰਿਜ਼ਨੋ ਵਿਚ 28 ਅਕਤੂਬਰ, ਗੁਰਦੁਆਰਾ ਪੈਸਿਫਿਕ ਕੋਸਟ ਦੀਵਾਨ-ਕ੍ਰਦਰਜ ਵਿਚ 30 ਅਕਤੂਬਰ, ਗੁਰਦੁਆਰਾ ਅਨੰਦਗੜ੍ਹ ਸਾਹਿਬ-ਕਰਮਨ 31 ਅਕਤੂਬਰ ਅਤੇ ਗੁਰਦੁਆਰਾ ਸਿੱਖ ਸੈਂਟਰ ਆਫ ਪੈਸਿਫਿਕ ਕੋਸਟ-ਸੈਲਮਾ ਵਿਚ ਪਹਿਲੀ ਨਵੰਬਰ ਤੇ 10 ਨਵੰਬਰ ਨੂੰ ਕਥਾ-ਕੀਰਤਨ ਪ੍ਰਵਾਹ ਚਲਾਉਣਗੇ। ਇਸ ਦੌਰਾਨ ਫਰਿਜ਼ਨੋ ਦੇ ਗੁਰਦੁਆਰਾ ਸਿੰਘ ਸਭਾ ਵਿਖੇ 9 ਨਵੰਬਰ ਸ਼ਾਮੀਂ 4 ਤੋਂ 8 ਵਜੇ ਤੱਕ ਮੂਲ ਨਾਨਕਸ਼ਾਹੀ ਕੈਲੰਡਰ ਦੀ ਮਹੱਤਤਾ ਸਬੰਧੀ ਹੋ ਰਹੇ ਸੈਮੀਨਾਰ ਵਿਚ ਵੀ ਉਹ ਸ਼ਾਮਿਲ ਹੋਣਗੇ। ਇਸ ਖੇਤਰ ਦਾ ਅਖੀਰਲਾ ਸਮਾਗਮ ਵੀ 10 ਨਵੰਬਰ ਐਤਵਾਰ ਨੂੰ ਫਰਿਜ਼ਨੋ ਦੇ ਇਸੇ ਗੁਰੂ ਘਰ ਵਿਚ ਹੋਵੇਗਾ।

ਇਸੇ ਲੜੀ ਅਧੀਨ ਇੰਡੀਅਨਐਪੋਲਿਸ, ਇੰਡੀਆਨਾ ਵਿਚ 2-3 ਨਵੰਬਰ, ਟਰਲਕ 5 ਨਵੰਬਰ, ਲੋਡਾਈ 7 ਨਵੰਬਰ, ਸੈਕਰਾਮੈਂਟੋ 8 ਨਵੰਬਰ, ਸਟਾਕਟਨ 11-12 ਨਵੰਬਰ, ਹੇਵਰਡ 13-14 ਨਵੰਬਰ, ਫਰੀਮਾਂਟ 15 ਨਵੰਬਰ ਅਤੇ ਐਲ.ਏ. ਵਿਚ 16 ਤੋਂ 19 ਨਵੰਬਰ ਨੂੰ ਦੀਵਾਨ ਸਜਾਏ ਜਾਣਗੇ। ਭਾਈ ਪੰਥਪ੍ਰੀਤ ਸਿੰਘ ਦੀ ਇਸ ਪ੍ਰਚਾਰ ਫੇਰੀ ਬਾਰੇ ਹੋਰ ਜਾਣਕਾਰੀ ਲਈ ਡਾ. ਗੁਰਪ੍ਰੀਤ ਸਿੰਘ 559-779-2286 ਜਾਂ ਬਲਵਿੰਦਰ ਸਿੰਘ 559-250-0393 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੱਤਰਕਾਰ ਹਰਮਿੰਦਰ ਢਿੱਲੋਂ ਦਾ ਸਨਮਾਨ

**ਸੈਕਰਾਮੈਂਟੋ (ਬਿਊਰੋ):** ਕਿੰਗਜ਼ ਸਪੋਰਟਸ ਕਲੱਬ, ਸੈਕਰਾਮੈਂਟੋ ਵਲੋਂ ਪਿਛਲੇ ਦਿਨੀਂ ਇਥੇ ਕਰਵਾਏ ਗਏ ਖੇਡ ਮੇਲੇ ਦੌਰਾਨ ਖੇਡ ਪੱਤਰਕਾਰ ਹਰਮਿੰਦਰ ਢਿੱਲੋਂ ਮੌ ਸਾਹਿਬ ਦਾ ਗੁਰਮੁਖ ਸੰਧੂ ਸੰਗਤਪੁਰ ਵਲੋਂ 2100 ਡਾਲਰ ਅਤੇ ਇਕ ਯਾਦ ਚਿੰਨ੍ਹ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਹਰਮਿੰਦਰ



ਢਿੱਲੋਂ ਗੁਰਮੁੱਖ ਸੰਧੂ ਸੰਗਤਪੁਰ, ਸੁੱਖੀ ਸੇਖੋਂ ਮਾਨਾਂਵਾਲੀ, ਸੰਤੋਖ ਦੁਸਾਂਝ ਪ੍ਰਆਦੜਾ, ਕਿੰਦੂ ਬੱਲ ਰਮੀਦੀ, ਜੱਸੀ ਢਿੱਲੋਂ ਤੇ ਸਾਥੀਆਂ ਦੇ ਸੱਦੇ ਉਤੇ ਇਸ ਟੂਰਨਾਮੈਂਟ ਲਈ ਉਚੇਚੇ ਪਹੁੰਚੇ ਸਨ।

ਜ਼ਿਕਰਯੋਗ ਹੈ ਕਿ ਕਿੰਗਜ਼ ਸਪੋਰਟਸ ਕਲੱਬ ਵਲੋਂ ਹਰ ਵਰ੍ਹੇ ਖੇਡ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਸਨਮਾਨ ਲਈ ਧੰਨਵਾਦ ਕਰਦਿਆਂ ਹਰਮਿੰਦਰ ਢਿੱਲੋਂ ਨੇ ਕਿਹਾ ਕਿ ਅਜਿਹੇ ਮਾਣ ਸਨਮਾਨ ਉਨ੍ਹਾਂ ਲਈ ਹੱਲਾਸ਼ੇਰੀ ਸਾਬਤ ਹੁੰਦੇ ਹਨ।

# ਫਰਿਜ਼ਨੋ ਵਿਚ ਮਹਾਨ ਨਗਰ ਕੀਰਤਨ 27 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੀਆਂ ਸੰਗਤਾਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਚੌਥਾ ਸਾਲਾਨਾ ਨਗਰ ਕੀਰਤਨ ਆਉਂਦੀ 27 ਅਕਤੂਬਰ ਨੂੰ ਸਜਾਇਆ ਜਾ ਰਿਹਾ ਹੈ। ਸਵੇਰੇ ਅਖੰਡ ਪਾਠ ਦਾ ਭੋਗ ਪਾਇਆ ਜਾਵੇਗਾ। ਉਪਰੰਤ 10 ਤੋਂ 11 ਵਜੇ ਤੱਕ ਦੀਵਾਨ ਸਜਾਏ ਜਾਣਗੇ ਜਿਸ ਪਿਛੋਂ ਨਗਰ ਕੀਰਤਨ ਅਰੰਭ ਹੋਵੇਗਾ।

ਇਸ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਕਥਾਵਾਚਕ ਭਾਈ ਇਕਬਾਲ ਸਿੰਘ ਰਾਜਪੁਰਾ, ਭਾਈ ਪ੍ਰੀਤਮ ਸਿੰਘ ਮਿੱਠਾ ਟਿਵਾਣਾ ਅਤੇ ਹੋਰ ਪੰਥ ਪ੍ਰਸਿਧ ਵਿਦਵਾਨ ਅਤੇ ਕੀਰਤਨੀ ਜਥੇ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਸਮੂਹ ਸਿੱਖ ਸੰਗਤ ਨੂੰ ਨਗਰ ਕੀਰਤਨ ਵਿਚ ਹੁਮ ਹੁਮਾ ਕੇ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ। ਨਗਰ ਕੀਰਤਨ ਸਬੰਧੀ ਹੋਰ ਜਾਣਕਾਰੀ ਲਈ ਮੁਖ ਸੇਵਾਦਾਰ ਅਵਤਾਰ ਸਿੰਘ ਫੋਨ 559-261-5899 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਐਲ ਸਬਰਾਂਟੇ ਦੀ ਨਵੀਂ ਕਮੇਟੀ ਦੀ ਸਰਬਸੰਮਤੀ ਨਾਲ ਚੋਣ

**ਐਲ ਸਬਰਾਂਟੇ (ਬਿਊਰੋ):** ਗੁਰਦੁਆਰਾ ਐਲ ਸਬਰਾਂਟੇ ਦੀ ਨਵੀਂ ਪ੍ਰਬੰਧਕ ਕਮੇਟੀ ਲਈ ਸਰਬਸੰਮਤੀ ਨਾਲ ਹੋਈ ਚੋਣ ਵਿਚ ਬੀਬੀ ਇੰਦਰਜੀਤ ਕੌਰ, ਭਾਈ ਮਲਹਾਰ ਸਿੰਘ, ਭਾਈ ਜਗਰੂਪ ਸਿੰਘ, ਭਾਈ ਰਘਬੀਰ ਸਿੰਘ, ਭਾਈ ਪ੍ਰਕਾਸ਼ ਸਿੰਘ, ਭਾਈ ਗੁਰਦਿਆਲ ਸਿੰਘ ਅਤੇ ਭਾਈ ਮਨਦੀਪ ਸਿੰਘ ਚੁਣੇ ਗਏ ਹਨ।

ਗੁਰਦੁਆਰਾ ਐਲ ਸਬਰਾਂਟੇ ਦੇ ਪ੍ਰਬੰਧ ਨੂੰ ਲੈ ਕੇ ਪਿਛਲੇ ਕਈ ਸਾਲਾਂ ਤੋਂ ਵੱਖ ਵੱਖ ਧੜਿਆਂ ਵਿਚ ਚਲੀ ਆ ਰਹੀ ਖਿੱਚੋਤਾਣ ਉਦੋਂ ਖਤਮ ਹੋ ਗਈ ਜਦੋਂ ਮੌਜੂਦਾ ਕਮੇਟੀ ਅਤੇ ਵਿਰੋਧੀ ਧਿਰ ਨੇ ਆਪਸੀ ਗੱਲਬਾਤ ਰਾਹੀਂ ਕਮੇਟੀ ਨੂੰ ਦੋ ਸਾਲ ਦਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਨਵੀਂ ਕਮੇਟੀ ਚੁਣ ਲਏ ਜਾਣ ਪ੍ਰਤੀ ਸਹਿਮਤੀ ਪ੍ਰਗਟ ਕੀਤੀ। ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਨਵੀਂ ਕਮੇਟੀ ਦੀ ਚੋਣ ਲਈ ਇਕ ਸਾਂਝੀ ਵਿਸ਼ੇਸ਼ ਕਮੇਟੀ ਨਾਮਜ਼ਦ ਕੀਤੀ ਜਿਸ ਵਿਚ ਭਾਈ ਸੁਰਜੀਤ ਸਿੰਘ ਰਤੂ, ਭਾਈ ਸਤਵੰਤ ਸਿੰਘ, ਭਾਈ ਦਰਸ਼ਨ ਸਿੰਘ ਬਾਠ ਅਤੇ ਭਾਈ ਗੁਰਮੀਤ ਸਿੰਘ ਲਏ ਗਏ।

ਵਿਸ਼ੇਸ਼ ਕਮੇਟੀ ਨੇ ਵਿਧੀ ਵਿਧਾਨ ਦੀਆਂ ਹੱਦਾਂ ਅੰਦਰ ਰਹਿੰਦਿਆਂ ਚੋਣ ਲਈ ਅਗੋਂ ਪੰਜਾਂ ਸਿੰਘਾਂ ਅਤੇ ਕਮੇਟੀ ਮੈਂਬਰਾਂ ਵਾਸਤੇ ਯੋਗ ਸੇਵਾਦਾਰਾਂ ਦੀਆਂ ਦਰਖਾਸਤਾਂ ਪ੍ਰਾਪਤ ਕੀਤੀਆਂ। ਵਿਸ਼ੇਸ਼ ਕਮੇਟੀ ਨੇ ਨਵੇਂ 7 ਕਮੇਟੀ ਮੈਂਬਰ ਚੁਣਨ ਲਈ ਸਰਬਸੰਮਤੀ ਨਾਲ ਪੰਜ ਸਿੰਘਾਂ-ਭਾਈ ਅਮਰੀਕ ਸਿੰਘ, ਭਾਈ ਪਰਮਜੀਤ ਸਿੰਘ ਸੇਖੋਂ (ਦਾਖਾ), ਭਾਈ ਨਿਰਮਲ ਸਿੰਘ, ਭਾਈ ਗੁਰਚਰਨ ਸਿੰਘ ਤੇ ਭਾਈ ਭਰਜੋਵਨ ਸਿੰਘ ਅਤੇ ਗੁਰੂ ਮਹਾਰਾਜ ਦੀ ਤਾਬਿਆ ਵਾਸਤੇ ਭਾਈ ਸਵਰਨ ਸਿੰਘ ਦੀ ਚੋਣ ਕੀਤੀ।

ਪੰਜਾਂ ਸਿੰਘਾਂ ਵੱਲੋਂ ਸਰਬਸੰਮਤੀ ਨਾਲ ਕੀਤੀ ਗਈ ਚੋਣ ਦਾ ਲੰਬੀ 13 ਅਕਤੂਬਰ, ਐਤਵਾਰ ਨੂੰ ਭਾਈ ਪਰਮਜੀਤ ਸਿੰਘ ਸੇਖੋਂ (ਦਾਖਾ) ਨੇ ਗੁਰੂ ਘਰ ਅੰਦਰ ਜਨਰਲ ਬਾਡੀ ਦੀ ਮੀਟਿੰਗ ਦੌਰਾਨ ਐਲਾਨ ਕੀਤਾ ਜਿਸ ਅਨੁਸਾਰ ਬੀਬੀ ਇੰਦਰਜੀਤ ਕੌਰ, ਭਾਈ ਮਲਹਾਰ ਸਿੰਘ, ਭਾਈ ਜਗਰੂਪ ਸਿੰਘ, ਭਾਈ ਰਘਬੀਰ ਸਿੰਘ, ਭਾਈ ਪ੍ਰਕਾਸ਼ ਸਿੰਘ, ਭਾਈ ਗੁਰਦਿਆਲ ਸਿੰਘ ਅਤੇ ਭਾਈ ਮਨਦੀਪ ਸਿੰਘ ਚੁਣੇ ਗਏ। ਇਸ ਚੋਣ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ।

# ਸਵਿਟਜ਼ਰਲੈਂਡ ਵਿਚ ਕਾਲਾ ਧਨ ਰੱਖਣ ਵਾਲਿਆਂ ਦੀ ਹੁਣ ਖੈਰ ਨਹੀਂ

**ਜਨੇਵਾ:** ਸਵਿਸ ਬੈਂਕਾਂ ਵਿਚ ਕਾਲਾ ਧਨ ਲੁਕਾ ਕੇ ਰੱਖਣ ਵਾਲਿਆਂ ਦੀ ਹੁਣ ਖੈਰ ਨਹੀਂ ਹੈ। ਸਵਿਟਜ਼ਰਲੈਂਡ ਸਰਕਾਰ ਨੇ ਅਜਿਹਾ ਢਾਂਚਾ ਲਿਆਉਣ ਲਈ ਸਹਿਮਤੀ ਪ੍ਰਗਟਾਈ ਹੈ ਜਿਸ ਨਾਲ ਕਾਲਾ ਧਨ ਰੱਖਣ ਵਾਲਿਆਂ ਬਾਰੇ ਸਾਰੀ ਜਾਣਕਾਰੀ ਆਪਣੇ-ਆਪ (ਆਟੋਮੈਟਿਕ) ਸਬੰਧਤ ਮੁਲਕ ਕੋਲ ਪੁੱਜ ਜਾਵੇਗੀ। ਯਾਦ ਰਹੇ ਕਿ ਸਵਿਸ ਬੈਂਕਾਂ ਵਿਚ ਸਭ ਤੋਂ ਵੱਧ ਪੈਸਾ ਭਾਰਤ ਦੇ ਉਹ ਲੋਕ ਹੀ ਰੱਖਦੇ ਹਨ ਜਿਨ੍ਹਾਂ ਟੈਕਸ ਚੋਰੀ ਕਰ ਕੇ ਕਰੋੜਾਂ ਤੇ ਅਰਬਾਂ ਰੁਪਏ ਬਚਾਏ ਹੁੰਦੇ ਹਨ। ਸਵਿਟਜ਼ਰਲੈਂਡ ਦੇ ਇਸ ਕਦਮ ਨਾਲ ਸਵਿਸ ਬੈਂਕਾਂ ਵੱਲੋਂ ਕਾਲਾ ਧਨ ਰੱਖਣ ਵਾਲਿਆਂ ਦਾ ਭੇਤ ਹੁਣ ਭੇਤ ਨਹੀਂ ਰਹੇਗਾ। ਜੇ ਕੋਈ ਮੁਲਕ ਕਿਸੇ ਬਾਰੇ ਕਿਹੋ ਜਿਹੀ ਜਾਣਕਾਰੀ ਮੰਗੇਗਾ ਤਾਂ ਸਵਿਟਜ਼ਰਲੈਂਡ ਉਸ ਨੂੰ ਇਹ ਜਾਣਕਾਰੀ ਮੁਹੱਈਆ ਕਰਵਾਏਗਾ।

ਸਵਿਟਜ਼ਰਲੈਂਡ ਉਪਰ ਕੁਲ ਦੁਨੀਆਂ ਤੋਂ ਉਸ ਦੇ ਬੈਂਕਾਂ ਵਿਚ ਪਏ ਕਾਲੇ ਧਨ ਦੀ ਜਾਣਕਾਰੀ ਦੇਣ ਬਾਰੇ ਦਬਾਅ ਪੈ ਰਿਹਾ ਸੀ। ਕੌਮਾਂਤਰੀ ਦਬਾਅ ਅੱਗੇ ਸਿਰ ਝੁਕਾਉਂਦਿਆਂ ਸਵਿਟਜ਼ਰਲੈਂਡ ਨੇ ਓ.ਈ.ਸੀ.ਡੀਜ਼ 'ਤੇ ਦਸਤਖਤ ਕਰ ਦਿੱਤੇ। ਇਸ ਕਨਵੈਨਸ਼ਨ ਉੱਪਰ 58 ਮੁਲਕ ਦਸਤਖਤ ਕਰ ਚੁੱਕੇ ਹਨ ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ। ਸਵਿਟਜ਼ਰਲੈਂਡ ਇਸ ਨਾਲ ਹੁਣ ਇਨ੍ਹਾਂ ਮੁਲਕਾਂ ਨੂੰ ਟੈਕਸ ਚੋਰਾਂ ਬਾਰੇ ਸਾਰੀ ਜਾਣਕਾਰੀ ਦੇਣ ਤੋਂ ਇਲਾਵਾ ਹੋਰ ਲੋੜੀਂਦਾ ਸਹਿਯੋਗ ਵੀ ਦੇਵੇਗਾ। ਪੈਰਿਸ ਸਥਿਤ ਓ.ਈ.ਸੀ.ਡੀ. ਦਾ ਭਾਵ ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕਾਰਪੋਰੇਸ਼ਨ ਐਂਡ ਡਿਵੈਲਪਮੈਂਟ ਹੈ। ਇਹ ਕੌਮਾਂਤਰੀ ਨੀਤੀ ਸਲਾਹਕਾਰ ਸੰਸਥਾ ਹੈ ਜਿਹੜੀ ਟੈਕਸ ਚੋਰੀ ਖ਼ਿਲਾਫ਼ ਨਿਯਮ ਬਣਾਉਂਦੀ ਹੈ।

ਸਵਿਸ ਨੈਸ਼ਨਲ ਬੈਂਕ ਦੇ ਤਾਜ਼ਾ ਅੰਕੜਿਆਂ ਅਨੁਸਾਰ ਸਾਲ 2012 ਦੇ ਅਖੀਰ ਤਕ ਭਾਰਤੀਆਂ ਦਾ 9000 ਕਰੋੜ ਰੁਪਏ ਦਾ ਕਾਲਾ ਧਨ ਇਸ ਦੇ ਬੈਂਕਾਂ ਵਿਚ ਪਿਆ ਹੈ। 2011 ਵਿਚ ਇਹ ਰਾਸ਼ੀ 14000 ਕਰੋੜ ਰੁਪਏ ਸੀ। 2012 ਤਕ ਦੁਨੀਆਂ ਭਰ ਤੋਂ ਸਵਿਸ ਬੈਂਕਾਂ ਵਿਚ 1.50 ਖਰਬ ਡਾਲਰ ਸਨ। ਓ.ਈ.ਸੀ.ਡੀ. ਨੇ ਕਿਹਾ ਹੈ ਕਿ ਹੁਣ ਜਦੋਂ ਵੀ ਕੋਈ ਮੁਲਕ ਕਿਸੇ ਬਾਰੇ ਕਾਲੇ ਧਨ ਸਬੰਧੀ ਸਵਿਸ ਬੈਂਕਾਂ ਤੋਂ ਜਾਣਕਾਰੀ ਮੰਗੇਗਾ ਤਾਂ ਉਹ ਉਸ ਨੂੰ ਬਗੈਰ ਕਿਸੇ ਅੜਿੱਕੇ ਦੇ ਆਪਣੇ-ਆਪ ਮਿਲ ਜਾਵੇਗੀ। ਇਸ ਕਨਵੈਨਸ਼ਨ ਨੂੰ ਜੀ-20 ਦਾ ਵੀ ਸਮਰਥਨ ਹਾਸਲ ਹੈ। ਇਸ ਕਨਵੈਨਸ਼ਨ 'ਤੇ ਸਹੀ ਪਾਉਣ ਵਾਲਿਆਂ 'ਚ ਕੈਨੇਡਾ, ਚੀਨ, ਫਰਾਂਸ, ਇਟਲੀ, ਜਪਾਨ, ਨੀਦਰਲੈਂਡਜ਼, ਨਿਊਜ਼ੀਲੈਂਡ, ਸਾਊਦੀ ਅਰਬ, ਕੋਰੀਆ, ਯੂ.ਕੇ., ਸਿੰਗਾਪੁਰ, ਦੱਖਣੀ ਕੋਰੀਆ, ਰੂਸ ਤੇ ਅਮਰੀਕਾ ਸ਼ਾਮਲ ਹਨ।

## ਬਾਟਾ ਦੀ ਟਾਟਾ

**ਨਵੀਂ ਦਿੱਲੀ:** ਬਾਟਾ ਨੇ ਬੂਟ ਬਣਾਉਣ ਅਤੇ ਵੇਚਣ ਵਾਲੀ ਕੰਪਨੀ ਹੋਣ ਦੀ ਆਪਣੀ ਰਵਾਇਤੀ ਦਿੱਖ ਨੂੰ ਬਦਲਣ ਦਾ ਫੈਸਲਾ ਕਰਦਿਆਂ ਆਪਣੇ-ਆਪ ਨੂੰ ਨੌਜਵਾਨਾਂ ਲਈ ਸਟਾਈਲਿਸ਼ ਵਸਤਾਂ ਪੇਸ਼ ਕਰਨ ਵਾਲੀ ਕੰਪਨੀ ਵਜੋਂ ਪੇਸ਼ ਕਰਨ ਦੀ ਤਿਆਰੀ ਕੀਤੀ ਹੈ। ਇਸ ਤਹਿਤ ਕੰਪਨੀ ਬੂਟਾਂ-ਜੁੱਤੀਆਂ ਤੋਂ ਇਲਾਵਾ ਹੋਰ ਵਸਤਾਂ (ਨਾਨ-ਫੁਟਵੀਅਰ) ਵਿਚ ਆਪਣਾ ਕਾਰੋਬਾਰ ਵਧਾਏਗੀ। ਇਸ ਵਿਚ ਬੈਗ, ਬੈਲਟਾਂ, ਕਾਲੀਆਂ ਐਨਕਾਂ, ਸਕਾਰਫ ਤੇ ਟੋਪੀਆਂ ਆਦਿ ਸ਼ਾਮਲ ਹਨ। ਕੰਪਨੀ ਦਾ ਔਰਤਾਂ ਦੀਆਂ ਵਸਤਾਂ ਸਬੰਧੀ ਕਾਰੋਬਾਰ 'ਚ ਵੀ ਦਾਖਲ ਹੋਣ ਦਾ ਇਰਾਦਾ ਹੈ।

## ਮੱਧ ਪ੍ਰਦੇਸ਼ 'ਚ ਭਗਦੜ 'ਚ 115 ਮੌਤਾਂ

**ਦਾਤੀਆ (ਭੋਪਾਲ):** ਮੱਧ ਪ੍ਰਦੇਸ਼ ਦੇ ਦਾਤੀਆ ਜ਼ਿਲ੍ਹੇ ਵਿਚ ਮੰਦਰ ਲਾਗੇ ਨਰਾਤਰ ਮੇਲੇ ਮੌਕੇ ਮਚੀ ਭਗਦੜ ਵਿਚ 115 ਮੌਤਾਂ ਹੋ ਗਈਆਂ। ਇਹ ਭਾਜੜ ਉਦੋਂ ਮਚੀ ਸੀ ਜਦੋਂ ਮੇਲੇ ਦੌਰਾਨ ਵੱਡੀ ਗਿਣਤੀ ਸ਼ਰਧਾਲੂ ਸਿੰਧ ਦਰਿਆ ਦਾ ਪੁਲ ਪਾਰ ਕਰ ਕੇ ਮੰਦਰ ਵੱਲ ਜਾ ਰਹੇ ਸਨ। ਹਾਦਸੇ ਵਿਚ 100 ਦੇ ਕਰੀਬ ਵਿਅਕਤੀ ਜ਼ਖ਼ਮੀ ਹੋ ਗਏ। ਦੱਸਿਆ ਜਾਂਦਾ ਹੈ ਕਿ ਕਿਸੇ ਨੇ ਇਹ ਅਫਵਾਹ ਫੈਲਾਅ ਦਿੱਤੀ ਸੀ ਕਿ ਪੁਲ ਜਿਸ ਤੋਂ ਲੋਕ ਲੰਘ ਰਹੇ ਸਨ, ਛੇਤੀ ਹੀ ਡਿੱਗ ਜਾਵੇਗਾ।

ਮੁੱਖ ਮੰਤਰੀ ਸ਼ਿਵਰਾਜ ਚੌਹਾਨ ਨੇ ਦਾਤੀਆ ਦੇ ਹਸਪਤਾਲ ਵਿਚ ਜ਼ਖ਼ਮੀਆਂ ਨੂੰ ਮਿਲਣ ਪਿਛੋਂ ਦੱਸਿਆ ਕਿ ਰਤਨਗੜ੍ਹ ਮੰਦਰ ਲਾਗੇ ਵਾਪਰੇ ਇਸ ਹਾਦਸੇ ਦੀ ਜਾਂਚ ਲਈ ਜਾਂਚ ਕਮਿਸ਼ਨ ਬਿਠਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ 2006 ਵਿਚ ਵੀ ਇਸ ਥਾਂ ਉਸ ਵੇਲੇ 56 ਸ਼ਰਧਾਲੂ ਮਾਰੇ ਗਏ ਸਨ ਜਦੋਂ ਸਿੰਧ ਦਰਿਆ ਵਿਚ ਅਚਾਨਕ ਪਾਣੀ ਛੱਡ ਦਿੱਤਾ ਗਿਆ ਸੀ। ਉਸ ਹਾਦਸੇ ਪਿਛੋਂ ਹੀ ਸਰਕਾਰ ਨੇ ਇਥੇ ਪੁਲ ਬਣਾਇਆ ਸੀ। ਇਸੇ ਦੌਰਾਨ ਕਾਂਗਰਸ ਨੇ ਸਰਕਾਰ 'ਤੇ ਬਦਇੰਤਜ਼ਾਮੀ ਦਾ ਦੋਸ਼ ਲਾਉਂਦਿਆਂ ਸੂਬੇ ਦੀ ਭਾਜਪਾ ਸਰਕਾਰ ਦੇ ਅਸਤੀਫੇ ਦੀ ਮੰਗ ਕੀਤੀ ਹੈ।


# ਪੰਜਾਬ ਟਾਈਮਜ਼

## ਵਿਗਿਆਪਕਾਂ ਦੇ ਧਿਆਨਯੋਗ

ਪੰਜਾਬ ਟਾਈਮਜ਼ ਆਪਣੇ ਵਿਗਿਆਪਕਾਂ ਦਾ ਧੰਨਵਾਦੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਅਖਬਾਰ ਨਿਰੰਤਰ ਅਗੇ ਵਧਦਾ ਚਲਾ ਆਇਆ ਹੈ। ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਅਮਰੀਕਾ ਵਿਚ ਛਪਦੇ ਕਿਸੇ ਵੀ ਪੰਜਾਬੀ ਅਖਬਾਰ ਲਈ ਇਸ਼ਤਿਹਾਰ ਆਮਦਨ ਦਾ ਮੁਖ ਸਾਧਨ ਹਨ। ਸਾਡੀ ਵਿਗਿਆਪਕਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਨੇ ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਲਵਾਉਣ ਪਿਛੋਂ ਆਪਣੇ ਬਕਾਏ ਵਾਰ ਵਾਰ ਚੇਤਾ ਕਰਾਏ ਜਾਣ ਦੇ ਬਾਵਜੂਦ ਅਦਾ ਨਹੀਂ ਕੀਤੇ, ਉਹ ਫੌਰੀ ਤੌਰ 'ਤੇ ਇਹ ਬਕਾਏ ਅਦਾ ਕਰ ਦੇਣ ਤਾਂ ਜੋ ਆਪਸੀ ਸਬੰਧ ਬਿਨਾ ਰੁਕਾਵਟ ਬਣੇ ਰਹਿਣ। ਜਿਹੜੇ ਵਿਗਿਆਪਕ 31 ਅਕਤੂਬਰ 2013 ਤਕ ਆਪਣੇ ਬਕਾਏ ਅਦਾ ਨਹੀਂ ਕਰਨਗੇ, ਸਾਡੇ ਪਾਸ ਉਨ੍ਹਾਂ ਦੇ ਨਾਂ ਨਸ਼ਰ ਕਰਨ ਤੋਂ ਇਲਾਵਾ ਕੋਈ ਚਾਰਾ ਨਹੀ ਰਹੇਗਾ।

-ਅਦਾਰਾ ਪੰਜਾਬ ਟਾਈਮਜ਼


## ਲੰਡਨ 'ਚ ਪੰਜਾਬੀ ਵਪਾਰੀ ਦਾ ਕਤਲ

**ਲੰਡਨ:** ਲੁਟੇਰਿਆਂ ਨੇ ਪੰਜਾਬੀ ਵਪਾਰੀ ਸ਼ੰਮੀ ਅਟਵਾਲ (40) ਦਾ ਲੰਡਨ ਦੇ ਬਾਰਕਿੰਗ ਇਲਾਕੇ ਵਿਚ ਕਤਲ ਕਰ ਦਿੱਤਾ। ਦੋ ਬੱਚਿਆਂ ਦੇ ਪਿਤਾ ਸ਼ੰਮੀ ਅਟਵਾਲ ਆਪਣੀ ਪਤਨੀ ਦੀਪਾ ਅਤੇ ਆਪਣੀ ਦੁਕਾਨ ਨੂੰ ਲੁੱਟਣ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਘਟਨਾ ਦਿਨ ਦਿਹਾੜੇ ਰਿਵਰ ਰੋਡ, ਬਾਰਕਿੰਗ ਵਿਖੇ ਸਵੇਰੇ 10 ਵਜੇ ਵਾਪਰੀ। 10 ਹਥਿਆਰਬੰਦ ਲੁਟੇਰੇ ਜਿਨ੍ਹਾਂ ਕੋਲ ਹਥੌੜੇ ਅਤੇ ਲੋਹੇ ਦੀਆਂ ਰਾਡਾਂ ਸਨ, ਨੇ ਅਚਾਨਕ ਸ਼ੰਮੀ ਅਟਵਾਲ ਦੀ ਦੁਕਾਨ 'ਤੇ ਹਮਲਾ ਬੋਲ ਦਿੱਤਾ।

ਜਦੋਂ ਉਹ ਲੁਟੇਰਿਆਂ ਨਾਲ ਦੋ ਹੱਥ ਕਰਦਾ ਅੱਗੇ ਵਧਿਆ ਤਾਂ ਲੁਟੇਰੇ ਦੁਕਾਨ 'ਚੋਂ ਬਾਹਰ ਭੱਜ ਗਏ। ਇਕ ਲੁਟੇਰੇ ਨੇ ਸੜਕ 'ਤੇ ਜਾ ਰਹੇ ਟਰੱਕ ਅੱਗੇ ਸ਼ੰਮੀ ਅਟਵਾਲ ਨੂੰ ਧੱਕਾ ਦੇ ਦਿੱਤਾ ਅਤੇ ਟਰੱਕ ਦੀ ਲਪੇਟ ਵਿਚ ਆਉਣ ਨਾਲ ਸ਼ੰਮੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਟਨਾ ਵਿਚ ਉਸ ਦੀ ਪਤਨੀ ਦੀਪਾ ਦੇ ਵੀ ਸੱਟਾਂ ਵੱਜੀਆਂ ਹਨ। ਸ਼ੰਮੀ ਅਟਵਾਲ ਸਿੱਖ ਭਾਈਚਾਰੇ ਵਿਚ ਜਾਣੀ-ਪਛਾਣੀ ਸ਼ਖ਼ਸੀਅਤ ਸੀ।


# ਇੰਡੀਅਨ ਰੈਸਟੋਰੈਂਟ ਲਈ ਸਟਾਫ ਦੀ ਲੋੜ ਹੈ

ਅਟਲਾਂਟਾ, ਜਾਰਜੀਆ ਵਿਚ ਖੁਲ੍ਹ ਰਹੇ ਨਵੇਂ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁਕ, ਹੈਲਪਰ, ਵੇਟਰ ਅਤੇ ਹੋਰ ਸਟਾਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 916-743-1620

NW-41,42

# ਪੰਜਾਬ ਤੋਂ ਬਿਨਾਂ ਭਾਰਤ ਖੜ੍ਹਾ ਹੀ ਨਹੀਂ ਹੋ ਸਕਦਾ: ਰਾਹੁਲ

**ਸੰਗਰੂਰ:** ਕੁਲ ਹਿੰਦ ਕਾਂਗਰਸ ਕਮੇਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਪੰਜਾਬ ਨੂੰ ਬੇਰੁਜ਼ਗਾਰੀ ਤੇ ਨਸ਼ਿਆਂ ਦਾ ਡਰ ਸਤਾ ਰਿਹਾ ਹੈ ਤੇ ਜਦੋਂ ਤਕ ਇਨ੍ਹਾਂ ਨੂੰ ਕਰਕੇ ਲੋਕਾਂ ਦੇ ਮਨਾਂ ਵਿਚੋਂ ਇਹ ਦੋਵੇਂ ਡਰ ਨਹੀਂ ਕੱਢੇ ਜਾਂਦੇ, ਉਦੋਂ ਤੱਕ ਸੂਬਾ ਤਰੱਕੀ ਨਹੀਂ ਕਰ ਸਕਦਾ। ਸ੍ਰੀ ਰਾਹੁਲ ਗਾਂਧੀ ਲੰਘੇ ਦਿਨੀਂ ਘਾਬਦਾਂ ਕੋਠੀ ਵਿਚ ਬਣਨ ਵਾਲੇ ਪੀਜੀਆਈ ਸੈਟੇਲਾਈਟ ਸੈਂਟਰ ਤੇ ਟਾਟਾ ਮੈਮੋਰੀਅਲ ਸੁਪਰ ਸਪੈਸ਼ਲਿਟੀ ਕੈਂਸਰ ਹਸਪਤਾਲ ਦੇ ਨੀਂਹ ਪੱਥਰ ਰੱਖਾਂ ਲਈ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਆਏ ਸਨ। ਹਸਪਤਾਲ ਦੇ ਨੀਂਹ ਪੱਥਰ ਰੱਖਣ ਦੀ ਰਸਮ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਗੁਲਾਮ ਨਬੀ ਆਜ਼ਾਦ ਵੱਲੋਂ ਨਿਭਾਈ ਗਈ।

ਇਸ ਮੌਕੇ ਪੰਜਾਬ ਦੇ ਕਿਸਾਨਾਂ ਦੇ ਮਿਹਨਤੀ ਸੁਭਾਅ ਦੀ ਪ੍ਰਸ਼ੰਸਾ ਕਰਦਿਆਂ ਸ੍ਰੀ ਗਾਂਧੀ ਨੇ ਕਿਹਾ ਕਿ ਭਾਵੇਂ ਉਨ੍ਹਾਂ ਦੀ ਸਰਕਾਰ ਨੇ ਖੁਰਾਕ ਸੁਰੱਖਿਆ ਬਿੱਲ ਲਿਆਂਦਾ ਹੈ ਪਰ ਪੰਜਾਬ ਤੇ ਹਰਿਆਣਾ ਤੋਂ ਬਿਨਾਂ ਦੇਸ਼ ਦੇ ਲੋਕਾਂ ਨੂੰ ਅਨਾਜ ਦਿੱਤਾ ਹੀ ਨਹੀਂ ਜਾ ਸਕਦਾ। ਪੰਜਾਬ ਦੇਸ਼ ਨੂੰ ਅਨਾਜ ਦਿੰਦਾ ਹੈ ਤੇ ਪੰਜਾਬ ਤੋਂ ਬਿਨਾਂ ਹਿੰਦੁਸਤਾਨ ਖੜ੍ਹਾ ਹੀ ਨਹੀਂ ਹੋ ਸਕਦਾ। ਕੈਂਸਰ ਹਸਪਤਾਲ ਦਾ ਸਿਹਰਾ ਕੇਂਦਰੀ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਤੇ ਸੰਸਦ ਮੈਂਬਰ ਵਿਜੇਇੰਦਰ ਸਿੰਗਲਾ ਸਿਰ ਬੰਨ੍ਹਦਿਆਂ ਸ੍ਰੀ ਗਾਂਧੀ ਨੇ ਕਿਹਾ ਕਿ ਇਨ੍ਹਾਂ ਦੋਵਾਂ ਦੇ ਯਤਨਾਂ ਸਦਕਾ ਹੀ ਇਹ ਸੰਭਵ ਹੋ ਸਕਿਆ ਹੈ। ਸ੍ਰੀ ਗਾਂਧੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਾਰੀਫ਼ ਕਰਦਿਆਂ ਕਿਹਾ ਕਿ ਰਾਜਨੀਤੀ ਵਿਚ ਉਨ੍ਹਾਂ ਦੇ ਦੋ ਗੁਰੂ ਹਨ, ਇਕ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਦੂਜੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਹਨ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਜੋ ਕੁਝ ਦੇਸ਼ ਲਈ ਕੀਤਾ ਹੈ, ਉਹ ਕੋਈ ਹੋਰ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਦੀ ਨੀਅਤ ਬਹੁਤ ਸਾਫ਼ ਹੈ ਤੇ ਇਕ ਰਾਜਨੀਤਕ



ਆਗੂ ਵਿਚ ਇਹ ਮੁੱਖ ਗੱਲ ਜ਼ਰੂਰ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਯੂ.ਪੀ.ਏ. ਸਰਕਾਰ ਨੇ ਅਧਿਕਾਰ ਦੀ ਰਾਜਨੀਤੀ ਸ਼ੁਰੂ ਕੀਤੀ ਸੀ ਜਿਸ ਤਹਿਤ ਹੀ ਦੇਸ਼ ਦੇ ਲੋਕਾਂ ਨੂੰ ਭੋਜਨ, ਰੁਜ਼ਗਾਰ, ਸਿੱਖਿਆ, ਸੂਚਨਾ ਬਹੁਤ ਸਾਰੇ ਅਧਿਕਾਰ ਦੇ ਕੇ ਤਾਕਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਚਾਇਤੀ ਸੰਸਥਾਵਾਂ ਦੇ ਆਗੂ ਤੇ ਹੇਠਲੇ ਪੱਧਰ 'ਤੇ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਜਦੋਂ ਤੱਕ ਹੇਠਲੇ ਪੱਧਰ 'ਤੇ ਆਗੂਆਂ ਤੇ ਵਰਕਰਾਂ ਨੂੰ ਸ਼ਕਤੀ ਨਹੀਂ ਦਿੱਤੀ ਜਾਂਦੀ ਉਦੋਂ ਤੱਕ ਦੇਸ਼ ਮਜ਼ਬੂਤ ਨਹੀਂ ਹੋ ਸਕਦਾ। ਸ੍ਰੀ ਗਾਂਧੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਸੱਚ ਬੋਲਣ ਦੀ ਜ਼ਰੂਰਤ ਹੈ ਅਤੇ ਸੱਚ ਬੋਲਣ ਤੋਂ ਬਗੈਰ ਭ੍ਰਿਸ਼ਟਾਚਾਰ ਖਿਲਾਫ਼ ਲੜਾਈ ਨਹੀਂ ਲੜੀ ਜਾ ਸਕਦੀ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਅਜਿਹੀ ਰਾਜਨੀਤੀ ਹੋ ਰਹੀ ਹੈ ਕਿ ਆਗੂ ਸੱਚ ਵੀ ਸਮਾਂ ਦੇਖ ਕੇ ਬੋਲਦੇ ਹਨ ਜਿਸ ਨੂੰ ਉਹ ਹਰ ਕੀਮਤ 'ਤੇ ਬਦਲਣਾ ਚਾਹੁੰਦੇ ਹਨ। ਦਲਿਤਾਂ ਤੇ ਔਰਤਾਂ ਦਾ ਰਾਜਨੀਤਕ ਖੇਤਰ ਵਿਚ ਆਉਣਾ ਬੇਹੱਦ ਜ਼ਰੂਰੀ ਹੈ ਜਿੰਨੀ ਦੇਰ ਦਲਿਤ ਭਾਈਚਾਰੇ ਦੇ ਲੋਕ ਤੇ ਔਰਤਾਂ ਰਾਜਨੀਤੀ ਵਿਚ ਨਹੀਂ ਲਿਆਵਾਂਗੇ ਓਨੀ ਦੇਰ ਸਫ਼ਲ ਨਹੀਂ ਹੋਵਾਂਗੇ ਕਿਉਂਕਿ ਰਾਜਨੀਤੀ ਵਿਚ ਸਭ ਨੂੰ ਇਕੱਠੇ ਕਰਨ ਦੀ ਲੋੜ ਹੈ।

## ਕੈਪਟਨ ਵੱਲੋਂ ਅਕਾਲੀ ਝੂਠੇ ਕਰਾਰ

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਵੱਲੋਂ ਵਾਪਸ ਲਏ ਆਰਡੀਨੈਂਸ ਦੀ ਸ਼ਲਾਘਾ ਕਰਦਿਆਂ ਮੰਗ ਕੀਤੀ ਕਿ ਇਸ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਰੜੇ ਹੱਥੀਂ ਲੈਂਦਿਆਂ



ਅਕਾਲੀਆਂ ਨੂੰ ਝੂਠੇ ਕਰਾਰ ਦਿੱਤਾ ਤੇ ਕਿਹਾ ਕਿ ਇਹ ਪੰਜਾਬ ਨੂੰ ਲੁੱਟ ਕੇ ਖਾ ਗਏ ਹਨ। ਉਨ੍ਹਾਂ ਕਿਹਾ ਕਿ ਜਦੋਂ ਕਾਂਗਰਸ ਦੀ ਹਕੂਮਤ ਆਈ ਤਾਂ ਅਕਾਲੀਆਂ ਨੂੰ ਲੰਮੇ ਪਾ ਦਿਆਂਗੇ।

## ਸ਼ਰਾਬ 'ਤੇ ਸੌ ਫੀਸਦੀ ਪਾਬੰਦੀ ਲੱਗੇ: ਬਾਜਵਾ

ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਉਤੇ ਫਿਕਰ ਜ਼ਾਹਰ ਕਰਦਿਆਂ ਸ੍ਰੀ ਰਾਹੁਲ ਗਾਂਧੀ ਤੋਂ ਮੰਗ ਕੀਤੀ ਕਿ ਗੁਰੂਆਂ ਤੇ ਪੀਰ ਪੈਗੰਬਰਾਂ ਦੀ ਧਰਤੀ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਵਿਚ ਸ਼ਰਾਬ 'ਤੇ ਸੌ ਫੀਸਦੀ ਪਾਬੰਦੀ ਲਾਈ ਜਾਵੇ ਤੇ ਨਸ਼ਿਆਂ ਖਿਲਾਫ਼ ਸਖ਼ਤ ਕਾਨੂੰਨ ਬਣਾਇਆ ਜਾਵੇ।

ਬਾਜਵਾ ਨੇ ਸ੍ਰੀ ਰਾਹੁਲ ਗਾਂਧੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਦਾਗ਼ੀ ਨੇਤਾਵਾਂ ਦਾ ਸਿਆਸੀ ਪਾਰਟੀਆਂ ਵਿਚ ਕੋਈ ਕੰਮ ਨਹੀਂ ਹੈ ਤੇ ਜਿਨ੍ਹਾਂ ਖਿਲਾਫ਼ ਕੇਸ ਚਲਦੇ ਹਨ ਉਨ੍ਹਾਂ ਨੂੰ ਬਾਹਰ ਦਾ ਰਸਤਾ ਵਿਖਾ ਦਿਓ। ਉਨ੍ਹਾਂ ਭਰੋਸਾ ਦਿੱਤਾ ਕਿ ਲੋਕ ਸਭਾ ਦੀਆਂ 13 ਸੀਟਾਂ ਜਿੱਤ ਕੇ ਕਾਂਗਰਸ ਹਾਈਕਮਾਨ ਦੀ ਝੋਲੀ ਪਾਈਆਂ ਜਾਣਗੀਆਂ।

## ਮਾਲਵੇ ਵਿਚ ਮਿੰਨੀ ਪੀ.ਜੀ.ਆਈ.

ਕੇਂਦਰੀ ਸਿਹਤ ਮੰਤਰੀ ਸ੍ਰੀ ਗੁਲਾਮ ਨਬੀ ਆਜ਼ਾਦ ਨੇ ਦੱਸਿਆ ਕਿ ਪੰਜਾਬ ਵਿਚ ਇਹ ਪਹਿਲਾ ਸੈਟੇਲਾਈਟ ਸੈਂਟਰ ਹੈ ਤੇ ਇਹ ਮਾਲਵੇ ਵਿਚ ਇਕ ਕਿਸਮ ਦਾ ਮਿੰਨੀ ਪੀ.ਜੀ.ਆਈ. ਹੋਵੇਗਾ ਜਿਥੇ ਕੈਂਸਰ ਤੋਂ ਇਲਾਵਾ ਹੋਰ ਸਭ ਬਿਮਾਰੀਆਂ ਦਾ ਇਲਾਜ ਹੋਵੇਗਾ। ਪਹਿਲੇ ਪੜਾਅ ਵਿਚ ਪੌਣੇ ਤਿੰਨ ਸੌ ਕਰੋੜ ਰੁਪਏ ਦੀ ਲਾਗਤ ਨਾਲ 300 ਬਿਸਤਰਿਆਂ ਦਾ ਹਸਪਤਾਲ ਬਣੇਗਾ ਜੋ ਦੂਜੇ ਪੜਾਅ ਵਿਚ 500 ਬਿਸਤਰਿਆਂ ਦਾ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ 1963 ਵਿਚ ਪੰਡਤ ਜਵਾਹਰ ਲਾਲ ਨਹਿਰੂ ਵੱਲੋਂ ਚੰਡੀਗੜ੍ਹ ਵਿਚ ਪੀ.ਜੀ.ਆਈ. ਹਸਪਤਾਲ ਦਿੱਤਾ ਸੀ ਜਦੋਂ ਕਿ ਹੁਣ ਸ੍ਰੀ ਰਾਹੁਲ ਗਾਂਧੀ ਨੇ ਪੰਜਾਬ ਲਈ ਪੀ.ਜੀ.ਆਈ. ਸੈਟੇਲਾਈਟ ਸੈਂਟਰ ਤੇ ਕੈਂਸਰ ਹਸਪਤਾਲ ਦਿੱਤਾ ਹੈ। ਪੰਜਾਬ ਵਿਚ ਸਿਹਤ ਸੇਵਾਵਾਂ ਲਈ ਵੱਖ-ਵੱਖ ਸਕੀਮਾਂ ਤਹਿਤ ਦਿੱਤੀ ਕਰੋੜਾਂ ਰੁਪਏ ਦੀ ਰਾਸ਼ੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 16670 ਆਸ਼ਾ ਵਰਕਰਾਂ, 5778 ਏ.ਐਨ.ਐਮ. ਦੀ ਤਨਖਾਹ ਕੇਂਦਰ ਸਰਕਾਰ ਵੱਲੋਂ ਦਿੱਤੀ ਜਾਂਦੀ ਹੈ। ਮੋਬਾਇਲ ਵੈਨ, 108 ਐਂਬੂਲੈਂਸ, ਗਰਭਵਤੀ ਔਰਤਾਂ ਨੂੰ ਲਿਆਉਣ ਤੇ ਛੱਡਣ ਤੇ ਉਨ੍ਹਾਂ ਦੀ ਖੁਰਾਕ ਲਈ 27 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਦਿੱਤੇ ਗਏ ਹਨ।

## ਸੱਦਾ ਪੱਤਰ ਨਾ ਭੇਜਣ 'ਤੇ ਬਾਦਲ ਖ਼ਫ਼ਾ

**ਚੰਡੀਗੜ੍ਹ:** ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦਾ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਵਾਲੇ ਸੂਬਿਆਂ ਨਾਲ ਦੁਸ਼ਮਣਾਂ ਵਰਗਾ ਰਵੱਈਆ ਕੇਂਦਰ ਤੇ ਰਾਜਾਂ ਦੇ ਸਬੰਧਾਂ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕਰ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਸੂਬਿਆਂ ਵਿਚ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖਣ ਮੌਕੇ ਲੋਕਾਂ ਵੱਲੋਂ ਚੁਣੀਆਂ ਰਾਜ ਸਰਕਾਰਾਂ ਨੂੰ ਅਣਦੇਖਿਆ ਕਰਕੇ ਦੇਸ਼ ਦੇ ਸੰਘੀ ਢਾਂਚੇ ਨੂੰ ਨੁਕਸਾਨ ਪਹੁੰਚਾ ਰਹੀ ਹੈ। ਕੇਂਦਰ ਸਰਕਾਰ ਦੇ ਸਮਾਗਮਾਂ ਵਿਚ ਸੂਬਾ ਸਰਕਾਰਾਂ ਦੀ ਅਣਦੇਖੀ ਕਰਕੇ ਕਾਂਗਰਸੀ ਆਗੂ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕਰਦੇ ਹਨ। ਇਸ ਨਾਲ ਕਾਂਗਰਸੀ ਆਗੂਆਂ ਦੀ ਬੌਖਲਾਹਟ ਦਾ ਹੀ ਪ੍ਰਗਟਾਵਾ ਹੁੰਦਾ ਹੈ ਜੋ ਕੇਂਦਰ ਵਿੱਚ ਮੁੜ ਸੱਤਾ ਪ੍ਰਾਪਤੀ ਦੀ ਨਾ ਪੂਰੀ ਹੋਣ ਵਾਲੀ ਆਸ ਲਾਈ ਬੈਠੇ ਹਨ। ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਕਿ ਉਨ੍ਹਾਂ ਨੂੰ ਪੀ.ਜੀ.ਆਈ. ਐਮ.ਈ.ਆਰ. ਸੈਟੇਲਾਈਟ ਸੈਂਟਰ ਸੰਗਰੂਰ ਦੇ ਨੀਂਹ ਪੱਥਰ ਰੱਖਣ ਮੌਕੇ ਨਹੀਂ ਬੁਲਾਇਆ ਗਿਆ ਪਰ ਕੇਂਦਰ ਸਰਕਾਰ ਦਾ ਲੋਕਾਂ ਵੱਲੋਂ ਚੁਣੀ ਹੋਈ ਰਾਜ ਸਰਕਾਰ ਪ੍ਰਤੀ ਇਹ ਵਤੀਰਾ ਪੂਰੀ ਤਰ੍ਹਾਂ ਗੈਰ-ਸੰਵਿਧਾਨਕ ਅਤੇ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਸੂਬਿਆਂ ਦੇ ਅਧਿਕਾਰਾਂ ਦਾ ਘਾਣ ਕਰਨ ਦੇ ਆਦੀ ਹੁੰਦੇ ਜਾ ਰਹੇ ਹਨ। ਮੁੱਖ ਮੰਤਰੀ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਰਾਜ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਲਈ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਸ. ਬਾਜਵਾ ਨੇ ਕੇਂਦਰ ਤੋਂ ਪੰਜਾਬ ਨੂੰ ਮਿਲਦੀਆਂ ਗ੍ਰਾਂਟਾਂ ਵਿਚ ਰੁਕਾਵਟਾਂ ਖੜ੍ਹੀਆਂ ਕਰਕੇ ਪੰਜਾਬ ਦਾ ਹਜ਼ਾਰਾਂ ਕਰੋੜ ਰੁਪਏ ਦਾ ਨੁਕਸਾਨ ਕੀਤਾ ਹੈ। ਇਹ ਗ੍ਰਾਂਟਾਂ ਰਾਜ ਦੇ ਵਿਕਾਸ ਤੇ ਇਥੋਂ ਦੇ ਲੋਕਾਂ ਦੀ ਭਲਾਈ ਲਈ ਖਰਚੀਆਂ ਜਾਣੀਆਂ ਸਨ ਪਰ ਸ. ਬਾਜਵਾ ਨੇ ਸੌੜੇ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੋ ਕੇ ਇਸ ਵਿਚ ਰੁਕਾਵਟਾਂ ਪਾਈਆਂ ਹਨ।

## ਭਾਰਤ ਵਿਚ ਭੁੱਖਿਆਂ ਦੀ ਤਾਦਾਦ ਪਹਿਲਾਂ ਨਾਲੋਂ ਘਟੀ

**ਨਵੀਂ ਦਿੱਲੀ:** ਵਿਸ਼ਵ ਭਰ ਦੇ ਭੁੱਖੇ ਲੋਕਾਂ ਬਾਰੇ ਵਿਸ਼ਵ ਭੁੱਖ ਸੂਚਕ ਅੰਕ (ਜੀ.ਐਚ.ਆਈ.) ਮੁਤਾਬਕ ਭਾਰਤ ਵਿਚ ਭੁੱਖੇ ਲੋਕਾਂ ਦੀ ਗਿਣਤੀ ਘਟੀ ਹੈ ਤੇ 2013 ਵਿਚ ਇਹ 63ਵੇਂ ਸਥਾਨ 'ਤੇ ਆ ਗਿਆ ਹੈ ਪਰ ਇਹ ਅਜੇ ਵੀ ਚੀਨ, ਪਾਕਿ, ਬੰਗਲਾਦੇਸ਼ ਤੇ ਸ੍ਰੀਲੰਕਾ ਤੋਂ ਪਿੱਛੇ ਹੈ। ਵਿਸ਼ਵ ਹੰਗਰ ਸੂਚਕ ਅੰਕ ਵਿਚ 2012 ਵਿਚ ਭਾਰਤ 67ਵੇਂ ਸਥਾਨ 'ਤੇ ਸੀ।

ਭੁੱਖ ਬਾਰੇ ਵਿਸ਼ਵ ਦੇ ਤਾਜ਼ਾ ਅੰਕੜਿਆਂ ਦੀ ਰਿਪੋਰਟ ਮੁਤਾਬਕ ਭਾਰਤ ਵਿਚ ਅਜੇ ਵੀ ਖਤਰੇ ਵਾਲੇ ਪੱਧਰ ਤਕ ਭੁੱਖਮਰੀ ਫੈਲੀ ਹੋਈ ਹੈ ਤੇ ਪੰਜ ਸਾਲ ਤਕ 40 ਫ਼ੀਸਦੀ ਬੱਚੇ ਘੱਟ ਭਾਰ ਵਾਲੇ ਹਨ। ਇਹ ਰਿਪੋਰਟ ਅੰਤਰਰਾਸ਼ਟਰੀ ਖੁਰਾਕ ਨੀਤੀ ਖੋਜ ਸੰਸਥਾ ਤੇ ਗੈਰਸਰਕਾਰੀ ਸੰਗਠਨ ਵੈਲਹੰਗਰਲਾਈਫ ਤੇ ਕਨਸਰਨ ਵਰਲਡਵਾਈਡ ਵੱਲੋਂ ਸਾਂਝੇ ਤੌਰ 'ਤੇ ਤਿਆਰ ਕੀਤੀ ਗਈ ਹੈ।

ਭੁੱਖ ਬਾਰੇ ਵਿਸ਼ਵ ਸੂਚਕ ਅੰਕ ਵਿਚ ਚੀਨ 6ਵੇਂ ਸਥਾਨ 'ਤੇ ਜਦਕਿ ਸ੍ਰੀਲੰਕਾ 43, ਪਾਕਿਸਤਾਨ 57 ਤੇ ਬੰਗਲਾਦੇਸ਼ 58ਵੇਂ ਸਥਾਨ 'ਤੇ ਹੈ। ਰਿਪੋਰਟ ਵਿਚ ਦੱਸਿਆ ਗਿਆ ਕਿ ਦੱਖਣੀ ਏਸ਼ੀਆ ਵਿਚ ਵਿਸ਼ਵ ਦੇ ਸਭ ਤੋਂ ਵੱਧ ਭੁੱਖੇ ਲੋਕ ਹਨ ਤੇ ਸਹਾਰਾ ਖੇਤਰ ਦਾ ਇਸ ਤੋਂ ਅਗਲਾ ਨੰਬਰ ਹੈ, ਉਂਜ ਵਿਸ਼ਵ ਭਰ ਵਿਚ ਭੁੱਖੇ ਲੋਕਾਂ ਦੀ ਗਿਣਤੀ ਘਟ ਰਹੀ ਹੈ।

## ਪਰਵਾਸੀਆਂ ਲਈ ਨੌਕਰੀਆਂ ਦਾ ਰਾਹ ਖੁੱਲ੍ਹਿਆ

**ਚੰਡੀਗੜ੍ਹ:** ਸੂਬੇ ਵਿਚ ਸਰਕਾਰੀ ਨੌਕਰੀ ਲਈ ਹੋਰਾਂ ਰਾਜਾਂ ਦੇ ਨੌਜਵਾਨਾਂ ਨੂੰ 'ਜੀ-ਆਇਆਂ' ਤਾਂ ਪੰਜਾਬ ਸਰਕਾਰ ਪਹਿਲਾਂ ਹੀ ਆਖ ਰਹੀ ਸੀ ਪਰ ਹੁਣ ਸੂਬਾ ਸਰਕਾਰ ਨਿਪਾਲ, ਭੂਟਾਨ, ਸ੍ਰੀਲੰਕਾ, ਪਾਕਿਸਤਾਨ ਤੇ ਪੱਛਮੀ ਅਫਰੀਕੀ ਦੇਸ਼ਾਂ ਦੇ ਨਾਗਰਿਕਾਂ ਨੂੰ ਵੀ ਪੰਜਾਬ ਵਿਚ ਸਰਕਾਰੀ ਅਸਾਮੀਆਂ 'ਤੇ ਭਰਤੀ ਕਰਿਆ ਕਰੇਗੀ। ਪੰਜਾਬ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਕੱਢੀਆਂ ਇੰਸਪੈਕਟਰਾਂ ਦੀਆਂ 461 ਅਸਾਮੀਆਂ ਨੇ ਪੰਜਾਬ ਤੇ ਪੰਜਾਬੀ ਵਾਸਤੇ ਦਰਦ ਰੱਖਣ ਵਾਲਿਆਂ ਨੂੰ ਫਿਕਰ ਵਿਚ ਪਾ ਦਿੱਤਾ ਹੈ।

ਸੂਤਰਾਂ ਅਨੁਸਾਰ ਅਸਾਮੀਆਂ ਲਈ ਵਿਭਾਗ ਵੱਲੋਂ ਜਾਰੀ ਕੀਤੀਆਂ ਨਾਗਰਿਕਤਾ (ਨੈਸ਼ਨੈਲਿਟੀ)

### ਖੁਰਾਕ ਤੇ ਸਪਲਾਈ ਵਿਭਾਗ ਵਿਚ ਕੱਢੀਆਂ 461 ਅਸਾਮੀਆਂ

ਸ਼ਰਤਾਂ ਵਿਚ ਦਰਜ ਹੈ ਕਿ ਉਮੀਦਵਾਰ ਭਾਰਤ ਦਾ ਨਾਗਰਿਕ ਹੋਵੇ ਜਾਂ ਨਿਪਾਲ ਦਾ ਨਾਗਰਿਕ ਹੋਵੇ ਜਾਂ ਭੂਟਾਨ ਦਾ ਨਾਗਰਿਕ ਹੋਵੇ ਜਾਂ ਉਹ ਤਿੱਬਤੀ ਸ਼ਰਨਾਰਥੀ ਜਿਹੜਾ ਕਿ 1962 ਤੋਂ ਪਹਿਲਾਂ ਭਾਰਤ ਵਿਚ ਪੱਕੇ ਤੌਰ 'ਤੇ ਵਸਣ ਲਈ ਆਇਆ ਹੋਵੇ ਜਾਂ ਭਾਰਤੀ ਮੂਲ ਦਾ ਉਹ ਵਿਅਕਤੀ ਜਿਹੜਾ ਕਿ ਪਾਕਿਸਤਾਨ, ਬਰਮਾ, ਸ੍ਰੀਲੰਕਾ ਤੇ ਪੱਛਮੀ ਅਫਰੀਕੀ ਦੇਸ਼ਾਂ ਕੀਨੀਆ, ਯੁਗਾਂਡਾ, ਤਨਜਾਨੀਆ, ਜਾਂਬੀਆ, ਮਾਲਵਈ, ਜੇਰੀ, ਇਥੋਪੀਆ ਤੇ ਵੀਅਤਨਾਮ ਤੋਂ ਭਾਰਤ ਵਿਚ ਪੱਕੇ ਤੌਰ 'ਤੇ ਵਸਣ ਦੇ ਇਰਾਦੇ ਨਾਲ ਆਇਆ ਹੋਵੇ। ਸ਼ਰਤਾਂ ਵਿਚ ਕਿਹਾ ਗਿਆ ਹੈ ਕਿ ਭਾਰਤੀ ਨਾਗਰਿਕਤਾ ਤੋਂ ਬਿਨਾਂ ਉਪਰੋਕਤ ਸ਼ਰਤਾਂ ਵਾਲੇ ਵਿਅਕਤੀਆਂ ਨੂੰ ਪੰਜਾਬ ਦੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵੱਲੋਂ ਯੋਗਤਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੋਵੇ, ਉਹ ਵਿਅਕਤੀ ਉਪਰੋਕਤ ਅਸਾਮੀਆਂ ਲਈ ਵਿਚਾਰੇ ਜਾਣਗੇ।

ਜਾਣਕਾਰਾਂ ਅਨੁਸਾਰ ਪੰਜਾਬੀ ਨੌਜਵਾਨਾਂ ਨੂੰ ਖੋਰਾ ਤਾਂ ਪਹਿਲੀ ਸ਼ਰਤ ਵਿਚ ਹੀ ਲੱਗ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਵਿਅਕਤੀ ਭਾਰਤ ਦਾ ਨਾਗਰਿਕ ਹੋਵੇ, ਭਾਵ ਵਿਅਕਤੀ ਭਾਰਤ ਦੇ ਕਿਸੇ ਵੀ ਸੂਬੇ ਤੋਂ ਹੋ ਸਕਦਾ ਹੈ। ਜਦੋਂ ਹਿਮਾਚਲ, ਹਰਿਆਣਾ ਤੇ ਜੰਮੂ ਕਸ਼ਮੀਰ ਵਰਗੇ ਸੂਬੇ ਸਰਕਾਰੀ ਨੌਕਰੀਆਂ ਵਿਚ ਜੱਦੀ ਪੁਸ਼ਤੀ (ਬੋਨਾਫਾਈਡ) ਵਾਲੀਆਂ ਸ਼ਰਤਾਂ ਰੱਖ ਕੇ ਆਪਣੇ ਆਪਣੇ ਸੂਬੇ ਦੇ ਨੌਜਵਾਨਾਂ ਨੂੰ ਤਰਜੀਹ ਦੇ ਰਹੇ ਹਨ ਤਾਂ ਪੰਜਾਬ ਸਰਕਾਰ ਉਪਰੋਕਤ ਸ਼ਰਤਾਂ ਰੱਖ ਕੇ ਕੀ ਵਿਖਾਉਣਾ ਚਾਹੁੰਦੀ ਹੈ।

ਇਹੀ ਨਹੀਂ ਪੰਜਾਬ ਦੇ ਸਹਿਕਾਰੀ ਬੈਂਕਾਂ ਵਿਚ ਸੀਨੀਅਰ ਮੈਨੇਜਰਾਂ ਦੀਆਂ ਅਸਾਮੀਆਂ ਦੀ ਭਰਤੀ ਲਈ ਪਿਛਲੇ ਦਿਨੀਂ ਸੂਬਾ ਸਰਕਾਰ ਨੇ ਉਮੀਦਵਾਰਾਂ ਨੂੰ ਮੈਟ੍ਰਿਕ ਵਿਚ ਪੰਜਾਬੀ ਵਿਸ਼ਾ ਪਾਸ ਹੋਣ ਦੀ ਸ਼ਰਤ ਤੋਂ ਇਹ ਕਹਿੰਦਿਆਂ ਛੋਟ ਦੇ ਦਿੱਤੀ ਕਿ ਜਿਹੜੇ ਉਮੀਦਵਾਰ ਮੈਟ੍ਰਿਕ ਵਿਚ ਪੰਜਾਬੀ ਪਾਸ ਨਹੀਂ ਹਨ ਉਨ੍ਹਾਂ ਨੂੰ ਆਪਣੀ ਨਿਯੁਕਤੀ ਤੋਂ ਦੋ ਸਾਲਾਂ ਦੇ ਵਿਚ ਵਿਚ ਮੈਟ੍ਰਿਕ ਦਾ ਪੰਜਾਬੀ ਵਿਸ਼ਾ ਪਾਸ ਕਰਨਾ ਹੋਵੇਗਾ, ਸਪਸ਼ਟ ਹੈ ਕਿ ਇਸ ਸ਼ਰਤ ਦਾ ਲਾਭ ਹੋਰ ਸੂਬਿਆਂ ਦੇ ਨੌਜਵਾਨਾਂ ਨੇ ਉਠਾਇਆ ਹੋਵੇਗਾ ਜਿਨ੍ਹਾਂ ਨੇ ਮੈਟ੍ਰਿਕ ਪੰਜਾਬੀ ਵਿਸ਼ੇ ਨਾਲ ਨਹੀਂ ਕੀਤੀ। ਚੇਤੇ ਰਹੇ ਕਿ ਪੰਜਾਬ ਸਰਕਾਰ ਪਿਛਲੇ ਕੁਝ ਸਮੇਂ ਤੋਂ ਪਰਵਾਸੀਆਂ ਨੂੰ ਰਿਝਾਉਣ ਲਈ ਯਤਨ ਕਰ ਰਹੀ ਹੈ। ਇਨ੍ਹਾਂ ਨੂੰ ਕਈ ਖੇਤਰਾਂ ਵਿਚ ਵਿਸ਼ੇਸ਼ ਸਹੂਲਤਾਂ ਦਿੱਤੀਆਂ ਗਈਆਂ ਹਨ ਅਤੇ ਇਨ੍ਹਾਂ ਨਾਲ ਸਬੰਧਤ ਕੇਸਾਂ ਦੇ ਨਿਬੇੜੇ ਲਈ ਉਚੇਚੇ ਪ੍ਰਬੰਧ ਵੀ ਕੀਤੇ ਗਏ ਹਨ।

# ਕੈਪਟਨ ਅਤੇ ਬਾਜਵਾ ਵਿਚਾਲੇ ਦੂਰੀਆਂ ਬਰਕਰਾਰ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚਾਲੇ ਧੜੇਬੰਦੀ ਨੂੰ ਠੱਲ੍ਹ ਨਹੀਂ ਪੈ ਰਹੀ। ਪਿਛਲੇ ਦਿਨੀਂ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੀ ਆਮਦ ਵੀ ਪੰਜਾਬ ਕਾਂਗਰਸ ਦੇ ਦੋ ਮੁੱਖ ਆਗੂਆਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਪਈਆਂ ਸਿਆਸੀ ਦੂਰੀਆਂ ਨੂੰ ਮਿਟਾ ਨਹੀਂ ਸਕੀ। ਇਹ ਦੋਵੇਂ ਆਗੂ ਪਹਿਲੀ ਵਾਰ ਇਕੋ ਮੰਚ 'ਤੇ ਇਕੱਠੇ ਹੋਏ ਪਰ ਦੋਵਾਂ ਨੇ ਨਾ ਤਾਂ ਇਕ ਦੂਜੇ ਨੂੰ ਬੁਲਾਇਆ ਤੇ ਨਾ ਹੀ ਨਜ਼ਰਾਂ ਮਿਲਾਈਆਂ।

ਘਾਬਦਾਂ ਕੋਠੀ ਵਿਚ ਪੀ.ਜੀ.ਆਈ. ਸੈਟੇਲਾਈਟ ਸੈਂਟਰ ਤੇ ਟਾਟਾ ਮੈਮੋਰੀਅਲ ਸੁਪਰ ਸਪੈਸ਼ਲਿਟੀ ਕੈਂਸਰ ਹਸਪਤਾਲ ਦੇ ਨੀਂਹ ਪੱਥਰ ਸਮਾਗਮ ਤੋਂ ਬਾਅਦ ਕਾਂਗਰਸ ਪਾਰਟੀ ਦੀ ਰੈਲੀ ਦੌਰਾਨ ਸਟੇਜ ਦੀਆਂ ਮੂਹਰਲੀਆਂ ਕੁਲ ਤਿੰਨ ਸੀਟਾਂ ਵਿਚੋਂ ਸ੍ਰੀ ਰਾਹੁਲ ਗਾਂਧੀ ਦੇ ਸੱਜੇ ਪਾਸੇ ਪ੍ਰਤਾਪ ਸਿੰਘ ਬਾਜਵਾ ਤੇ ਖੱਬੇ ਪਾਸੇ ਕੈਪਟਨ ਅਮਰਿੰਦਰ ਸਿੰਘ ਬੈਠੇ ਸਨ। ਰੈਲੀ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ



ਮੰਚ 'ਤੇ ਬੈਠੇ ਸਾਰੇ ਆਗੂਆਂ ਦਾ ਨਾਂ ਲਿਆ ਪਰ ਸ. ਬਾਜਵਾ ਦਾ ਨਾਂ ਨਾ ਲਿਆ। ਜਦੋਂ ਮੌਕੇ 'ਤੇ ਮੌਜੂਦ ਵਿਜੇਇੰਦਰ ਸਿੰਗਲਾ ਨੇ ਚੇਤੇ ਕਰਵਾਇਆ ਤਾਂ ਕੈਪਟਨ ਨੇ ਕਿਹਾ ਕਿ ਬਾਜਵਾ ਦਾ ਨਾਂ ਲੈਣਾ ਚਾਹੀਦਾ ਸੀ ਪਰ ਭੁੱਲ ਹੋ ਗਈ। ਕੈਪਟਨ ਨੇ ਕਿਹਾ ਕਿ ਉਹ ਤਾਂ ਸੱਤ ਮਹੀਨਿਆਂ ਬਾਅਦ ਲੋਕਾਂ ਵਿਚ ਆਏ ਹਨ ਕਿਉਂਕਿ ਪ੍ਰਧਾਨ ਜੀ ਨਵੇਂ ਹਨ।

ਉਧਰ, ਸ. ਪ੍ਰਤਾਪ ਸਿੰਘ ਬਾਜਵਾ ਨੇ ਸੰਬੋਧਨ ਸ਼ੁਰੂ ਕਰਦਿਆਂ ਪਹਿਲੀ ਸੱਟੇ ਹੀ ਆਖ ਦਿੱਤਾ ਕਿ ਕੈਪਟਨ ਅਮਰਿੰਦਰ ਸਿੰਘ ਭਾਵੇਂ ਆਪਣੇ ਛੋਟੇ ਵੀਰ ਦਾ ਨਾਂ ਲੈਣਾ ਭੁੱਲ ਗਏ ਪਰ ਉਹ ਅਜਿਹੀ ਗੁਸਤਾਖ਼ੀ ਨਹੀਂ ਕਰਨਗੇ। ਬਾਜਵਾ ਨੇ ਕੈਪਟਨ ਵੱਲੋਂ ਅਕਾਲੀਆਂ ਨੂੰ ਲੰਮੇ ਪਾਉਣ ਦੇ ਬਿਆਨ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਅਕਾਲੀਆਂ ਨੂੰ ਲੰਮੇ ਪਾਉਣ ਤੋਂ ਪਹਿਲਾਂ ਆਪ ਇਕੱਠੇ ਹੋਣ ਦੀ ਲੋੜ ਹੈ ਕਿਉਂਕਿ ਅਜੇ ਅਕਾਲੀਆਂ ਨੂੰ ਲੰਮੇ ਪਾਉਣ ਦਾ ਸਮਾਂ ਨਹੀਂ ਆਇਆ ਤੇ ਨਾ ਹੀ ਲੰਮੇ ਪਾਉਣ ਵਾਸਤੇ ਭਲਵਾਨਾਂ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ 13 ਸੀਟਾਂ ਜਿੱਤ ਕੇ ਹਾਈਕਮਾਨ ਦੀ ਝੋਲੀ ਪਾਈਏ। ਫਿਰ ਅਕਾਲੀਆਂ ਨੂੰ ਲੰਮੇ ਪਾਉਣ ਦੀਆਂ ਗੱਲਾਂ ਸ਼ੋਭਾ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਗਿਲੇ ਸ਼ਿਕਵੇ ਭੁਲਾ ਕੇ ਪੰਜਾਬ ਕਾਂਗਰਸ ਨੂੰ ਇਕਜੁੱਟ ਹੋਣ ਦੀ ਜ਼ਰੂਰਤ ਹੈ। ਸ. ਬਾਜਵਾ ਤੇ ਕੈਪਟਨ ਦੇ ਵਿਚਕਾਰ ਸਿਰਫ਼ ਇਕ ਕੁਰਸੀ ਦਾ ਫਾਸਲਾ ਸੀ ਪਰ ਦੋਵਾਂ ਨੇ ਆਪਸ ਵਿਚ ਗੱਲ ਤਾਂ ਕੀ ਕਰਨੀ ਸੀ ਸਗੋਂ ਇਕ-ਦੂਜੇ ਨਾਲ ਨਜ਼ਰਾਂ ਵੀ ਨਾ ਮਿਲਾਈਆਂ। ਪੰਡਾਲ ਵਿਚ ਵੀ ਇਕ ਪਾਸੇ ਕੈਪਟਨ ਅਮਰਿੰਦਰ ਸਿੰਘ ਤੇ ਦੂਜੇ ਪਾਸੇ ਪ੍ਰਤਾਪ ਸਿੰਘ ਬਾਜਵਾ ਦੇ ਸਮਰਥਕ ਇਕ-ਦੂਜੇ ਤੋਂ ਵਧ ਕੇ ਨਾਅਰੇਬਾਜ਼ੀ ਕਰ ਰਹੇ ਹਨ। ਉਂਜ, ਇਹ ਦੋਵੇਂ ਆਗੂ ਸ੍ਰੀ ਰਾਹੁਲ ਗਾਂਧੀ ਦੇ ਨਾਲ ਹੀ ਆਏ ਸਨ।

# ਗੁਰਦੁਆਰਾ ਸੁਧਾਰ ਕਮੇਟੀ ਵਲੋਂ ਗੋਲਕ ਦਾ ਉਜਾੜਾ ਕਰਨ ਦਾ ਉਲਟਾ ਪ੍ਰਬੰਧਕਾਂ 'ਤੇ ਦੋਸ਼

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕੀ ਖਿੱਚੋਤਾਣ ਦੌਰਾਨ ਬਣੀ ਗੁਰਦੁਆਰਾ ਸੁਧਾਰ ਕਮੇਟੀ ਨੇ ਦੋਸ਼ ਲਾਇਆ ਹੈ ਕਿ ਕਮੇਟੀ ਦੇ ਜਨਰਲ ਸਕੱਤਰ ਬਾਬ ਢਿੱਲੋਂ ਅਤੇ ਉਨ੍ਹਾਂ ਦੇ ਮੈਂਬਰ ਸਾਥੀਆਂ ਵਲੋਂ ਗੁਰੂ ਘਰ ਦੀ ਗੋਲਕ ਦਾ ਉਜਾੜਾ ਬਰਾਬਰ ਜਾਰੀ ਹੈ। ਪੰਜਾਬ ਟਾਈਮਜ਼ ਦੇ 12 ਅਕਤੂਬਰ ਦੇ ਅੰਕ ਵਿਚ ਛਪੇ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਸਕੱਤਰ ਸ੍ਰੀ ਭੁਪਿੰਦਰ (ਬਾਬ) ਸਿੰਘ ਢਿੱਲੋਂ ਦੇ ਬਿਆਨ ਉਤੇ ਤਿੱਖੀ ਪ੍ਰਤੀਕ੍ਰਿਆ ਜਾਹਰ ਕਰਦਿਆਂ ਸੁਧਾਰ ਕਮੇਟੀ ਨੇ ਉਲਟਾ ਦੋਸ਼ ਲਾਇਆ ਹੈ ਕਿ ਸੁਧਾਰ ਕਮੇਟੀ ਦੀ ਗੁਰਦੁਆਰਾ ਪ੍ਰਬੰਧ ਲਈ ਨਿਗਰਾਨ ਲਾਉਣ ਦੀ ਮੰਗ ਦਾ ਜ਼ਿਕਰ ਕਰਕੇ ਸੰਗਤ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਦੋਂਕਿ ਪ੍ਰਬੰਧਕ ਕਮੇਟੀ ਉਤੇ ਕਾਬਜ਼ ਧੜਾ ਪਿਛਲੇ ਪੰਜ ਸਾਲਾਂ ਅੰਦਰ ਅਦਾਲਤਾਂ ਵਿਚ ਹਜ਼ਾਰਾਂ ਡਾਲਰ ਦਾ ਉਜਾੜਾ ਕਰ ਚੁਕਾ ਹੈ ਜੋ ਕਿ ਰਸੀਵਰ ਦੇ ਖਰਚੇ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ।

ਗੁਰਦੁਆਰਾ ਸੁਧਾਰ ਕਮੇਟੀ ਦੇ ਇਕ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਕਮੇਟੀ 'ਗੁਰੂ ਘਰ ਦੀ ਗੋਲਕ ਦਾ ਉਜਾੜਾ' ਰੋਕਣ ਲਈ ਆਪਣੀ ਜੇਬ ਵਿਚੋਂ ਪੈਸੇ ਲਾ ਕੇ ਕਥਿਤ ਤੌਰ 'ਤੇ ਸੰਗਤ ਦਾ ਵੋਟ ਦਾ ਹੱਕ ਮਾਰਨ ਵਾਲੀ ਆਪੂੰ ਬਣੀ ਕਮੇਟੀ ਅਤੇ ਕਲਾਸ ਸੈਕਸ਼ਨ ਮੁਕੱਦਮਾ ਦਾਇਰ ਕਰਨ ਵਾਲੀ ਤੀਜੀ ਧਿਰ (ਰਣਜੀਤ ਸਿੰਘ ਰਾਏ, ਲਖਵਿੰਦਰ ਸਿੰਘ ਸ਼ਾਹੀ, ਗੁਰਦੇਵ ਸਿੰਘ ਤੀਰ ਅਤੇ ਗੁਰਪ੍ਰੀਤ ਕੌਰ) ਖਿਲਾਫ ਕਾਨੂੰਨੀ ਲੜਾਈ ਆਪਣੀ ਜੇਬ ਵਿਚੋਂ ਪੈਸਾ ਖਰਚ ਕੇ ਕਰ ਰਹੀ ਹੈ। ਉਨ੍ਹਾਂ ਸਵਾਲ ਕੀਤਾ ਹੈ ਕਿ ਸ੍ਰੀ ਬਾਬ ਢਿੱਲੋਂ ਤੇ ਉਨ੍ਹਾਂ ਦੀ ਕਮੇਟੀ ਦੱਸਣ ਕਿ ਕਲਾਸ ਸੈਕਸ਼ਨ ਕਰਨ ਵਾਲੀ ਧਿਰ ਨਾਲ ਉਨ੍ਹਾਂ ਦਾ ਕੀ ਰਿਸ਼ਤਾ ਹੈ? ਬਿਆਨ ਵਿਚ ਇਹ ਵੀ ਮੰਗ ਕੀਤੀ ਗਈ ਹੈ ਕਿ ਸੰਗਤ ਨੂੰ ਦੱਸਿਆ ਜਾਵੇ ਕਿ ਮੁਕੱਦਮੇਬਾਜ਼ੀ ਉਪਰ ਹੁਣ ਤੱਕ ਕਿੰਨਾ ਖਰਚ ਹੋ ਚੁਕਾ ਹੈ ਅਤੇ ਸੰਗਤ ਤੋਂ ਮੈਂਬਰਸ਼ਿਪ ਲਈ 30-40 ਹਜ਼ਾਰ ਡਾਲਰ ਇਕੱਠਾ ਕਰਨ ਦੇ ਬਾਵਜੂਦ ਹੁਣ ਤੱਕ ਚੋਣਾਂ ਕਿਉਂ ਨਹੀਂ ਹੋਈਆਂ।

ਡਾ. ਨਾਹਲ ਨੇ ਕਿਹਾ ਹੈ ਕਿ ਉਨ੍ਹਾਂ ਵਲੋਂ ਅਦਾਲਤ ਦੇ ਆਦੇਸ਼ ਅਨੁਸਾਰ ਨਿਰਪੱਖ ਚੋਣਾਂ ਲਈ ਤਰੀਕਾ ਅਪਨਾਉਣ ਸਬੰਧੀ ਪ੍ਰਬੰਧਕ ਕਮੇਟੀ ਨਾਲ ਚਾਰ ਮੀਟਿੰਗਾਂ ਕੀਤੀਆਂ ਜਾ ਚੁਕੀਆਂ ਹਨ ਪਰ ਕਮੇਟੀ ਨੇ ਕੋਈ ਲੜ ਸਿਰਾ ਨਹੀਂ ਫੜਾਇਆ। ਇਸੇ ਕਰਕੇ ਅਦਾਲਤ ਨੂੰ ਬੇਨਤੀ ਕੀਤੀ ਗਈ ਹੈ ਕਿ ਵੋਟ ਰਜਿਸਟਰ ਕਰਨ ਅਤੇ ਮੈਂਬਰਸ਼ਿਪ ਨਵਿਆਉਣ ਸਮੇਂ ਕਿਸੇ ਮਸਲੇ ਦਾ ਤੁਰਤ ਨਿਪਟਾਰਾ ਕਰਨ ਲਈ ਦੋਹਾਂ ਧਿਰਾਂ ਦੇ ਤਿੰਨ ਤਿੰਨ ਮੈਂਬਰ ਲੈ ਕੇ ਕਮੇਟੀ ਬਣਾਈ ਜਾਵੇ ਜਾਂ ਫਿਰ ਅਦਾਲਤ ਆਪਣਾ ਨਿਗਰਾਨ ਭੇਜੇ। ਉਨ੍ਹਾਂ ਕਿਹਾ ਕਿ ਕੁਝ ਸਾਲ ਪਹਿਲਾਂ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਲਈ ਅਦਾਲਤ ਵਲੋਂ ਨਿਗਰਾਨ ਨਿਯੁਕਤ ਕੀਤਾ ਗਿਆ ਸੀ ਅਤੇ ਉਸੇ ਪ੍ਰਬੰਧ ਹੇਠ ਸੁਖਦੇਵ ਸਿੰਘ ਬੈਨੀਵਾਲ ਨੇ ਚੋਣ ਲੜੀ ਸੀ। ਸ. ਬੈਨੀਵਾਲ ਨੂੰ ਉਦੋਂ ਮੌਜੂਦਾ ਕਮੇਟੀ ਅਤੇ ਬਾਬ ਢਿੱਲੋਂ ਦੀ ਪੂਰੀ ਹਮਾਇਤ ਹਾਸਲ ਸੀ। ਉਨ੍ਹਾਂ ਸਵਾਲ ਕੀਤਾ ਕਿ ਅਜਿਹੇ ਅਹਿਮ ਫੈਸਲੇ ਲਈ ਕਿਸੇ ਵਿਅਕਤੀ ਦੀ ਕੁਝ ਦਿਨਾਂ ਦੀ ਤਨਖਾਹ ਦੇਣੀ ਮਹਿੰਗੀ ਹੈ ਜਾਂ ਫਿਰ ਗੋਲਕ ਦਾ ਹਜ਼ਾਰਾਂ ਡਾਲਰ ਦਾ ਉਜਾੜਾ?

ਬਿਆਨ ਵਿਚ ਸਕੱਤਰ ਬਾਬ ਢਿੱਲੋਂ ਦੀ ਹਰ ਉਮੀਦਵਾਰ ਤੋਂ ਇਕ ਹਜ਼ਾਰ ਡਾਲਰ ਲਏ ਜਾਣ ਦੀ ਮੰਗ ਉਤੇ ਪ੍ਰਤੀਕ੍ਰਿਆ ਜਾਹਰ ਕਰਦਿਆਂ ਡਾ. ਨਾਹਲ ਨੇ ਕਿਹਾ ਹੈ ਕਿ ਮੌਜੂਦਾ ਕਮੇਟੀ ਦਾ ਹਰ ਮੈਂਬਰ ਕਮੇਟੀ ਵਿਚ ਰਹਿਣ ਦੇ ਹਰ ਦੋ ਸਾਲ ਦਾ ਇਕ ਹਜ਼ਾਰ ਡਾਲਰ ਵਿਆਜ ਸਮੇਤ ਜਮ੍ਹਾਂ ਕਰਵਾਵੇ ਅਤੇ 2009 ਤੋਂ ਹੁਣ ਤੱਕ ਗੁਰੂ ਘਰ ਦੀ ਗੋਲਕ ਵਿਚੋਂ ਅਦਾਲਤਾਂ ਵਿਚ ਜੋ ਪੈਸਾ ਖਰਚ ਕੀਤਾ ਗਿਆ ਹੈ, ਉਹ ਮੋੜਿਆ ਜਾਵੇ। ਇਸ ਪਿਛੋਂ ਹੀ ਸੁਧਾਰ ਕਮੇਟੀ ਦੇ ਉਮੀਦਵਾਰ ਇਕ ਹਜ਼ਾਰ ਡਾਲਰ ਖੁਸ਼ੀ ਨਾਲ ਜਮ੍ਹਾਂ ਕਰਵਾਉਣ ਲਈ ਤਿਆਰ ਹੋਣਗੇ। ਬਿਆਨ ਵਿਚ ਸ੍ਰੀ ਬਾਬ ਢਿੱਲੋਂ ਉਪਰ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਆਪਣੀ ਹੀ ਕਮੇਟੀ ਦੇ ਕੁਝ ਮੈਂਬਰਾਂ ਨਾਲ 2009 ਵਿਚ ਹੋਏ ਝਗੜਿਆਂ ਨੂੰ ਮੱਲੋ-ਮੱਲੀ ਗੁਰਦੁਆਰਾ ਸੁਧਾਰ ਕਮੇਟੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ ਜਦੋਂਕਿ ਸੱਚ ਇਹ ਹੈ ਕਿ ਉਦੋਂ ਬਾਬ ਢਿੱਲੋਂ ਅਤੇ ਇਸ ਕਮੇਟੀ ਨੇ ਸਾਬਕਾ ਮੈਂਬਰਾਂ-ਬਲਬੀਰ ਸਿੰਘ ਢਿੱਲੋਂ, ਜਸਵੰਤ ਸਿੰਘ ਹੋਠੀ, ਬਲਵੰਤ ਸਿੰਘ ਚਾਹਲ, ਸਵਰਗੀ ਬਖਸ਼ੀਸ਼ ਸਿੰਘ ਚਾਹਲ, ਬਚਿੱਤਰ ਸਿੰਘ ਸੰਘਾ ਅਤੇ ਮਹਿੰਦਰ ਸਿੰਘ ਗਰੇਵਾਲ ਆਦਿ 'ਤੇ ਗੁਰਦੁਆਰਾ ਸਾਹਿਬ ਦਾ ਲੋਨ ਰੁਕਵਾਉਣ ਅਤੇ ਮਾਣਹਾਨੀ ਦੇ ਦੋਸ਼ ਲਾ ਕੇ ਮੁਕਦਮਾ ਕੀਤਾ ਸੀ ਜੋ ਬਾਬ ਢਿੱਲੋਂ ਨੇ ਬਾਦ ਵਿਚ ਆਪ ਹੀ ਵਾਪਿਸ ਲੈ ਲਿਆ ਸੀ। ਉਸ ਵੇਲੇ ਨਾ ਤਾਂ ਗੁਰਦੁਆਰਾ ਸੁਧਾਰ ਕਮੇਟੀ ਹੋਂਦ ਵਿਚ ਆਈ ਸੀ ਅਤੇ ਨਾ ਹੀ ਇਸ ਦੇ ਕਿਸੇ ਮੈਂਬਰ ਦਾ ਨਾਮ ਉਸ ਕੇਸ ਵਿਚ ਸੀ। ਸੁਧਾਰ ਕਮੇਟੀ ਤਾਂ ਗੁਰੂ ਘਰ ਦੀ ਇਮਾਰਤ ਦੇ ਉਦਘਾਟਨ ਤੋਂ ਬਾਅਦ ਹੀ ਹੋਂਦ ਵਿਚ ਆਈ ਸੀ। ਬਿਆਨ ਵਿਚ ਚੇਤੇ ਕਰਵਾਇਆ ਗਿਆ ਹੈ ਕਿ ਉਦਘਾਟਨੀ ਸਮਾਗਮ ਸਮੇਂ ਹੀ ਭਰੇ ਦਰਬਾਰ ਹਾਲ ਵਿਚ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਤੱਖਰ ਵਲੋਂ ਗੁਰਦੁਆਰਾ ਸਾਹਿਬ ਦੀ ਸੇਵਾ ਬਦਲੇ ਉਨ੍ਹਾਂ (ਡਾ. ਤਰਲੋਚਨ ਸਿੰਘ) ਦਾ ਮਾਣ-ਸਨਮਾਨ ਕੀਤਾ ਸੀ।

## ਕਾਲੇਕਾ ਦਾ ਪੁੱਤਰ ਕਾਂਗਰਸ ਲਈ ਚੋਣ ਲੜੇਗਾ

**ਮਿਲਵਾਕੀ (ਬਿਊਰੋ):** ਪਿਛਲੇ ਸਾਲ ਸਥਾਨਕ ਗੁਰਦੁਆਰਾ ਓਕ ਕਰੀਕ ਵਿਚ ਇਕ ਨਸਲਪ੍ਰਸਤ ਗੋਰੇ ਹੱਥੋਂ ਗੋਲੀਆਂ ਦਾ ਸ਼ਿਕਾਰ ਹੋਏ ਇਸ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਕਾਲੇਕਾ ਦਾ ਪੁੱਤਰ ਅਮਰ ਕਾਲੇਕਾ ਕਾਂਗਰਸ ਮੈਂਬਰ ਬਣਨ ਲਈ ਰਿਪਬਲਿਕਨ ਪਾਲ ਰਿਆਨ ਦੇ ਮੁਕਾਬਲੇ ਲਈ ਪਰ ਤੋਲ ਰਿਹਾ ਹੈ।

35 ਸਾਲਾ ਅਮਰ ਕਾਲੇਕਾ ਨੇ ਦੱਸਿਆ ਕਿ ਜਲਦੀ ਹੀ ਕਾਗਜ਼ੀ ਕੰਮ ਪੂਰੇ ਕਰਕੇ ਉਹ ਅਗਲੇ ਮਹੀਨੇ ਡੈਮੋਕਰੇਟ ਉਮੀਦਵਾਰ ਹੋਣ ਦਾ ਐਲਾਨ ਕਰੇਗਾ। ਹਫਿੰਗਟਨ ਪੋਸਟ ਅਨੁਸਾਰ ਕਾਲੇਕਾ, ਵਾਸ਼ਿੰਗਟਨ ਦੇ ਕੰਮਕਾਰ ਨੂੰ ਮੁੜ ਜੁਆਬਦੇਹ ਤੇ ਪਾਰਦਰਸ਼ੀ ਦੇਖਣਾ ਚਾਹੁੰਦਾ ਹੈ। ਉਸ ਨੇ ਅਮਰੀਕੀ ਸਰਕਾਰ ਦਾ ਕੰਮਕਾਰ ਠੱਪ ਹੋਣ ਲਈ ਬਜਟ ਕਮੇਟੀ ਦੇ ਚੇਅਰਮੈਨ ਪਾਲ ਰਿਆਨ ਤੇ ਉਸ ਦੇ ਰਿਪਬਲਿਕ ਸਾਥੀਆਂ ਨੂੰ ਜ਼ਿੰਮੇਵਾਰ ਠਹਿਰਾਇਆ।

## ਕੁਵੇਲੇ ਸੌਣ ਵਾਲੇ ਬੱਚਿਆਂ ਦੀ ਜ਼ਿੰਦਗੀ 'ਤੇ ਪੈਂਦਾ ਮਾੜਾ ਅਸਰ

**ਲੰਡਨ (ਬਿਊਰੋ):** ਬੱਚਿਆਂ ਉਪਰ ਕੀਤੇ ਗਏ ਇਕ ਤਾਜ਼ਾ ਅਧਿਐਨ ਅਨੁਸਾਰ ਜਿਹੜੇ ਬੱਚੇ ਬੇਵਕਤ ਸੌਂਦੇ ਹਨ, ਉਨ੍ਹਾਂ ਦੀ ਸਿਹਤ ਅਤੇ ਰਵੱਈਆ ਵਿਗੜ ਜਾਂਦਾ ਹੈ, ਜਦਕਿ ਜਿਹੜੇ ਬੱਚੇ ਵੇਲੇ ਸਿਰ ਸੌਂਦੇ ਹਨ, ਉਹ ਸਰੀਰਕ ਤੇ ਦਿਮਾਗੀ ਤੌਰ 'ਤੇ ਜ਼ਿਆਦਾ ਤੰਦਰੁਸਤ ਹੁੰਦੇ ਹਨ।

ਯੂਨੀਵਰਸਿਟੀ ਕਾਲਜ ਲੰਡਨ ਵਿਚ ਜਨ ਸਿਹਤ ਬਾਰੇ ਪ੍ਰੋਫੈਸਰ ਵਾਈ. ਕੈਲੇ ਵੱਲੋਂ ਆਪਣੀ ਟੀਮ ਨਾਲ ਕੀਤੇ ਗਏ ਇਸ ਅਧਿਐਨ ਦੀ ਰਿਪੋਰਟ ਬੱਚਿਆਂ ਬਾਰੇ ਇਕ ਰਸਾਲੇ ਵਿਚ ਛਪੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿਹੜੇ ਬੱਚੇ ਬੇਵਕਤ ਸੌਂਦੇ ਹਨ, ਉਨ੍ਹਾਂ ਨਾਲ ਸਰੀਰ ਦੀ ਕੁਦਰਤੀ ਲੈਅ ਵਿਗੜ ਜਾਂਦੀ ਹੈ ਜਿਸ ਦਾ ਦਿਮਾਗ 'ਤੇ ਮਾੜਾ ਅਸਰ ਹੀ ਨਹੀਂ ਪੈਂਦਾ ਸਗੋਂ ਸਰੀਰ ਤੇ ਦਿਮਾਗ ਦਾ ਤਾਲਮੇਲ ਵੀ ਸਹੀ ਨਹੀਂ ਬੈਠਦਾ। ਇਸ ਤਾਲਮੇਲ ਦੀ ਕਮੀ ਦਾ ਅਸਰ ਬੱਚਿਆਂ ਦੇ ਰੋਜ਼ਾਨਾ ਜੀਵਨ 'ਤੇ ਬੜਾ ਮਾੜਾ ਪੈਂਦਾ ਹੈ। ਇਸ ਕਾਰਨ ਬੱਚਿਆਂ ਦਾ ਰਵੱਈਆ ਖਰਾਬ ਹੋ ਜਾਂਦਾ ਹੈ।

ਅਧਿਐਨ ਅਨੁਸਾਰ ਬੱਚਿਆਂ ਦੀ ਛੋਟੀ ਉਮਰ ਦੀ ਸਿਹਤ ਦਾ ਅਸਰ ਉਨ੍ਹਾਂ ਦੀ ਸਾਰੀ ਉਮਰ 'ਤੇ ਪੈਂਦਾ ਹੈ। ਜਿਹੜੇ ਬੱਚੇ ਨੀਂਦ ਪੂਰੀ ਨਹੀਂ ਲੈਂਦੇ ਤੇ ਵੇਲੇ-ਕੁਵੇਲੇ ਸੌਂਦੇ ਹਨ, ਉਨ੍ਹਾਂ ਦੇ ਸਰੀਰ ਤੇ ਦਿਮਾਗ 'ਤੇ ਮਾੜਾ ਅਸਰ ਪੈਂਦਾ ਹੈ। ਦੂਜੇ ਪਾਸੇ ਜਿਹੜੇ ਬੰਦੇ ਨਿਯਮਤ ਸਮੇਂ ਪੂਰੀ ਨੀਂਦ ਲੈਂਦੇ ਹਨ, ਉਨ੍ਹਾਂ ਦਾ ਜੀਵਨ ਸਿਹਤਮੰਦ ਤੇ ਰਵੱਈਆ ਬਿਹਤਰ ਹੁੰਦਾ ਹੈ।

**Punjab Times**
*Ph: 847-359-0746*
*Visit us on the web:*
***www.punjabtimesusa.com***

## ਮਜ਼ਹਬ ਬਣਿਆ ਪਿਆਰ ਦੇ ਰਾਹ ਵਿਚ ਰੋੜਾ

**ਲਾਹੌਰ (ਬਿਊਰੋ):** ਆਪਣੀ ਵਿਆਹ ਦੀ ਯੋਜਨਾ ਦਾ ਵਿਰੋਧ ਹੋਣ ਕਰਕੇ ਇਥੇ ਇਕ ਮੁਸਲਮਾਨ ਨੌਜਵਾਨ ਅਤੇ ਮਸੀਹ ਭਾਈਚਾਰੇ ਦੀ ਲੜਕੀ ਵਲੋਂ ਖੁਦਕੁਸ਼ੀ ਦੀ ਕੋਸ਼ਿਸ਼ ਕੀਤੇ ਜਾਣ ਪਿਛੋਂ ਦੋਵਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ। ਇਥੋਂ ਦੋ ਸੌ ਕਿਲੋਮੀਟਰ ਸਾਹੀਵਾਲ ਜ਼ਿਲ੍ਹੇ ਦੇ ਚੱਕ 86/6-ਆਰ ਦੇ ਵਸਨੀਕ ਆਬਿਦ ਹੁਸੈਨ (20) ਅਤੇ ਸ਼ੀਬਾ ਮਸੀਹ (19) ਆਪਸ ਵਿਚ ਪਿਆਰ ਕਰਦੇ ਹਨ ਪਰ ਵੱਖ-ਵੱਖ ਮਜ਼੍ਹਬ ਕਾਰਨ ਪਰਿਵਾਰਾਂ ਨੂੰ ਇਹ ਰਿਸ਼ਤਾ ਮਨਜ਼ੂਰ ਨਹੀਂ ਸੀ। ਜਦੋਂ ਸ਼ੀਬਾ ਦੇ ਪਰਿਵਾਰ ਨੇ ਉਸ ਦਾ ਰਿਸ਼ਤਾ ਆਪਣੇ ਹੀ ਮਜ਼੍ਹਬ ਵਿਚ ਤੈਅ ਕਰ ਦਿੱਤਾ ਤਾਂ ਦੋਵੇਂ ਕਾਫੀ ਪ੍ਰੇਸ਼ਾਨ ਰਹਿਣ ਲੱਗੇ।

ਲੰਘੇ ਵੀਰਵਾਰ ਨੂੰ ਆਬਿਦ ਤੇ ਸ਼ੀਬਾ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਉਨ੍ਹਾਂ ਦੀ ਹਾਲਤ ਗੰਭੀਰ ਹੈ। ਇਸ ਦੌਰਾਨ ਸ਼ੀਬਾ ਦੇ ਪਰਿਵਾਰ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਮੰਗਣੀ ਦੀ ਯੋਜਨਾ ਸੁਣ ਕੇ ਆਬਿਦ ਖਿਝ ਗਿਆ ਅਤੇ ਉਸ ਨੇ ਪਿੰਡ ਦੀ ਇਕ ਗਲੀ ਵਿਚ ਸ਼ੀਬਾ ਨੂੰ ਰੋਕ ਕੇ ਉਸ ਉਪਰ ਗੋਲੀ ਚਲਾ ਦਿੱਤੀ। ਪੁਲਿਸ ਨੇ ਹਾਲੇ ਤਕ ਕੇਸ ਦਰਜ ਨਹੀਂ ਕੀਤਾ।

**Short Sale Specialist**

**Do you want to sell your home**

***Sacramento, Stockton, Roseville area prices are on rise.***



**Sohanpreet (Sam) Chahal**
**CA Lic. 01504071**
**Realtor/Notary Public**
**email:samchahal@hotmail.com**

**Please call me to find out value of your home.**
**Listing: 4 bed, 2 bath in Stockton $189,000**
**If you want to Buy or Sell**

***Call: Sohanpreet 'Sam' Chahal***
**@916-612-5773**
**visit: www.hudhomestore.com**
**Serving from Bay Area to Sacramento**

**Multi-Million Dollars Producer-2007 to 2011**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

**Sacramento Office: 9912 Kapalua Ln., Elk Grove, CA 95624**
**Tel: 916-612-5773 Fax: 916-689-5707**



**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਾਨ ਵੱਲੋਂ ਲੋਕ ਸਭਾ ਚੋਣਾਂ ਲੜਨ ਦਾ ਐਲਾਨ

**ਆਨੰਦਪੁਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੀਟਿੰਗ ਕਰ ਕੇ ਐਲਾਨ ਕੀਤਾ ਗਿਆ ਕਿ ਦਲ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਤੋਂ ਚੋਣ ਲੜੇਗਾ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਾਂ ਕਰਦਿਆਂ ਸ. ਸਿਮਰਨਜੀਤ ਸਿੰਘ ਮਾਨ ਨੇ ਦੱਸਿਆ ਕਿ ਉਨ੍ਹਾਂ ਦਾ ਦਲ ਸਾਰੀਆਂ ਸੀਟਾਂ ਤੋਂ ਚੋਣਾਂ ਲੜੇਗਾ ਅਤੇ ਦਲ ਦੀ ਸੋਚ ਨਾਲ ਸਹਿਮਤੀ ਰੱਖਣ ਵਾਲਿਆਂ ਨਾਲ ਗੱਠਜੋੜ ਵੀ ਕੀਤਾ ਜਾਵੇਗਾ।

ਸ. ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਦੀਆਂ ਨੀਤੀਆਂ ਤੋਂ ਤੰਗ ਹਨ ਤੇ ਉਨ੍ਹਾਂ ਦਾ ਦਲ ਲੋਕ ਸਭਾ ਚੋਣਾਂ ਵਿਚ ਜਿੱਤ ਪ੍ਰਾਪਤ ਕਰੇਗਾ। ਖੁਦ ਚੋਣ



ਲੜਨ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਇਹ ਫੈਸਲਾ ਦਲ ਹੀ ਕਰੇਗਾ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਹਲਕਾ ਆਨੰਦਪੁਰ ਸਾਹਿਬ ਤੋਂ ਆਪਣਾ ਉਮੀਦਵਾਰ ਖੜ੍ਹਾਉਣ ਦਾ ਐਲਾਨ ਕੀਤਾ ਗਿਆ ਹੈ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ ਭਾਈ ਰਾਜੋਆਣਾ ਨਾਲ ਉਨ੍ਹਾਂ ਦਾ ਕੋਈ ਸਮਝੌਤਾ ਨਹੀਂ ਹੋਇਆ ਹੈ।

ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਸਾਂਝ ਨੂੰ ਖਤਰਨਾਕ ਦੱਸਦਿਆਂ ਸ. ਮਾਨ ਨੇ ਕਿਹਾ ਕਿ ਗੁਜਰਾਤ ਵਿਚੋਂ 60 ਹਜ਼ਾਰ ਸਿੱਖ ਕਿਸਾਨਾਂ ਨੂੰ ਬਾਹਰ ਕੱਢਣ ਅਤੇ ਸਿੱਖ ਕਿਸਾਨ ਉਤੇ ਕੀਤਾ ਗਿਆ ਹਮਲਾ ਬਹੁਤ ਸੋਚੀ ਸਮਝੀ ਤੇ ਕੋਝੀ ਸਾਜ਼ਿਸ਼ ਹੈ। ਇਨ੍ਹਾਂ ਘਟਨਾਵਾਂ ਨੂੰ ਭੁਲਾਇਆ ਨਹੀਂ ਜਾ ਸਕਦਾ।

## ਹਿੰਦੂ ਪਰਿਵਾਰ ਨੇ ਪਾਕਿਸਤਾਨ ਛੱਡਿਆ

**ਅਟਾਰੀ:** ਤਾਲਿਬਾਨ ਵੱਲੋਂ ਘੱਟ-ਗਿਣਤੀ ਹਿੰਦੂ ਪਰਿਵਾਰਾਂ 'ਤੇ ਕੀਤੇ ਜਾ ਰਹੇ ਅਤਿਆਚਾਰ ਤੋਂ ਅੱਕੇ ਹਿੰਦੂ ਪਰਿਵਾਰ ਦੇ 8 ਮੈਂਬਰ ਪਾਕਿਸਤਾਨ ਛੱਡ ਕੇ ਲਾਹੌਰ ਤੋਂ ਵਾਹਗਾ/ਅਟਾਰੀ ਸਰਹੱਦ ਰਸਤੇ ਭਾਰਤ ਪਹੁੰਚੇ। ਅਟਾਰੀ ਸਰਹੱਦ ਵਿਖੇ ਹਿੰਦੂ ਪਰਿਵਾਰ ਦੇ ਮੁਖੀ ਰਾਜ ਕੁਮਾਰ ਵਾਸੀ ਜੈਕਬਾਬਾਦ ਸਿੰਧ ਨੇ ਦੱਸਿਆ ਕਿ ਸੂਬਾ ਸਿੰਧ ਵਿਚ ਰਹਿੰਦੇ ਹਿੰਦੂ ਪਰਿਵਾਰ ਅਸੁਰੱਖਿਅਤ ਹਨ। ਅਤਿਵਾਦੀਆਂ ਦਾ ਡਰ ਬਹੁਤ ਹੈ ਅਤੇ ਸਰਕਾਰ ਵੱਲੋਂ ਵੀ ਉਨ੍ਹਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾਂਦਾ ਹੈ। ਤਾਲਿਬਾਨ ਦਿਨ-ਦਿਹਾੜੇ ਹਥਿਆਰ ਲੈ ਕੇ ਘੁੰਮਦੇ ਹਨ ਤੇ ਹਿੰਦੂ ਪਰਿਵਾਰਾਂ ਕੋਲੋਂ ਫਿਰੌਤੀਆਂ ਮੰਗਦੇ ਹਨ ਜਿਸ ਕਾਰਨ ਹਿੰਦੂਆਂ ਨੂੰ ਪਾਕਿਸਤਾਨ ਤੋਂ ਹਿਜਰਤ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

## ਫੈਲਿਨ ਤੂਫਾਨ ਨੇ ਮਚਾਈ ਤਬਾਹੀ

**ਸ੍ਰੀਕਾਕੁਲਮ:** ਓਡੀਸ਼ਾ ਦੇ ਤਟੀ ਇਲਾਕਿਆਂ ਵਿਚ ਆਇਆ ਸਮੁੰਦਰੀ ਤੂਫਾਨ ਫੈਲਿਨ ਭਾਰੀ ਤਬਾਹੀ ਦੇ ਨਿਸ਼ਾਨ ਛੱਡ ਗਿਆ ਹੈ। ਓਡੀਸ਼ਾ ਦੇ ਪ੍ਰਭਾਵਿਤ ਖੇਤਰ ਵਿਚ 16 ਹੋਰ ਲਾਸ਼ਾਂ ਮਿਲਣ ਨਾਲ ਇਸ ਤੂਫਾਨ ਵਿਚ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ 23 ਹੋ ਗਈ ਹੈ। ਇਸ ਤੋਂ ਇਲਾਵਾ ਬਿਹਾਰ ਵਿਚ ਛੇ ਮੌਤਾਂ ਹੋਣ ਦੀ ਖਬਰ ਹੈ। ਉਂਝ ਇਹ ਗਿਣਤੀ ਹੋ ਵਧ ਸਕਦੀ ਹੈ। ਤੂਫਾਨ ਨਾਲ ਤਕਰੀਬਨ 90 ਲੱਖ ਲੋਕ ਪ੍ਰਭਾਵਤ ਹੋਏ ਹਨ ਤੇ 2400 ਕਰੋੜ ਰੁਪਏ ਦੀਆਂ ਫਸਲਾਂ ਨਸ਼ਟ ਹੋ ਗਈਆਂ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਸ ਕੁਦਰਤੀ ਆਫਤ ਵਿਚ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਦੋ-ਦੋ ਲੱਖ ਰੁਪਏ ਤੇ ਗੰਭੀਰ ਜ਼ਖ਼ਮੀਆਂ ਨੂੰ 50 ਹਜ਼ਾਰ ਰੁਪਏ ਇਮਦਾਦ ਦੇਣ ਦਾ ਐਲਾਨ ਕੀਤਾ ਹੈ। ਬਿਹਾਰ ਵਿਚ 930 ਪਿੰਡਾਂ ਦੇ 2.5 ਲੱਖ ਲੋਕ ਪਾਣੀ ਵਿਚ ਘਿਰੇ ਹੋਏ ਹਨ। ਸੂਬੇ ਵਿਚ ਤੂਫਾਨ ਤੇ ਹੜ੍ਹਾਂ ਨਾਲ 1.2 ਕਰੋੜ ਲੋਕ ਪ੍ਰਭਾਵਤ ਹੋਏ ਹਨ ਤੇ 10.13 ਲੱਖ ਤੋਂ ਵੀ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਉਧਰ ਝਾਰਖੰਡ ਵਿਚ ਭਾਰੀ ਮੀਂਹ ਪਿਆ ਤੇ ਸਮੁੰਦਰ ਵਿਚ ਭਾਰ ਢੋਣ ਵਾਲਾ ਜਹਾਜ਼ ਡੁੱਬ ਗਿਆ। ਇਸ ਦੇ ਪ੍ਰਭਾਵ ਕਾਰਨ ਓਡੀਸ਼ਾ, ਬਿਹਾਰ, ਪੱਛਮੀ ਬੰਗਾਲ ਤੇ ਆਂਧਰਾ ਪ੍ਰਦੇਸ਼ ਵਿਚ ਭਾਰੀ ਮੀਂਹ ਪਿਆ ਹੈ।

# ਸਲਾਹਕਾਰਾਂ ਦੀ ਧਾੜ ਨੇ ਲੁੱਟ ਲਿਆ ਪੰਜਾਬ

*(ਸਫਾ ਇਕ ਦੀ ਬਾਕੀ)*

ਤੋਤਾ ਸਿੰਘ) ਖਾਲੀ ਪਏ ਹਨ। ਇਸ ਵੇਲੇ ਪੰਜਾਬ ਸਰਕਾਰ ਦੇ ਦੋ ਸਿਆਸੀ ਸਲਾਹਕਾਰ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਤੀਕਸ਼ਣ ਸੂਦ ਤੇ ਇਕ ਸਨਅਤੀ ਸਲਾਹਕਾਰ ਕਮਲ ਓਸਵਾਲ ਹਨ। ਤਿੰਨਾਂ ਨੂੰ ਕੈਬਨਿਟ ਮੰਤਰੀ ਦਾ ਰੁਤਬਾ ਦਿੱਤਾ ਹੋਇਆ ਹੈ। ਗਰੇਵਾਲ ਨੇ 2012 ਦੀ ਚੋਣ ਨਹੀਂ ਲੜੀ ਸੀ ਤੇ ਸੂਦ ਇਹ ਚੋਣ ਹਾਰ ਗਏ ਸਨ। ਸਨਅਤਕਾਰ ਕਮਲ ਓਸਵਾਲ ਕੋਈ ਸਰਕਾਰੀ ਲਾਭ/ਸਹੂਲਤ ਨਹੀਂ ਲੈ ਰਹੇ। ਲੈਫਟੀਨੈਂਟ ਜਨਰਲ (ਸੇਵਾਮੁਕਤ) ਬੀ.ਐਸ. ਧਾਲੀਵਾਲ ਤਕਨੀਕੀ ਸਲਾਹਕਾਰ ਹਨ। ਇਨ੍ਹਾਂ ਸਲਾਹਕਾਰਾਂ ਨੂੰ 30000 ਰੁਪਏ ਮਹੀਨਾ ਤਨਖਾਹ, ਸਾਲ ਲਈ ਦੋ ਲੱਖ ਰੁਪਏ ਸਫ਼ਰ ਭੱਤਾ, 1000 ਰੁਪਏ ਰੋਜ਼ਾਨਾ ਭੱਤਾ, 50000 ਰੁਪਏ ਮਹੀਨਾ ਘਰ ਦਾ ਕਿਰਾਇਆ (ਜੇ ਹੋਰ ਸ਼ਹਿਰਾਂ ਵਿਚ ਘਰ ਮਿਲੇ ਤਾਂ 30000 ਰੁਪਏ), 10000 ਰੁਪਏ ਮਹੀਨਾ ਟੈਲੀਫ਼ੋਨ ਭੱਤਾ, ਸੱਤ ਲੱਖ ਰੁਪਏ ਵਾਲੀ ਇਕ ਸਟਾਫ ਕਾਰ ਤੇ 12 ਰੁਪਏ ਪ੍ਰਤੀ ਕਿਲੋਮੀਟਰ (ਵੱਧ ਤੋਂ ਵੱਧ 3000 ਕਿਲੋਮੀਟਰ) ਪੈਟਰੋਲ ਭੱਤਾ (ਜੇ ਆਪਣੀ ਕਾਰ ਹੋਵੇ ਤਾਂ) ਮਿਲਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਸਲਾਹਕਾਰਾਂ ਨੂੰ 5000 ਰੁਪਏ ਮਹੀਨਾ ਮਨੋਰੰਜਨ ਭੱਤਾ ਤੇ ਡਰਾਈਵਰ ਦੀ ਤਨਖਾਹ ਲਈ 5000 ਰੁਪਏ ਵੀ ਮਿਲਦਾ ਹੈ। ਸਾਰੇ ਮੈਡੀਕਲ ਬਿੱਲਾਂ ਦੇ ਪੈਸੇ ਵੀ ਮਿਲਦੇ ਹਨ। ਇਨ੍ਹਾਂ ਨਾਲ ਜਿਹੜਾ ਵੱਖਰਾ ਸਟਾਫ਼ ਲਾਇਆ ਜਾਂਦਾ ਹੈ, ਉਸ ਨੂੰ ਵੱਖਰੀਆਂ ਸਹੂਲਤਾਂ/ਲਾਭ ਮਿਲਦੀਆਂ ਹਨ।

ਮੁੱਖ ਮੰਤਰੀ ਦੇ ਸਲਾਹਕਾਰ ਹਰਚਰਨ ਬੈਂਸ ਤੇ ਉਪ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਜੰਗਵੀਰ ਸਿੰਘ ਜਿਨ੍ਹਾਂ ਨੂੰ ਰਾਜ ਮੰਤਰੀ ਦਾ ਰੁਤਬਾ ਦਿੱਤਾ ਗਿਆ ਹੈ, ਨੂੰ 30-30 ਹਜ਼ਾਰ ਰੁਪਏ ਤਨਖਾਹ ਮਿਲਦੀ ਹੈ ਤੇ ਨਾਲ ਸਰਕਾਰੀ ਸਹੂਲਤਾਂ/ਲਾਭ ਵੀ। ਸਹਾਇਕ ਮੀਡੀਆ ਸਲਾਹਕਾਰਾਂ ਵਿਨੀਤ ਜੋਸ਼ੀ ਤੇ ਹਰਜਿੰਦਰ ਸਿੱਧੂ ਨੂੰ 20 ਹਜ਼ਾਰ ਰੁਪਏ ਮਹੀਨਾ ਤਨਖਾਹ ਮਿਲਦੀ ਹੈ। ਇਨ੍ਹਾਂ ਨੂੰ ਵੀ ਸਰਕਾਰੀ ਸਹੂਲਤਾਂ ਤੇ ਲਾਭ ਮਿਲਦੇ ਹਨ।

## ਸਿਆਸਤਦਾਨ ਵੀ ਖਫ਼ਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਦਾ ਕਹਿਣਾ ਹੈ ਕਿ ਬਿਨਾਂ ਵਿਧਾਇਕ ਬਣਿਆਂ ਇਨ੍ਹਾਂ ਸਲਾਹਕਾਰਾਂ ਨੂੰ ਮੰਤਰੀ ਦਾ ਰੁਤਬਾ ਕਿਵੇਂ ਦਿੱਤਾ ਜਾ ਸਕਦਾ ਹੈ। ਇਹ ਹੋਰ ਕੁਝ ਨਹੀਂ ਬਲਕਿ ਚੋਣ ਪ੍ਰਣਾਲੀ ਨਾਲ ਕੋਝਾ ਮਜ਼ਾਕ ਹੈ। ਉਨ੍ਹਾਂ ਨੇ ਚੇਤੇ ਕਰਵਾਇਆ ਕਿ ਸ. ਦਰਬਾਰਾ ਸਿੰਘ ਜਿਹੇ ਮੁੱਖ ਮੰਤਰੀਆਂ ਨੇ ਇਕ ਵੀ ਸਿਆਸੀ ਸਕੱਤਰ ਨਹੀਂ ਰੱਖਿਆ ਹੋਇਆ ਸੀ, ਕਿਸੇ ਸਲਾਹਕਾਰ ਦੀ ਤਾਂ ਗੱਲ ਹੀ ਛੱਡੋ। ਇਕ ਪ੍ਰਿੰਸੀਪਲ ਸੈਕਟਰੀ ਤੇ ਡਿਪਟੀ ਪ੍ਰਿੰਸੀਪਲ ਸੈਕਟਰੀ (ਦੋਵੇਂ ਸਿਵਲ ਅਧਿਕਾਰੀ) ਤੋਂ ਇਲਾਵਾ ਉਨ੍ਹਾਂ ਲਈ ਸਿਰਫ ਇਕ ਓ.ਐਸ.ਡੀ. ਹੁੰਦਾ ਸੀ ਜੋ ਵਿਧਾਇਕਾਂ ਨਾਲ ਤਾਲਮੇਲ ਬਣਾ ਕੇ ਰੱਖਦਾ ਸੀ।

ਪੁਰਾਣੇ ਵੇਲਿਆਂ ਦੇ ਚਸ਼ਮਦੀਦ, ਗਿਆਨੀ ਜ਼ੈਲ ਸਿੰਘ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਨੂੰ ਚੇਤੇ ਕਰਦੇ ਹਨ। ਉਨ੍ਹਾਂ ਦਾ ਇਕ ਸਿਆਸੀ ਸਲਾਹਕਾਰ ਹੁੰਦਾ ਸੀ ਜੋ ਸਿਆਸੀ ਆਗੂਆਂ ਨਾਲ ਰਾਬਤਾ ਤੇ ਤਾਲਮੇਲ ਬਣਾਉਂਦਾ ਸੀ। ਸਲਾਹਕਾਰਾਂ ਨੂੰ ਮੰਤਰੀ ਦਾ ਰੁਤਬਾ ਤੇ ਭੱਤੇ ਦੇਣ ਦਾ ਸਿਲਸਿਲਾ ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਵਿਚ ਛਿੜਿਆ ਜਿਨ੍ਹਾਂ ਕੋਲ ਹੋਰਾਂ ਤੋਂ ਇਲਾਵਾ ਬੀ.ਆਈ.ਐਸ. ਚਾਹਲ ਮੀਡੀਆ ਸਲਾਹਕਾਰ ਸੀ। ਸੰਵਿਧਾਨਕ ਤੌਰ 'ਤੇ ਸਲਾਹਕਾਰ ਸਿਰਫ ਰਾਸ਼ਟਰਪਤੀ ਰਾਜ ਲਾਗੂ ਹੋਣ ਦੌਰਾਨ ਹੀ ਨਿਯੁਕਤ ਕੀਤੇ ਜਾ ਸਕਦੇ ਹਨ। ਉਦੋਂ ਇਹ ਰਾਜ ਦੇ ਗਵਰਨਰ ਦੀ ਮਦਦ ਲਈ ਸਲਾਹਕਾਰ ਵਜੋਂ ਕੰਮ ਕਰਦੇ ਹਨ ਕਿਉਂਕਿ ਉਦੋਂ ਸੂਬੇ ਵਿਚ ਮੰਤਰੀ ਸਮੂਹ ਨਹੀਂ ਹੁੰਦਾ। ਕਈ ਭਾਜਪਾ ਆਗੂਆਂ ਦਾ ਵੀ ਮੰਨਣਾ ਹੈ ਕਿ ਸਲਾਹਕਾਰਾਂ ਨੂੰ ਮੰਤਰੀ ਦਾ ਰੁਤਬਾ ਦਿੱਤਾ ਜਾਣਾ ਗ਼ੈਰ-ਸੰਵਿਧਾਨਕ ਹੈ। ਸੰਵਿਧਾਨ ਮੁਤਾਬਕ ਸਿਰਫ ਯੋਜਨਾ ਬੋਰਡ ਦੇ ਉਪ ਚੇਅਰਮੈਨ ਨੂੰ ਇਹ ਰੁਤਬਾ ਮਿਲਦਾ ਹੈ।

# ਪੰਜਾਬ ਕਾਂਗਰਸ ਦੇ ਕਲੇਸ਼ ਨੇ ਦਿੱਲੀ ਹਿਲਾਈ

*(ਸਫਾ ਇਕ ਦੀ ਬਾਕੀ)*

ਦਿੱਤਾ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਖੁਸਣ ਤੋਂ ਖਫ਼ਾ ਹਨ। ਹਾਈ ਕਮਾਨ ਨੇ ਬੇਸ਼ੱਕ ਉਨ੍ਹਾਂ ਨੂੰ ਕੇਂਦਰੀ ਕਮੇਟੀ ਵਿਚ ਉਚਾ ਅਹੁਦਾ ਦੇ ਕੇ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਉਹ ਪੰਜਾਬ ਵਿਚ ਆਪਣੇ ਵਿਰੋਧੀ ਧੜੇ ਦੀ ਚੜ੍ਹਤ ਨੂੰ ਬਰਦਾਸ਼ਤ ਨਹੀਂ ਕਰ ਰਹੇ। ਕੈਪਟਨ ਅਮਰਿੰਦਰ ਸਿੰਘ ਪਿਛਲੇ ਸਮੇਂ ਵਿਚ ਸਾਫ਼ ਕਰ ਚੁੱਕੇ ਹਨ ਕਿ ਸ. ਬਾਜਵਾ ਦੀਆਂ ਰੈਲੀਆਂ ਨਾਲ ਉਨ੍ਹਾਂ ਦਾ ਕੋਈ ਲੈਣਾ-ਦੇਣਾ ਨਹੀਂ ਹੈ ਤੇ ਉਹ ਆਪਣੇ ਪੱਧਰ 'ਤੇ ਹੀ ਲੋਕ ਸਭਾ ਚੋਣਾਂ ਲਈ ਲਾਮਬੰਦੀ ਮੁਹਿੰਮ ਸ਼ੁਰੂ ਕਰਨਗੇ। ਉਹ ਇਹ ਗੱਲ ਹਾਈ ਕਮਾਨ ਨੂੰ ਵੀ ਸਪਸ਼ਟ ਕਰ ਚੁੱਕੇ ਹਨ।

ਉਧਰ, ਹਾਈ ਕਮਾਨ ਪੰਜਾਬ ਕਾਂਗਰਸ ਵਿਚ ਸ਼ੁਰੂ ਹੋਈ ਖਾਨਾਜੰਗੀ ਦੇ ਨਿਬੇੜੇ ਲਈ ਸਰਗਰਮ ਹੋ ਗਈ ਹੈ। ਪਾਰਟੀ ਹਾਈ ਕਮਾਨ ਨੇ ਤਾਲਮੇਲ ਕਮੇਟੀ ਦਾ ਐਲਾਨ ਕੀਤਾ ਹੈ ਜੋ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਕੰਮਕਾਰ ਠੀਕ-ਠਾਕ ਚੱਲਣਾ ਯਕੀਨੀ ਬਣਾਏਗੀ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਪ੍ਰਵਾਨਤ ਇਸ ਕਮੇਟੀ ਵਿਚ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਕਨਵੀਨਰ ਲਏ ਗਏ ਹਨ ਤੇ ਸੂਬੇ ਵਿਚੋਂ ਦੋ ਸੀਨੀਅਰ ਨੇਤਾ ਵੀ ਇਸ ਵਿਚ ਸ਼ਾਮਲ ਕੀਤੇ ਗਏ ਹਨ। ਇਹ ਨੇਤਾ ਮਹਿੰਦਰ ਸਿੰਘ ਕੇ.ਪੀ. ਤੇ ਲਾਲ ਸਿੰਘ ਹਨ। ਕੈਪਟਨ ਅਮਰਿੰਦਰ ਸਿੰਘ ਦਾ ਨਾਮ ਨਾ ਤਾਂ ਇਸ ਕਮੇਟੀ ਵਿਚ ਸ਼ਾਮਲ ਹੈ ਤੇ ਨਾ ਹੀ ਇਸ ਵਿਚ ਸ਼ਾਮਲ ਮੈਂਬਰਾਂ ਵਿਚੋਂ ਕੋਈ ਉਨ੍ਹਾਂ ਦਾ ਨੇੜਲਾ ਜਾਂ ਭਰੋਸੇਮੰਦ ਮੰਨਿਆ ਜਾ ਰਿਹਾ ਹੈ। ਸ. ਬਾਜਵਾ ਦੀ ਕਨਵੀਨਰਸ਼ਿਪ ਹੇਠ ਬਣੀ ਛੇ ਮੈਂਬਰੀ ਕਮੇਟੀ ਵਿਚ ਕੁੱਲ ਹਿੰਦ ਕਾਂਗਰਸ ਦੇ ਜਨਰਲ ਸਕੱਤਰ ਤੇ ਸੂਬੇ ਦੇ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ, ਸਕੱਤਰ ਇੰਚਾਰਜ ਹਰੀਸ਼ ਚੌਧਰੀ, ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ, ਪੰਜਾਬ ਕਾਂਗਰਸ ਕਮੇਟੀ ਦੇ ਸਾਬਕਾ ਮੁਖੀ ਤੇ ਕਾਂਗਰਸ ਵਰਕਿੰਗ ਕਮੇਟੀ ਦੇ ਵਿਸ਼ੇਸ਼ ਇਨਵਾਇਟੀ ਮਹਿੰਦਰ ਸਿੰਘ ਕੇ.ਪੀ. ਤੇ ਸਾਬਕਾ ਮੰਤਰੀ ਲਾਲ ਸਿੰਘ ਸ਼ਾਮਲ ਹਨ। ਲਾਲ ਸਿੰਘ ਕਿਸੇ ਵੇਲੇ ਕੈਪਟਨ ਅਮਰਿੰਦਰ ਸਿੰਘ ਦੇ ਨੇੜਲੇ ਸਮਝੇ ਜਾਂਦੇ ਸਨ। ਹਾਈ ਕਮਾਂਡ ਵੱਲੋਂ ਇਹ ਤਾਲਮੇਲ ਕਮੇਟੀ ਬਣਾਉਣ ਨਾਲ ਪਾਰਟੀ ਵਿਚ ਨਵੀਂ ਸਫਬੰਦੀ ਵੀ ਸ਼ੁਰੂ ਹੋ ਗਈ ਹੈ। ਕੈਪਟਨ ਅਮਰਿੰਦਰ ਸਿੰਘ ਦਾ ਧੜਾ ਹਾਈ ਕਮਾਂਡ ਵੱਲੋਂ ਅਚਨਚੇਤੀ ਪ੍ਰਤਾਪ ਸਿੰਘ ਬਾਜਵਾ ਦੀ ਕਨਵੀਨਰਸ਼ਿਪ ਹੇਠ ਬਣਾਈ ਤਾਲਮੇਲ ਕਮੇਟੀ ਕਾਰਨ ਪੈਦਾ ਹੋਏ ਨਵੇਂ ਹਾਲਾਤ ਦੀ ਪੜਚੋਲ ਕਰ ਰਿਹਾ ਹੈ ਤੇ ਅਗਲੇ ਦਿਨੀਂ ਨਵੇਂ ਸਮੀਕਰਨ ਬਣਨ ਦੇ ਸੰਕੇਤ ਮਿਲੇ ਹਨ। ਇਕ ਧਿਰ ਦਾਅਵਾ ਕਰ ਰਹੀ ਹੈ ਕਿ ਹਾਈ ਕਮਾਂਡ ਨੇ ਤਾਲਮੇਲ ਕਮੇਟੀ ਬਣਾ ਕੇ ਸ. ਬਾਜਵਾ ਦੇ ਹੱਥ ਮਜ਼ਬੂਤ ਕੀਤੇ ਹਨ ਤੇ ਕੈਪਟਨ ਨੂੰ ਝਟਕਾ ਦਿੱਤਾ ਹੈ ਜਦੋਂਕਿ ਦੂਜੀ ਧਿਰ ਦਾ ਕਹਿਣਾ ਹੈ ਕਿ ਹਾਈ ਕਮਾਂਡ ਨੇ ਸ. ਬਾਜਵਾ ਨੂੰ ਬਤੌਰ ਪ੍ਰਧਾਨ ਆਪਣੇ ਪੱਧਰ 'ਤੇ ਸਾਰੇ ਫੈਸਲੇ ਲੈਣ ਤੋਂ ਰੋਕਣ ਲਈ ਹੀ ਤਾਲਮੇਲ ਕਮੇਟੀ ਬਣਾਈ ਹੈ।

## ਅਮਰੀਕੀ ਜਹਾਜ਼ ਭਾਰਤੀ ਪਾਣੀਆਂ ਵਿਚ ਦਾਖ਼ਲ

**ਚੇਨਈ:** ਟੂਟੀਕੁਰੀਨ ਤੱਟ ਦੇ ਲਾਗੇ ਸਮੁੰਦਰੀ ਜਹਾਜ਼ ਕਾਬੂ ਕਰਨ ਤੋਂ ਦੋ ਦਿਨ ਬਾਅਦ ਚਾਲਕ ਦਸਤੇ ਸਮੇਤ ਜਹਾਜ਼ 'ਤੇ ਸਵਾਰ 35 ਵਿਅਕਤੀਆਂ ਖਿਲਾਫ ਗੈਰਕਾਨੂੰਨੀ ਤੌਰ 'ਤੇ ਹਥਿਆਰ ਤੇ ਅਸਲਾ ਲਿਜਾਣ ਬਦਲੇ ਕੇਸ ਦਰਜ ਕੀਤਾ ਗਿਆ ਤੇ ਪੁਲਿਸ ਨੇ ਇਹ ਪਤਾ ਲਾਉਣ ਲਈ ਜਾਂਚ ਤੇਜ਼ ਕਰ ਦਿੱਤੀ ਹੈ ਕਿ ਜਹਾਜ਼ ਕਿਹੜੇ ਮੰਤਵ ਤਹਿਤ ਭਾਰਤੀ ਜਲ ਖੇਤਰ ਵਿਚ ਦਾਖਲ ਹੋਇਆ ਸੀ। ਉਂਝ, ਕੌਮੀ ਸੁਰੱਖਿਆ ਬਾਰੇ ਉਪ ਸਲਾਹਕਾਰ ਨਿਹਚਲ ਸੰਧੂ ਨੇ ਕਿਹਾ ਹੈ ਕਿ ਫੜੇ ਗਏ ਅਮਰੀਕੀ ਜਹਾਜ਼ ਐਮ.ਵੀ. ਸੀਮੈਨ ਗਾਰਡ ਓਹਾਇਓ ਦਾ ਹਥਿਆਰਾਂ ਦੀ ਸਮਗਲਿੰਗ ਨਾਲ ਕੋਈ ਸਬੰਧ ਨਹੀਂ ਜਾਪਦਾ। ਫਿਰ ਵੀ ਸਾਰੇ ਮਾਮਲੇ ਦੀ ਤਹਿ ਤਕ ਜਾਂਚ ਕੀਤੀ ਜਾਵੇਗੀ। ਇਸ ਵੇਲੇ ਇਹ ਜਹਾਜ਼ ਚੇਨਈ ਤੋਂ 600 ਕਿਲੋਮੀਟਰ ਦੂਰ ਟੂਟੀਕੁਰੀਨ ਤੱਟ 'ਤੇ ਖੜ੍ਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਸਤਿ ਕਰਤਾਰ ਚੈਰੀਟੇਬਲ ਟਰੱਸਟ ਠੇਠਰਕੇ ਰਜਿ:

## (ਬਲਾਕ ਡੇਰਾ ਬਾਬਾ ਨਾਨਕ), ਗੁਰਦਾਸਪੁਰ

### "ਸੁਭ ਕਰਮਨ ਤੇ ਕਬਹੂੰ ਨ ਟਰੋਂ"

ਗਰੀਬ ਦਾ ਮੂੰਹ ਗੁਰੂ ਦੀ ਗੋਲਕ ਦੇ ਸਿਧਾਂਤ ਅਨੁਸਾਰ ਸਤਿ ਕਰਤਾਰ ਚੈਰੀਟੇਬਲ ਟਰੱਸਟ ਵਲੋਂ ਬਹੁਤ ਗਰੀਬ, ਅਤਿ ਲੋੜਵੰਦ ਅਤੇ ਬੇਸਹਾਰਾ ਪਰਿਵਾਰਾਂ, ਜਿਨ੍ਹਾਂ ਦੀ ਆਮਦਨ ਦਾ ਕੋਈ ਵੀ ਵਸੀਲਾ ਨਹੀਂ ਹੈ, ਦੀ ਮਦਦ ਮਈ 2001 ਤੋਂ ਲਗਾਤਾਰ ਹਰ ਮਹੀਨੇ 4 ਤਰੀਕ ਨੂੰ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚ ਹੇਠ ਲਿਖੇ ਵਰਗ ਸ਼ਾਮਲ ਹਨ:

ਵਿਧਵਾਵਾਂ: ਇਨ੍ਹਾਂ ਦੇ ਸਭ ਤੋਂ ਵੱਡੇ ਦੋ ਬੱਚਿਆਂ, ਜੋ ਸਰਕਾਰੀ ਸਕੂਲ ਜਾਂ ਮਾਨਤਾ ਪ੍ਰਾਪਤ ਕਾਲਜ/ਯੂਨੀਵਰਸਿਟੀ ਵਿਚ ਪੜ੍ਹਦੇ ਹੋਣ, ਦੀ ਮਦਦ ਕੀਤੀ ਜਾਂਦੀ ਹੈ। ਜੇ ਇਨ੍ਹਾਂ ਦਾ ਵੱਡਾ ਇਕ ਜਾਂ ਦੋਵੇਂ ਬੱਚੇ ਲੜਕੀਆਂ ਹਨ ਤਾਂ ਇਨ੍ਹਾਂ ਦੀ ਸਹਾਇਤਾ ਇਨ੍ਹਾਂ ਦੇ ਵਿਆਹ ਤਕ ਜਾਂ ਵੱਧ ਤੋਂ ਵੱਧ 20 ਸਾਲ ਦੀ ਉਮਰ ਤਕ ਕੀਤੀ ਜਾਂਦੀ ਹੈ ਪਰ ਇਨ੍ਹਾਂ ਨੇ ਘੱਟ ਤੋਂ ਘੱਟ ਹਾਈ/ਸੀਨੀਅਰ ਸੈਕੰਡਰੀ ਸਕੂਲ ਜਰੂਰ ਪਾਸ ਕਰ ਲਿਆ ਹੋਵੇ।

ਇਨ੍ਹਾਂ ਤੋਂ ਇਲਾਵਾ ਯਤੀਮ ਬੱਚਿਆਂ, ਦਿਮਾਗੀ ਤੌਰ 'ਤੇ ਪੂਰੀ ਤਰ੍ਹਾਂ ਨਕਾਰਾ ਵਿਅਕਤੀਆਂ, ਲੰਮੇ ਸਮੇਂ ਤੋਂ ਰੋਗੀ ਵਿਅਕਤੀਆਂ, ਅੱਸੀ ਸਾਲ ਤੋਂ ਵੱਧ ਉਮਰ ਦੇ ਬੇਸਹਾਰਾ ਵਿਅਕਤੀਆਂ, ਕਿਸੇ ਵੀ ਗੰਭੀਰ ਹਾਦਸੇ ਵਿਚ ਜ਼ਖਮੀ ਹੋਏ ਵਿਅਕਤੀਆਂ, ਪੂਰੀ ਤਰ੍ਹਾਂ ਨੇਤਰਹੀਣਾਂ ਅਤੇ ਪੂਰੀ ਤਰ੍ਹਾਂ ਨਕਾਰਾ ਅੰਗਹੀਣ ਵਿਅਕਤੀਆਂ ਦੀ ਵੀ ਮਦਦ ਕੀਤੀ ਜਾਂਦੀ ਹੈ।

ਸੰਸਥਾ ਵਲੋਂ ਕੁਦਰਤੀ ਕਰੋਪੀ ਦਾ ਸ਼ਿਕਾਰ ਹੋਏ ਪਰਿਵਾਰਾਂ ਦੀ ਮਦਦ ਕਰਨ ਤੋਂ ਇਲਾਵਾ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਉਪਰ ਵੀ ਮਾਲੀ ਮਦਦ ਕੀਤੀ ਜਾਂਦੀ ਹੈ।

ਨੋਟ: ਦਾਨੀਆਂ ਦਾ ਦਾਨ ਸਦਾ ਲਈ ਟਰਸਟ ਦੇ ਐਫ. ਡੀ. ਖਾਤੇ ਵਿਚ ਜਮਾਂ ਕਰਵਾ ਦਿੱਤਾ ਜਾਂਦਾ ਹੈ। ਖੈਰਾਤ ਦੇ ਸਾਰੇ ਕਾਰਜ ਉਸ ਤੋਂ ਮਿਲਣ ਵਾਲੇ ਵਿਆਜ ਨਾਲ ਹੀ ਕੀਤੇ ਜਾਂਦੇ ਹਨ। ਇਸ ਵੇਲੇ ਟਰੱਸਟ ਦਾ ਕਰੀਬ 96 ਪਿੰਡਾਂ ਵਿਚ 425 ਪਰਿਵਾਰਾਂ ਦੇ ਪਰਿਵਾਰਾਂ ਦਾ ਸਾਲਾਨਾ ਖਰਚ 11,60,150 ਰੁਪਏ ਹੈ। ਲੋੜਵੰਦਾਂ ਦੀ ਸਹੂਲਤ ਲਈ ਸਾਰੇ ਪਿੰਡਾਂ ਨੂੰ 14 ਕੇਂਦਰਾਂ ਵਿਚ ਵੰਡਿਆ ਗਿਆ ਹੈ ਤਾਂ ਕਿ ਉਹ ਨੇੜਲੇ ਵੰਡ ਕੇਂਦਰ ਤੋਂ ਆਪਣੀ ਸਹਾਇਤਾ ਆਦਿ ਆਸਾਨੀ ਨਾਲ ਪ੍ਰਾਪਤ ਕਰ ਸਕਣ।

ਟਰਸਟ ਵਲੋਂ ਸਾਰੇ ਗੁਰਮੁਖ ਦਾਨੀਆਂ ਨੂੰ ਬੇਨਤੀ ਹੈ ਕਿ ਉਹ ਇਸ ਮਹਾਨ ਯੱਗ (ਮਿਨੀ ਪਿੰਗਲਵਾੜਾ) ਵਿਚ ਆਪੋ ਆਪਣੀ ਸ਼ਰਧਾ ਅਨੁਸਾਰ ਦਾਨ ਦੇਣ ਦੀ ਕ੍ਰਿਪਾਲਤਾ ਕਰਨ। ਤੁਸੀਂ ਆਪਣਾ ਵੱਡਮੁੱਲਾ ਦਾਨ ਸਿੱਧੇ ਵੀ ਸਤਿ ਕਰਤਾਰ ਚੈਰੀਟੇਬਲ ਟਰੱਸਟ ਠੇਠਰਕੇ ਦੇ ਖਾਤੇ ਵਿਚ ਪੰਜਾਬ ਐਂਡ ਸਿੰਧ ਬੈਂਕ, ਓਰੀਐਂਟਲ ਬੈਂਕ ਆਫ ਕਾਮਰਸ ਜਾਂ ਪੰਜਾਬ ਨੈਸ਼ਨਲ ਬੈਂਕ ਡੇਰਾ ਬਾਬਾ ਨਾਨਕ-143604 ਜ਼ਿਲਾ ਗੁਰਦਾਸਪੁਰ ਵਿਖੇ ਜਮਾਂ ਕਰਾ ਸਕਦੇ ਹੋ।

"ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥"

**ਸੇਵਕ: ਅਵਤਾਰ ਸਿੰਘ ਰੰਧਾਵਾ, ਫੋਨ: 510-744-1438**

# ਕੈਨੇਡਾ ਦੀ ਐਲਿਸ ਮੁਨਰੋ ਨੂੰ ਸਾਹਿਤ ਲਈ ਨੋਬਲ ਪੁਰਸਕਾਰ

**ਸਟਾਕਹੋਮ:** ਕੈਨੇਡਾ ਦੀ ਐਲਿਸ ਮੁਨਰੋ ਨੂੰ ਉਨ੍ਹਾਂ ਦੀਆਂ ਮਿੰਨੀ ਕਹਾਣੀਆਂ ਲਈ ਸਾਹਿਤ ਵਿਚ ਨੋਬਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਮੁਨਰੋ ਦੀਆਂ ਇਹ ਕਹਾਣੀਆਂ ਮਾਨਵੀ ਸਥਿਤੀ ਦੀਆਂ ਕਮਜ਼ੋਰੀਆਂ 'ਤੇ ਕੇਂਦਰਤ ਹਨ। ਨੋਬਲ ਪੁਰਸਕਾਰ ਦੇ ਇਤਿਹਾਸ ਵਿਚ ਇਹ ਸਨਮਾਨ ਪ੍ਰਾਪਤ ਕਰਨ ਵਾਲੀ ਉਹ 13ਵੀਂ ਔਰਤ ਅਤੇ ਪਹਿਲੀ ਕੈਨੇਡੀਅਨ ਨਾਗਰਿਕ ਵੀ ਹੈ। ਸਵੀਡਿਸ਼ ਅਕਾਦਮੀ ਨੇ 82 ਸਾਲਾ ਮੁਨਰੋ ਨੂੰ 'ਸਮਕਾਲੀ ਮਿੰਨੀ ਕਹਾਣੀਆਂ ਦੇ ਮਾਸਟਰ' ਵਜੋਂ ਸਨਮਾਨਤ ਕੀਤਾ ਹੈ। ਅਕਾਦਮੀ ਦਾ ਕਹਿਣਾ ਕਿ ਕੁਝ ਆਲੋਚਕ ਮੁਨਰੋ ਦੀ ਰੂਸ ਦੇ 19ਵੀਂ ਸਦੀ ਦੇ ਮਿੰਨੀ ਕਹਾਣੀਆਂ ਦੇ ਲੇਖਕ ਨਾਲ ਤੁਲਨਾ ਕਰਦਿਆਂ ਉਨ੍ਹਾਂ ਨੂੰ ਕੈਨੇਡੀਅਨ ਚੈਖੋਵ ਆਖਦੇ ਹਨ। ਮੁਨਰੋ ਨੂੰ ਪੁਰਸਕਾਰ ਵਿਚ 12 ਲੱਖ 40 ਹਜ਼ਾਰ ਡਾਲਰ ਦੀ ਰਕਮ ਮਿਲੇਗੀ।

ਤਿੰਨ ਅਮਰੀਕੀ ਆਰਥਿਕ ਵਿਗਿਆਨੀਆਂ ਨੂੰ ਜਾਇਦਾਦ ਕੀਮਤਾਂ ਦੇ ਵਿਸ਼ਲੇਸ਼ਣ ਲਈ ਆਰਥਿਕ ਨੋਬਲ ਪੁਰਸਕਾਰ ਦਿੱਤਾ ਗਿਆ ਹੈ। ਰਾਇਲ ਸਵੀਡਿਸ਼ ਅਕੈਡਮੀ ਆਫ਼ ਸਾਇੰਸਜ਼ ਨੇ ਇਉਗੇਨੇ ਫਾਮਾ, ਲਾਰਸ ਪੀਟਰ ਹੈਨਸਨ ਤੇ ਰਾਬਰਟ ਸ਼ਿਲਰ ਨੂੰ 80 ਲੱਖ ਕਰਾਊਨ ਇਨਾਮ ਵਜੋਂ ਦਿੱਤੇ ਹਨ। ਫਾਮਾ ਤੇ ਹਨਸੇਨ ਸ਼ਿਕਾਗੋ ਯੂਨੀਵਰਸਿਟੀ ਦੇ ਪ੍ਰੋਫੈਸਰ ਹਨ ਜਦੋਂਕਿ ਸ਼ਿਲਰ ਕੁਨੈਕਟੀਕਟ ਦੀ ਯੇਲ ਯੂਨੀਵਰਸਿਟੀ 'ਚ ਪ੍ਰੋਫੈਸਰ ਹੈ।

**ਮਲਾਲਾ ਨੂੰ ਗਿਲਾ ਨਹੀਂ:** ਤਾਲਿਬਾਨ ਖ਼ਿਲਾਫ਼ ਡਟਣ ਵਾਲੀ ਮਲਾਲਾ ਯੂਸਫਜ਼ਈ ਨੇ ਕਿਹਾ ਹੈ ਕਿ ਇਸ ਸਾਲ ਨੋਬਲ ਸ਼ਾਂਤੀ ਪੁਰਸਕਾਰ ਨਾ ਮਿਲਣ ਦਾ ਉਸ ਨੂੰ ਭੋਰਾ ਵੀ ਝੋਰਾ ਨਹੀਂ ਹੈ ਅਤੇ ਉਹ ਸਮਝਦੀ ਹੈ ਕਿ ਨੋਬਲ ਪੁਰਸਕਾਰ ਕਮੇਟੀ ਨੇ ਸਹੀ ਫੈਸਲਾ ਕੀਤਾ ਹੈ। ਉਸ ਨੇ ਹਾਲੇ ਜ਼ਿੰਦਗੀ ਵਿਚ ਹੋਰ ਬਹੁਤ ਕੰਮ ਕਰਨਾ ਹੈ। ਇਸੇ ਦੌਰਾਨ ਇਸ ਦਲੇਰ ਕੁੜੀ ਨਾਲ ਰਾਸ਼ਟਰਪਤੀ ਬਰਾਕ ਓਬਾਮਾ ਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ ਨੇ ਮੁਲਾਕਾਤ ਕੀਤੀ। ਨੋਬਲ ਸ਼ਾਂਤੀ ਪੁਰਸਕਾਰ ਦਾ ਐਲਾਨ ਹੋਣ ਦੇ ਕੁਝ ਘੰਟਿਆਂ ਮਗਰੋਂ ਟੀਵੀ ਚੈਨਲ ਨਾਲ ਇੰਟਰਵਿਊ ਦੌਰਾਨ ਕਿਹਾ ਕਿ ਜੇਕਰ ਕੁਝ ਸਮੇਂ ਲਈ ਨੋਬਲ ਪੁਰਸਕਾਰ ਭੁੱਲ ਜਾਈਏ ਤਾਂ ਦੁਨੀਆਂ ਦੇ ਲੋਕਾਂ ਨੇ ਜੋ ਪਿਆਰ ਤੇ ਹੌਸਲਾ ਦਿੱਤਾ ਹੈ, ਉਸ ਤੋਂ ਵੱਡਾ ਇਨਾਮ ਹੋਰ ਕੋਈ ਨਹੀਂ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis, MN 55426

# ਸਿੱਖਸ ਫਾਰ ਜਸਟਿਸ ਦੀ ਸੰਯੁਕਤ ਰਾਸ਼ਟਰ ਅੱਗੇ ਇਨਸਾਫ ਰੈਲੀ ਲਈ ਇਟਲੀ 'ਚੋਂ ਭਰਵਾਂ ਹੁੰਗਾਰਾ

**ਬਰੇਸ਼ੀਆ, ਇਟਲੀ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ 'ਸਿੱਖਸ ਫਾਰ ਜਸਟਿਸ' ਵਲੋਂ ਨਵੰਬਰ 1984 ਵਿਚ ਭਾਰਤ ਦੀ ਰਾਜਧਾਨੀ ਦਿੱਲੀ ਸਮੇਤ 19 ਸੂਬਿਆਂ ਵਿਚ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਘੋਸ਼ਿਤ ਕਰਵਾਉਣ ਲਈ ਜਨੀਵਾ (ਸਵਿੱਟਜਰਲੈਂਡ) ਵਿਚ ਸੰਯੁਕਤ ਰਾਸ਼ਟਰ ਦੇ ਮੁੱਖ ਦਫਤਰ ਅੱਗੇ ਪਹਿਲੀ ਨਵੰਬਰ ਨੂੰ ਕੀਤੀ ਜਾ ਰਹੀ ਇਨਸਾਫ ਰੈਲੀ ਲਈ ਸਿੱਖਾਂ ਨੂੰ ਲਾਮਬੰਦ ਕਰਨ ਲਈ ਯੂਰਪ ਵਿਚ ਮੁਹਿੰਮ ਵਿੱਢੀ ਗਈ ਹੈ।

ਇਸ ਮੁਹਿੰਮ ਤਹਿਤ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਅਤੇ ਅੰਤਰਰਾਸ਼ਟਰੀ ਪਾਲਿਸੀ ਡਾਇਰੈਕਟਰ ਜਤਿੰਦਰ ਸਿੰਘ ਗਰੇਵਾਲ ਇਟਲੀ ਪਹੁੰਚੇ। ਬਰੇਸ਼ੀਆ ਦੇ ਅਪਨਾ ਪੈਲੇਸ ਵਿਚ ਇਟਲੀ ਦੀਆਂ ਸਿੱਖ ਜਥੇਬੰਦੀਆਂ ਆਪਸੀ ਮਤਭੇਦ ਭੁਲਾ ਕੇ ਇਸ ਮਿਸ਼ਨ ਨੂੰ ਕਾਮਯਾਬ ਕਰਨ ਲਈ ਇਕੱਤਰ ਹੋਈਆਂ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਪਹਿਲੀ ਨਵੰਬਰ ਨੂੰ ਸੰਯੁਕਤ ਰਾਸ਼ਟਰ ਵਿਚ 1984 ਦੇ ਸਿੱਖ ਦੰਗਿਆਂ ਨੂੰ ਨਸਲਕੁਸ਼ੀ ਘੋਸ਼ਿਤ ਕਰਵਾਉਣ ਲਈ 10 ਲੱਖ ਦਸਤਖਤਾਂ ਵਾਲੀ ਪਟੀਸ਼ਨ ਦਾਇਰ ਕੀਤੀ ਜਾ ਰਹੀ ਹੈ ਅਤੇ ਸੰਯੁਕਤ ਰਾਸ਼ਟਰ ਦੇ ਅੱਗੇ ਉਸੇ ਸਮੇਂ 10 ਹਜਾਰ ਸਿੱਖ ਇਨਸਾਫ ਰੈਲੀ ਕਰਨਗੇ ਜਿਸ ਲਈ ਯੂਰਪ ਵਿਚ ਸਿੱਖ ਜਥੇਬੰਦੀਆ ਕੰਮ ਕਰ ਰਹੀਆਂ ਹਨ।

ਮੀਟਿੰਗ ਨੂੰ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਭਰੋਸਾ ਦਿਵਾਇਆ ਕਿ ਇਟਲੀ ਦੇ ਵੱਖ ਵੱਖ ਗੁਰੂ ਘਰਾਂ ਤੋਂ 100 ਬੱਸਾਂ ਲੈ ਕੇ ਉਹ ਇਨਸਾਫ ਰੈਲੀ ਵਿਚ ਪਹੁੰਚਣਗੇ ਅਤੇ ਸੰਸਥਾ ਵਲੋਂ ਵਿੱਢੀ ਗਈ ਦਸਤਖਤੀ ਮਹਿੰਮ ਲਈ ਪੂਰਾ ਸਹਿਯੋਗ ਦੇਣਗੇ।

# ਜਸਦੇਵ ਯਮਲਾ ਨੇ ਲਾਈ ਗੀਤਾਂ ਦੀ ਛਹਿਬਰ

**ਫਰਿਜ਼ਨੋ (ਬਿਊਰੋ):** ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸਪੁਤਰ ਜਸਦੇਵ ਯਮਲਾ ਨੇ ਇਥੇ ਬੰਬੇ ਬਿਜਨਸ ਪਾਰਕ ਵਿਚ ਕੀਤੇ ਗਏ ਇਕ ਸਮਾਗਮ ਦੌਰਾਨ ਆਪਣੇ ਨਵੇਂ-ਪੁਰਾਣੇ ਗੀਤਾਂ ਦੀ ਖੂਬ ਛਹਿਬਰ ਲਾਈ ਜਿਸ ਦਾ ਅਨੰਦ ਉਥੇ ਵੱਡੀ ਗਿਣਤੀ ਵਿਚ ਪਹੁੰਚੇ ਪੰਜਾਬੀਆਂ ਨੇ ਮਾਣਿਆ। ਜ਼ਿਕਰਯੋਗ ਹੈ ਕਿ ਜਸਦੇਵ ਯਮਲਾ ਇਨ੍ਹੀਂ ਦਿਨੀਂ ਆਪਣੇ ਪਿਤਾ ਦੀ ਯਾਦ ਵਿਚ ਮਨਾਏ ਜਾਂਦੇ ਸਾਲਾਨਾ ਮੇਲੇ ਵਿਚ ਭਾਗ ਲੈਣ ਲਈ ਫਰਿਜ਼ਨੋ ਆਏ ਹੋਏ ਹਨ।

ਇਸ ਮੌਕੇ ਜਸਦੇਵ ਯਮਲੇ ਨੇ ਆਪਣੇ ਗੀਤਾਂ ਤੋਂ ਇਲਾਵਾ ਆਪਣੇ ਬਾਪ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਬਹੁਤ ਸਾਰੇ ਗੀਤ ਗਾ ਕੇ ਸਰੋਤਿਆਂ ਦੇ ਮਨ ਮੋਹ ਲਏ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਬਾਪ ਦੀ ਨਿਸ਼ਾਨੀ ਡੇਰਾ ਇਸ ਵੇਲੇ ਖਸਤਾ ਹਾਲਤ ਵਿਚ ਹੈ ਅਤੇ ਇਸ ਨੂੰ ਪਰਿਵਾਰ ਅਜਾਇਬ ਘਰ ਵਿਚ ਤਬਦੀਲ ਕਰਨਾ ਚਾਹੁੰਦਾ ਹੈ ਜਿਥੇ ਅਸੀਂ ਉਸਤਾਦ ਲਾਲ ਚੰਦ ਯਮਲਾ ਜੱਟ ਦੀਆਂ ਨਿਸ਼ਾਨੀਆਂ ਸਾਂਭੀਆਂ ਜਾ ਸਕਣ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਉਨ੍ਹਾਂ ਪੰਜਾਬੀਆਂ ਨੂੰ ਪਰਿਵਾਰ ਦੀ ਮਦਦ ਕਰਨ ਦੀ ਅਪੀਲ ਕੀਤੀ। ਇਸ ਮੌਕੇ ਕਾਮੇਡੀ ਕਲਾਕਾਰ ਭਗਵੰਤ ਮਾਨ ਦੀ ਨਵੀਂ ਸੀ ਡੀ 'ਕੁਲਫੀ ਗਰਮਾ ਗਰਮ-2' ਜਸਦੇਵ ਯਮਲਾ ਨੇ ਰਿਲੀਜ਼ ਕੀਤੀ। ਇਹ ਸਮਾਗਮ ਬਿਜਨਸਮੈਨ ਤੇ ਕਬੱਡੀ ਪ੍ਰਮੋਟਰ ਨਾਜਰ ਸਿੰਘ ਸਹੋਤਾ ਅਤੇ ਫਾਰਮਰ ਇੰਸ਼ੋਰੈਂਸ ਵਾਲੇ ਹਾਕਮ ਸਿੰਘ ਢਿੱਲੋਂ ਵੱਲੋਂ ਆਪਣੇ ਯਾਰਾਂ-ਦੋਸਤਾਂ ਦੇ ਸਹਿਯੋਗ ਨਾਲ ਕੀਤਾ ਗਿਆ।



ਫਰੀਮਾਂਟ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਵਾਰਾਂ ਪੇਸ਼ ਕਰਦਿਆਂ

# ਭਾਈ ਸੁੱਖੇ-ਜਿੰਦੇ ਦਾ ਸ਼ਹੀਦੀ ਸਮਾਗਮ ਮਨਾਇਆ

**ਫਰੀਮਾਂਟ (ਬਿਊਰੋ):** ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦਾ ਸ਼ਹੀਦੀ ਪੁਰਬ ਇਥੇ ਗੁਰਦੁਆਰਾ ਫਰੀਮਾਂਟ ਵਿਚ ਸਤਿਕਾਰ ਸਹਿਤ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਕਥਾਕਾਰ ਭਾਈ ਮਹੇਸ਼ ਸਿੰਘ ਦਿੱਲੀ ਵਾਲਿਆਂ ਨੇ ਕਥਾ ਕਰਦਿਆਂ ਭਾਈ ਜਿੰਦਾ ਤੇ ਭਾਈ ਸੁੱਖਾ ਦੀ ਸ਼ਹਾਦਤ ਦਾ ਹਾਲ ਸੰਗਤਾਂ ਨੂੰ ਸੁਣਾਇਆ। ਭਾਈ ਜਸਪਾਲ ਸਿੰਘ ਸਾਰੰਗ ਜਲੰਧਰ ਦੇ ਕੀਰਤਨੀ ਜਥੇ ਨੇ ਇਲਾਹੀ ਬਾਣੀ ਦਾ ਨਿਰਧਾਰਤ ਰਾਗਾਂ ਵਿਚ ਕੀਰਤਨ ਕੀਤਾ।

ਦੀਵਾਨ ਨੂੰ ਸੰਬੋਧਨ ਕਰਦਿਆਂ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ, ਬਲਬੀਰ ਸਿੰਘ ਰਾਗੀ, ਯੁਨਾਈਟਡ ਸਿੱਖਸ ਦੇ ਕਸ਼ਮੀਰ ਸਿੰਘ ਸ਼ਾਹੀ ਤੇ ਓਬਾਮਾ ਕੇਅਰ-ਕਵਰਡ ਕੈਲੈਫੋਰਨੀਆ ਦੇ ਬੀਬੀ ਜਗਮੀਤ ਕੌਰ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।

ਬੁਲਾਰਿਆਂ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਸਾਡੀ ਸਾਰਿਆਂ ਦੀ ਉਂਗਲ ਕਿਸੇ ਦੂਜੇ ਵੱਲ ਉਠਣ ਦੀ ਬਜਾਏ ਆਪਣੇ ਵੱਲ ਉਠਣੀ ਚਾਹੀਦੀ ਹੈ ਅਤੇ ਸਾਨੂੰ ਨਿੱਕੇ ਨਿੱਕੇ ਮਸਲਿਆਂ ਤੋਂ ਉਪਰ ਉਠ ਕੇ ਮੀਰੀ-ਪੀਰੀ ਦੇ ਮਹਾਨ ਸਿਧਾਂਤ ਲਈ ਕਾਰਜ ਕਰਨੇ ਚਾਹੀਦੇ ਨੇ।

ਪੰਥਕ ਵਿਚਾਰਾਂ ਤੋਂ ਬਾਅਦ ਸਕੱਤਰ ਅਵਤਾਰ ਸਿੰਘ ਨੇ ਫਰੀਮਾਂਟ ਵਾਲੀਆਂ ਬੀਬੀਆਂ ਦੇ ਢਾਡੀ ਜਥੇ, ਜਿਸ ਵਿਚ ਭਾਈ ਸਰਬਜੀਤ ਸਿੰਘ ਸਾਜਨ, ਬੀਬੀ ਨਵਜੋਤ ਕੌਰ, ਸਰੰਗੀ ਮਾਸਟਰ ਸੇਵਾ ਸਿੰਘ ਬੈਨਾਪੁਰੀ ਤੇ ਬੀਬੀ ਜਸਵਿੰਦਰ ਕੌਰ ਖਾਲਸਾ ਸ਼ਾਮਲ ਹਨ, ਨੂੰ ਸੰਗਤਾਂ ਦੇ ਰੂਬਰੂ ਕੀਤਾ। ਢਾਡੀ ਜਥੇ ਨੇ ਭਾਈ ਜਿੰਦੇ-ਸੁੱਖੇ ਦੇ ਸੰਘਰਸ਼ਮਈ ਜੀਵਨ, ਉਚੇ ਕਿਰਦਾਰ ਅਤੇ ਹੱਸ ਹੱਸ ਕੇ ਫਾਂਸੀਆਂ 'ਤੇ ਚੜ੍ਹ ਜਾਣ ਦੇ ਇਤਿਹਾਸ ਨੂੰ ਜੋਸ਼ੀਲੀਆਂ ਵਾਰਾਂ ਰਾਹੀਂ ਸਰੋਤਿਆਂ ਨੂੰ ਭਾਵੁਕ ਕੀਤਾ।

ਇਹ ਸ਼ਹੀਦੀ ਸਮਾਗਮ ਸਿੱਖ ਯੂਥ ਆਫ ਅਮਰੀਕਾ ਨੇ ਪੰਥਕ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਨੇਪਰੇ ਚਾੜਿਆ ਜਿਸ ਵਿਚ ਗੁਰਦੇਵ ਸਿੰਘ ਪਰਿਵਾਰ ਨੇ ਅਹਿਮ ਸਹਿਯੋਗ ਦਿੱਤਾ।

# ਰਾਜਾ ਭਈਆ ਮੁੜ ਬਣੇ ਮੰਤਰੀ

**ਲਖਨਊ:** ਚਰਚਿਤ ਵਿਧਾਇਕ ਰਘੁਰਾਜ ਪ੍ਰਤਾਪ ਸਿੰਘ ਉਰਫ ਰਾਜਾ ਭਈਆ ਨੂੰ ਮੁੜ ਉਤਰ ਪ੍ਰਦੇਸ਼ ਵਜ਼ਾਰਤ ਵਿਚ ਸ਼ਾਮਲ ਕਰ ਲਿਆ ਗਿਆ। ਰਾਜਾ ਭਈਆ ਨੂੰ ਰਾਜਪਾਲ ਬੀ.ਐਲ. ਜੋਸ਼ੀ ਨੇ ਮੰਤਰੀ ਵਜੋਂ ਸਹੁੰ ਚੁਕਾਈ।

ਇਸ ਮੌਕੇ ਮੁੱਖ ਮੰਤਰੀ ਅਖਿਲੇਸ਼ ਯਾਦਵ, ਐਸ.ਪੀ. ਮੁਖੀ ਮੁਲਾਇਮ ਸਿੰਘ ਯਾਦਵ, ਸੀਨੀਅਰ ਮੰਤਰੀ ਮੁਹੰਮਦ ਆਜ਼ਮ ਖ਼ਾਨ ਹਾਜ਼ਰ ਸਨ। 44 ਸਾਲਾ ਰਾਜਾ ਭਈਆ ਨੂੰ ਡੀ.ਐਸ.ਪੀ. ਜ਼ਿਆ-ਉਲ-ਹੱਕ ਕਤਲ ਕੇਸ ਵਿਚ ਨਾਂ ਗੂੰਜਣ ਕਾਰਨ ਮੰਤਰੀ ਮੰਡਲ ਤੋਂ ਅਸਤੀਫਾ ਦੇਣਾ ਪਿਆ ਸੀ।


## Matrimonial

### ਕੰਨਿਆਂ ਦੀ ਲੋੜ

Looking match for Saini Sikh turbaned boy, computer engineer, 5'-8", completed higher study in Canada recently, belongs to Dist. Hoshiapur. California girl preferred. Contact: 510-557-6988 or raj@gfbontime.com

ਜੱਟ ਸਿੱਖ ਇੰਡੀਅਨਐਪੋਲਿਸ ਰਹਿੰਦੇ, ਉਮਰ 29, ਕੱਦ 5'-6", ਗਰੀਨ ਕਾਰਡ ਹੋਲਡਰ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: 317-364-2016, ਈ-ਮੇਲ: nkra123@yahoo.com

ਕੰਬੋਜ ਸਿੱਖ ਥਿੰਦ, ਕੱਦ 6 ਫੁੱਟ, ਗਰੀਨ ਕਾਰਡ ਹੋਲਡਰ, ਆਟੋ ਮਕੈਨਿਕ ਲੜਕੇ ਲਈ ਅਮਰੀਕਾ ਰਹਿੰਦੀ ਗਰੀਨ ਕਾਰਡ ਹੋਲਡਰ ਜਾਂ ਵਿਜ਼ੀਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-470-5520

Kamboj Sikh boy 28, 6', clean shaven, teetotaler, doing MBA from US Top 20 Business School, seeks educated, pretty girl preferably settled in US. No siblings. Parents getting US PR by start of 2014. Uncle and other family members settled in US for more than 20 years. Caste No Bar. Contact, Ph: 281-451-2173, e-mail: matri9285@gmail.com.

### ਵਰ ਦੀ ਲੋੜ

ਖੱਤਰੀ ਸਿੱਖ ਮਿਲਵਾਕੀ ਰਹਿੰਦੇ ਮਾਪਿਆਂ ਨੂੰ ਆਪਣੀ ਲੜਕੀ, ਉਮਰ 29 ਸਾਲ, ਕੱਦ 5'-6" ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ: 414-204-3480

punjabtimesusa.com




ਲਾਲ ਚੰਦ ਯਮਲਾ ਜੱਟ ਦੇ ਸਪੁੱਤਰ ਜਸਦੇਵ ਯਮਲਾ ਨਾਲ ਸਮਾਗਮ ਵਿਚ ਹਾਜ਼ਰ ਕੁਝ ਲੋਕ


ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੂਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ


# ਆਮਿਰ ਖਾਨ ਤੇ ਹਿਰਾਨੀ ਖਿਲਾਫ਼ ਮਾਮਲਾ ਦਰਜ

**ਦਿੱਲੀ:** ਚਾਂਦਨੀ ਚਾਕ ਇਲਾਕੇ ਵਿਚ ਇਕ ਫਿਲਮ ਦੀ ਸ਼ੂਟਿੰਗ ਦੌਰਾਨ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿਚ ਬਾਲੀਵੁੱਡ ਕਲਾਕਾਰ ਆਮਿਰ ਖਾਨ, ਫਿਲਮ ਦੇ ਨਿਰਦੇਸ਼ਕ ਤੇ ਹੋਰਾਂ ਕਲਾਕਾਰਾਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਅਨੁਸਾਰ ਸਥਾਨਕ ਲੋਕਾਂ ਦੀ ਸ਼ਿਕਾਇਤ 'ਤੇ ਅਦਾਕਾਰ ਆਮਿਰ ਖਾਨ ਤੇ ਨਿਰਦੇਸ਼ਕ ਰਾਜ ਕੁਮਾਰ ਹਿਰਾਨੀ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਫਿਲਮ ਦੀ ਸ਼ੂਟਿੰਗ ਦੌਰਾਨ ਭਗਵਾਨ ਸ਼ਿਵ ਦੇ ਪਹਿਰਾਵੇ ਵਿਚ ਇਕ ਕਲਾਕਾਰ ਰਿਕਸ਼ਾ ਚਲਾ ਰਿਹਾ ਸੀ ਤੇ ਰਿਕਸ਼ੇ ਦੀ ਸੀਟ 'ਤੇ ਦੋ ਔਰਤਾਂ ਬੁਰਕੇ ਪਾ ਕੇ ਬੈਠੀਆਂ ਸਨ।


MRP TRAVEL

Lowest International and Domestic Fares

ARC FLY ANY AIRLINE OF YOUR CHOICE IATA

Providing the lowest Air-fare, Cruise and Travel Packages to Asia, Africa, Europe, the Middle East and North America

408-929-8005

E-mail:mrptravel@gmail.com
2123 Port Way, San Jose, CA 95133

CST: 2097308-40

Passport & Visa services also available



Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

India Vacation tour package also available.



FARMERS INSURANCE GROUP Symbol of Superior Service

FARMERS

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella


*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

# ਨਸ਼ਿਆਂ ਦੀ ਨ੍ਹੇਰੀ

## 'ਆਪਣਿਆਂ' ਨੇ ਹੀ ਤੂੰਬ ਦਿੱਤਾ ਪੰਜਾਬ ਦਾ ਪਿੰਡਾ

***ਪੰਜਾਬ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀਕਾਂਤ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਕੀਤੇ ਖੁਲਾਸਿਆਂ ਨੇ ਪੁਲਿਸ ਤੇ ਸਿਆਸਤਦਾਨਾਂ ਦੀ ਸ਼ਹਿ ਨਾਲ ਕੀਤੇ ਜਾ ਰਹੇ ਨਸ਼ਿਆਂ ਦੇ ਕਾਰੋਬਾਰ ਦੀ ਪੋਲ ਖੋਲ੍ਹ ਦਿੱਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਸੱਤ ਸਾਲ ਪਹਿਲਾਂ ਆਪਣੀ ਰਿਪੋਰਟ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪ ਦਿੱਤੀ ਸੀ। ਇਸ ਰਿਪੋਰਟ ਵਿਚ ਨਸ਼ਿਆਂ ਦਾ ਕਾਰੋਬਾਰ ਚਲਾ ਰਹੇ ਸਿਆਸੀ ਆਗੂਆਂ ਅਤੇ ਸੁਰੱਖਿਆ ਮੁਲਾਜ਼ਮਾਂ ਦੀ ਸ਼ਨਾਖਤ ਕੀਤੀ ਗਈ ਸੀ ਪਰ ਅਜੇ ਤੱਕ ਇਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।***

ਹਿੰਦ-ਪਾਕਿ ਸਰਹੱਦ ਤੋਂ ਹੁੰਦੀ ਨਸ਼ਿਆਂ ਦੀ ਤਸਕਰੀ ਪੰਜਾਬ ਲਈ ਸਰਾਪ ਬਣ ਗਈ ਹੈ। ਤਕਰੀਬਨ ਦੋ ਦਹਾਕਿਆਂ ਤੋਂ ਵਾਹਗਾ ਸਰਹੱਦ ਰਾਹੀਂ ਹੈਰੋਇਨ ਦੇ ਸੈਂਕੜੇ ਪੈਕਟ ਰੋਜ਼ਾਨਾ ਪਾਰ ਹੋ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਭਾਵੇਂ ਸੁਰੱਖਿਆ ਬਲਾਂ ਵੱਲੋਂ ਵੱਡੀ ਮਾਤਰਾ ਵਿਚ ਹੈਰੋਇਨ ਦੀਆਂ ਖੇਪਾਂ ਫੜੀਆਂ ਗਈਆਂ ਹਨ ਪਰ ਮੌਤ ਦੇ ਇਸ ਸਾਮਾਨ ਦਾ ਇਹ ਸਿਰਫ ਦੋ ਕੁ ਫ਼ੀਸਦੀ ਹਿੱਸਾ ਹੀ ਬਣਦਾ ਹੈ।

ਪੰਜਾਬ ਇਸ ਵੇਲੇ ਅਫਗਾਨਿਸਤਾਨ ਤੋਂ ਚਲ ਕੇ ਦਿੱਲੀ-ਮੁੰਬਈ-ਦੁਬਈ ਰਸਤੇ ਯੂਰਪ ਤੇ ਅਮਰੀਕਨ ਦੇਸ਼ਾਂ ਨੂੰ ਹੈਰੋਇਨ ਪੁੱਜਦਾ ਕਰਨ ਦਾ ਮੁੱਖ ਕੇਂਦਰ ਬਣ ਗਿਆ ਹੈ। ਸੂਬਾ ਤੇ ਕੇਂਦਰ ਸਰਕਾਰਾਂ ਪੰਜਾਬ ਵਿਚ ਫੈਲੇ ਨਸ਼ੇ ਦੇ ਜਾਲ ਨੂੰ ਇਕ-ਦੂਜੇ 'ਤੇ ਥੋਪ ਰਹੀਆਂ ਹਨ ਪਰ ਦੋਵਾਂ ਵੱਲੋਂ ਹੀ ਤਸਕਰੀ ਦੇ ਕਾਰਨਾਂ ਅਤੇ ਨਸ਼ਾ ਸੇਵਨ ਬਾਰੇ ਅਜੇ ਤੱਕ ਕੋਈ ਵੀ ਸਾਰਥਕ ਖੋਜ ਤੇ ਹੱਲ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਤਕਰੀਬਨ 25 ਕਿਲੋ ਅਫੀਮ ਵਿਚੋਂ ਤਿਆਰ ਹੁੰਦੀ ਇਕ ਕਿਲੋ ਹੈਰੋਇਨ ਦੀ ਅਫਗਾਨਿਸਤਾਨ ਵਿਚ ਕੀਮਤ ਤਕਰੀਬਨ ਤਿੰਨ ਲੱਖ ਭਾਰਤੀ ਰੁਪਏ ਹੈ। ਪਾਕਿਸਤਾਨ ਵਿਚ ਆ ਕੇ ਭਾਵੇਂ ਇਹ ਕੀਮਤ ਤਾਂ ਉਹੀ ਰਹਿੰਦੀ ਹੈ ਪਰ ਇਸ ਵਿਚ ਪੰਜ ਗੁਣਾਂ ਹੋਰ ਵਸਤਾਂ ਦੀ ਮਿਲਾਵਟ ਕਰ ਕੇ ਪੈਸੇ ਪੰਜ ਗੁਣਾਂ ਕਰਦਿਆਂ ਭਾਰਤ ਭੇਜਣ ਦੀ ਤਿਆਰੀ ਕਰ ਲਈ ਜਾਂਦੀ ਹੈ। ਪਾਕਿਸਤਾਨੀ ਤਸਕਰਾਂ ਰਾਹੀਂ ਪਾਰ ਭੇਜੀ ਇਸ ਖੇਪ ਨੂੰ ਅੱਗੇ ਇਧਰਲੇ ਤਸਕਰ, ਪਾਂਡੀਆਂ ਰਾਹੀਂ ਪ੍ਰਾਪਤ ਕਰਦੇ ਹਨ ਜਿਨ੍ਹਾਂ ਨੂੰ ਸਭ ਤੋਂ ਵਧੇਰੇ ਜ਼ੋਖਮ ਵਾਲਾ ਕੰਮ ਕਰ ਕੇ ਪੰਜਾਹ ਹਜ਼ਾਰ ਤੋਂ ਲੱਖ ਰੁਪਏ ਪ੍ਰਤੀ ਕਿਲੋ ਮਿਲਦਾ ਹੈ। ਪਾਂਡੀਆਂ ਰਾਹੀਂ ਪ੍ਰਾਪਤ ਇਸ ਖੇਪ ਨੂੰ ਛੋਟੇ ਤਸਕਰ ਵਾਇਆ ਦਿੱਲੀ ਮੁੰਬਈ ਪੁੱਜਦਾ ਕਰਦੇ ਹਨ ਜਿਥੇ ਇਸ ਦੀ ਕੀਮਤ 13 ਤੋਂ 15 ਲੱਖ ਪ੍ਰਤੀ ਕਿਲੋ ਤੱਕ ਪਹੁੰਚ ਜਾਂਦੀ ਹੈ। ਅੱਗਿਉਂ ਵੱਡੇ ਮਗਰਮੱਛਾਂ ਦਾ ਕਾਰੋਬਾਰ ਸ਼ੁਰੂ ਹੁੰਦਾ ਹੈ ਜਿਹੜੇ ਇਸ ਨੂੰ ਕੌਮਾਂਤਰੀ ਮੰਡੀ ਵਿਚ ਲਿਜਾ ਕੇ ਚਾਰ ਤੋਂ ਪੰਜ ਕਰੋੜ ਪ੍ਰਤੀ ਕਿਲੋ ਤੱਕ ਭਾਅ ਪ੍ਰਾਪਤ ਕਰਦੇ ਹਨ। ਇਥੇ ਸਭ ਤੋਂ ਨਿਵੇਕਲੀ ਗੱਲ ਇਹ ਹੈ ਕਿ ਪਾਕਿਸਤਾਨ ਨਾਲ ਹੋਰ ਰਾਜਾਂ ਦੀਆਂ ਸਰਹੱਦਾਂ ਵੀ ਲਗਦੀਆਂ ਹਨ ਪਰ ਹੈਰੋਇਨ ਦਾ 90 ਫੀਸਦੀ ਕਾਰੋਬਾਰ ਪੰਜਾਬ ਨਾਲ ਲਗਦੀ ਸਰਹੱਦ ਤੋਂ ਹੀ ਕੀਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਦੋ ਢਾਈ ਦਹਾਕੇ ਪਹਿਲਾਂ ਪੰਜਾਬ ਵਿਚ ਫੈਲੇ ਖਾੜਕੂਵਾਦ ਨੂੰ ਉਤਸ਼ਾਹਤ ਕਰਦੇ ਪਾਕਿਸਤਾਨ ਦੇ ਹਥਿਆਰ ਤਸਕਰਾਂ 'ਤੇ ਲਗਾਮ ਲਈ ਭਾਰਤ ਵੱਲੋਂ ਸਰਹੱਦ 'ਤੇ ਕਰੀਬ 12 ਫੁੱਟ ਉੱਚੀ ਦੋਹਰੀ ਕਤਾਰ ਵਿਚ ਕੰਡਿਆਲੀ ਵਾੜ ਲਾ ਦਿੱਤੀ ਗਈ ਸੀ ਪਰ ਇਹ ਵਾੜ ਹੈਰੋਇਨ ਦੀ ਤਸਕਰੀ ਰੋਕਣ ਵਿਚ ਹੁਣ ਅਸਫਲ ਸਾਬਤ ਹੋਈ ਹੈ। ਇਹ ਤਾਰ ਭਾਵੇਂ ਸਵੈ-ਚਲਿਤ ਮੋਸ਼ਨ ਸੈਂਸਰਾਂ ਨਾਲ ਲੈਸ ਤੇ ਬਿਜਲੀ ਦੇ ਕਰੰਟ ਅਧੀਨ ਹੈ ਪਰ ਇਸ ਦੀ ਖੁੱਲ੍ਹੀ ਬਣਤਰ ਵਿਚੋਂ ਪਲਾਸਟਿਕ ਦੇ ਪਾਈਪਾਂ ਨੂੰ ਆਰ-ਪਾਰ ਕਰ ਕੇ ਗੋਲ ਆਕਾਰ ਵਿਚ ਪਾਕਿ ਦੇ ਤਸਕਰਾਂ ਵੱਲੋਂ ਹੈਰੋਇਨ ਦੇ ਪੈਕਟ ਇਧਰ ਸੁੱਟਣਾ ਸੌਖਾ ਹੈ। ਦੂਜਾ ਪੁਰਾਣੀ ਹੋਣ ਅਤੇ ਮੌਸਮ ਦੀ ਮਾਰ ਕਾਰਨ ਹੁਣ ਇਹ ਕੰਡਿਆਲੀ ਤਾਰ ਕਾਫੀ ਕਮਜ਼ੋਰ ਹੋ ਗਈ ਹੈ।

ਸਰਹੱਦੀ ਸੁਰੱਖਿਆ ਬਲਾਂ ਦੇ ਹੇਠਲੇ ਅਧਿਕਾਰੀਆਂ ਅਨੁਸਾਰ ਇਸ ਵੇਲੇ ਪੰਜਾਬ ਸਰਹੱਦ 'ਤੇ ਮੁਲਾਜ਼ਮਾਂ ਦੀ ਨਫਰੀ ਬੇਹੱਦ ਘੱਟ ਹੈ ਤੇ ਆਮ ਕਰਮਚਾਰੀ ਨੂੰ 18 ਤੋਂ 22 ਘੰਟੇ ਤੱਕ ਸਰਹੱਦੀ ਨਿਗਰਾਨੀ ਦੀ ਜ਼ਿੰਮੇਵਾਰੀ ਨਿਭਾਉਣੀ ਪੈਂਦੀ ਹੈ। ਅਜਿਹੀ ਸੂਰਤ ਵਿਚ ਉਨੀਂਦਰੇ ਦੀ ਮਾਰ ਹੇਠ ਜਵਾਨ ਕਿੰਨੀ ਨਿਗਰਾਨੀ ਕਰ ਸਕਦੇ ਹੋਣਗੇ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਸਮੱਸਿਆ ਤੋਂ ਛੁਟਕਾਰੇ ਲਈ 600 ਦੇ ਕਰੀਬ ਔਰਤ ਕਰਮਚਾਰੀਆਂ ਨੂੰ ਵੀ ਤਾਇਨਾਤ ਕੀਤਾ ਗਿਆ ਹੈ ਪਰ ਸਮੱਸਿਆ ਬਰਕਰਾਰ ਹੈ। ਕੰਡਿਆਲੀ ਤਾਰ ਅਸਲ ਸਰਹੱਦੀ ਰੇਖਾ ਤੋਂ ਤਕਰੀਬਨ 150 ਗਜ਼ ਅੰਦਰ ਲਾਈ ਗਈ ਹੈ ਤੇ ਸੁਰੱਖਿਆ ਬਲਾਂ ਦੀ ਸੁਸਤੀ ਦਾ ਲਾਭ ਲੈਂਦਿਆਂ ਤਸਕਰ ਪਾਕਿਸਤਾਨ ਸਰਹੱਦ ਤੋਂ ਰਿੜ੍ਹਦੇ ਹੋਏ ਤਾਰ ਨਜ਼ਦੀਕ ਪਹੁੰਚ ਕੇ ਖੇਪ ਪਾਰ ਸੁੱਟ ਦਿੰਦੇ ਹਨ। ਤਾਰ ਤੋਂ ਪਾਰਲੇ ਖੇਤਰ ਵਿਚ ਰਾਤ ਸਮੇਂ ਸੁਰੱਖਿਆ ਬਲਾਂ ਦੀ ਸਰਗਰਮੀ ਨਾਂਹ ਦੇ ਬਰਾਬਰ ਹੀ ਹੈ।

### ਮੋਬਾਈਲ ਫੋਨ ਦੀ ਕਰਾਮਾਤ

ਭਾਰਤ ਵੱਲੋਂ ਭਾਵੇਂ ਤਸਕਰਾਂ 'ਤੇ ਸ਼ਿਕੰਜਾ ਕੱਸਣ ਲਈ ਸਰਹੱਦੀ ਖੇਤਰ ਵਿਚ ਵਰਤੇ ਜਾਂਦੇ ਮੋਬਾਈਲ ਫੋਨਾਂ ਨੂੰ ਵਿਸ਼ੇਸ਼ ਰਿਕਾਰਡਿੰਗ ਪ੍ਰਕਿਰਿਆ ਅਧੀਨ ਰੱਖਿਆ ਜਾਂਦਾ ਹੈ ਪਰ ਤਸਕਰਾਂ ਵੱਲੋਂ ਇਸ ਤੋਂ ਦੋ ਕਦਮ ਅੱਗੇ ਜਾਂਦਿਆਂ ਭਾਰਤੀ ਖੇਤਰ ਵਿਚ ਪਾਕਿਸਤਾਨ ਨੈੱਟਵਰਕ ਦੇ ਮੋਬਾਈਲ ਸਿੰਮ ਵਰਤੇ ਜਾਂਦੇ ਹਨ ਜਿਨ੍ਹਾਂ 'ਤੇ ਰਿਕਾਰਡਿੰਗ ਲਾਉਣਾ ਇਧਰੋਂ ਸੰਭਵ ਨਹੀਂ। ਵਾਰਿਦ, ਜ਼ਾਗ, ਮੋਬਿਲ ਲਿੰਕ, ਪਾਕਿ ਕਾਮ ਨੈਟਵਰਕ ਦੇ ਸਿੰਮ ਭਾਰਤ ਖੇਤਰ ਵਿਚ ਅਸਾਨੀ ਨਾਲ ਚੱਲ ਜਾਂਦੇ ਹਨ। ਚਾਲੂ ਹਾਲਤ ਵਿਚ ਇਹ ਸਿੰਮ ਪਾਕਿਸਤਾਨੀ ਤਸਕਰਾਂ ਵੱਲੋਂ ਹੈਰੋਇਨ ਦੀ ਖੇਪ ਨਾਲ ਹੀ ਸੁੱਟ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਇਧਰੋਂ ਚੁੱਕਣ ਵਾਲਾ ਕੈਰੀਅਰ (ਪਾਂਡੀ) ਉਧਰੋਂ ਮਿਲੇ ਸੰਦੇਸ਼ ਲਈ ਵਰਤਦਾ ਹੈ।

### ਬੇਰੁਜ਼ਗਾਰੀ ਦੀ ਮਾਰ

ਭਾਰਤ ਵੱਲੋਂ ਹਮੇਸ਼ਾ ਪਾਕਿਸਤਾਨ ਉਤੇ ਹੀ ਨਸ਼ਾ ਤਸਕਰੀ ਦੇ ਦੋਸ਼ ਮੜ੍ਹੇ ਜਾਂਦੇ ਹਨ ਪਰ ਭਾਰਤੀ ਨੌਜਵਾਨ ਇਸ ਕਾਰੋਬਾਰ ਵਿਚ ਕਿਹੜੇ ਕਾਰਨਾਂ ਕਰ ਕੇ ਗਲਤਾਨ ਹਨ, ਇਸ ਮਾਮਲੇ ਨੂੰ ਕਦੀ ਨਹੀਂ ਘੋਖਿਆ ਗਿਆ। ਸਰਹੱਦੀ ਖੇਤਰ ਵਿਚ ਬੇਰੁਜ਼ਗਾਰੀ ਦੀ ਵੱਡੀ ਮਾਰ ਕਾਰਨ ਵੱਡੀ ਗਿਣਤੀ ਨੌਜਵਾਨ ਲਾਲਚਵੱਸ ਤਸਕਰੀ ਨਾਲ ਜੁੜ ਰਹੇ ਹਨ। ਤਾਰ ਤੋਂ ਪਾਰਲੀਆਂ ਜ਼ਮੀਨਾਂ ਤੋਂ ਘਟ ਰਹੀ ਕਮਾਈ ਤੋਂ ਔਖੇ ਬੈਠੇ ਇਹ ਨੌਜਵਾਨ ਖੁਦ ਆਪ ਵੀ ਨਸ਼ੇ ਦੀ ਮਾਰ ਹੇਠ ਆ ਗਏ ਹਨ ਤੇ ਹੇਠਲੇ ਪੱਧਰ ਦੇ ਤਸਕਰਾਂ ਦੇ ਜਾਲ ਵਿਚ ਫਸ ਕੇ ਪਾਂਡੀ ਦਾ ਕੰਮ ਕਰਨ ਲੱਗਦੇ ਹਨ। ਤਸਕਰਾਂ ਦੀ ਖਾਸੀਅਤ ਹੈ ਕਿ ਉਹ ਖੁਦ ਭਾਵੇਂ ਨਸ਼ੇ ਤੋਂ ਦੂਰ ਰਹਿਣ ਪਰ ਇਨ੍ਹਾਂ ਨੌਜਾਵਾਨਾਂ ਨੂੰ ਲਗਾਤਾਰ ਨਸ਼ੇ ਦੇ ਅਸਰ ਹੇਠ ਰੱਖਦੇ ਹਨ ਤਾਂ ਕਿ ਉਨ੍ਹਾਂ ਦਾ ਕੰਮ ਆਸਾਨ ਰਹੇ। ਇਕ ਜਾਣਕਾਰੀ ਅਨੁਸਾਰ ਪਾਕਿਸਤਾਨ ਤੋਂ ਆ ਰਹੀ ਹੈਰੋਇਨ ਵਿਚੋਂ ਤਕਰੀਬਨ 20 ਫ਼ੀਸਦੀ ਮਾਲ ਸਥਾਨਕ ਪੱਧਰ 'ਤੇ ਹੀ ਖਪਤ ਹੋ ਜਾਂਦਾ ਹੈ।

### ਪੁਲਿਸ ਤੇ ਸਿਆਸਤਦਾਨਾਂ ਦੀ ਸ਼ਹਿ

ਨਸ਼ਾ ਤਸਕਰੀ ਤੇ ਸੇਵਨ ਦੇ ਮਾਮਲੇ ਵਿਚ ਸਥਾਨਕ ਪੁਲਿਸ ਤੇ ਸਿਆਸਤਦਾਨਾਂ ਦੀ ਨਾਪਾਕ ਭੂਮਿਕਾ ਬਾਰੇ ਪੁਲਿਸ ਮੁਖੀ ਪੱਧਰ ਦੇ ਸਾਬਕਾ ਅਧਿਕਾਰੀ ਸ਼ਸ਼ੀ ਕਾਂਤ ਖੁਲਾਸਾ ਕਰ ਚੁੱਕੇ ਹਨ ਜਿਸ ਦੀ ਪ੍ਰੋੜਤਾ ਖੇਤਰ ਦੇ ਹਰ ਪਿੰਡ ਵਿਚ ਸ਼ਰੇਆਮ ਹੁੰਦੀ ਨਸ਼ਾ ਵਿਕਰੀ ਤੇ ਵੇਚਣ ਵਾਲਿਆਂ ਨੂੰ ਕਥਿਤ ਸਿਆਸਤਦਾਨਾਂ ਦੀ ਸ਼ਹਿ ਤੋਂ ਹੋ ਜਾਂਦੀ ਹੈ। ਤਕਰੀਬਨ ਚਾਰ ਮਹੀਨੇ ਪਹਿਲਾਂ ਸਰਕਾਰ ਦੇ ਨਿਰਦੇਸ਼ਾਂ 'ਤੇ ਨਸ਼ਾ ਤਸਕਰੀ ਵਿਚ ਪੁਲਿਸ ਵੱਲੋਂ ਦਿਖਾਵੇ ਲਈ ਕਾਬੂ ਕੀਤੇ ਸੈਂਕੜੇ ਵਿਅਕਤੀ ਕੁਝ ਦਿਨਾਂ ਬਾਅਦ ਵਿਸ਼ੇਸ਼ ਸੈਟਿੰਗ ਬਾਅਦ ਮੁੜ ਛੱਡ ਦਿੱਤੇ ਗਏ।

ਪਿਛਲੇ ਸਮੇਂ ਵਿਚ ਇਹ ਵੀ ਸਪਸ਼ਟ ਹੋ ਚੁੱਕਾ ਹੈ ਕਿ ਪੰਜਾਬ ਪੁਲਿਸ, ਕਸਟਮ ਤੇ ਸਰਹੱਦੀ ਸੁਰੱਖਿਆ ਬਲਾਂ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਦੀ ਨਸ਼ਾ ਤਸਕਰੀ ਨਾਲ ਸਿੱਧੀ ਸਾਂਝ ਵੀ ਹੈ। ਪੰਜਾਬ ਪੁਲਿਸ ਦੇ ਸਾਬਕਾ ਅਧਿਕਾਰੀ ਸਾਜ਼ੀ ਮੋਹਨ, ਕਸਟਮ ਦੇ ਸੁਪਰਡੈਂਟ ਗੁਰਦੇਵ ਸਿੰਘ ਤੇ ਹੁਣੇ-ਹੁਣੇ ਤਰਨ ਤਾਰਨ ਪੁਲਿਸ ਵੱਲੋਂ ਕਾਬੂ ਬੀ.ਐਸ.ਐਫ. ਦੇ ਜਵਾਨ ਇਸ ਦੀਆਂ ਸਪਸ਼ਟ ਮਿਸਾਲਾਂ ਹਨ।

### ਸਾਲਾਨਾ 60 ਕਰੋੜ ਦਾ ਵਪਾਰ

ਪੰਜਾਬ ਦੀਆਂ ਜੇਲ੍ਹਾਂ ਵਿਚ ਕਰੋੜਾਂ ਰੁਪਏ ਦੇ ਨਸ਼ਿਆਂ ਦੀ ਵਰਤੋਂ ਹੋ ਰਹੀ ਹੈ ਤੇ ਪੰਜਾਬ ਵਿਚ ਸਾਲਾਨਾ ਨਸ਼ਿਆਂ ਦਾ 60 ਹਜ਼ਾਰ ਕਰੋੜ ਰੁਪਏ ਦਾ ਵਪਾਰ ਹੋ ਰਿਹਾ ਹੈ। ਕੌਮਾਂਤਰੀ ਅੰਕੜਿਆਂ ਅਨੁਸਾਰ ਨਸ਼ਿਆਂ ਦੀ ਕੁੱਲ ਖਪਤ ਦੀ ਮਹਿਜ਼ 5-10 ਫੀਸਦੀ ਹੀ ਬਰਾਮਦਗੀ ਹੁੰਦੀ ਹੈ ਤੇ ਪੰਜਾਬ ਵਿਚ ਮਹਿਜ਼ ਪੰਜ ਫੀਸਦੀ ਹੀ ਬਰਾਮਦਗੀ ਹੋ ਰਹੀ ਹੈ। ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ 1999 ਤੋਂ ਲੈ ਕੇ 2009 ਤੱਕ 11 ਸਾਲਾਂ ਦੌਰਾਨ ਪੰਜਾਬ ਵਿਚੋਂ 784 ਕਿਲੋ ਹੈਰੋਇਨ, 278 ਕਿਲੋ ਸਮੈਕ, 890 ਕਿਲੋ ਚਰਸ ਅਤੇ 5660 ਕਿਲੋ ਅਫੀਮ ਬਰਾਮਦ ਹੋਈ ਹੈ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬ ਵਿਚ ਨਸ਼ਿਆਂ ਦੀ ਸਮਗਲਿੰਗ ਕਿੰਨੇ ਵੱਡੇ ਪੱਧਰ 'ਤੇ ਹੋ ਰਹੀ ਹੈ।

### ਖਾੜਕੂਵਾਦ ਦੌਰਾਨ ਪਈ ਸੀ ਠੱਲ੍ਹ

1981 ਤੋਂ 1993 ਤੱਕ ਦੇ ਪੰਜਾਬ ਦੇ ਮਾੜੇ ਦੌਰ ਦੌਰਾਨ ਰਾਜ ਵਿਚ ਨਸ਼ਿਆਂ ਦੀ ਵਰਤੋਂ ਨਾਂ-ਮਾਤਰ ਸੀ। ਇਥੋਂ ਤੱਕ ਕਿ ਸ਼ਰਾਬ ਦੀ ਵਰਤੋਂ ਵਿਚ ਵੀ ਭਾਰੀ ਗਿਰਾਵਟ ਆਈ ਸੀ। ਫਿਰ ਸਾਲ 1994 ਤੋਂ ਕੁਝ ਸਿਆਸੀ ਆਗੂਆਂ ਤੇ ਸੁਰੱਖਿਆ ਏਜੰਸੀਆਂ (ਪੰਜਾਬ ਪੁਲਿਸ, ਬੀ.ਐਸ.ਐਫ., ਕਸਟਮ) ਦੇ ਕੁਝ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਹੈਰੋਇਨ, ਸਮੈਕ ਤੇ ਚਰਸ ਨਸ਼ਿਆਂ ਦਾ ਵਪਾਰ ਸ਼ੁਰੂ ਹੋਇਆ। ਪਹਿਲੇ ਦੌਰ ਵਿਚ ਪੰਜਾਬ ਦਾ ਡਰੱਗ ਮਾਫੀਆ ਨਸ਼ਿਆਂ ਨੂੰ ਮੁੱਖ ਤੌਰ 'ਤੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਸਪਲਾਈ ਕਰਦਾ ਸੀ ਪਰ ਉਦੋਂ ਇੰਟਰਨੈਟ ਦੇ ਸਾਧਨ ਨਾ ਹੋਣ ਕਾਰਨ ਅਦਾਇਗੀਆਂ ਬੜੀਆਂ ਪਛੜ ਕੇ ਮਿਲਦੀਆਂ ਸਨ ਤੇ ਡਰੱਗ ਮਾਫੀਏ ਨੂੰ ਵਿੱਤੀ ਤੋਟ ਦਾ ਸਾਹਮਣਾ ਕਰਨਾ ਪੈਂਦਾ ਸੀ। ਫਿਰ ਇਥੋਂ ਦੇ ਡਰੱਗ ਮਾਫੀਏ ਨੇ ਇਸ ਤੋਟ ਨੂੰ ਖਤਮ ਕਰਨ ਲਈ ਪੰਜਾਬ ਵਿਚ ਪਰਚੂਨ ਵਿਚ ਨਸ਼ਾ ਵੇਚਣ ਦਾ ਨੈਟਵਰਕ ਕਾਇਮ ਕੀਤਾ ਤਾਂ ਜੋ ਹੱਥੋ-ਹੱਥੀ ਵੇਚ-ਵਟਕ ਜੇਬ ਵਿਚ ਪੈ ਸਕੇ। ਹੌਲੀ-ਹੌਲੀ ਇਸ ਪ੍ਰਕਿਰਿਆ ਨੇ ਸਮੁੱਚੇ ਪੰਜਾਬ ਨੂੰ ਨਸ਼ਿਆਂ ਦੀ ਗ੍ਰਿਫਤ ਵਿਚ ਲੈ ਲਿਆ ਅਤੇ ਪੰਜਾਬ ਵਿਚ ਰਵਾਇਤੀ ਨਸ਼ੇ ਅਫੀਮ ਦੀ ਥਾਂ ਹੁਣ ਹੈਰੋਇਨ, ਸਮੈਕ ਤੇ ਕੋਕੀਨ ਸਮੇਤ ਨਸ਼ੀਲੀਆਂ ਦਵਾਈਆਂ ਵੱਡੇ ਪੱਧਰ 'ਤੇ ਖਪਤ ਹੋ ਰਹੀਆਂ ਹਨ। ਸਕੂਲੀ ਬੱਚਿਆਂ ਤੇ ਨੌਜਵਾਨਾਂ ਤੋਂ ਲੈ ਕੇ ਹਰ ਵਰਗ ਨਸ਼ਿਆਂ ਵਿਚ ਧਸ ਰਿਹਾ ਹੈ।



## ਆਰ-ਪਾਰ ਦੀ ਲੜਾਈ

ਪੰਜਾਬ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀਕਾਂਤ ਨੇ ਖੁਲਾਸਾ ਕੀਤਾ ਹੈ ਕਿ ਪੰਜਾਬ ਵਿਚ ਡਰੱਗ ਮਾਫੀਆ ਨੂੰ ਸਰਕਾਰੀ ਅਤੇ ਸਿਆਸੀ ਅਹੁਦਿਆਂ ਉਪਰ ਬੈਠੇ ਕੁਝ ਵਿਅਕਤੀਆਂ ਦੀ ਪੂਰੀ ਸ਼ਹਿ ਹੈ ਤੇ ਹੁਣ ਜਾਂ ਤਾਂ ਪੰਜਾਬ ਵਿਚੋਂ ਨਸ਼ੇ ਖਤਮ ਹੋਣਗੇ, ਤੇ ਜਾਂ ਫਿਰ ਉਸ (ਸ਼ਸ਼ੀਕਾਂਤ) ਨੂੰ ਗੋਲੀ ਵੱਜੇਗੀ। ਉਨ੍ਹਾਂ ਦੱਸਿਆ ਹੈ ਕਿ ਸੱਤ ਸਾਲ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤੀ ਰਿਪੋਰਟ ਵਿਚ ਡਰੱਗ ਮਾਫੀਆ ਨੂੰ ਸ਼ਹਿ ਦੇ ਰਹੇ ਸਰਕਾਰੀ ਉੱਚ ਸਿਆਸੀ ਅਹੁਦਿਆਂ ਉਪਰ ਬਿਰਾਜਮਾਨ ਆਗੂਆਂ ਦੇ ਨਾਂ ਦੱਸੇ ਗਏ ਸਨ ਤੇ ਬਾਅਦ ਵਿਚ ਸ. ਬਾਦਲ ਨੇ ਇਸ ਮੁੱਦੇ ਉਪਰ ਉਨ੍ਹਾਂ ਨੂੰ ਚਰਚਾ ਕਰਨ ਲਈ ਵੀ ਸੱਦਿਆ ਸੀ। ਜ਼ਿਕਰਯੋਗ ਹੈ ਕਿ ਨਸ਼ਿਆਂ ਦੇ ਮੁੱਦੇ ਉਪਰ ਪੰਜਾਬ-ਹਰਿਆਣਾ ਹਾਈ ਕੋਰਟ ਵਿਚ ਪਈ ਜਨਹਿੱਤ ਰਿੱਟ ਤਹਿਤ ਸ਼ਸ਼ੀਕਾਂਤ ਆਪਣੀ



ਰਿਪੋਰਟ ਪਿਛਲੇ ਮਹੀਨੇ ਹਾਈ ਕੋਰਟ ਵਿਚ ਪੇਸ਼ ਕਰ ਚੁੱਕੇ ਹਨ ਤੇ ਇਸ ਦੀ ਅਗਲੀ ਸੁਣਵਾਈ 23 ਅਕਤੂਬਰ ਨੂੰ ਹੋ ਰਹੀ ਹੈ।

ਇਸ ਸਾਬਕਾ ਆਈ.ਪੀ.ਐਸ. ਅਧਿਕਾਰੀ ਨੇ ਦਾਅਵਾ ਕੀਤਾ ਕਿ ਜਦੋਂ ਉਹ ਇਸ ਮੁੱਦੇ ਉਪਰ ਚਰਚਾ ਕਰਨ ਗਏ ਸਨ ਤਾਂ ਮੁੱਖ ਮੰਤਰੀ ਨੇ ਉਨ੍ਹਾਂ ਦੀ ਮੌਜੂਦਗੀ ਦੌਰਾਨ ਰਿਪੋਰਟ ਵਿਚ ਸ਼ਾਮਲ ਅਜਿਹੇ ਇਕ-ਦੋ ਲੀਡਰਾਂ ਨਾਲ ਇਸ ਬਾਰੇ ਫੋਨ 'ਤੇ ਵੀ ਗੱਲਬਾਤ ਕੀਤੀ ਸੀ। ਇਸ ਰਿਪੋਰਟ ਵਿਚ ਕੁਝ ਉੱਚ ਆਗੂਆਂ ਸਮੇਤ ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਪੰਜ-ਛੇ ਮੌਜੂਦਾ ਅਤੇ ਸਾਬਕਾ ਵਿਧਾਇਕਾਂ ਦੇ ਨਾਂ ਵੀ ਸਨ। ਇਸ ਤੋਂ ਇਲਾਵਾ ਡਰੱਗ ਮਾਫੀਏ ਨਾਲ ਜੁੜੇ ਪੰਜਾਬ ਪੁਲਿਸ ਦੇ ਕੁਝ ਅਧਿਕਾਰੀਆਂ ਤੇ ਮੁਲਾਜ਼ਮਾਂ ਦੇ ਨਾਂ ਵੀ ਇਸ ਸੂਚੀ ਵਿਚ ਸ਼ਾਮਲ ਸਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਹੁਣ ਕਿਸੇ ਤਰ੍ਹਾਂ ਦਾ ਖੁਲਾਸਾ ਕਰਨ ਵਿਚ ਕੋਈ ਖ਼ੌਫ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਸਪਸ਼ਟ ਕੀਤਾ ਹੈ ਕਿ ਨਾ ਤਾਂ ਉਹ ਸਿਆਸਤ ਵਿਚ ਜਾਣਗੇ ਅਤੇ ਨਾ ਹੀ ਕੋਈ ਚੋਣ ਲੜਨਗੇ। ਉਨ੍ਹਾਂ ਦਾ ਟੀਚਾ ਪੰਜਾਬ ਦੇ ਲੋਕਾਂ ਦੇ ਆਧਾਰਤ ਪ੍ਰੈਸ਼ਰ ਗਰੁੱਪ ਬਣਾ ਕੇ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ ਤੇ ਇਸ ਲਈ ਉਹ ਕੋਈ ਵੀ ਕੀਮਤ ਅਦਾ ਕਰਨ ਲਈ ਤਿਆਰ ਹਨ। ਉਨ੍ਹਾਂ ਨਸ਼ਾ ਵਿਰੋਧੀ ਮੰਚ ਬਣਾ ਕੇ ਪੰਜਾਬ ਵਿਚ ਵੱਖ-ਵੱਖ ਵਰਗਾਂ ਨੂੰ ਨਾਲ ਲੈ ਕੇ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਹੈ ਤੇ ਸਾਲ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਨਸ਼ਿਆਂ ਨੂੰ ਚੋਣਾਂ ਦਾ ਮੁੱਦਾ ਬਣਾਇਆ ਜਾਵੇਗਾ। ਫਿਰ ਸਾਲ 2017 ਨੂੰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਨਸ਼ਿਆਂ ਦੇ ਕਹਿਰ ਨੂੰ ਸਮੂਹ ਸਿਆਸੀ ਪਾਰਟੀਆਂ ਨੂੰ ਮੁੱਖ ਮੁੱਦਾ ਬਣਾਉਣ ਲਈ ਮਜਬੂਰ ਕਰ ਦਿੱਤਾ ਜਾਵੇਗਾ। ਉਨ੍ਹਾਂ ਵੱਲੋਂ ਇਸ ਲਈ ਹਰ ਪਿੰਡ ਅਤੇ ਸ਼ਹਿਰ ਵਿਚ ਪੰਜ-ਪੰਜ ਮੈਂਬਰਾਂ 'ਤੇ ਆਧਾਰਤ ਚੇਤਨਾ ਗਰੁੱਪ ਬਣਾਏ ਜਾ ਰਹੇ ਹਨ। ਉਨ੍ਹਾਂ ਦੀ ਇਸ ਚੇਤਨਾ ਲਹਿਰ ਨਾਲ ਕਈ ਵਰਗ ਜੁੜ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਪੰਜਾਬ ਵਿਚੋਂ ਨਸ਼ੇ ਤੁਰੰਤ ਖਤਮ ਨਾ ਕੀਤੇ ਗਏ ਤਾਂ ਇਸ ਦੀ ਹੋਂਦ ਖਤਰੇ ਵਿਚ ਪੈ ਸਕਦੀ ਹੈ।

# 52.50 ਲੱਖ ਪੌਂਡ ਵਿਚ ਵਿਕੀ ਘੋੜੀ

**ਲੰਡਨ:** ਇਥੇ ਹੋਈ ਨਿਲਾਮੀ ਦੌਰਾਨ ਦੌੜ ਲਾਉਣ ਵਾਲੇ ਘੋੜਿਆਂ ਦੀ ਇਕ ਨਸਲ ਦੀ ਇਕ ਸਾਲ ਦੀ ਘੋੜੀ 52.50 ਲੱਖ ਪੌਂਡ ਵਿਚ ਵਿਕੀ। ਇਹ ਹੁਣ ਤਕ ਵਿਕੀ ਸਭ ਤੋਂ ਮਹਿੰਗੀ ਵਛੇਰੀ ਹੈ। ਇਹ ਵਛੇਰੀ ਰੇਸ ਕੋਰਸ ਵਿਚ ਛਾਏ ਰਹੇ ਆਇਰਿਸ਼ ਘੋੜੇ ਗੋਲੀਲਿਓ ਦੀ ਸੰਤਾਨ ਹੈ। ਉਸ ਨੂੰ ਕਤਰ ਦੇ ਸ਼ੇਖ ਜੋਆਨ ਅਲ ਥਾਨੀ ਦੀ ਅਲ ਸ਼ਕਬ ਰੇਸਿੰਗ ਵੱਲੋਂ ਬਲੱਡ ਸਟਾਕ ਏਜੰਟ ਮੰਡੋਰ ਇੰਟਰਨੈਸ਼ਨਲ ਨੇ ਖਰੀਦਿਆ ਹੈ।

ਮੰਡੋਰ ਦੇ ਨਿਕੋਲਸ ਡੀ ਵਾਟਰੀਗੈਂਟ ਨੇ ਦੱਸਿਆ ਕਿ ਇਹ ਵਛੇਰੀ ਬਹੁਤ ਹੀ ਉਮਦਾ ਨਸਲ ਦੀ ਹੈ ਤੇ ਉਨ੍ਹਾਂ ਬੀਤੇ ਵਰ੍ਹੇ ਇਸੇ ਦੀ ਭੈਣ ਵੀ ਖਰੀਦੀ ਸੀ। ਇਹ ਉਨ੍ਹਾਂ ਨੂੰ ਵਿਸ਼ੇਸ਼ ਜਾਪੀ ਇਸ ਲਈ ਉਹ ਇਹ ਮੌਕਾ ਛੱਡਣਾ ਨਹੀਂ ਸੀ ਚਾਹੁੰਦੇ।

# ਇਕ ਅੱਖ ਨਾਲ ਮਾਣੇ ਜਾ ਸਕਦੇ ਨੇ 3ਡੀ ਅਕਸ

**ਲੰਡਨ (ਬਿਊਰੋ):** ਭਾਰਤੀ ਮੂਲ ਦੇ ਇਕ ਵਿਗਿਆਨੀ ਸਮੇਤ ਵਿਗਿਆਨੀਆਂ ਦੀ ਇਕ ਟੀਮ ਨੇ ਪਹਿਲੀ ਵਾਰ ਸਿੱਧ ਕੀਤਾ ਹੈ ਕਿ ਤਿੰਨ ਦਿਸ਼ਾਵੀ (3ਡੀ) ਤਸਵੀਰਾਂ ਦੇਖਣ ਲਈ ਲੋਕਾਂ ਨੂੰ ਦੋਵੇਂ ਅੱਖਾਂ ਵਰਤਣ ਦੀ ਲੋੜ ਨਹੀਂ ਹੁੰਦੀ।

ਸੇਂਟ ਐਂਡ ਰਿਊਜ਼ ਯੂਨੀਵਰਸਿਟੀ ਦੇ ਖੋਜੀਆਂ ਦੀ ਟੀਮ ਨੇ ਦੇਖਿਆ ਕਿ ਆਮ ਧਾਰਨਾ ਦੇ ਉਲਟ 3ਡੀ ਅਕਸ ਕੇਵਲ ਇਕੋ ਅੱਖ ਨਾਲ ਦੇਖੇ ਜਾ ਸਕਦੇ ਹਨ। ਯੂਨੀਵਰਸਿਟੀ ਵਿਚ ਮਨੋਵਿਗਿਆਨੀ ਡਾ. ਧਨਰਾਜ ਵਿਸ਼ਵਨਾਥ ਦਾ ਕਹਿਣਾ ਹੈ ਕਿ ਇਕ ਛੋਟੇ ਸੁਰਾਖ ਰਾਹੀਂ ਵੱਖ-ਵੱਖ ਤਰ੍ਹਾਂ ਦੇ 3ਡੀ ਅਕਸ ਦੇਖੇ ਜਾ ਸਕਦੇ ਹਨ। ਇਸ ਖੋਜ ਦਾ ਉਨ੍ਹਾਂ ਲੋਕਾਂ ਲਈ ਬਹੁਤ ਮਹੱਤਵ ਹੈ ਜਿਨ੍ਹਾਂ ਦੀ ਇਕੋ ਅੱਖ ਕੰਮ ਕਰਦੀ ਹੈ ਜਾਂ ਜਿਨ੍ਹਾਂ ਨੂੰ ਦੋ ਅੱਖਾਂ ਨਾਲ ਦੇਖਣ ਵਿਚ ਦਿੱਕਤ ਹੁੰਦੀ ਹੈ। ਇਹ ਅਧਿਐਨ 3ਡੀ ਤਕਨਾਲੋਜੀ ਲਈ ਵੀ ਅਹਿਮ ਹੈ ਕਿਉਂਕਿ ਇਸ ਤੋਂ ਇਹ ਵੀ ਪ੍ਰਤੱਖ ਹੁੰਦਾ ਹੈ ਕਿ 3ਡੀ ਦਾ ਨਜ਼ਾਰਾ ਲੈਣ ਦੇ ਸਸਤੇ ਢੰਗ-ਤਰੀਕੇ ਵੀ ਹਨ। ਇਸ ਸਮੇਂ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਦੋ ਦ੍ਰਿਸ਼ (ਹਰੇਕ ਅੱਖ ਨਾਲ ਇਕ ਇਕ) ਦਿਮਾਗ 'ਚ ਜਾ ਕੇ 3ਡੀ ਦਾ ਵਿਸ਼ੇਸ਼ ਪ੍ਰਭਾਵ ਸਿਰਜਦੇ ਹਨ ਪਰ ਅਧਿਐਨ ਅਨੁਸਾਰ ਇਸ ਲਈ ਦੋਵੇਂ ਅੱਖਾਂ ਵਰਤਣ ਦੀ ਜ਼ਰੂਰਤ ਨਹੀਂ ਹੈ।

# ਸੁਪਰੀਮ ਕੋਰਟ ਕੋਲ ਸਰੀਰਕ ਸ਼ੋਸ਼ਣ ਦੇ 300 ਕੇਸ ਬਕਾਇਆ

**ਨਵੀਂ ਦਿਲੀ:** ਸੂਚਨਾ ਦੇ ਅਧਿਕਾਰ ਐਕਟ ਤਹਿਤ ਮਿਲੀ ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਵਿਚ ਸਰੀਰਕ ਸ਼ੋਸ਼ਣ ਤੇ ਔਰਤਾਂ ਵਿਰੁੱਧ ਅਪਰਾਧ ਦੇ 300 ਤੋਂ ਵੱਧ ਕੇਸ ਬਕਾਇਆ ਪਏ ਹਨ। ਮਿਲੇ ਵੇਰਵਿਆਂ ਅਨੁਸਾਰ ਸਰੀਰਕ ਸ਼ੋਸ਼ਣ ਦੇ 325 ਕੇਸ ਬਕਾਇਆ ਹਨ ਜਿਨ੍ਹਾਂ ਵਿਚੋਂ 150 ਕੇਸ ਨਿਯਮਤ ਹਨ। ਅਦਾਲਤ ਵਿਚ ਪਹਿਲਾਂ ਹੀ ਸਰੀਰਕ ਸ਼ੋਸ਼ਣ, ਅਗ਼ਵਾ ਤੇ ਉਧਾਲੇ ਦੇ 403 ਕੇਸ ਬਕਾਇਆ ਹਨ।

# 'ਗੈਟ ਪੰਜਾਬੀ' ਟੀ ਵੀ ਚੈਨਲ ਦੇ ਸਟੂਡੀਓ ਦਾ ਉਦਘਾਟਨ

**ਸੈਕਰਾਮੈਂਟੋ (ਬਿਊਰੋ):** ਇਥੇ 'ਗੈਟ ਪੰਜਾਬੀ' ਟੀ ਵੀ ਚੈਨਲ ਦੇ ਕੈਲੀਫੋਰਨੀਆ ਦਫਤਰ ਅਤੇ ਸਟੂਡੀਓ ਦੇ ਉਦਘਾਟਨੀ ਸਮਾਗਮ ਵਿਚ ਉਤਰੀ ਕੈਲੀਫੋਰਨੀਆ ਦੀਆਂ ਵਖ ਵਖ ਧਾਰਮਕ, ਸਮਾਜਕ, ਸਭਿਆਚਾਰਕ ਅਤੇ ਖੇਡ ਜਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਪੰਜਾਬੀ ਭਾਈਚਾਰੇ ਦੀਆਂ ਉਘੀਆਂ ਸ਼ਖਸੀਅਤਾਂ ਸ਼ਾਮਲ ਹੋਈਆਂ। ਜ਼ਿਕਰਯੋਗ ਹੈ ਕਿ ਇਹ ਚੈਨਲ ਪੰਜਾਬ ਅਤੇ ਉਤਰੀ ਅਮਰੀਕਾ ਵਿਚ ਡਿਸ਼ ਉਪਰ ਚਲਦਾ ਹੈ।

'ਗੈਟ ਪੰਜਾਬੀ' ਦੇ ਕੈਲੀਫੋਰਨੀਆ ਬਿਊਰੋ ਚੀਫ਼ ਬਲਵੰਤ ਸਿੰਘ ਮੱਲ੍ਹਾ ਵਲੋਂ ਕਰਵਾਏ ਗਏ ਇਸ ਸਮਾਗਮ ਵਿਚ 'ਗੈਟ ਪੰਜਾਬੀ' ਦੇ ਬੰਬਈ ਤੋਂ ਡਾਇਰੈਕਟਰ ਮਨੀਸ਼, ਨਿਊ ਯਾਰਕ ਤੋਂ ਇੰਚਾਰਜ ਤੇ ਡਾਇਰੈਕਟਰ ਮਨਿੰਦਰ ਸਿੰਘ ਅਤੇ ਵਾਈਸ ਪ੍ਰੈਜੀਡੈਂਟ ਅਜੀਤ ਸਿੰਘ ਸੋਹੀ ਖਾਸ ਤੌਰ 'ਤੇ ਪਹੁੰਚੇ। ਤਿੰਨਾਂ ਅਹੁਦੇਦਾਰਾਂ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਚੈਨਲ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਵਾਅਦਾ ਕੀਤਾ ਕਿ ਦਰਸ਼ਕਾਂ ਦੀ ਆਸ ਅਨੁਸਾਰ ਇਸ ਚੈਨਲ ਦੇ ਪ੍ਰੋਗਰਾਮਾਂ ਨੂੰ ਬਿਹਤਰ ਬਣਾਉਣ ਲਈ ਉਹ ਸਿਰਤੋੜ ਯਤਨ ਕਰਨਗੇ। ਵਖ ਵਖ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਅਤੇ ਸਥਾਨਕ ਸੰਸਥਾਵਾਂ-ਪੰਜਾਬੀ ਕਲਚਰਲ ਸੁਸਾਇਟੀ, ਬਾਬਾ ਦੀਪ ਸਿੰਘ ਸਪੋਰਟਸ ਕਲੱਬ, ਕਿੰਗਜ਼ ਸਪੋਰਟਸ



ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵਖ ਵਖ ਸੁਝਾਅ ਦਿੰਦਿਆਂ ਸਮਰਥਨ ਦੇਣ ਦਾ ਭਰੋਸਾ ਦਿੱਤਾ।

ਸਮਾਗਮ ਵਿਚ ਹਿੱਸਾ ਲੈਣ ਲਈ ਪਹੁੰਚੀਆਂ ਜਥੇਬੰਦੀਆਂ ਵਿਚ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਫੇਅਰਫੀਲਡ, ਗੁਰਦੁਆਰਾ ਸਟਾਕਟਨ ਅਤੇ ਗੁਰਦੁਆਰਾ ਟਾਇਰਾ ਬਿਊਨਾ-ਯੂਬਾ ਸਿਟੀ ਦੀਆਂ ਕਲੱਬ ਤੋਂ ਬਿਨਾ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਗੀਤ-ਸੰਗੀਤ ਦੇ ਦੌਰ ਵਿਚ ਜੀਤਾ ਗਿੱਲ, ਆਕਾਸ਼ਦੀਪ, ਸਤਿੰਦਰ ਸੱਤੀ, ਜੀਵਨ ਰੱਤੂ ਤੇ ਗੋਗੀ ਸੰਧੂ ਨੇ ਖੂਬ ਰੰਗ ਬੰਨ੍ਹਿਆਂ। ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਕੀਤਾ।

# ਯੂਬਾ ਸਿਟੀ ਵਿਚ ਧਾਰਮਿਕ ਕਵੀ ਦਰਬਾਰ 19 ਨੂੰ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਇਕ ਧਾਰਮਕ ਕਵੀ ਦਰਬਾਰ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪੰਜਾਬ ਸਹਿਤ ਸਭਾ ਕੈਲੀਫੋਰਨੀਆ ਵਲੋਂ ਆਉਂਦੀ 19 ਅਕਤੂਬਰ ਸਨਿਚਰਵਾਰ ਨੂੰ ਸ਼ਾਮ 7 ਵਜੇ ਤੋਂ 9 ਵਜੇ ਤਕ ਗੁਰੂਘਰ ਦੇ ਦਰਬਾਰ ਹਾਲ ਵਿਚ ਕਰਵਾਇਆ ਜਾਵੇਗਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਆਪਣੇ ਬੱਚਿਆਂ ਸਮੇਤ ਗੁਰੂਘਰ ਪਹੁੰਚ ਕੇ ਇਸ ਕਵੀ ਦਰਬਾਰ ਦਾ ਲਾਭ ਉਠਾਉਣ ਦੀ ਬੇਨਤੀ ਕੀਤੀ ਹੈ।

# ਬਾਬਾ ਰਾਮਦੇਵ 'ਤੇ ਸੁੱਟੀਆਂ ਚੂੜੀਆਂ

**ਰਾਏਪੁਰ:** ਯੋਗ ਗੁਰੂ ਬਾਬਾ ਰਾਮਦੇਵ ਨੂੰ ਰਾਏਪੁਰ ਵਿਚ ਕਾਂਗਰਸ ਦੀਆਂ ਮਹਿਲਾਂ ਵਰਕਰਾਂ ਨੇ ਸਵਾਮੀ ਵਿਵੇਕਾ ਨੰਦ ਹਵਾਈ ਅੱਡੇ 'ਤੇ ਘੇਰ ਲਿਆ। ਉਨ੍ਹਾਂ ਨੇ ਉਨ੍ਹਾਂ ਨੂੰ ਸਲਵਾਰ ਤੇ ਚੂੜੀਆਂ ਦੇਣ ਦੀ ਕੋਸ਼ਿਸ਼ ਕੀਤੀ।

ਪੁਲਿਸ ਨੇ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਹਵਾਈ ਅੱਡੇ ਅੰਦਰ ਦਾਖਲ ਹੋਣ ਤੋਂ ਰੋਕ ਦਿੱਤਾ। ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਪ੍ਰਦਰਸ਼ਨ ਦੌਰਾਨ ਰਾਮਦੇਵ ਨੂੰ ਕਾਲੇ ਝੰਡੇ ਵਿਖਾਏ ਗਏ।

# ਸੈਨ ਹੋਜ਼ੇ ਵਿਚ ਮੁਫਤ ਸਿਟੀਜ਼ਨ ਕਲਾਸ ਸਨਿਚਰਵਾਰ ਨੂੰ

**ਸੈਨ ਹੋਜ਼ੇ (ਬਿਊਰੋ):** ਅਮਰੀਕੀ ਸਿਟੀਜਨ ਬਣਨ ਲਈ ਟੈਸਟ ਦੇਣ ਵਾਲੇ ਉਮੀਦਵਾਰਾਂ ਵਾਸਤੇ ਤਿਆਰੀ ਲਈ ਸਿਟੀਜ਼ਨ ਕਲਾਸ ਇਥੇ ਐਵਰਗਰੀਨ ਲਾਇਬ੍ਰੇਰੀ (2635 ਏਬੋਰਨ ਰੋਡ) ਵਿਚ 19 ਅਕਤੂਬਰ ਤੋਂ ਹੁਣ ਹਰ ਬੁਧਵਾਰ ਦੀ ਥਾਂ ਸਨਿਚਰਵਾਰ ਸ਼ਾਮ ਚਾਰ ਵਜੇ ਤੋਂ 6 ਵਜੇ ਤੱਕ ਹੋਇਆ ਕਰੇਗੀ।


ਉਘੇ ਸਮਾਜ ਸੇਵੀ ਡਾ. ਹਰਬੰਸ ਸਿੰਘ ਸਰਾਂ ਦੇ ਉਦਮ ਸਦਕਾ ਲਾਈ ਜਾਂਦੀ ਇਸ ਕਲਾਸ ਦਾ ਹੁਣ ਤੱਕ ਸੈਂਕੜੇ ਸਿੱਖਿਆਰਥੀ ਫਾਇਦਾ ਉਠਾ ਕੇ ਸਿਟੀਜ਼ਨ ਬਣ ਚੁੱਕੇ ਹਨ। ਇਸ ਕਲਾਸ ਦਾ ਭਾਰਤ ਪਾਕਿਸਤਾਨ ਤੇ ਹੋਰ ਦੇਸ਼ਾਂ ਦੇ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਆਦਿ ਭਾਸ਼ਾਵਾਂ ਜਾਣਨ ਵਾਲੇ ਉਮੀਦਵਾਰ ਵੀ ਲਾਭ ਉਠਾ ਸਕਦੇ ਹਨ। ਇਸ ਕਲਾਸ ਲਈ ਚਰਨਜੀਤ ਸਿੰਘ ਪੰਨੂ ਅਤੇ ਬਲਦੇਵ ਰਾਜ ਪਾਬਲਾ ਸਹਾਇਤਾ ਕਰਦੇ ਹਨ। ਹੋਰ ਜਾਣਕਾਰੀ ਲਈ ਫੋਨ 408-531-7057 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ **ਹੋਮੀਓਪੈਥੀ** ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577

**Prince's Barber Shop**
**37477 Fremont Blvd, suite C, Fremont, CA 94536**
***Men & Children's Hair Cut***
*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**




**Cell: (510)-677-9942**
**Shop: (510)-505-9605**
***www.princebarbershop.com***



**Global Multi Services**
**1950 E. Miner Ave., Stockton, CA 95205**
ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ
ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ
**2 steer tire Michellin 22.5 lp for 1150.00 including wheel balancing.**



***Repair Shop***
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।
**ਫੋਨ: 209-547-9210**
**ਫੈਕਸ: 209-547-9211**

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ **Allignment Shop**

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

***Registration Services***
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

**ਫੋਨ: 209-982-9996 ਫੈਕਸ: 209-982-9997**
**e-mail: globalmultiservices123@yahoo.com**

ਪੰਜਾਬ ਟਾਈਮਜ਼

ਸਨਿਚਰਵਾਰ, 19 ਅਕਤੂਬਰ, 2013

## ਜੀਵੇ ਪੰਜਾਬ

ਪੰਜਾਬ ਕਾਂਗਰਸ ਦੀ ਪਾਟੋ-ਧਾੜ ਇਕ ਵਾਰ ਫਿਰ ਜੱਗ-ਜ਼ਾਹਿਰ ਹੋ ਗਈ। ਸੰਗਰੂਰ ਵਿਚ ਸਮਾਗਮ ਦੌਰਾਨ ਕਾਂਗਰਸ ਦਾ ਕੌਮੀ ਮੀਤ ਪ੍ਰਧਾਨ ਤੇ ਅਗਲੀ ਵਾਰ ਲਈ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰਾਂ ਵਿਚੋਂ ਇਕ, ਰਾਹੁਲ ਗਾਂਧੀ ਅਤੇ ਕੈਪਟਨ ਅਮਰਿੰਦਰ ਸਿੰਘ ਤਾਂ ਸਟੇਜ ਉਤੇ ਹੀ ਇਕ-ਦੂਜੇ ਨੂੰ ਅੱਖਾਂ ਦਿਖਾਉਣ ਲੱਗ ਪਏ। ਇਸ ਤਕਰਾਰ ਤੋਂ ਬਾਅਦ ਨਵੇਂ ਸਿਰਿਉਂ ਤਾਲਮੇਲ ਕਮੇਟੀਆਂ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਸ ਕਵਾਇਦ ਦਾ ਨਤੀਜਾ ਭਾਵੇਂ ਕੁਝ ਵੀ ਨਿਕਲੇ, ਇਕ ਵਾਰ ਤਾਂ ਕਾਂਗਰਸ ਦਾ ਡੋਰੂ ਚੌਰਾਹੇ ਵਿਚ ਵੱਜ ਗਿਆ ਹੈ। ਅਸਲ ਵਿਚ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਜਿਸ ਤਰ੍ਹਾਂ ਪੰਜਾਬ ਵਿਚ ਮਨ-ਮਰਜ਼ੀ ਚਲਾ ਰਹੀ ਹੈ, ਉਸ ਦਾ ਫਾਇਦਾ ਘੱਟ ਤੇ ਨੁਕਸਾਨ ਵੱਧ ਹੋਇਆ ਹੈ। ਕਾਂਗਰਸੀਆਂ ਦੀ ਇਸ ਖੋਹਾ-ਖਿੱਚੀ ਵਿਚੋਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੂੰ ਪੂਰਾ ਸਿਆਸੀ ਲਾਹਾ ਮਿਲਿਆ ਹੈ। ਕਾਂਗਰਸ ਲਈ ਪੰਜਾਬ ਵਿਚ ਲੀਡਰਸ਼ਿਪ ਦਾ ਮਾਮਲਾ ਗਲੇ ਦੀ ਹੱਡੀ ਬਣਿਆ ਹੋਇਆ ਹੈ। ਦਰਅਸਲ ਪੰਜਾਬ ਇਸ ਵੇਲੇ ਕਿਸੇ ਵੀ ਸਿਆਸੀ ਧਿਰ ਦੇ ਏਜੰਡੇ ਉਤੇ ਨਹੀਂ ਹੈ। ਸਭ ਨੂੰ ਆਪੋ-ਆਪਣੇ ਵੋਟ ਬੈਂਕ ਦੀ ਪਈ ਹੈ। ਰਾਹੁਲ ਗਾਂਧੀ ਦੀ ਦਿਲਚਸਪੀ ਸਿਰਫ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚ ਹੈ ਪਰ ਬਹੁਤ ਵੱਡਾ ਮੌਕਾ ਮਿਲਣ ਦੇ ਬਾਵਜੂਦ ਉਹ ਕ੍ਰਿਸ਼ਮਈ ਆਗੂ ਵਜੋਂ ਆਪਣੀ ਕੋਈ ਛਾਪ ਨਹੀਂ ਛੱਡ ਸਕਿਆ। ਜਿੱਤਣ ਖਾਤਰ ਚੋਣਾਂ ਦੇ ਪਿੜ ਵਿਚ ਜਿਹੜੀ ਹਨ੍ਹੇਰੀ ਲਿਆਉਣ ਦੀ ਲੋੜ ਹੁੰਦੀ ਹੈ, ਉਹ ਰਾਹੁਲ ਦੇ ਵੱਸ ਦਾ ਰੋਗ ਨਹੀਂ ਜਾਪਦਾ। ਉਹ ਬੱਸ ਲੋਕ ਸਭਾ ਸੀਟ ਜਿੱਤ ਕੇ ਸੰਸਦ ਮੈਂਬਰ ਬਣਨ ਜੋਗਾ ਹੀ ਹੈ ਪਰ ਸਿਤਮਜ਼ਰੀਫੀ ਦੇਖੋ ਕਿ ਕਾਂਗਰਸ ਦੇ ਕਈ ਚਾਪਲੂਸ ਆਗੂ ਉਸ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਬੜਾ ਯੋਗ ਆਗੂ ਆਖ ਕੇ ਵਡਿਆ ਰਹੇ ਹਨ। ਪੰਜਾਬ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਕਾਂਗਰਸ ਦੇ ਮਾੜੇ ਹਸ਼ਰ ਲਈ ਕਿਸੇ ਨੇ ਅਜੇ ਤੱਕ ਰਾਹੁਲ ਦਾ ਸਿੱਧਾ ਨਾਂ ਤਾਂ ਨਹੀਂ ਲਿਆ ਪਰ ਹਕੀਕਤ ਇਹੀ ਹੈ ਕਿ ਉਸ ਦੀ ਪੰਜਾਬ ਬਾਰੇ ਹਰ ਰਣਨੀਤੀ ਨਕਾਰਾ ਸਾਬਤ ਹੋਈ ਹੈ। ਚੋਣਾਂ ਤੋਂ ਬਾਅਦ ਵੀ ਉਹ ਹਾਲਾਤ ਨੂੰ ਸੰਭਾਲ ਨਹੀਂ ਸਕਿਆ। ਕੈਪਟਨ ਅਮਰਿੰਦਰ ਸਿੰਘ ਤੋਂ ਪੰਜਾਬ ਕਾਂਗਰਸ ਦੀ ਅਗਵਾਈ ਤਾਂ ਖੋਹ ਲਈ ਗਈ ਪਰ ਉਸ ਦੀ ਥਾਂ ਜਿਨ੍ਹਾਂ ਆਗੂਆਂ ਨੂੰ ਅੱਗੇ ਲਾਇਆ ਗਿਆ, ਉਹ ਪਾਰਟੀ ਨੂੰ ਸੰਕਟ ਵਿਚੋਂ ਕੱਢ ਨਹੀਂ ਸਕੇ। ਲੀਡਰਾਂ ਵਿਚ ਦੂਰਦ੍ਰਿਸ਼ਟੀ ਦੀ ਘਾਟ ਨੇ ਪਾਰਟੀ ਨੂੰ ਚੌਫਾਲ ਹੇਠਾਂ ਸੁੱਟ ਲਿਆ।

ਅਜਿਹੇ ਹਾਲਾਤ ਵਿਚ ਅਕਾਲੀ ਦਲ ਅਤੇ ਬਾਦਲਾਂ ਦੀਆਂ ਪੰਜੇ ਉਂਗਲਾਂ ਘਿਉ ਵਿਚ ਹਨ। ਸਿਆਸਤ ਦੇ ਪਿੜ ਵਿਚ ਵਾਰ-ਵਾਰ ਵੱਡੀਆਂ ਗਲਤੀਆਂ ਕਰਨ ਦੇ ਬਾਵਜੂਦ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਇਸ ਵੇਲੇ ਪੰਜਾਬ ਦੀ ਸਿਆਸਤ ਚਲਾ ਰਹੇ ਸੁਖਬੀਰ ਸਿੰਘ ਬਾਦਲ ਦੀ ਜ਼ੋਰ-ਜਬਰ ਵਾਲੀ ਸਿਆਸਤ ਅੱਗੇ ਹੌਲੀ-ਹੌਲੀ ਸਭ ਵਿਰੋਧੀ ਚਿਤ ਹੋ ਰਹੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜਾਣਨ ਵਾਲੇ ਜਾਣਦੇ ਹਨ ਕਿ ਚੋਣਾਂ ਦੇ ਦਿਨੀਂ ਉਹ ਕਿਸ ਤਰ੍ਹਾਂ ਦਾ ਨਿਮਾਣਾ ਜਿਹਾ ਰੂਪ ਅਖਤਿਆਰ ਕਰ ਲੈਂਦਾ ਸੀ। ਇਸ ਮਾਮਲੇ ਵਿਚ ਸੁਖਬੀਰ ਆਪਣੇ ਪਿਉ ਨੂੰ ਵੀ ਪਿੱਛੇ ਛੱਡ ਗਿਆ ਹੈ। ਉਸ ਦਾ ਲੁੰਗ-ਲਾਣਾ ਪਾਰਟੀ ਲਈ ਪ੍ਰਚਾਰ ਤਾਂ ਕਰਦਾ ਹੀ ਹੈ, ਵਿਰੋਧੀ ਧਿਰ ਦੇ ਕੈਂਪ ਉਤੇ ਵੀ ਘਾਤ ਲਾ ਕੇ ਵਾਰ ਕਰਦਾ ਹੈ। ਵਿਰੋਧੀ ਧਿਰ ਦੇ ਕਹਿੰਦੇ-ਕਹਾਉਂਦੇ ਆਗੂ ਲੋਕਾਂ ਨੇ ਉਸ ਅੱਗੇ ਚੌਫਾਲ ਡਿਗਦੇ ਦੇਖੇ ਹੀ ਹਨ। ਪੀਪਲਜ਼ ਪਾਰਟੀ ਆਫ ਪੰਜਾਬ ਬਣਾ ਕੇ ਮਨਪ੍ਰੀਤ ਸਿੰਘ ਬਾਦਲ ਵੀ ਸਿਆਸੀ ਪਿੜ ਵਿਚ ਕੋਈ ਖਾਸ ਧਿਰ ਨਹੀਂ ਬਣ ਸਕਿਆ। ਬਹੁਤ ਸਾਰੇ ਲੋਕਾਂ ਨੇ ਉਸ ਉਤੇ ਬਹੁਤ ਉਮੀਦਾਂ ਲਾਈਆਂ ਸਨ ਪਰ ਉਹ ਮੰਝਧਾਰ ਵਿਚ ਫਸਿਆ ਬੇੜਾ, ਬੰਨੇ ਵੱਲ ਵੀ ਨਹੀਂ ਲਿਜਾ ਸਕਿਆ। ਖਾੜਕੂ ਧਿਰਾਂ ਤਾਂ ਕਿਤੇ ਰੜਕ ਹੀ ਨਹੀਂ ਰਹੀਆਂ। ਇਨ੍ਹਾਂ ਧਿਰਾਂ ਲਈ ਰਣਨੀਤੀ ਨੇ ਖਾਸ ਭੂਮਿਕਾ ਨਿਭਾਉਣੀ ਸੀ ਪਰ ਇਹ ਤਾਂ ਰਾਜਨੀਤੀ ਵੀ ਢੰਗ ਨਾਲ ਕਰ ਨਹੀਂ ਸਕੀਆਂ। ਕੁਝ ਖਾਸ ਹਾਲਾਤ ਵਿਚ ਤਾਂ ਧਰਮ ਦਾ ਇਕ ਧਿਰ ਵਜੋਂ ਰੋਲ ਹੋ ਸਕਦਾ ਹੈ, ਪਰ ਪੰਜਾਬ ਇਸ ਵੇਲੇ ਜਿਸ ਤਰ੍ਹਾਂ ਦੇ ਪੜਾਅ ਵਿਚੋਂ ਲੰਘ ਰਿਹਾ ਹੈ, ਉਸ ਵਿਚ ਰਾਜਨੀਤੀ ਦੇ ਨਾਲ-ਨਾਲ ਰਣਨੀਤੀ ਸਭ ਤੋਂ ਅਹਿਮ ਹੈ। ਪੰਜਾਬ ਦੇ ਮਾਮਲੇ ਵਿਚ ਖੱਬੇ ਪੱਖੀਆਂ ਦੀ ਤਾਂ ਹੁਣ ਗੱਲ ਹੀ ਕੀ ਕਰਨੀ ਹੈ! ਇਹ ਚਿਰਾਂ ਦੇ ਲੀਹੋਂ ਲਹਿ ਚੁੱਕੇ ਹਨ। ਨਾ ਕੋਈ ਪਾਰਟੀ ਅਤੇ ਨਾ ਹੀ ਕੋਈ ਲੀਡਰ ਪੰਜਾਬ ਵਿਚ ਕਿਤੇ ਰੜਕ ਰਿਹਾ ਹੈ। ਜੱਗ-ਜਹਾਨ ਅਤੇ ਹਰ ਮੁੱਦੇ ਦਾ ਵਿਸ਼ਲੇਸ਼ਣ ਕਰਨ ਵਾਲੇ ਇਹ ਲੋਕ ਸ਼ਾਇਦ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਲਈ ਤਿਆਰ ਨਹੀਂ ਹਨ। ਹਰ ਪੱਧਰ ਉਤੇ ਇੰਨੀਆਂ ਪਛਾੜਾਂ ਵੱਜਣ ਦੇ ਬਾਵਜੂਦ ਇਹ ਪੁਨਰ-ਵਿਚਾਰ ਲਈ ਅਜੇ ਤੱਕ ਤਿਆਰ ਨਹੀਂ ਹੋਏ ਜਾਪਦੇ। ਇਸੇ ਕਰ ਕੇ ਹੌਲੀ-ਹੌਲੀ ਹਾਸ਼ੀਆ ਮੱਲ ਰਹੇ ਹਨ। ਇਹੀ ਉਹ ਸਾਰੇ ਹਾਲਾਤ ਹਨ ਜਿਨ੍ਹਾਂ ਕਰ ਕੇ ਪੰਜਾਬ ਅੱਜ ਘੁੰਮਣ-ਘੇਰੀ ਵਿਚ ਫਸਿਆ ਪਿਆ ਹੈ। ਦੋਵੇਂ ਮੁੱਖ ਸਿਆਸੀ ਧਿਰਾਂ-ਕਾਂਗਰਸ ਅਤੇ ਅਕਾਲੀ ਦਲ ਦਾ ਕੰਮ ਹੁਣ ਸਿਰਫ ਚੋਣਾਂ ਲੜਨਾ ਰਹਿ ਗਿਆ ਹੈ। ਰਹਿੰਦੀ ਕਸਰ ਭ੍ਰਿਸ਼ਟਾਚਾਰ ਅਤੇ ਗੈਰ-ਦਿਆਨਤਦਾਰੀ ਨੇ ਕੱਢ ਦਿੱਤੀ ਹੈ। ਖੁੱਲ੍ਹੀ ਮੰਡੀ ਦੇ ਇਸ ਜੁੱਗ ਵਿਚ ਸਭ ਨੂੰ ਖੁੱਲ੍ਹੀ ਛੁੱਟੀ ਹੈ ਪਰ ਇਹ ਖੁੱਲ੍ਹ ਪੰਜਾਬ ਅਤੇ ਇਸ ਦੇ ਆਵਾਮ ਨੂੰ ਬਹੁਤ ਭਾਰੀ ਪੈ ਰਹੀ ਹੈ। 'ਗੁਰਾਂ ਦੇ ਨਾਂ 'ਤੇ ਜੀਂਦਾ ਪੰਜਾਬ' ਅੱਜ ਟੁੱਕੀਆਂ-ਪੱਛੀਆਂ ਬਾਹਾਂ ਉਲਾਰ ਕੇ ਆਪਣੇ ਧੀਆਂ-ਪੁੱਤਾਂ ਨੂੰ ਹਾਕਾਂ ਮਾਰ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਜ਼ਮੀਰਾਂ ਦੇ ਡੰਗ?

ਵੇਲੇ ਸਿਰ ਚੋਗਾ ਪਾ ਕੇ ਚੁੱਪ ਨੇ ਕਰਾਉਣੇ ਕਿੱਦਾਂ
ਅੱਖੀਂ ਘੱਟਾ ਪਾਉਣਾ ਬੰਦੇ ਜਿਹੜੇ ਜਿਹੜੇ ਜਾਗਣੇ।
ਕਾਗਜ਼ੀ ਸਕੀਮਾਂ ਨਾਲ ਉਨ੍ਹਾਂ ਦਾ ਵੀ ਢਿੱਡ ਭਰੂ
ਜਿਨ੍ਹਾਂ ਦੇ ਨਸੀਬਾਂ 'ਚ ਸਦਾ ਹੀ ਦੁਖ ਝਾਗਣੇ।
ਬਿਜਲੀ ਬਗੈਰ ਰੁਸ਼ਨਾਈ ਹੋਣੀ ਚਾਰੇ ਪਾਸੇ
ਕਿੱਕਰਾਂ ਦੇ ਨਾਲ ਵੀ ਦਸਹਿਰੀ ਅੰਬ ਲਾਗਣੇ!
ਸਾਂਭ ਲਏਗਾ ਰਾਜ ਭਾਗ ਪੁੱਤ ਵੱਡੇ ਮੰਤਰੀ ਦਾ
ਆ ਗਏ ਉਹਨੂੰ ਖੂਬ ਹੁਣ ਗੱਪ-ਗੋਲੇ ਦਾਗਣੇ।
'ਪਰਚੇ ਬਣਾਏ' ਉਹਦੇ ਆਖੇ ਤੇ ਪੁਲਿਸ ਜਦੋਂ
ਦੇਖਿਉ ਵਿਰੋਧੀ ਕਿੱਦਾਂ ਮੋਹਰੇ ਮੋਹਰੇ ਭਾਗਣੇ!
ਨਸ਼ੇ ਮਾਰੇ ਗਰਜਾਂ ਦੇ ਹੋਏ ਮਦਹੋਸ਼ ਲੋਕੀਂ
ਡੰਗ ਕਿਹਨੂੰ ਮਾਰੇਂਗੀ ਜ਼ਮੀਰਾਂ ਦੀਏ ਨਾਗਣੇ?

# ਜੱਜ ਸਾਹਿਬ! ਅਜਿਹੇ ਪਿਆਰ ਤੋਂ ਬਿਨਾਂ ਹੀ ਚੰਗੈ...

## ਸਵਾਲ-ਸੰਵਾਦ

"ਅਪੀਲਕਰਤਾ ਉਸ ਵੇਲੇ ਦਿੱਲੀ ਯੂਥ ਕਾਂਗਰਸ ਦਾ ਪ੍ਰਧਾਨ ਸੀ। ਮਕਤੂਲ ਸਿਖਲਾਈ-ਯਾਫ਼ਤਾ ਪਾਇਲਟ ਹੋਣ ਦੇ ਨਾਲ-ਨਾਲ ਦਿੱਲੀ ਯੂਥ ਕਾਂਗਰਸ ਦੀ ਕੁੜੀਆਂ ਦੀ ਜਥੇਬੰਦੀ ਦੀ ਜਰਨਲ ਸਕੱਤਰ ਸੀ। ਉਹ ਆਜ਼ਾਦ ਔਰਤ ਸੀ ਜੋ ਆਪਣੇ ਫ਼ੈਸਲੇ ਆਪ ਕਰਨ ਦੇ ਸਮਰੱਥ ਸੀ। ਪੇਸ਼ ਕੀਤੇ ਗਏ ਸਬੂਤਾਂ ਮੁਤਾਬਕ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਘਰ ਦੀ ਚਾਰਦੀਵਾਰੀ ਤੋਂ ਬਾਹਰਲੇ ਲੋਕਾਂ ਨਾਲ ਸੰਪਰਕ ਵਿਚ ਨਹੀਂ ਸੀ। ਸਬੂਤਾਂ ਮੁਤਾਬਕ ਉਸ ਨੇ ਵਾਰਦਾਤ ਵਾਲੇ ਦਿਨ ਸ਼ਾਮ ਨੂੰ ਚਾਰ ਵਜੇ ਪੈਰਵੀ ਪੱਖ ਦੇ ਗਵਾਹ ਨੰਬਰ-12 ਮਤਲੂਬ ਕਰੀਮ ਨਾਲ ਸੰਪਰਕ ਕੀਤਾ। ਉਹ ਕੋਈ ਗ਼ਰੀਬ ਜਾਹਲ ਤੇ ਬਦਕਿਸਮਤ ਔਰਤ ਨਹੀਂ ਸੀ। ਮਕਤੂਲ ਦਾ ਸਮਾਜਕ ਰੁਤਬਾ ਧਿਆਨ ਵਿਚ ਰੱਖ ਕੇ



ਦਲਜੀਤ ਅਮੀ
ਫੋਨ: 91-97811-21873

ਇਹ ਨਿਚੋੜ ਕੱਢਣਾ ਮੁਸ਼ਕਿਲ ਹੈ ਕਿ ਅਪੀਲਕਰਤਾ ਉਸ ਦੇ ਮੁਕਾਬਲੇ ਗ਼ਾਲਿਬ ਹਾਲਤ ਵਿਚ ਸੀ। ਅਪੀਲਕਰਤਾ ਮਕਤੂਲ ਨਾਲ ਬੇਇੰਤਹਾ ਪਿਆਰ ਕਰਦਾ ਸੀ। ਉਸ ਨੇ ਮਕਤੂਲ ਦੀ ਪੈਰਵੀ ਪੱਖ ਦੇ ਗਵਾਹ ਨੰਬਰ-12 ਮਤਲੂਬ ਕਰੀਮ ਨਾਲ ਬਹੁਤ ਨੇੜਤਾ ਤੋਂ ਜਾਣੂ ਹੋਣ ਦੇ ਬਾਵਜੂਦ ਉਸ ਨਾਲ ਵਿਆਹ ਕੀਤਾ। ਉਸ ਨੂੰ ਆਸ ਸੀ ਕਿ ਮਕਤੂਲ ਵਿਆਹ ਤੋਂ ਬਾਅਦ ਉਸ ਨਾਲ ਵਸ ਜਾਵੇਗੀ ਅਤੇ ਖ਼ੁਸ਼ਗਵਾਰ ਜ਼ਿੰਦਗੀ ਵਸਰ ਕਰੇਗੀ। ਪੇਸ਼ ਕੀਤੇ ਗਏ ਸਬੂਤਾਂ ਮੁਤਾਬਕ ਉਹ ਵਿਆਹ ਕਰਵਾ ਕੇ ਇੱਕਠੇ ਰਹਿੰਦੇ ਸਨ ਪਰ ਮੰਦੇਭਾਗੀ, ਜਾਪਦਾ ਇੰਝ ਹੈ ਕਿ ਮਕਤੂਲ ਪੈਰਵੀ ਪੱਖ ਦੇ ਗਵਾਹ ਨੰਬਰ-12 ਮਤਲੂਬ ਕਰੀਮ ਨਾਲ ਸੰਪਰਕ ਵਿਚ ਸੀ। ਜਾਪਦਾ ਹੈ ਕਿ ਅਪੀਲਕਰਤਾ ਪਿਆਰਵਸ ਮਕਤੂਲ ਉੱਤੇ ਬਹੁਤ ਮੇਰ ਮਾਰਦਾ ਸੀ। ਹਾਜ਼ਰ ਸਬੂਤਾਂ ਮੁਤਾਬਕ ਅਪੀਲਕਰਤਾ ਨੂੰ ਮਕਤੂਲ ਦੀ ਵਫ਼ਾਦਾਰੀ ਉੱਤੇ ਸ਼ੱਕ ਸੀ ਅਤੇ ਮੇਰ ਦੀ ਭਾਵਨਾਵਸ ਹੀ ਕਤਲ ਹੋਇਆ। ਇਹ ਵੀ ਦਰਜ ਕੀਤਾ ਗਿਆ ਹੈ ਕਿ ਜਦੋਂ ਅਪੀਲਕਰਤਾ ਨੂੰ ਲੇਡੀ ਹਾਰਡਿੰਜ (ਹਸਪਤਾਲ) ਦੇ ਮੁਰਦਾਘਰ ਵਿਚ ਲਾਸ਼ ਦਿਖਾਈ ਗਈ ਤਾਂ ਉਹ ਰੋ ਪਿਆ। ਇਹ ਕਹਿਣਾ ਮੁਸ਼ਕਿਲ ਹੈ ਕਿ ਉਸ ਨੂੰ ਆਪਣੇ ਕੀਤੇ ਦਾ ਅਫ਼ਸੋਸ ਨਹੀਂ ਹੈ। ... ਇਹ ਕਤਲ ਰਿਸ਼ਤਿਆਂ ਵਿਚ ਆਈ ਕੁੜੱਤਣ ਦਾ ਨਤੀਜਾ ਸੀ। ਇਹ ਸਮਾਜ ਖ਼ਿਲਾਫ਼ ਅਪਰਾਧ ਨਹੀਂ ਸੀ। ਅਪੀਲਕਰਤਾ ਦਾ ਪਿਛੋਕੜ ਅਪਰਾਧ ਨਾਲ ਨਹੀਂ ਜੁੜਦਾ। ... ਅਪੀਲਕਰਤਾ ਦਾ ਸੁਧਾਰ ਅਤੇ ਮੁੜ ਬਹਾਲੀ ਸੰਭਵ ਹੈ।" ਇਹ ਲਿਖਤ ਸੁਪਰੀਮ ਕੋਰਟ ਦੇ ਤੰਦੂਰ ਕਾਂਡ ਵਿਚ ਫ਼ੈਸਲੇ ਦੇ ਪੈਰਾ 84 ਦਾ ਪੰਜਾਬੀ ਤਰਜਮਾ ਹੈ।

ਇਸ ਦਲੀਲ ਦੀ ਬੁਨਿਆਦ ਉੱਤੇ ਸੁਪਰੀਮ ਕੋਰਟ ਨੇ ਕਾਤਲ ਸੁਸ਼ੀਲ ਸ਼ਰਮਾ ਦੀ ਮੌਤ ਦੀ ਸਜ਼ਾ ਘਟਾ ਕੇ ਉਮਰ ਕੈਦ ਕਰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਪੈਰਾ 81 ਵਿਚ ਮੌਤ ਦੀ ਸਜ਼ਾ ਬਾਬਤ ਫ਼ੈਸਲੇ ਦੀ ਦਲੀਲ ਇੰਝ ਦਰਜ ਕੀਤੀ ਗਈ ਹੈ, "... ਅਦਾਲਤ ਕੋਲ ਕਿਸੇ ਮੁਲਜ਼ਮ ਨੂੰ ਮੌਤ ਦੀ ਸਜ਼ਾ ਦੇਣ ਜਾਂ ਨਾ ਦੇਣ ਦਾ ਕੋਈ ਪੱਕਾ ਨੇਮ ਨਹੀਂ ਹੈ। ਕਿਸੇ ਵੀ ਅਪਰਾਧੀ ਮਾਮਲੇ ਦਾ ਧੁਰਾ, ਤੱਥ ਹੁੰਦੇ ਹਨ ਜੋ ਹਰ ਮਾਮਲੇ ਵਿਚ ਵੱਖ-ਵੱਖ ਹੁੰਦੇ ਹਨ। ਇਸ ਲਈ ਅਪਰਾਧੀ ਦੀ ਉਮਰ, ਉਸ ਦੇ ਸਮਾਜਕ ਰੁਤਬੇ ਅਤੇ ਪਿਛੋਕੜ ਉੱਤੇ ਧਿਆਨ ਦੇਣਾ ਪਵੇਗਾ। ਇਹ ਵੇਖਣਾ ਹੋਵੇਗਾ ਕਿ ਕੀ ਉਹ ਹੰਢਿਆ ਹੋਇਆ ਅਪਰਾਧੀ ਹੈ, ਕੀ ਉਸ ਦੇ ਸੁਧਾਰ ਜਾਂ ਮੁੜ ਬਹਾਲੀ ਦੀ ਸੰਭਾਵਨਾ ਹੈ ਜਾਂ ਇਹ ਅਸੰਭਵ ਹੈ, ਕੀ ਮੁਲਜ਼ਮ ਮੁੜ ਕੇ ਅਪਰਾਧ ਕਰ ਸਕਦਾ ਹੈ ਅਤੇ ਸਮਾਜ ਲਈ ਘਾਤਕ ਸਾਬਤ ਹੋ ਸਕਦਾ ਹੈ? ਇਨ੍ਹਾਂ ਤੱਥਾਂ ਦਾ ਹਰ ਮਾਮਲੇ ਵਿਚ ਨਿਰਪੱਖ ਪੜਚੋਲ ਕਰਨੀ ਪਵੇਗੀ।"

'ਮੌਤ ਦੀ ਸਜ਼ਾ' ਨੂੰ ਘਟਾਇਆ ਜਾਣਾ ਸਿਧਾਂਤਕ ਪੱਖੋਂ ਠੀਕ ਹੈ ਕਿਉਂਕਿ ਤਕਰੀਬਨ 140 ਮੁਲਕ ਅਜਿਹੀ ਸਜ਼ਾ ਉੱਤੇ ਕਾਨੂੰਨੀ ਪਾਬੰਦੀ ਲਗਾ ਚੁੱਕੇ ਹਨ ਜਾਂ ਅਮਲ ਵਿਚ ਇਸ ਤੋਂ ਪਰਹੇਜ਼ ਕਰ ਰਹੇ ਹਨ। ਆਲਮੀ ਪੱਧਰ ਉੱਤੇ ਮੌਤ ਦੀ ਸਜ਼ਾ ਖ਼ਿਲਾਫ਼ ਮੁਹਿੰਮ ਚੱਲ ਰਹੀ ਹੈ। ਇਸ ਮੁਹਿੰਮ ਦੀਆਂ ਦਲੀਲਾਂ ਅਤੇ ਇਤਿਹਾਸ 'ਮੌਤ ਦੀ ਸਜ਼ਾ' ਨੂੰ ਮੱਧਯੁੱਗੀ ਅਤੇ ਮੌਜੂਦਾ ਸੱਭਿਅਤਾ ਉੱਤੇ ਦਾਗ਼ ਕਰਾਰ ਦਿੰਦੀਆਂ ਹਨ। ਸੁਪਰੀਮ ਕੋਰਟ ਦਾ ਇਹ ਫ਼ੈਸਲਾ ਠੀਕ ਹੈ ਪਰ ਇਸ ਦੀ ਦਲੀਲ ਨਜ਼ਰਸਾਨੀ ਦੀ ਮੰਗ ਕਰਦੀ ਹੈ। ਇਸ ਫ਼ੈਸਲੇ ਵਿਚ ਦਰਜ ਦਲੀਲਾਂ ਨੂੰ ਮੌਜੂਦਾ ਸਮਾਜਕ ਰੁਝਾਨ ਨਾਲ ਜੋੜ ਕੇ ਵੇਖਿਆ ਜਾਣਾ ਬਣਦਾ ਹੈ। ਪਹਿਲਾ ਸਵਾਲ ਪਿਆਰ ਅਤੇ ਦੂਜਾ ਸਮਾਜਕ ਰੁਤਬੇ ਨਾਲ ਜੁੜਦਾ ਹੈ। ਇਨ੍ਹਾਂ ਦੋਵਾਂ ਦੀ ਬੁਨਿਆਦ ਉੱਤੇ ਹੀ ਕਾਤਲ ਨੂੰ ਰਿਆਇਤ ਦਿੰਦੇ ਹੋਏ 'ਮੌਤ ਦੀ ਸਜ਼ਾ' ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਗਿਆ ਹੈ। ਇਨ੍ਹਾਂ ਦੀ ਦਲੀਲ ਤੋਂ ਪਹਿਲਾਂ ਤੰਦੂਰ ਕਾਂਡ ਦੀ ਤਫ਼ਸੀਲ ਜਾਣ ਲੈਣੀ ਜ਼ਰੂਰੀ ਹੈ। ਨੈਨਾ ਸਾਹਨੀ ਯੂਥ ਕਾਂਗਰਸ ਦੀ ਕੁੜੀਆਂ ਦੀ ਜਥੇਬੰਦੀ ਵਿਚ ਆਗੂ ਅਤੇ ਯੂਥ ਕਾਂਗਰਸ ਦੇ ਆਗੂ ਮਤਲੂਬ ਕਰੀਮ ਨਾਲ ਪਿਆਰ ਕਰਦੀ ਸੀ ਪਰ ਮਜ਼ਹਬੀ ਕੰਧ ਨੇ ਉਨ੍ਹਾਂ ਦਾ ਵਿਆਹ ਨਹੀਂ ਹੋਣ ਦਿੱਤਾ। ਨੈਨਾ ਸਾਹਨੀ ਨੇ ਸੁਸ਼ੀਲ ਸ਼ਰਮਾ ਨਾਲ ਪਿਆਰ ਵਿਆਹ ਕੀਤਾ। ਸੁਸ਼ੀਲ ਇਸ ਵਿਆਹ ਨੂੰ ਸਮਾਜਕ ਤੌਰ ਉੱਤੇ ਜ਼ਾਹਿਰ ਨਹੀਂ ਕਰਨਾ ਚਾਹੁੰਦਾ ਸੀ ਅਤੇ ਨੈਨਾ ਸਾਹਨੀ ਨੇ ਆਪਣੇ ਜਮਾਤੀ ਮਤਲੂਬ ਨਾਲ ਸੰਪਰਕ ਕਾਇਮ ਰੱਖਿਆ। ਇਸ ਅਦਾਲਤੀ ਫ਼ੈਸਲੇ ਵਿਚ ਬਚਾਅ ਪੱਖ ਦੀ ਦਲੀਲ ਹੈ ਕਿ "ਪੈਰਵੀ ਪੱਖ ਦੇ ਸਬੂਤ ਦਰਸਾਉਂਦੇ ਹਨ ਕਿ ਅਪੀਲ ਕਰਤਾ ਮਕਤੂਲ ਨੂੰ ਬਹੁਤ ਪਿਆਰ ਕਰਦਾ ਸੀ। ਮਤਲੂਬ ਕਰੀਮ ਨਾਲ ਮਕਤੂਲ ਦਾ ਕਰੀਬੀ ਰਿਸ਼ਤਾ ਹੋਣ ਦੇ ਬਾਵਜੂਦ ਅਪੀਲਕਰਤਾ ਨੇ ਮਕਤੂਲ ਨੂੰ ਘਰੋਂ ਨਹੀਂ ਕੱਢਿਆ। ਉਸ ਨੇ ਮਕਤੂਲ ਦੀਆਂ ਮਨਮਤੀਆਂ ਨੂੰ ਰੋਕਣ ਲਈ ਉਸ

***ਜਦੋਂ ਅਦਾਲਤ ਨੈਨਾ ਸਾਹਨੀ ਦੇ ਸਮਾਜਕ ਰੁਤਬੇ ਦੇ ਹਵਾਲੇ ਨਾਲ ਮੰਨ ਲੈਂਦੀ ਹੈ ਕਿ ਕਾਤਲ ਉਸ ਦੇ ਮੁਕਾਬਲੇ ਗ਼ਾਲਿਬ ਹਾਲਤ ਵਿਚ ਨਹੀਂ ਸੀ ਤਾਂ ਮਰਦਾਵਾਂ ਸਮਾਜਕ ਗ਼ਲਬਾ ਨਜ਼ਰਅੰਦਾਜ਼ ਹੋ ਜਾਂਦਾ ਹੈ। ਇਸ ਤਰ੍ਹਾਂ ਔਰਤ ਉੱਤੇ 'ਆਪਣੀ ਰਾਖੀ ਆਪ ਕਰਨ' ਦੀ ਜ਼ਿੰਮੇਵਾਰੀ ਆ ਪੈਂਦੀ ਹੈ। ਸਮਾਜਕ ਟੀਚੇ ਵਜੋਂ ਅਤੇ ਮਨੁੱਖੀ ਕਦਰਾਂ-ਕੀਮਤਾਂ ਵਜੋਂ ਇਹ ਧਾਰਨਾ ਠੀਕ ਹੋ ਸਕਦੀ ਹੈ ਪਰ ਅਦਾਲਤੀ ਮਨੌਤ ਵਜੋਂ ਸਮਕਾਲੀ ਸਮਾਜ ਦੀ ਪੀੜਤ ਧਿਰ ਉੱਤੇ ਬੇਲੋੜਾ ਬੋਝ ਪਾਉਂਦੀ ਹੈ। ਇਸ ਤਰ੍ਹਾਂ ਸਹੀ ਫ਼ੈਸਲਾ ਗ਼ਲਤ ਦਲੀਲਾਂ ਉੱਤੇ ਟਿਕਿਆ ਹੋਇਆ ਹੈ।***

ਦਾ ਘਰੋਂ ਆਉਣਾ-ਜਾਣਾ ਸੀਮਤ ਕਰ ਦਿੱਤਾ।" ਸੁਸ਼ੀਲ ਅਤੇ ਨੈਨਾ ਦੀ ਤਕਰਾਰ 2 ਜੁਲਾਈ 1995 ਨੂੰ ਖ਼ੂਨੀ ਰੂਪ ਧਾਰ ਗਈ। ਸੁਸ਼ੀਲ ਗੋਲੀਆਂ ਨਾਲ ਕਤਲ ਕਰ ਕੇ ਨੈਨਾ ਦੀ ਲਾਸ਼ ਕਾਰ ਰਾਹੀਂ ਆਪਣੇ ਹੋਟਲ 'ਬਗ਼ੀਆ' ਲੈ ਗਿਆ। ਲਾਸ਼ ਦੇ ਟੋਟੇ ਕਰ ਕੇ ਤੰਦੂਰ ਵਿਚ ਸੁੱਟੇ ਗਏ। ਆਲੇ-ਦੁਆਲੇ ਧੂੰਆਂ ਫੈਲ ਗਿਆ। ਰਾਤ ਨੂੰ ਗਸ਼ਤ ਕਰਦੀ ਪੁਲਿਸ ਨੂੰ ਅੱਗ ਲੱਗਣ ਦਾ ਸ਼ੱਕ ਹੋਇਆ ਤਾਂ ਮੁਲਾਜ਼ਮ ਮੌਕੇ ਉੱਤੇ ਪਹੁੰਚ ਗਏ ਅਤੇ ਉਨ੍ਹਾਂ ਦੀ ਨਜ਼ਰ ਤੰਦੂਰ ਵਿਚ ਸੜਦੇ ਮਨੁੱਖੀ ਅੰਗਾਂ ਉੱਤੇ ਪਹੁੰਚ ਗਈ। ਇਸ ਤਰ੍ਹਾਂ ਇਹ ਮਾਮਲਾ ਪੁਲਿਸ ਰਾਹੀਂ ਅਦਾਲਤ ਵਿਚ ਪਹੁੰਚ ਗਿਆ। ਹੇਠਲੀਆਂ ਅਦਾਲਤਾਂ ਨੇ ਸੁਸ਼ੀਲ ਨੂੰ 'ਮੌਤ ਦੀ ਸਜ਼ਾ' ਸੁਣਾਈ ਅਤੇ ਲਾਸ਼ ਕਿਉਟਣ ਵਿਚ ਮਦਦਗ਼ਾਰ ਹੋਟਲ ਮੈਨੇਜਰ ਕੇਸ਼ਵ ਕੁਮਾਰ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ।

ਦਿੱਲੀ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੀਆਂ ਇਸ ਮਾਮਲੇ ਨੂੰ ਕ੍ਰਮਵਾਰ 'ਨਿਆਰਿਆਂ ਵਿਚੋਂ ਨਿਆਰਾ' ਮੰਨਣ ਅਤੇ ਨਾ ਮੰਨਣ ਦੀਆਂ ਦਲੀਲਾਂ ਦਿਲਚਸਪ ਹਨ ਅਤੇ ਅਦਾਲਤੀ ਕਾਰਵਾਈ ਵਿਚ ਨਿਰਪੱਖਤਾ ਦੀ ਥਾਂ ਜੱਜਾਂ ਦੀ ਨਿੱਜੀ ਸੋਚ ਦੀ ਨੁਮਾਇੰਦਗੀ ਕਰਦੀਆਂ ਹਨ। ਇਸ ਲੇਖ ਦਾ ਘੇਰਾ ਅਦਾਲਤੀ ਕਾਰਵਾਈ ਉੱਤੇ ਅਸਰਅੰਦਾਜ਼ ਜੱਜਾਂ ਦੀ ਸੋਚ ਬਾਬਤ ਟਿੱਪਣੀ ਕਰਨਾ ਨਹੀਂ ਸਗੋਂ ਪਿਆਰ ਅਤੇ ਸਮਾਜਕ ਰੁਤਬੇ ਦੀਆਂ ਦਲੀਲਾਂ ਦੀ ਪੜਚੋਲ ਕਰਨਾ ਹੈ। ਜਦੋਂ ਅਦਾਲਤੀ ਫ਼ੈਸਲੇ ਵਿਚ ਸੁਸ਼ੀਲ ਨੂੰ ਉਸ ਦੇ ਪਿਆਰ ਦੀ ਰਿਆਇਤ ਦਿੱਤੀ ਜਾਂਦੀ ਹੈ ਤਾਂ ਇਹ ਔਰਤ ਉੱਤੇ ਮਰਦਾਵੇਂ ਕਬਜ਼ੇ ਦੀ ਵਕਾਲਤ ਕਰਦੀ ਹੈ। ਫ਼ਿਲਮਾਂ ਵਿਚ ਇਸ ਸੋਚ ਦੀ ਨੁਮਾਇੰਦਗੀ ਹੁੰਦੀ ਹੈ ਜਿੱਥੇ ਕੁੜੀਆਂ ਦਾ ਪਿੱਛਾ ਉਦੋਂ ਤੱਕ ਕੀਤਾ ਜਾਂਦਾ ਹੈ ਜਦੋਂ ਤੱਕ ਉਹ 'ਹਾਂ' ਨਹੀਂ ਕਹਿ ਦਿੰਦੀਆਂ। ਹਰ ਇਜ਼ਹਾਰ ਵਿਚ 'ਮੈਂ ਤੇਰੇ ਲਈ ਮਰ ਸਕਦਾ ਹਾਂ' ਵਾਲੀ ਭਾਵਨਾ ਕਾਇਮ ਰਹਿੰਦੀ ਹੈ। ਜੋ ਮਰ ਸਕਦਾ ਹੈ, ਉਹ ਮਾਰ ਵੀ ਸਕਦਾ ਹੈ। ਇਨਕਾਰ ਕਰਨ ਦੀ ਹਾਲਤ ਵਿਚ ਇਸ ਦੇ ਨਤੀਜੇ ਤੇਜ਼ਾਬੀ ਹਮਲਿਆਂ ਤੋਂ ਲੈ ਕੇ ਬਲਾਤਕਾਰਾਂ ਅਤੇ ਉਧਾਲਿਆਂ ਤੱਕ ਸਾਹਮਣੇ ਆਉਂਦੇ ਹਨ। ਇਹੋ ਸੋਚ ਅਦਾਲਤਾਂ ਦੇ 'ਬਲਾਤਕਾਰੀਆਂ ਨੂੰ ਵਿਆਹ ਦੀ ਸਜ਼ਾ' ਦੇਣ ਵਾਲੇ ਫ਼ੈਸਲਿਆਂ ਵਿਚ ਦਰਜ ਹੋਈ ਹੈ। ਇਸ ਤਰ੍ਹਾਂ ਦਾ ਰੁਝਾਨ ਕਾਨੂੰਨ ਮੁਤਾਬਕ ਅਪਰਾਧ ਦੇ ਘੇਰੇ ਵਿਚ ਹੋਣ ਦੇ ਬਾਵਜੂਦ ਸਮਾਜਕ ਪ੍ਰਵਾਨਗੀ ਹਾਸਲ ਕਰ ਗਿਆ ਹੈ ਅਤੇ ਮਰਦਾਵੇਂ ਗ਼ਲਬੇ ਦਾ ਕਾਰਨ ਬਣਿਆ ਹੈ। ਇਹ ਮੰਨ ਲਿਆ ਗਿਆ ਹੈ ਕਿ ਇਜ਼ਹਾਰ ਮਰਦ ਨੇ ਕਰਨਾ ਹੈ ਅਤੇ ਇਕਰਾਰ ਲਈ ਕੋਈ ਵੀ ਹਰਬਾ ਵਰਤਿਆ ਜਾ ਸਕਦਾ ਹੈ। ਅਦਾਲਤ ਦਾ ਮੌਜੂਦਾ ਫ਼ੈਸਲਾ ਇਸੇ ਮਰਦਾਵੇਂ ਗ਼ਲਬੇ ਦੀ ਹਾਮੀ ਭਰਦਾ ਹੈ ਜਿੱਥੇ ਮਰਦ ਪਿਆਰ ਵਿਚ ਮਰ ਸਕਦਾ ਹੈ ਅਤੇ ਮਾਰ ਸਕਦਾ ਹੈ। ਉਹ ਹਰ ਹਾਲਤ ਵਿਚ ਕਿਸੇ ਨਾਲ ਜਿਉਣ ਦਾ ਵਾਅਦਾ ਨਹੀਂ ਕਰ ਸਕਦਾ। ਉਹ ਕਿਸੇ ਨੂੰ ਹਰ ਹਾਲਤ ਵਿਚ ਪ੍ਰਵਾਨ ਕਰਨ ਦੀ ਹੀਆ ਨਹੀਂ ਕਰ ਸਕਦਾ। ਮੌਜੂਦਾ ਦੌਰ ਇਸ ਸੋਚ ਉੱਤੇ ਸਵਾਲ ਕਰਨ ਦਾ ਸਮਾਂ ਹੈ। ਬੀਬੀਆਂ ਨੇ ਆਪਣੇ 'ਇਕਰਾਰ' ਅਤੇ 'ਇਜ਼ਹਾਰ' ਦੀ ਇੱਜ਼ਤ ਕਮਾ ਲਈ ਹੈ। ਮਰਦਾਂ ਨੇ ਹਾਲੇ 'ਇਨਕਾਰ' ਦਾ ਸਤਿਕਾਰ ਕਰਨਾ ਸਿੱਖਣਾ ਹੈ।

ਅਦਾਲਤ ਦੀ ਰਿਆਇਤ ਦੇਣ ਵਾਲੀ ਦਲੀਲ ਦਾ ਦੂਜਾ ਪੱਖ ਸਮਾਜਕ ਰੁਤਬੇ ਨਾਲ ਜੁੜਿਆ ਹੋਇਆ ਹੈ। ਅਦਾਲਤੀ ਕਾਰਗੁਜ਼ਾਰੀ ਦੀ ਪੜਚੋਲ ਵਿਚ ਨਿਰਪੱਖਤਾ ਲਗਾਤਾਰ ਸਵਾਲ ਦੇ ਘੇਰੇ ਵਿਚ ਆਉਂਦੀ ਰਹੀ ਹੈ। ਜਦੋਂ ਅਦਾਲਤ ਸਜ਼ਾ ਦੀ ਮਿਕਦਾਰ ਤੈਅ ਕਰਨ ਵੇਲੇ ਅਪਰਾਧੀ ਦੇ ਸੁਧਰਨ ਜਾਂ ਨਾ ਸੁਧਾਰਨ ਦੀ ਗੁੰਜ਼ਾਇਸ਼ ਅਤੇ ਮੁੜ-ਬਹਾਲੀ ਦੀ ਸੰਵਾਭਨਾ ਜਾਂ ਨਾ-ਸੰਭਾਵਨਾ ਦੇ ਬਰਾਬਰ ਸਮਾਜਕ ਰੁਤਬੇ ਦਾ ਵਜ਼ਨ ਤੋਲਦੀ ਹੈ ਤਾਂ ਨਿਰਪੱਖਤਾ ਉੱਤੇ ਹੋਇਆ ਸਵਾਲ ਹੋਰ ਉਘੜ ਆਉਂਦਾ ਹੈ। ਇਸ ਤੋਂ ਜਾਪਦਾ ਹੈ ਕਿ ਅਦਾਲਤ ਅਮੀਰ-ਗ਼ਰੀਬ, ਦਮਿਤ-ਦਲਿਤ, ਔਰਤ-ਮਰਦ ਅਤੇ ਗ਼ਾਲਿਬ-ਨਿਤਾਣੇ ਵਿਚ ਨਿਰਪੱਖ ਨਹੀਂ ਹੈ। ਔਰਤ-ਮਰਦ ਦੇ ਮਾਮਲੇ ਵਿਚ ਸਮਾਜਕ ਰੁਤਬਾ ਮਰਦਾਵੇਂ ਦਾਬੇ ਨੂੰ ਬੇਮਾਅਨਾ ਨਹੀਂ ਕਰ ਦਿੰਦਾ। ਵੱਖ-ਵੱਖ ਸਮਾਜਕ ਘੇਰਿਆਂ ਵਿਚ ਜੀਵਨ-ਮਿਆਰ ਅਤੇ ਜੀਵਨ-ਸ਼ੈਲੀ ਦੇ ਇਤਫ਼ਰਕਿਆਂ ਦੇ ਬਾਵਜੂਦ ਔਰਤ-ਮਰਦ ਦੀ ਨਾਬਰਾਬਰੀ ਜ਼ਾਹਿਰ ਜਾਂ ਗੁੱਝੇ ਰੂਪ ਵਿਚ ਕਾਇਮ ਹੈ। ਜੇ ਅਜਿਹਾ ਨਾ ਹੁੰਦਾ ਤਾਂ ਭਰੂਣ-ਹੱਤਿਆ ਤੋਂ ਲੈ ਕੇ ਘਰੇਲੂ ਹਿੰਸਾ ਜਾਂ ਪਾਬੰਦੀਆਂ ਦਾ ਰੁਝਾਨ ਸਮਾਜਕ ਦੀ ਥਾਂ ਜਮਾਤੀ ਹੁੰਦਾ। ਪਿਤਾ-ਪੁਰਖੀ ਕਦਰਾਂ-ਕੀਮਤਾਂ ਅਤੇ ਮਰਦਾਵਾਂ ਗ਼ਲਬਾ ਸਮਾਜਕ ਰੁਝਾਨ ਹੈ ਜਿਸ ਤੋਂ ਮੁਕਤੀ ਲਈ ਸਮਾਜਕ ਰੁਤਬਾ ਨਾਕਾਫ਼ੀ ਹੈ। ਜਦੋਂ ਅਦਾਲਤ ਨੈਨਾ ਸਾਹਨੀ ਦੇ ਸਮਾਜਕ ਰੁਤਬੇ ਦੇ ਹਵਾਲੇ ਨਾਲ ਮੰਨ ਲੈਂਦੀ ਹੈ ਕਿ ਕਾਤਲ ਉਸ ਦੇ ਮੁਕਾਬਲੇ ਗ਼ਾਲਿਬ ਹਾਲਤ ਵਿਚ ਨਹੀਂ ਸੀ ਤਾਂ ਮਰਦਾਵਾਂ ਸਮਾਜਕ ਗ਼ਲਬਾ ਨਜ਼ਰਅੰਦਾਜ਼ ਹੋ ਜਾਂਦਾ ਹੈ। ਇਸ ਤਰ੍ਹਾਂ ਔਰਤ ਉੱਤੇ 'ਆਪਣੀ ਰਾਖੀ ਆਪ ਕਰਨ' ਦੀ ਜ਼ਿੰਮੇਵਾਰੀ ਆ ਪੈਂਦੀ ਹੈ। ਸਮਾਜਕ ਟੀਚੇ ਵਜੋਂ ਅਤੇ ਮਨੁੱਖੀ ਕਦਰਾਂ-ਕੀਮਤਾਂ ਵਜੋਂ ਇਹ ਧਾਰਨਾ ਠੀਕ ਹੋ ਸਕਦੀ ਹੈ ਪਰ ਅਦਾਲਤੀ ਮਨੌਤ ਵਜੋਂ ਸਮਕਾਲੀ ਸਮਾਜ ਦੀ ਪੀੜਤ ਧਿਰ ਉੱਤੇ ਬੇਲੋੜਾ ਬੋਝ ਪਾਉਂਦੀ ਹੈ। ਇਸ ਤਰ੍ਹਾਂ ਸਹੀ ਫ਼ੈਸਲਾ ਗ਼ਲਤ ਦਲੀਲਾਂ ਉੱਤੇ ਟਿਕਿਆ ਹੋਇਆ ਹੈ। ਇਹ ਦਲੀਲਾਂ ਉਸੇ ਸੋਚ ਦੀ ਤਸਦੀਕ ਕਰਦੀਆਂ ਹਨ ਜੋ ਨੈਨਾ ਸਾਹਨੀ ਦੇ ਕਤਲ ਦਾ ਕਾਰਨ ਬਣੀ ਸੀ।

# ਭਾਰਤੀ ਨਿਆਂ ਪ੍ਰਬੰਧ ਦਾ ਜਨਾਜ਼ਾ

## ਲਕਸ਼ਮਣਪੁਰ ਕਤਲੇਆਮ ਦੇ ਸਾਰੇ ਦੋਸ਼ੀ ਬਰੀ

*ਇਹ ਤੱਥ ਵੀ ਜੱਗ ਜ਼ਾਹਰ ਹੈ ਕਿ ਰਣਬੀਰ ਸੈਨਾ ਦੇ ਮੁੱਖ ਸੈਨਾਪਤੀ ਬ੍ਰਹਮੇਸ਼ਵਰ ਸਿੰਘ ਮੁਖੀਆ ਉੱਪਰ ਕਦੇ ਵੀ ਇਸ ਕਾਂਡ ਵਿਚ ਉਸ ਦੀ ਭੂਮਿਕਾ ਨੂੰ ਲੈ ਕੇ ਮੁਕੱਦਮਾ ਨਹੀਂ ਚਲਾਇਆ ਗਿਆ। ਉਸ ਉਪਰ ਉਨ੍ਹਾਂ ਵਿਚੋਂ ਕੋਈ ਵੀ ਦਮਨਕਾਰੀ ਕਾਨੂੰਨ ਲਾਗੂ ਨਹੀਂ ਕੀਤਾ ਗਿਆ ਜੋ ਸਥਾਪਤੀ ਤੋਂ ਨਾਬਰ ਜਥੇਬੰਦੀਆਂ ਦੇ ਹਮਾਇਤੀਆਂ ਉੱਪਰ ਫਟਾਫਟ ਲਗਾ ਦਿੱਤਾ ਜਾਂਦਾ ਹੈ। ਉਸ ਵਿਰੁੱਧ ਕੇਸ ਇਹ ਕਹਿ ਕੇ ਬੰਦ ਕਰ ਦਿੱਤਾ ਗਿਆ ਕਿ ਉਹ 'ਲਾਪਤਾ' ਹੈ। ਹਾਲਾਂਕਿ ਉਹ 2002 ਤੋਂ ਲੈ ਕੇ ਇਸ ਸਾਰੇ ਸਮੇਂ ਦੌਰਾਨ ਇਕ ਹੋਰ ਮਾਮਲੇ 'ਚ ਆਰਾ ਕੇਂਦਰੀ ਜੇਲ੍ਹ ਵਿਚ ਬੰਦ ਰਿਹਾ। ਆਖ਼ਿਰ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਅਤੇ ਉਸ ਨੇ 'ਅਖਿਲ ਭਾਰਤੀ ਰਾਸ਼ਟਰਵਾਦੀ ਕਿਸਾਨ ਸੰਗਠਨ' ਬਣਾ ਲਿਆ।*

ਪਟਨਾ ਹਾਈ ਕੋਰਟ ਵਲੋਂ ਲਕਸ਼ਮਣਪੁਰ ਬਾਥੇ ਕਾਂਡ ਦੇ 26 ਦੋਸ਼ੀਆਂ ਨੂੰ ਬਰੀ ਕਰ ਦੇਣ ਦੇ ਫ਼ੈਸਲੇ ਨਾਲ ਭਾਰਤੀ ਨਿਆਂ ਪ੍ਰਬੰਧ ਦੀ ਕਾਰਗੁਜ਼ਾਰੀ ਇਕ ਵਾਰ ਫਿਰ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਦਾ ਅਨਿਆਂ ਮੂੰਹ ਚੜ੍ਹ ਬੋਲ ਰਿਹਾ ਹੈ। ਅਦਾਲਤੀ ਫ਼ੈਸਲਾ ਐਨੇ ਘਿਣਾਉਣੇ ਰੂਪ 'ਚ ਪੱਖਪਾਤੀ ਹੈ ਕਿ ਮੁੱਖਧਾਰਾ ਦੀਆਂ ਕੁਝ ਸਿਆਸੀ ਪਾਰਟੀਆਂ ਨੂੰ ਵੀ ਇਸ ਉੱਪਰ ਫ਼ਿਕਰਮੰਦੀ ਦਿਖਾਉਣੀ ਪੈ ਗਈ ਹੈ; ਹਾਲਾਂਕਿ ਮਜ਼ਲੂਮਾਂ ਨੂੰ ਨਿਆਂ ਦਿੱਤੇ ਜਾਣ ਨਾਲੋਂ ਇਨ੍ਹਾਂ ਨੂੰ ਇਹ ਚਿੰਤਾ ਵੱਧ ਹੈ ਕਿ ਇਸ ਦੂਹਰੇ ਕਿਰਦਾਰ ਵਾਲੇ ਨਿਆਂ ਪ੍ਰਬੰਧ ਤੋਂ ਕਿਤੇ ਅਵਾਮ ਦਾ ਭਰੋਸਾ ਨਾ ਉੱਠ ਜਾਵੇ! ਹੋਰ ਸਿਤਮਜ਼ਰੀਫ਼ੀ ਦੇਖੋ, ਭਾਰਤੀ ਜਸੂਸ ਸਰਬਜੀਤ ਦੀ ਮੌਤ, ਦਾਮਨੀ ਜਬਰ ਜਨਾਹ ਕਾਂਡ ਵਗੈਰਾ ਦੇ ਦੋਸ਼ੀਆਂ ਖ਼ਿਲਾਫ਼ ਅੱਗ ਉਗਲਣ ਅਤੇ

**ਬੂਟਾ ਸਿੰਘ**
ਫੋਨ: 91-94634-74342

ਮੌਤ ਦੇ ਬਦਲੇ ਮੌਤ ਦੀ ਸਜ਼ਾ ਦੀ ਮੰਗ ਕਰਨ ਵਾਲੀਆਂ ਤਾਕਤਾਂ ਇਸ ਘੋਰ ਅਨਿਆਂ ਭਰੇ ਫ਼ੈਸਲੇ ਬਾਰੇ ਇੰਝ ਖ਼ਾਮੋਸ਼ ਹਨ ਜਿਵੇਂ ਕੁਝ ਹੋਇਆ ਹੀ ਨਹੀਂ। 58 ਦਲਿਤਾਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਹਾਈ ਕੋਰਟ ਦਾ ਬਰੀ ਕਰ ਦੇਣਾ ਉਨ੍ਹਾਂ ਲਈ ਕੋਈ ਮੁੱਦਾ ਹੀ ਨਹੀਂ ਹੈ।

ਚੇਤੇ ਰਹੇ ਕਿ ਸੋਲਾਂ ਸਾਲ ਪਹਿਲਾਂ ਪਹਿਲੀ ਦਸੰਬਰ 1997 ਨੂੰ ਕੇਂਦਰੀ ਬਿਹਾਰ ਦੇ ਜਹਾਨਾਬਾਦ ਜ਼ਿਲ੍ਹੇ ਦੇ ਪਿੰਡ ਲਕਸ਼ਮਣਪੁਰ ਬਾਥੇ ਦੇ ਉੱਚ ਜਾਤੀ ਹੰਕਾਰ ਦੇ ਡੰਗੇ ਲੋਕਾਂ ਨੇ ਰਣਬੀਰ ਸੈਨਾ ਦੀ ਅਗਵਾਈ ਹੇਠ ਦਲਿਤ ਬਸਤੀ ਉੱਪਰ ਹਮਲਾ ਕਰ ਕੇ 27 ਔਰਤਾਂ ਤੇ 16 ਮਾਸੂਮ ਬੱਚਿਆਂ (ਜਿਨ੍ਹਾਂ ਵਿਚੋਂ ਇਕ ਬੱਚੇ ਦੀ ਉਮਰ ਮਸਾਂ ਇਕ ਸਾਲ ਸੀ) ਸਮੇਤ 58 ਦਲਿਤਾਂ ਨੂੰ ਕਤਲ ਕਰ ਦਿੱਤਾ ਸੀ। ਇਸ ਕਾਂਡ ਵਿਚ ਚਾਰ ਦਲਿਤ ਟੱਬਰਾਂ ਦੀ ਤਾਂ ਪੂਰੀ ਕੁਲ ਹੀ ਖ਼ਤਮ ਕਰ ਦਿੱਤੀ ਗਈ ਸੀ। ਅਦਾਲਤੀ ਫ਼ੈਸਲਾ ਇਸ ਕਰ ਕੇ ਵੀ ਚਿੰਤਾਜਨਕ ਹੈ ਕਿ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਵਲੋਂ ਚਸ਼ਮਦੀਦ ਗਵਾਹੀਆਂ ਅਤੇ ਹੋਰ ਸਬੂਤਾਂ ਦੇ ਆਧਾਰ 'ਤੇ 26 ਵਿਚੋਂ 16 ਦੋਸ਼ੀਆਂ ਨੂੰ ਸਜ਼ਾ-ਏ-ਮੌਤ ਅਤੇ 10 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਪਰ ਹਾਈ ਕੋਰਟ ਨੇ "ਗਵਾਹੀਆਂ ਨੂੰ ਗ਼ੈਰ-ਭਰੋਸੇਯੋਗ" ਕਰਾਰ ਦਿੰਦੇ ਹੋਏ ਦੋਸ਼ੀਆਂ ਨੂੰ "ਸ਼ੱਕ ਦਾ ਲਾਹਾ" ਦੇ ਕੇ ਬਰੀ ਕਰਨਾ ਜ਼ਰੂਰੀ ਸਮਝਿਆ; ਹਾਲਾਂਕਿ ਚਸ਼ਮਦੀਦ ਗਵਾਹਾਂ ਵਲੋਂ ਦਿੱਤੇ ਵੇਰਵਿਆਂ ਦੇ ਆਧਾਰ 'ਤੇ ਜਿਨ੍ਹਾਂ 46 ਬੰਦਿਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਸੀ, ਉਨ੍ਹਾਂ ਦੇ ਬੇਪਛਾਣ ਹੋਣ ਦਾ ਸਵਾਲ ਹੀ ਨਹੀਂ ਸੀ। ਇਹ ਲੋਕ ਜ਼ਿਆਦਾਤਰ ਉਸੇ ਪਿੰਡ ਦੇ ਬਾਸ਼ਿੰਦੇ ਸਨ। ਜਿਵੇਂ ਇਕ ਚਸ਼ਮਦੀਦ ਗਵਾਹ ਕਹਿੰਦਾ ਹੈ: "ਮੈਂ ਉਨ੍ਹਾਂ ਨੂੰ ਕਿਵੇਂ ਨਾ ਪਛਾਣਦਾ? ਅਸੀਂ ਇਕੋ ਪਿੰਡ ਵਿਚ ਤਾਂ ਰਹਿੰਦੇ ਹਾਂ ਅਤੇ ਰੋਜ਼ ਦਸ ਵਾਰ ਮੈਂ ਉਨ੍ਹਾਂ ਨੂੰ ਦੇਖਦਾ ਹਾਂ! ਅਸੀਂ ਉਨ੍ਹਾਂ ਦੇ ਖੇਤਾਂ ਵਿਚ ਹੀ ਕੰਮ ਕਰਦੇ ਰਹੇ ਹਾਂ।"

ਨਿਆਂ ਦੇ ਪ੍ਰਤੀਕ ਜੱਜਾਂ ਲਈ ਸਮਾਜ ਦੇ ਸਭ ਤੋਂ ਦੱਬੇ-ਕੁਚਲੇ ਹਿੱਸੇ ਨੂੰ ਨਿਆਂ ਦੇਣ ਨਾਲੋਂ ਗਵਾਹੀਆਂ 'ਚ ਤਕਨੀਕੀ-ਕਾਨੂੰਨੀ ਨੁਕਸ ਜ਼ਿਆਦਾ ਅਹਿਮ ਹੈ। ਉਨ੍ਹਾਂ ਨੇ ਇਨ੍ਹਾਂ ਸਵਾਲਾਂ ਨੂੰ ਮੁਖ਼ਾਤਬ ਹੋਣ ਦੀ ਲੋੜ ਹੀ ਨਹੀਂ ਸਮਝੀ ਕਿ 58 ਨਿਰਦੋਸ਼ ਲੋਕਾਂ ਦਾ ਜ਼ਿੰਦਗੀ ਦਾ ਹੱਕ ਖੋਹਣ ਵਾਲਿਆਂ ਨੂੰ 'ਮਿਸਾਲੀ' ਸਜ਼ਾ ਦੇਣੀ ਜ਼ਰੂਰੀ ਹੈ ਤਾਂ ਜੋ ਭਵਿੱਖ ਵਿਚ ਅਜਿਹੇ ਕਤਲੇਆਮ ਨਾ ਹੋਣ। ਜੇ ਐਡੇ ਵੱਡੇ ਕਤਲੇਆਮ ਬਾਬਤ ਇਸ ਮੁਲਕ ਦਾ ਪੁਲਿਸ ਪ੍ਰਬੰਧ ਅਤੇ ਖੁਫ਼ੀਆ ਏਜੰਸੀਆਂ ਤਫ਼ਤੀਸ਼ ਕਰ ਕੇ ਅਸਲ ਦੋਸ਼ੀਆਂ ਦੀ ਸ਼ਨਾਖ਼ਤ ਹੀ ਨਹੀਂ ਕਰ ਸਕੀਆਂ ਤਾਂ ਜੱਜਾਂ ਨੂੰ ਇਸ ਦੀ ਪੜਤਾਲ ਕਰਾਉਣ ਦੀ ਲੋੜ ਕਿਉਂ ਮਹਿਸੂਸ ਨਹੀਂ ਹੋਈ?

ਜੱਜਾਂ ਨੂੰ ਭਾਵੇਂ ਭਰੋਸੇਯੋਗ ਸਬੂਤ ਨਾ ਦਿਸਿਆ ਹੋਵੇ ਪਰ ਐਨੇ ਖ਼ੌਫ਼ਨਾਕ ਕਾਂਡ ਨੂੰ ਅੰਜਾਮ ਦੇਣ ਵਾਲੀ ਪ੍ਰਾਈਵੇਟ ਜਗੀਰੂ ਸੈਨਾ ਦੇ ਉਦੇਸ਼ ਬਾਰੇ ਤਾਂ ਕਿਸੇ ਨੂੰ ਕਦੇ ਕੋਈ ਭੁਲੇਖਾ ਨਹੀਂ ਰਿਹਾ। 'ਰਣਬੀਰ' ਸੈਨਾਪਤੀਆਂ ਨੇ ਇਸ ਕਾਂਡ ਤੋਂ ਤੁਰੰਤ ਬਾਅਦ ਬਿਆਨ ਜਾਰੀ ਕਰ ਕੇ ਅਤੇ ਮੀਡੀਆ ਨੂੰ ਇੰਟਰਵਿਊ ਦੇ ਕੇ ਦਲਿਤਾਂ ਨੂੰ ਨਕਸਲੀਆਂ ਦਾ ਸਾਥ ਦੇਣ ਤੋਂ ਬਾਜ਼ ਆਉਣ ਅਤੇ ਅਜਿਹਾ ਨਾ ਕੀਤੇ ਜਾਣ ਦੀ ਸੂਰਤ ਵਿਚ ਇਸ ਤੋਂ ਵੀ ਵੱਡੇ ਕਾਂਡਾਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚਿਤਾਵਨੀ ਦਿੱਤੀ ਸੀ ਪਰ ਜੱਜਾਂ ਦੀ 'ਅਦਾਲਤੀ ਸੂਝ' ਕਹਿ ਰਹੀ ਹੈ ਕਿ ਸਿੱਕੇਬੰਦ ਗਵਾਹੀਆਂ ਨਾ ਹੋਣ ਕਾਰਨ ਸਾਰੇ 46 ਮੁਲਜ਼ਮ ਨਿਰਦੋਸ਼ ਹਨ। ਇਥੇ ਨਾ ਤਾਂ ਇਨ੍ਹਾਂ ਜੱਜਾਂ ਨੂੰ 'ਕੌਮ ਦੀ ਸਮੂਹਕ ਭਾਵਨਾ' ਨੂੰ ਸ਼ਾਂਤ ਕਰਨ ਦੀ ਜ਼ਰੂਰਤ ਨਜ਼ਰ ਆਈ ਜੋ ਅਫ਼ਜ਼ਲ ਗੁਰੂ ਜਾਂ ਅਜਮਲ ਕਸਾਬ ਨੂੰ ਫਾਹੇ ਲਾਉਣ ਦੀ ਮੁੱਖ ਦਲੀਲ ਸੀ ਅਤੇ ਨਾ ਹੀ 'ਵਿਰਲਿਆਂ ਵਿਚੋਂ ਸਭ ਤੋਂ ਵਿਰਲੇ' ਮਾਮਲੇ ਦੀ ਦਲੀਲ ਨੇ ਇਨ੍ਹਾਂ ਦੀ 'ਜ਼ਮੀਰ' ਨੂੰ ਟੁੰਬਿਆ ਜੋ ਮੌਤ ਦੀਆਂ ਸਜ਼ਾਵਾਂ ਦੇਣ ਸਮੇਂ ਅਕਸਰ ਵਰਤੀ ਜਾਂਦੀ ਹੈ। ਜੱਜਾਂ ਨੂੰ ਇਹ ਵੀ ਯਾਦ ਨਹੀਂ ਰਿਹਾ ਕਿ ਉਦੋਂ ਮੁਲਕ ਦੇ ਰਾਸ਼ਟਰਪਤੀ ਕੇ.ਆਰ. ਨਰਾਇਣਨ ਨੇ ਇਸ ਕਾਂਡ ਨੂੰ 'ਕੌਮੀ ਸ਼ਰਮਸਾਰੀ' ਵਾਲਾ ਮਾਮਲਾ ਕਿਹਾ ਸੀ।



*ਲਕਸ਼ਮਣਪੁਰ ਬਾਥੇ ਵਿਚ ਦਲਿਤਾਂ ਦੀਆਂ ਜਲ ਰਹੀਆਂ ਚਿਤਾਵਾਂ।*

ਇਹ ਤੱਥ ਵੀ ਜੱਗ ਜ਼ਾਹਰ ਹੈ ਕਿ ਰਣਬੀਰ ਸੈਨਾ ਦੇ ਮੁੱਖ ਸੈਨਾਪਤੀ ਬ੍ਰਹਮੇਸ਼ਵਰ ਸਿੰਘ ਮੁਖੀਆ ਉੱਪਰ ਕਦੇ ਵੀ ਇਸ ਕਾਂਡ ਵਿਚ ਉਸ ਦੀ ਭੂਮਿਕਾ ਨੂੰ ਲੈ ਕੇ ਮੁਕੱਦਮਾ ਨਹੀਂ ਚਲਾਇਆ ਗਿਆ। ਉਸ ਉਪਰ ਉਨ੍ਹਾਂ ਵਿਚੋਂ ਕੋਈ ਵੀ ਦਮਨਕਾਰੀ ਕਾਨੂੰਨ ਲਾਗੂ ਨਹੀਂ ਕੀਤਾ ਗਿਆ ਜੋ ਸਥਾਪਤੀ ਤੋਂ ਨਾਬਰ ਜਥੇਬੰਦੀਆਂ ਦੇ ਹਮਾਇਤੀਆਂ ਉੱਪਰ ਫਟਾਫਟ ਲਗਾ ਦਿੱਤਾ ਜਾਂਦਾ ਹੈ। ਉਸ ਵਿਰੁੱਧ ਕੇਸ ਇਹ ਕਹਿ ਕੇ ਬੰਦ ਕਰ ਦਿੱਤਾ ਗਿਆ ਕਿ ਉਹ 'ਲਾਪਤਾ' ਹੈ। ਹਾਲਾਂਕਿ ਉਹ 2002 ਤੋਂ ਲੈ ਕੇ ਇਸ ਸਾਰੇ ਸਮੇਂ ਦੌਰਾਨ ਇਕ ਹੋਰ ਮਾਮਲੇ 'ਚ ਆਰਾ ਕੇਂਦਰੀ ਜੇਲ੍ਹ ਵਿਚ ਬੰਦ ਰਿਹਾ। (ਆਖ਼ਿਰ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਅਤੇ ਉਸ ਨੇ 'ਅਖਿਲ ਭਾਰਤੀ ਰਾਸ਼ਟਰਵਾਦੀ ਕਿਸਾਨ ਸੰਗਠਨ' ਬਣਾ ਲਿਆ। ਜੂਨ 2012 'ਚ ਉਸ ਨੂੰ ਅਣਪਛਾਤੇ ਬੰਦਿਆਂ ਨੇ ਕਤਲ ਕਰ ਦਿੱਤਾ ਸੀ।)

ਇਕੱਲਾ ਲਕਸ਼ਮਣਪੁਰ ਹੀ ਨਹੀਂ, ਪਟਨਾ ਹਾਈ ਕੋਰਟ ਵਲੋਂ ਸਿਲਸਿਲੇਵਾਰ ਢੰਗ ਨਾਲ ਮੀਆਂਪੁਰ, ਨਗਾਈ, ਬਠਾਣੀ ਟੋਲਾ ਆਦਿ ਕਤਲੇਆਮਾਂ ਦੇ 48 ਦੋਸ਼ੀ ਬਰੀ ਕੀਤੇ ਗਏ ਹਨ ਜਦਕਿ ਬਿਹਾਰ ਵਿਚ ਅਖੌਤੀ ਉਚ ਜਾਤੀ ਗਰੋਹਾਂ ਵਲੋਂ ਦਲਿਤਾਂ ਉੱਪਰ ਸਦੀਵੀ ਦਾਬੇ ਨੂੰ ਬਰਕਰਾਰ ਰੱਖਣ ਲਈ ਜੋ ਕਤਲੋਗ਼ਾਰਤ ਕੀਤੀ ਜਾਂਦੀ ਰਹੀ, ਉਸ ਸਿਲਸਿਲੇ ਨੂੰ ਰੋਕਣ ਦੇ ਇਕ ਸਾਧਨ ਵਜੋਂ ਮਾਓਵਾਦੀ ਕਮਿਊਨਿਸਟ ਕੇਂਦਰ ਵਲੋਂ ਕੀਤੇ ਗਏ ਬਾਰਾਨਗਰ ਉਚ ਜਾਤੀ ਕਤਲੇਆਮ (ਫਰਵਰੀ 1992) ਦੇ ਮਾਮਲੇ 'ਚ ਸਟੇਟ ਵਲੋਂ ਬਿਲਕੁਲ ਹੀ ਵੱਖਰੀ ਤਰ੍ਹਾਂ ਦਾ ਰਵੱਈਆ ਅਖ਼ਤਿਆਰ ਕੀਤਾ ਗਿਆ। ਇਸ ਕਤਲ ਕਾਂਡ ਨੂੰ ਆਧਾਰ ਬਣਾ ਕੇ ਉਦੋਂ ਲਾਲੂ ਪ੍ਰਸਾਦ ਯਾਦਵ ਦੀ ਹਕੂਮਤ ਵਲੋਂ ਬਿਹਾਰ ਵਿਚ ਟਾਡਾ ਕਾਨੂੰਨ ਲਾਗੂ ਕਰ ਕੇ ਇਸ ਦੀਆਂ ਖ਼ਾਸ ਦਮਨਕਾਰੀ ਕਾਨੂੰਨੀ ਤਾਕਤਾਂ ਵਰਤ ਕੇ ਮਾਓਵਾਦੀ ਹਮਾਇਤੀਆਂ ਨੂੰ ਮੁਕੱਦਮੇ ਵਿਚ ਸ਼ਾਮਲ ਕਰ ਲਿਆ ਗਿਆ। 2001 'ਚ ਸਪੈਸ਼ਲ ਟਾਡਾ ਅਦਾਲਤ ਅਤੇ ਜ਼ਿਲ੍ਹਾ ਸੈਸ਼ਨਜ਼ ਅਦਾਲਤ ਵਲੋਂ ਦੋਸ਼ੀ ਠਹਿਰਾਏ ਵਿਅਕਤੀਆਂ ਨੂੰ ਸਜ਼ਾ-ਏ-ਮੌਤ ਦਿੱਤੀ ਗਈ। ਸੁਪਰੀਮ ਕੋਰਟ ਵਲੋਂ ਵੀ ਇਨ੍ਹਾਂ ਵਿਚੋਂ ਕੁਝ ਦੀ ਮੌਤ ਦੀ ਸਜ਼ਾ ਅਤੇ ਕੁਝ ਦੀ ਉਮਰ ਕੈਦ ਦੇ ਰੂਪ 'ਚ ਬਰਕਰਾਰ ਰੱਖੀ ਗਈ।

ਜੱਜਾਂ ਲਈ ਰਣਬੀਰ ਸੈਨਾ ਦੇ ਮੁੱਖਧਾਰਾ ਪਾਰਟੀਆਂ ਨਾਲ ਗੂੜ੍ਹੇ ਸਬੰਧਾਂ ਤੋਂ ਪਰਦਾ ਚੁੱਕਦੀ ਰਿਪੋਰਟ ਵੀ ਕੋਈ ਮਾਇਨੇ ਨਹੀਂ ਰੱਖਦੀ। ਭਾਰੀ ਲੋਕ ਦਬਾਅ ਅਧੀਨ ਲਾਲੂ ਸਰਕਾਰ ਨੂੰ ਇਨ੍ਹਾਂ ਸਬੰਧਾਂ ਦੀ ਪੜਤਾਲ ਲਈ ਅਮੀਰ ਦਾਸ ਕਮਿਸ਼ਨ ਬਣਾਉਣਾ ਪਿਆ ਸੀ। ਰਿਪੋਰਟ ਨੇ ਅਹਿਮ ਖ਼ੁਲਾਸੇ ਕੀਤੇ ਕਿ ਰਣਬੀਰ ਸੈਨਾ ਦੀ ਪੁਸ਼ਤ-ਪਨਾਹੀ ਕਰਨ ਵਾਲਿਆਂ ਵਿਚ ਭਾਜਪਾ, ਕਾਂਗਰਸ, ਰਾਸ਼ਟਰੀ ਜਨਤਾ ਦਲ, ਜਨਤਾ ਦਲ (ਯੂਨਾਈਟਿਡ) ਸਾਰੇ ਸ਼ਾਮਲ ਹਨ। ਇਨ੍ਹਾਂ ਵਿਚ ਭਾਜਪਾ ਦਾ ਸੂਬਾਈ ਮੁਖੀ ਸੁਸ਼ੀਲ ਮੋਦੀ, ਚੋਟੀ ਦਾ ਭਾਜਪਾਈ ਆਗੂ ਮੁਰਲੀ ਮਨੋਹਰ ਜੋਸ਼ੀ, ਕੇਂਦਰੀ ਰਾਜ ਮੰਤਰੀ (ਆਰ.ਜੇ.ਡੀ.) ਅਖਿਲੇਸ਼ ਸਿੰਘ, ਰਾਜ ਮੰਤਰੀ ਕਾਂਤੀ ਸਿੰਘ (ਲਾਲੂ ਦਾ ਨੇੜਲਾ ਸਾਥੀ), ਬਿਹਾਰ ਕਾਂਗਰਸ ਕਮੇਟੀ ਦਾ ਸਾਬਕਾ ਪ੍ਰਧਾਨ ਰਾਮ ਜਤਨ ਸਿਨਹਾ, ਨਿਤੀਸ਼ ਸਰਕਾਰ ਦਾ ਇਕ ਮੰਤਰੀ ਨੰਦ ਕਿਸ਼ੋਰ ਯਾਦਵ, ਸਮਤਾ ਪਾਰਟੀ ਦਾ ਸਾਬਕਾ ਪ੍ਰਧਾਨ ਨਰੇਂਦਰ ਪਾਂਡੇ ਸਮੇਤ ਇਨ੍ਹਾਂ ਪਾਰਟੀਆਂ ਦੇ ਬਹੁਤ ਸਾਰੇ ਵਿਧਾਇਕ ਅਤੇ ਸੰਸਦ ਮੈਂਬਰ ਸ਼ਾਮਲ ਹਨ। ਇਹ ਰਿਪੋਰਟ ਕਦੇ ਵੀ ਜਨਤਕ ਨਹੀਂ ਕੀਤੀ ਗਈ। ਸੀ.ਐਨ.ਐਨ.-ਆਈ.ਬੀ.ਐਨ ਟੀ.ਵੀ. ਚੈਨਲ ਵਲੋਂ 29 ਅਪਰੈਲ 2006 ਨੂੰ ਇਸ ਰਿਪੋਰਟ ਦੇ ਅਹਿਮ ਹਿੱਸੇ ਨਸ਼ਰ ਕਰ ਕੇ ਸੱਚ ਸਾਹਮਣੇ ਲਿਆਂਦਾ ਗਿਆ ਸੀ।

ਇਹ ਕਾਂਡ ਸ਼ਾਇਦ ਬਿਹਾਰ ਅੰਦਰ 1980ਵਿਆਂ ਅਤੇ 90ਵਿਆਂ ਵਿਚ ਦਲਿਤਾਂ ਦੀ ਹੱਕ-ਜਤਾਈ ਨੂੰ ਕੁਚਲਣ ਲਈ ਉੱਚ ਜਾਤੀ ਭੋਇੰ ਮਾਲਕ ਜਮਾਤ ਵਲੋਂ ਪ੍ਰਾਈਵੇਟ ਸੈਨਾਵਾਂ ਬਣਾ ਕੇ ਕੀਤੇ ਕਤਲ ਕਾਂਡਾਂ ਦੀ ਲੰਮੀ ਲੜੀ ਵਿਚੋਂ ਸਭ ਤੋਂ ਵੱਡਾ ਕਾਂਡ ਸੀ। 1976 ਤੋਂ ਲੈ ਕੇ 2001 ਤਕ ਅਜਿਹੇ 80 ਤੋਂ ਉਪਰ ਕਾਂਡਾਂ ਨੂੰ ਅੰਜਾਮ ਦਿੱਤਾ ਗਿਆ। ਇਨ੍ਹਾਂ ਦੇ ਪਿਛੋਕੜ ਵਿਚ ਵੱਖੋ-ਵੱਖਰੇ ਨਕਸਲੀ ਧੜਿਆਂ ਵਲੋਂ ਇਨ੍ਹਾਂ ਸਭ ਤੋਂ ਦੱਬੇ-ਕੁਚਲੇ ਲੋਕਾਂ ਨੂੰ ਲਾਮਬੰਦ ਕਰ ਕੇ ਹੱਕ-ਜਤਾਈ ਦੇ ਸੰਘਰਸ਼ਾਂ ਵਿਚ ਖਿੱਚ ਲਿਆਉਣ ਦਾ ਲੰਮਾ ਇਤਿਹਾਸ ਪਿਆ ਹੈ। ਇਕਾ-ਦੁੱਕਾ ਕਤਲੇਆਮ ਨੂੰ ਛੱਡ ਕੇ ਦਲਿਤਾਂ ਦੇ ਕਤਲੇਆਮ ਦੇ ਬਦਲੇ ਉੱਚ ਜਾਤੀਆਂ ਦੇ ਕਤਲੇਆਮ ਕਦੇ ਵੀ ਨਕਸਲੀ ਲਹਿਰ ਦੀ ਆਮ ਨੀਤੀ ਨਹੀਂ ਰਹੇ। ਨਕਸਲੀਆਂ ਨੇ ਮਹਿਜ਼ ਸਦੀਆਂ

### ਦੇਸ-ਪਰਦੇਸ

ਤੋਂ ਸਮਾਜ ਦੀ ਕੰਨੀ 'ਤੇ ਧੱਕੇ ਹੋਏ ਅਤੇ ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਮੁੱਢਲੀਆਂ ਜ਼ਰੂਰਤਾਂ ਤੋਂ ਵਾਂਝੇ ਮਜ਼ਲੂਮਾਂ ਨੂੰ ਲਾਮਬੰਦ ਕਰ ਕੇ ਉਨ੍ਹਾਂ ਦੇ ਹੱਕ ਹੀ ਨਹੀਂ ਦਿਵਾਏ ਸਗੋਂ ਇਕ ਦਰਜਨ ਉਨ੍ਹਾਂ ਗ਼ੈਰ-ਕਾਨੂੰਨੀ, ਪ੍ਰਾਈਵੇਟ ਜਗੀਰੂ ਸੈਨਾਵਾਂ ਦਾ ਲੱਕ ਵੀ ਤੋੜਿਆ ਜੋ ਦਲਿਤਾਂ ਦੀ ਇਸ ਹੱਕ-ਜਤਾਈ ਨੂੰ ਰੋਕਣ ਲਈ ਬਣਾਈਆਂ ਗਈਆਂ ਸਨ। ਜਿਨ੍ਹਾਂ ਨੂੰ ਬਣਾਉਣ, ਚਲਾਉਣ ਅਤੇ ਫੈਲਾਉਣ ਵਿਚ ਸਟੇਟ ਅਤੇ ਹੁਕਮਰਾਨ ਪਾਰਟੀਆਂ ਦਾ ਹਿੱਤ ਹੀ ਨਹੀਂ ਹੱਥ ਵੀ ਸੀ। ਇਹ ਉਸੇ ਬਾਕਾਇਦਾ ਨੀਤੀ ਦਾ ਹਿੱਸਾ ਸੀ ਜਿਸ ਤਹਿਤ ਹੁਕਮਰਾਨ ਸਥਾਪਤੀ ਵਿਰੋਧੀ ਕਿਸੇ ਵੀ ਤਹਿਰੀਕ ਦੀ ਉਠਾਣ ਸਮੇਂ ਇਨ੍ਹਾਂ ਤਹਿਰੀਕਾਂ ਨੂੰ ਦਬਾਉਣ ਅਤੇ ਇਨ੍ਹਾਂ ਦੇ ਹਮਾਇਤੀ ਅਵਾਮ ਨੂੰ ਦਹਿਸ਼ਤਜ਼ਦਾ ਕਰਨ ਲਈ ਗ਼ੈਰ-ਕਾਨੂੰਨੀ ਕਾਤਲ ਗਰੋਹ ਬਣਾਉਂਦੇ ਹਨ।

ਨਕਸਲੀਆਂ ਵਲੋਂ ਉਠਾਏ ਮੁੱਦੇ ਬੜੇ ਸਾਧਾਰਨ ਅਤੇ ਸੰਵਿਧਾਨਕ ਦਾਇਰੇ ਦੇ ਸਨ: ਕਾਨੂੰਨੀ ਤੌਰ 'ਤੇ ਤੈਅ ਘੱਟੋ-ਘੱਟ ਮਜ਼ਦੂਰੀ, ਜਾਤ-ਪਾਤੀ ਦਾਬੇ ਅਤੇ ਵਗਾਰ ਤੋਂ ਮੁਕਤ ਮਾਣ-ਇੱਜ਼ਤ ਵਾਲੀ ਜ਼ਿੰਦਗੀ ਅਤੇ ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰ ਕੇ ਜਗੀਰੂ ਮਾਲਕੀ ਹੇਠਲੀ ਗ਼ੈਰ-ਕਾਨੂੰਨੀ ਜ਼ਮੀਨ ਦੀ ਮੁੜ-ਵੰਡ, ਪਰ ਇਹ ਸਾਰੇ ਮੁੱਦੇ ਜਗੀਰੂ ਧੌਂਸ ਲਈ ਵੰਗਾਰ ਸਨ। ਇਹ ਉਹ ਮੁੱਦੇ ਸਨ ਜੋ 1947 ਦੀ ਸੱਤਾ ਬਦਲੀ ਤੋਂ ਬਾਅਦ ਅਪਣਾਏ 'ਆਜ਼ਾਦ' ਸੰਵਿਧਾਨ ਵਿਚ ਸ਼ੁਮਾਰ ਤਾਂ ਸਨ ਪਰ ਜਿਨ੍ਹਾਂ ਨੂੰ ਕਦੇ ਕਿਸੇ ਹੁਕਮਰਾਨ ਪਾਰਟੀ ਨੇ ਉਠਾਉਣ ਅਤੇ ਲਾਗੂ ਕਰਨ ਦੀ ਲੋੜ ਹੀ ਨਹੀਂ ਸਮਝੀ। ਇਹ ਮੁੱਦੇ 1970 ਦੇ ਸ਼ੁਰੂ ਦੀ ਪਛਾੜ ਤੋਂ ਪਿੱਛੋਂ ਨਕਸਲੀਆਂ ਨੇ ਉਠਾਏ ਜੋ ਹੁਕਮਰਾਨ ਲਾਣੇ ਅਨੁਸਾਰ 'ਦੇਸ਼ਧ੍ਰੋਹੀ' ਅਤੇ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ 'ਸਭ ਤੋਂ ਵੱਡਾ ਖ਼ਤਰਾ' ਹਨ। ਦਿਲਚਸਪ ਗੱਲ ਇਹ ਹੈ ਕਿ ਮੁੱਖਧਾਰਾ ਸਿਆਸੀ ਕੋੜਮਾ ਤਾਂ ਆਪਣੇ ਹੱਥੀਂ ਬਣਾਏ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਲਈ ਵੀ ਤਿਆਰ ਨਹੀਂ ਹੈ, ਫਿਰ ਵੀ ਇਹ ਕਾਨੂੰਨ ਦਾ ਸਭ ਤੋਂ ਵੱਡਾ ਪਾਬੰਦ ਕਹਾਉਂਦਾ ਹੈ ਪਰ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਵਾਉਣ ਲਈ ਸੰਜੀਦਾ ਸੰਘਰਸ਼ਾਂ ਦਾ ਪਿੜ ਬੰਨ੍ਹਣ ਵਾਲੇ ਨਕਸਲੀ ਇਨਕਲਾਬੀਆਂ ਨੂੰ ਸਭ ਤੋਂ ਵੱਡਾ ਖ਼ਤਰਾ ਐਲਾਨਦਾ ਹੈ। ਇਹ ਨੋਟ ਕਰਨਾ ਵੀ ਘੱਟ ਦਿਲਚਸਪ ਨਹੀਂ ਹੈ ਕਿ ਹੁਕਮਰਾਨ ਧਿਰ ਵਲੋਂ ਜਦੋਂ ਅਤੇ ਜਿਥੇ ਵੀ ਲੋਕਮੁਖੀ ਸੁਧਾਰਾਂ ਉੱਪਰ ਜ਼ੋਰ ਦੇਣ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਹੈ, ਉਸ ਦੀ ਪ੍ਰੇਰਨਾ ਕਦੇ ਵੀ ਸਟੇਟ ਵਲੋਂ ਆਪਣੀ ਬੁਨਿਆਦੀ ਜ਼ਿੰਮੇਵਾਰੀ ਨਿਭਾਉਣ ਅਤੇ ਅਵਾਮ ਦੀ ਬਿਹਤਰੀ ਦੀ ਸੰਜੀਦਾ ਪਹੁੰਚ ਨਹੀਂ ਰਹੀ ਸਗੋਂ ਨਕਸਲੀਆਂ/ਮਾਓਵਾਦੀਆਂ ਦੇ ਵਧ ਰਹੇ ਰਸੂਖ਼ ਨੂੰ ਰੋਕਣ ਦੀਆਂ ਮਜਬੂਰੀਆਂ ਅਤੇ ਦਬਾਅ ਹੀ ਮੁੱਖ ਕਾਰਨ ਰਹੇ ਹਨ।

ਅਜਿਹੇ ਨੰਗੇ ਅਨਿਆਂ ਭਰੇ ਫ਼ੈਸਲੇ ਦੇਣ ਵਾਲਾ ਅਦਾਲਤੀ ਪ੍ਰਬੰਧ ਦੱਬੇ-ਕੁਚਲੇ ਅਵਾਮ ਨੂੰ ਕਾਨੂੰਨ ਵਿਚ ਭਰੋਸਾ ਰੱਖਣ ਅਤੇ ਕਾਨੂੰਨ ਦੇ ਪਾਬੰਦ ਰਹਿਣ ਦੀ ਤਵੱਕੋ ਕਿਸ ਆਧਾਰ 'ਤੇ ਕਰਦਾ ਹੈ? ਉਹ ਪ੍ਰਬੰਧ ਜਿਸ ਦੇ ਮਿਆਰ ਸ਼ਰੇਆਮ ਦੂਹਰੇ ਹਨ- ਅਖੌਤੀ ਉਚ ਜਾਤਾਂ ਲਈ ਹੋਰ ਅਤੇ ਦਲਿਤਾਂ ਲਈ ਹੋਰ। ਜ਼ਾਲਮਾਂ ਤੇ ਧੱਕੜਾਂ ਲਈ ਹੋਰ ਅਤੇ ਮਜ਼ਲੂਮਾਂ ਤੇ ਲੁੱਟੇ-ਪੁੱਟਿਆਂ ਲਈ ਹੋਰ।

# ਰਾਹੁਲ ਗਾਂਧੀ ਦੀ ਕਾਂਗਰਸ ਅਤੇ ਲੋਕ ਸਭਾ ਚੋਣਾਂ

ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਉਸ ਆਰਡੀਨੈਂਸ ਨੂੰ ਵਾਪਸ ਕਰਵਾਉਣ ਵਿਚ ਸਫ਼ਲ ਰਹੇ ਜਿਸ ਦੀ ਬਦੌਲਤ ਉਨ੍ਹਾਂ ਸਜ਼ਾਯਾਫ਼ਤਾ ਵਿਧਾਨਕਾਰਾਂ ਦੀਆਂ ਸੀਟਾਂ ਵੀ ਬਚ ਜਾਣੀਆਂ ਸਨ ਜਿਨ੍ਹਾਂ ਨੂੰ ਦੋ ਜਾਂ ਇਸ ਤੋਂ ਵਧੇਰੇ ਸਾਲ ਦੀ ਸਜ਼ਾ ਹੋਈ ਹੋਵੇ। ਰਾਹੁਲ ਕਾਂਗਰਸ ਦੀ ਇਕ ਪ੍ਰੈੱਸ

**ਪ੍ਰਫੁੱਲ ਬਿਦਵਈ**

ਕਾਨਫ਼ਰੰਸ ਵਿਚ ਦਾਖ਼ਲ ਹੋਏ ਅਤੇ ਆਰਡੀਨੈਂਸ ਨੂੰ 'ਬੇਹੂਦਾ' ਕਰਾਰ ਦਿੱਤਾ। ਰਾਹੁਲ ਦਾ ਇਹ ਵਿਰੋਧ ਉਨ੍ਹਾਂ ਸਾਰੇ ਸੁਚੇਤ ਨਾਗਰਿਕਾਂ ਦੀਆਂ ਭਾਵਨਾਵਾਂ ਨੂੰ ਪ੍ਰਤੀਬਿੰਬਤ ਕਰਦਾ ਹੈ ਜੋ ਇਸ ਗੱਲੋਂ ਚਿੰਤਤ ਹਨ ਕਿ 2008 ਤੋਂ ਹੁਣ ਤੱਕ ਚੁਣੇ ਗਏ ਕੁੱਲ 4807 ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵਿਚੋਂ 30 ਫ਼ੀਸਦੀ ਮੈਂਬਰਾਂ ਖਿਲਾਫ਼ ਅਪਰਾਧਕ ਮਾਮਲੇ ਦਰਜ ਹਨ। ਆਰਡੀਨੈਂਸ ਨਾਲ ਰਾਜਨੀਤੀ ਦੇ ਅਪਰਾਧੀਕਰਨ ਨੂੰ ਹੀ ਸ਼ਹਿ ਮਿਲਣੀ ਸੀ ਪਰ ਜਿਸ ਦਾਬੇ ਵਾਲੇ ਢੰਗ ਨਾਲ ਰਾਹੁਲ ਨੇ ਇਸ ਵਿਰੁੱਧ ਆਵਾਜ਼ ਉਠਾਈ, ਉਹ ਕੋਈ ਵਡਿਆਈ ਵਾਲਾ ਨਹੀਂ ਸੀ। ਉਹ ਇਹ ਮਾਮਲਾ ਕਾਂਗਰਸ ਵਿਚ ਜਾਂ ਕਾਂਗਰਸ ਰਾਹੀਂ ਸਰਕਾਰ ਵਿਚ ਵੀ ਉਠਾ ਸਕਦੇ ਸਨ ਪਰ ਇਸ ਦੀ ਬਜਾਏ ਉਨ੍ਹਾਂ ਨੇ ਜਨਤਕ ਤੌਰ 'ਤੇ ਮਾਮਲੇ ਨੂੰ ਉਭਾਰਿਆ। ਇਹ ਸਾਰਾ ਕੁਝ ਜੋਸ਼ ਜਾਂ ਵੇਗ ਤਹਿਤ ਨਹੀਂ ਸੀ ਹੋਇਆ ਸਗੋਂ ਗਿਣੇ-ਮਿਥੇ ਢੰਗ ਨਾਲ ਕੀਤਾ ਗਿਆ ਸੀ ਤਾਂ ਕਿ ਕਾਂਗਰਸ ਵਿਚ ਰਾਹੁਲ ਗਾਂਧੀ ਦੀ ਅਹਿਮੀਅਤ ਹੋਰ ਵਧੇ। ਕਾਂਗਰਸ ਵਿਚ ਬਹੁਤਿਆਂ ਦਾ ਮੰਨਣਾ ਹੈ ਕਿ ਨਹਿਰੂ-ਗਾਂਧੀ ਘਰਾਣੇ ਦੀ ਚੌਥੀ ਪੀੜ੍ਹੀ ਹੋਣ ਦੇ ਨਾਤੇ ਰਾਹੁਲ ਨੂੰ ਪਾਰਟੀ ਦੇ ਸਾਰੇ ਲੋਕਤੰਤਰੀ ਨਿਯਮਾਂ ਤੋਂ ਛੋਟ ਹੈ। ਉਂਝ ਇਸ ਸਾਰੇ ਘਟਨਾਕ੍ਰਮ ਕਾਰਨ ਰਾਹੁਲ ਦੀ ਚਮਕ ਫਿੱਕੀ ਹੀ ਪਈ ਹੈ।

ਖ਼ੁਦ ਨੂੰ ਕਾਂਗਰਸ ਦੇ 'ਅੰਦਰਲੇ ਅਤੇ ਬਾਹਰਲੇ' (ਭਾਵ ਇਸ ਦੀ ਲੀਡਰਸ਼ਿਪ ਦੇ ਵਾਰਸ ਅਤੇ ਪਾਰਟੀ ਦੇ ਆਲੋਚਕ) ਦੇ ਰੂਪ ਵਿਚ ਸਥਾਪਤ ਕਰ ਕੇ ਰਾਹੁਲ ਖ਼ੁਦ ਦਾ ਅਜਿਹਾ ਅਕਸ ਹੀ ਪੇਸ਼ ਕਰ ਰਹੇ ਹਨ ਜਿਸ ਤਹਿਤ ਉਨ੍ਹਾਂ ਨੂੰ ਜਾਂ ਤਾਂ ਗ਼ੈਰ-ਜ਼ਿੰਮੇਵਾਰ ਸਮਝਿਆ ਜਾਵੇਗਾ ਜਾਂ ਫਿਰ ਇਹ ਸਮਝਿਆ ਜਾਵੇਗਾ ਕਿ ਲੀਡਰਸ਼ਿਪ ਦੀ ਭੂਮਿਕਾ ਹਾਸਲ ਕਰ ਲੈਣ ਅਤੇ ਇਹ ਖ਼ੁਦ ਐਲਾਨ ਕਰਨ ਕਿ ਅਗਲੀ ਸਰਕਾਰ 'ਨੌਜਵਾਨਾਂ ਦੀ ਸਰਕਾਰ' ਹੋਵੇਗੀ, ਦੇ ਬਾਵਜੂਦ ਰਾਹੁਲ ਗਾਂਧੀ ਪਾਰਟੀ ਦੀ ਅਗਵਾਈ ਕਰਨ ਪ੍ਰਤੀ ਗ਼ੈਰ-ਖਾਹਿਸ਼ਮੰਦ ਹਨ। ਸ਼ੁਰੂ-ਸ਼ੁਰੂ ਵਿਚ ਆਪਣੀ ਇਸ 'ਅੰਦਰਲੇ ਅਤੇ ਬਾਹਰਲੇ' ਵਾਲੀ ਭੂਮਿਕਾ ਨਾਲ ਰਾਹੁਲ ਗਾਂਧੀ ਨੇ ਚੰਗੀ ਵਡਿਆਈ ਖੱਟੀ ਸੀ, ਜਦੋਂ ਉਨ੍ਹਾਂ ਨੇ ਭੂਮੀ ਗ੍ਰਹਿਣ ਖਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਦਾ ਸਾਥ ਦਿੱਤਾ ਸੀ ਅਤੇ ਦਲਿਤਾਂ ਨਾਲ ਉਨ੍ਹਾਂ ਦੀਆਂ ਝੌਂਪੜੀਆਂ ਵਿਚ ਜਾ ਕੇ ਭੋਜਨ ਸਾਂਝਾ ਕੀਤਾ ਸੀ ਜੋ ਕਾਂਗਰਸ ਦੇ ਵਿਰਲੇ ਆਗੂ ਹੀ ਕਰਦੇ ਹਨ ਪਰ ਹੁਣ ਰਾਹੁਲ ਦਾ ਉਹ ਅਕਸ ਇਕ 'ਦੇਣਦਾਰੀ' ਬਣਦਾ ਜਾ ਰਿਹਾ ਹੈ। ਰਾਹੁਲ ਗਾਂਧੀ ਨੂੰ ਘੁਮੰਡੀ ਵਜੋਂ ਵੀ ਵੇਖਿਆ ਜਾਣ ਲੱਗਾ ਹੈ। ਜਨਵਰੀ ਵਿਚ ਜਦੋਂ ਉਨ੍ਹਾਂ ਨੂੰ ਕਾਂਗਰਸ ਦੇ ਉਪ ਪ੍ਰਧਾਨ ਵਜੋਂ ਤਰੱਕੀ ਦਿੱਤੀ ਗਈ ਸੀ ਤਾਂ ਉਨ੍ਹਾਂ ਨੇ ਆਪਣੀ ਮਾਂ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ 'ਅਸਲ ਵਿਚ ਸੱਤਾ ਜ਼ਹਿਰ ਹੈ' ਪਰ ਹੁਣ ਜਾਪਦਾ ਹੈ ਕਿ ਉਹ ਇਸ ਜ਼ਹਿਰ ਦਾ ਆਨੰਦ ਉਠਾਉਣ ਲੱਗੇ ਹਨ। ਇਹ ਗੱਲ ਵੱਖਰੀ ਹੈ ਕਿ ਕਾਂਗਰਸ ਵਿਚ 'ਪਰਿਵਾਰਵਾਦੀ ਪ੍ਰਬੰਧ' ਬਿਨਾਂ ਕਿਸੇ ਤਬਦੀਲੀ ਤੋਂ ਉਸੇ ਤਰ੍ਹਾਂ ਜਾਰੀ ਹੈ। ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚ ਹੋਈਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਰਣਨੀਤੀ ਰਾਹੁਲ ਗਾਂਧੀ ਨੇ ਹੀ ਘੜੀ ਸੀ ਪਰ ਕਾਂਗਰਸ ਦੀ ਕਾਰਗੁਜ਼ਾਰੀ, ਖਾਸ ਕਰ ਕੇ ਬਿਹਾਰ ਵਿਚ ਅਤਿਅੰਤ ਮਾੜੀ ਰਹੀ। ਦੂਜੀ ਗੱਲ ਇਹ ਕਿ ਉਨ੍ਹਾਂ ਨੇ ਕੌਮੀ ਪੱਧਰ 'ਤੇ ਗਠਜੋੜ ਬਣਾਉਣ ਵੱਲ ਵੀ ਕੋਈ ਰੁਚੀ ਨਹੀਂ ਦਿਖਾਈ ਜਦ ਕਿ ਆਉਂਦੀਆਂ ਚੋਣਾਂ ਲਈ ਅਜਿਹੇ ਗਠਜੋੜ ਬੜੇ ਅਹਿਮ ਹਨ। ਕਾਂਗਰਸ ਵੱਲੋਂ ਆਪਣੇ ਬਲਬੂਤੇ ਲੋਕ ਸਭਾ ਚੋਣਾਂ 'ਚ ਜਿੱਤ ਪ੍ਰਾਪਤ ਕਰਨ ਦੀ ਬਹੁਤੀ ਸੰਭਾਵਨਾ ਨਜ਼ਰ ਨਹੀਂ ਆਉਂਦੀ।

# ਬੋਲ ਭਾਈ ਬੂਲਾਕਾ ਸਿੰਘ ਦੇ...!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਅਠ੍ਹਾਰਵੀਂ ਸਦੀ ਦੇ ਚੌਥੇ ਦਹਾਕੇ ਦਾ ਭਿਆਨਕ ਸਮਾਂ... ਮੁਗਲ ਹਕੂਮਤ ਸਿੱਖਾਂ ਦਾ ਖੁਰਾ-ਖੋਜ ਮਿਟਾਉਣ 'ਤੇ ਤੁਲੀ ਹੋਈ ਹੈ... ਵੱਖ-ਵੱਖ ਉਮਰ ਦੇ ਸਿੱਖਾਂ ਦੇ ਸਿਰਾਂ ਦਾ ਮੁੱਲ ਵੀ ਅਲੱਗ-ਅਲੱਗ ਹੀ ਨਿਸ਼ਚਿਤ ਕੀਤਾ ਗਿਆ... ਜਿਸ ਤਰ੍ਹਾਂ ਸ਼ਿਕਾਰੀ ਕੁੱਤੇ ਸ਼ਿਕਾਰ ਦੀ ਭਾਲ ਵਿਚ ਹਰਲ-ਹਰਲ ਕਰਦੇ ਝਾੜਾਂ-ਝੂੰਡਿਆਂ 'ਚ ਮੂੰਹ ਮਾਰਦੇ ਫਿਰਦੇ ਹੁੰਦੇ ਹਨ, ਇਵੇਂ ਹੀ ਮੁਗਲੀਆ ਹਕੂਮਤ ਤੋਂ ਇਨਾਮ ਲੈਣ ਦੀ ਚਾਹਤ ਰੱਖਣ ਵਾਲੇ ਖੂਨੀ ਦਰਿੰਦੇ ਸਿੱਖਾਂ ਦੀ ਭਾਲ ਵਿਚ ਪਿੰਡਾਂ ਸ਼ਹਿਰਾਂ 'ਚ ਆਦਮ-ਬੋ, ਆਦਮ-ਬੋ ਕਰਦੇ ਫਿਰਦੇ ਨੇ। ਹਰਿ ਭਗਤ ਨਿਰੰਜਣੀਏ ਅਤੇ ਉਹਦੇ ਵਰਗੇ ਕਈ ਹੋਰ ਬਿਪਰ, ਸਿੱਖਾਂ ਦੀ ਨਸਲਕੁਸ਼ੀ ਲਈ ਮੁਗਲ ਸਿਪਾਹ-ਸਲਾਰਾਂ ਦਾ ਵਧ-ਚੜ੍ਹ ਕੇ ਹੱਥ ਵਟਾਉਣ ਲੱਗੇ ਹੋਏ ਨੇ। ਇਹੋ ਜਿਹੇ ਭੀਹਾਵਲੇ ਸਮੇਂ ਗੁਰੂ ਕੇ ਸਿੱਖ, ਆਪਣਾ ਸਿੱਖੀ ਸਿਦਕ ਬਚਾਉਣ ਹਿਤ ਭਰੇ-ਭਕੁੰਨੇ ਘਰ, ਜ਼ਮੀਨ-ਜਾਇਦਾਦ ਅਤੇ ਮਾਲ-ਅਸਬਾਬ ਛੱਡ-ਛੜਾ ਕੇ, ਜੰਗਲਾਂ ਅਤੇ ਝੱਲਾਂ ਵਿਚ ਦੜ ਵੱਟ ਕੇ ਵਕਤ ਕਟੀ ਕਰ ਰਹੇ ਹਨ। ਉਧਰ ਉਜੜੇ ਬਾਗਾਂ ਦਾ ਗਾਲ੍ਹੜ ਪਟਵਾਰੀ ਬਣ ਕੇ ਮੁਗਲ ਹਕੂਮਤ ਦਾ ਕਰਿੰਦਾ ਮੱਸਾ ਚੌਧਰੀ ਪੰਥ ਦੇ ਮੁਕੱਦਸ ਅਸਥਾਨ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਬੇਅਦਬੀ ਕਰਨ ਜਾ ਲੱਗਾ...।

ਭਾਈ ਬੁਲਾਕਾ ਸਿੰਘ ਨਾਂ ਦਾ ਸਿੰਘ ਇਹ ਕਾਰਾ ਦੇਖ ਕੇ ਲਹੂ ਦੇ ਅੱਥਰੂ ਕੇਰਨ ਲੱਗਾ...ਜਾਨ ਤੋਂ ਪਿਆਰੇ ਗੁਰਧਾਮ ਦੀ ਬੇਹੁਰਮਤੀ ਹੁੰਦੀ ਦੇਖ ਕੇ ਉਸ ਦੇ ਸੀਨੇ 'ਚ ਭਾਂਬੜ ਮੱਚ ਉਠਦੇ ਨੇ...ਇਹ ਹਿਰਦੇਵੇਧਕ ਖ਼ਬਰ ਦੇਣ ਲਈ ਉਹ ਸਿੰਘਾਂ ਦੀ ਭਾਲ ਵਿਚ ਨਿਕਲ ਤੁਰਦਾ ਹੈ, ਜਥਿਆਂ ਨੂੰ ਲੱਭਦਾ-ਲਭਾਉਂਦਾ ਉਹ ਬੀਕਾਨੇਰ ਦੇ ਝੱਲਾਂ ਵਿਚ ਜਾ ਪਹੁੰਚਦਾ ਹੈ, ਬੁੱਢਾ ਦਲ ਦੇ ਜਥੇ ਦੇ ਸਨਮੁਖ ਹਾਜ਼ਰ ਹੋ, ਉਹ ਦਰਬਾਰ ਸਾਹਿਬ ਦੀ ਦਰਦ ਭਰੀ ਵਿਥਿਆ ਸੁਣਾਉਂਦਾ ਹੈ। ਸੁਣਦਿਆਂ ਹੀ ਜਥੇ ਦੇ ਸਿੰਘਾਂ ਦੀਆਂ ਅੱਖਾਂ 'ਚ ਖੂਨ ਉਤਰ ਆਉਂਦਾ ਹੈ। ਸਾਰਿਆਂ ਦਾ ਖੂਨ ਖੋਲਣ ਲੱਗ ਪੈਂਦਾ ਹੈ।

"ਹੈ ਕੋਈ ਸੂਰਮਾ, ਜੋ ਮੱਸੇ ਰੰਘੜ ਦਾ ਸਿਰ ਵੱਢ ਕੇ ਲਿਆਵੇ?"



*ਮੱਸੇ ਰੰਘੜ ਦਾ ਸਿਰ ਚੁੱਕੇ ਜਾਂਦੇ ਸਿੰਘ*

ਬੁੱਢਾ ਦਲ ਦੇ ਜਥੇਦਾਰ ਦੀ ਇਹ ਲਲਕਾਰ ਸੁਣ ਕੇ ਦੋ ਅਣਖੀ ਸੂਰਮੇ ਮੱਸੇ ਪਾਪੀ ਦਾ ਸਿਰ ਕਲਮ ਕਰਨ ਦਾ ਪ੍ਰਣ ਕਰਦੇ ਹਨ...ਕਲਗੀਆਂ ਵਾਲੇ ਪਾਤਸ਼ਾਹ ਦੇ ਪਾਵਨ ਚਰਨਾਂ ਦਾ ਧਿਆਨ ਧਰ ਕੇ ਬੀਕਾਨੇਰ ਦੇ ਝੱਲਾਂ 'ਚੋਂ ਨਿਕਲ ਪੈਂਦੇ ਹਨ। ਮੰਜ਼ਲਾਂ ਮਾਰਦੇ ਉਹ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਬੜੀ ਜੁਗਤਿ ਨਾਲ ਆਪਣੇ ਮਿਸ਼ਨ 'ਚ ਸਫ਼ਲ ਹੁੰਦੇ ਨੇ। ਮੁੜਦੇ ਪੈਰੀਂ ਉਹ ਬੁੱਢਾ ਜੌਹੜ ਪਹੁੰਚਦੇ ਹਨ ਤੇ ਦੁਸ਼ਟ ਮੱਸੇ ਦਾ ਸਿਰ ਪੰਥ ਖਾਲਸੇ ਦੇ ਪੈਰਾਂ ਵਿਚ ਖਿਦੋ ਵਾਂਗ ਰੁਲ ਰਿਹਾ ਹੁੰਦਾ ਹੈ...ਸਿੰਘ ਖੁਸ਼ੀਆਂ ਮਨਾਉਂਦੇ ਹੋਏ ਜੈਕਾਰੇ ਗਜਾ ਰਹੇ ਨੇ...!

ਅੱਜ ਦੋ ਸਦੀਆਂ ਬੀਤ ਜਾਣ ਬਾਅਦ ਇੱਕੀਵੀਂ ਸਦੀ ਦੇ ਸ਼ੁਰੂਆਤੀ ਵਰ੍ਹਿਆਂ ਦਾ ਸਮਾਂ ਹੈ...ਸਿੱਖ ਜਗਤ ਖੁਸ਼ਹਾਲ ਜੀਵਨ ਜਿਉ ਰਿਹਾ ਹੈ...ਮਹਿਲ ਨੁਮਾ ਕੋਠੀਆਂ ਅਤੇ ਮਾਡਰਨ ਸੁੱਖ-ਸਹੂਲਤਾਂ ਵਾਲੇ ਘਰਾਂ ਵਿਚ ਖਾਲਸੇ ਦੀ ਰਿਹਾਇਸ਼ ਹੈ। ਕਾਰਾਂ, ਕੋਠੀਆਂ, ਮਾਇਆ ਦੀ ਬਹੁਲਤਾ ਹੈ। ਗੁਰਦੁਆਰਿਆਂ ਦੀਆਂ ਝਿਲਮਿਲ-ਝਿਲਮਿਲ ਕਰਦੀਆਂ ਸ਼ਾਨਦਾਰ ਇਮਾਰਤਾਂ ਅਤੇ ਉਥੇ ਲੱਗਾ ਹੋਇਆ ਬੇਸ਼ਕੀਮਤੀ ਸੰਗਮਰਮਰ...ਰਲਾ ਮਿਲਾ ਕੇ ਸਿੱਖਾਂ ਦੀ ਅਮੀਰੀ ਪ੍ਰਗਟਾਉਂਦੇ ਪ੍ਰਤੀਤ ਹੁੰਦੇ ਨੇ। ਸਿੱਧੇ ਤੌਰ 'ਤੇ ਸਿੱਖੀ ਉਤੇ ਕੋਈ ਰਾਜ ਕੋਪ ਵੀ ਦਿਖਾਈ ਨਹੀਂ ਦਿੰਦਾ। ਹਰ ਪਾਸੇ ਹਰਿਆਲੀ ਤੇ ਖੁਸ਼ਹਾਲੀ ਝਲਕਾਂ ਮਾਰ ਰਹੀ ਹੈ ਪਰ ਪੰਜਾਬ ਦੀ ਧਰਤੀ 'ਤੇ ਬੇਪਛਾਣ ਜਿਹਾ ਬਣ ਕੇ ਵਿਚਰਿਆ ਕੋਈ ਮਾਡਰਨ ਬੁਲਾਕਾ ਸਿੰਘ ਦੂਰ-ਦੁਰਾਡੇ ਕਿਤੇ ਇਕਾਂਤ ਵਿਚ ਬੈਠੇ, ਤੱਤਿ ਵੇਤੇ ਸਿੰਘਾਂ ਦੇ ਕਿਸੇ ਜਥੇ ਅੱਗੇ ਪੰਜਾਬ ਵਸਦੀ ਸਿੱਖੀ ਦੀ ਦਾਸਤਾਨ, ਧਾਹਾਂ ਮਾਰਦਾ ਇੰਜ ਬਿਆਨ ਕਰ ਰਿਹਾ ਏ,

ਹੰਝੂ ਕੇਰ ਕੇ ਕਿਹਾ ਬੁਲਾਕਾ ਸਿੰਘ ਨੇ,
ਦੱਸਾਂ ਕਿਹਨੂੰ ਪੰਜਾਬ ਦਾ ਹਾਲ ਸਿੰਘੋ।
ਚੱਪਾ ਚੱਪਾ ਮੈਂ ਦੇਸ਼ ਦਾ ਗਾਹ ਆਇਆ
ਡਾਢਾ ਸਿੱਖੀ ਦਾ ਮੰਦੜਾ ਹਾਲ ਸਿੰਘੋ।
ਫੁੱਟ ਚੰਦਰੀ ਪੰਥ ਵਿਚ ਪਈ ਹੋਈ ਐ,
ਕੌਮਪ੍ਰਸਤੀ ਦਾ ਪੈ ਗਿਆ ਕਾਲ ਸਿੰਘੋ।
ਗੁਰਮਤਿ ਵਾਲਾ ਤਾਂ ਛੱਡ'ਤਾ ਰਾਹ ਸਿੱਧਾ,
ਪੈ ਗਏ ਔਝੜੇ ਹੋਏ ਬੇਤਾਲ ਸਿੰਘੋ।
ਬਹੁਤੇ ਡੇਰਿਆਂ ਵਿਚ ਨੱਕ ਰਗੜਦੇ ਨੇ,
ਵਿਰਲੇ ਪੂਜਦੇ ਇਕ ਅਕਾਲ ਸਿੰਘੋ।
ਗੱਲ ਵਿੱਸਰੀ ਸਿੱਖੀ ਸਿਧਾਂਤ ਵਾਲੀ,
ਸਾਰੇ ਫੈਲਿਆ ਮਨ ਮਤਿ ਦਾ ਜਾਲ ਸਿੰਘੋ।
ਮੀਲ ਮੀਲ 'ਤੇ ਡੇਰੇ ਆਬਾਦ ਹੋ ਗਏ।
ਬਣ ਗਏ ਸੈਂਕੜੇ ਗੁਰੂ ਘੰਟਾਲ ਸਿੰਘੋ।
ਜੋੜੇ ਤਖ਼ਤ ਅਕਾਲ ਨਾਲ ਕੋਈ ਵਿਰਲਾ,
ਰਹੇ 'ਆਪਣੀ ਸਿੱਖੀ' ਨੂੰ ਪਾਲ ਸਿੰਘੋ।
'ਪੱਕੇ' ਗੁਰਦੁਆਰੇ ਅਤੇ 'ਕੱਚੇ' ਸਿੱਖ ਹੋ ਗਏ
ਚੱਲੀ ਸਮੇਂ ਦੀ ਉਲਟੀ ਹੀ ਚਾਲ ਸਿੰਘੋ।
ਕਹਿੰਦੇ 'ਪੰਥ ਦਾ ਰਾਜ' ਹੁਣ ਹੋ ਗਿਆ ਏ,
ਐਪਰ ਸਿੱਖਾਂ ਦਾ ਜਿਉਣਾ ਮੁਹਾਲ ਸਿੰਘੋ।
ਸਿੱਖੀ ਵਿਚ ਪੰਜਾਬ ਦੇ ਸੁੱਕ ਚੱਲੀ,
ਦਿੱਸਣ 'ਕਾਲੀਆਂ ਦੇ ਚਿਹਰੇ ਲਾਲ ਸਿੰਘੋ।
ਸੀਗਾ ਵੱਸਦਾ ਗੁਰਾਂ ਦੇ ਨਾਮ ਉਤੇ,
ਲੱਭੀ ਗੁਰਮਤਿ ਨਾ ਰਿਹਾ ਮੈਂ ਭਾਲ ਸਿੰਘੋ।
ਉਥੇ ਅਣਖ ਤੇ ਸਿਦਕ ਦੀ ਗੱਲ ਮੁੱਕੀ,
ਕੁੱਤੀ ਰਲੀ ਏ ਚੋਰਾਂ ਦੇ ਨਾਲ ਸਿੰਘੋ।
ਮਿਟਿਆ ਸਿਸਟਮ ਹੀ ਪੰਚ ਪ੍ਰਧਾਨਗੀ ਦਾ,
ਤਾਨਾਸ਼ਾਹੀ ਦਾ ਛਾਇਆ ਜਲਾਲ ਸਿੰਘੋ।
ਭਾਈ ਲਾਲੋਆਂ ਤਾਈਂ ਨਾ ਜਿਊਣ ਦਿੰਦਾ,
ਮਲਕ ਭਾਗੋਆਂ ਦਾ ਤੰਦੂਆ ਜਾਲ ਸਿੰਘੋ।
ਕੁਨਬਾਪਰਵਰੀ ਅਤੇ ਨਿੱਜਵਾਦ ਮੋਹਰੇ,
ਪੰਥ ਹੋ ਗਿਆ ਹਾਲੋਂ-ਬੇਹਾਲ ਸਿੰਘੋ।
ਯਾਰੋ ਖਾਲਸਾ ਸੌਂ ਗਿਆ ਕੁਰਸੀਆਂ 'ਤੇ,
ਸੁਣੇ ਕੋਈ ਨਾ 'ਪਾਹਰਿਆ-ਹਾਲ' ਸਿੰਘੋ।
ਹਰ ਇਕ ਮੋੜ 'ਤੇ ਠੇਕਾ ਸ਼ਰਾਬ ਦਿਸਦਾ,
ਪੀਣ ਵਾਲਿਆਂ ਜਿਸਮ ਲਏ ਗਾਲ ਸਿੰਘੋ।
ਮੂੰਹ-ਸਿਰ ਮੁੰਨ ਕੇ ਨੰਤੀਆਂ ਪਾਉਣ ਮੁੰਡੇ,
ਸੂਰਤ ਮੇਲਦੇ ਰਾਂਝੇ ਦੇ ਨਾਲ ਸਿੰਘੋ।
ਵਿਚ ਸੰਗਤ ਦੇ ਬੈਠਣਾ ਭੁੱਲਿਆ ਏ,
ਸੁਣਦੇ ਕਬਰਾਂ 'ਤੇ ਆਲ-ਪਤਾਲ ਸਿੰਘੋ।
ਸਾਖੀ ਧਰਮ-ਇਤਿਹਾਸ ਦੀ ਪੜ੍ਹੇ ਵਿਰਲਾ,
ਟੀ.ਵੀ. ਅੱਗਿਉਂ ਉਠਦੇ ਨਾ ਬਾਲ ਸਿੰਘੋ।
ਦਰਸ਼ਨ ਸਾਊ ਪਹਿਰਾਵੇ ਦੇ 'ਲੋਪ ਹੋ ਗਏ,
ਨੰਗੇ ਬਦਨ ਜਿਉਂ ਮੰਡੀ ਦਾ ਮਾਲ ਸਿੰਘੋ।
ਸਿੱਖ ਬੀਬੀਆਂ ਫੈਸ਼ਨੀ ਗ੍ਰਸਤ ਹੋ ਕੇ,
ਪਾਉਣ ਗਿੱਧਿਆਂ ਵਿਚ ਧਮਾਲ ਸਿੰਘੋ।
'ਰਾਵਾ ਉੜ ਉੜ ਕੇ' ਝਾਟਿਆਂ ਵਿਚ ਪੈਂਦਾ,
ਹੱਸਣ ਲੋਕ, ਇਹ ਸਿੱਖੀ ਦਾ ਹਾਲ ਸਿੰਘੋ!
ਵਿਆਹ ਸਿੱਖਾਂ ਦੇ ਚੱਲੇ ਸ਼ਰਾਬ ਖੁੱਲ੍ਹੀ!
ਨੱਚਣ 'ਡਾਂਸਰਾਂ' ਤਾਲ ਦੇ ਨਾਲ ਸਿੰਘੋ!!
ਗੁਰੂ-ਜੁਗਤਿ ਮਰਯਾਦਾ ਨੂੰ ਪਿੱਠ ਦੇ ਕੇ,
ਪਾਉਣ ਗਲਾਂ ਵਿਚ ਆਪ 'ਜੈ ਮਾਲ' ਸਿੰਘੋ।
ਪੁੱਤ ਸਿੱਖਾਂ ਦੇ ਨਾਮ ਵਿਚ ਸਿੰਘ ਹੈ ਨਹੀਂ,
ਮਨ ਦੀ ਮੌਜ ਨੂੰ ਰਹੇ ਨੇ ਪਾਲ ਸਿੰਘੋ।
ਭੈਅ, ਅਦਬ ਵਿਸਾਰ ਕੇ ਗੁਰੂ ਘਰ ਦਾ,
ਹੋਏ ਫਿਰਦੇ ਨੇ ਤਾਲੋਂ-ਬੇਤਾਲ ਸਿੰਘੋ।
ਤਤਿ ਗੁਰਮਤਿ ਦੇ ਭੁੱਲ ਅਸੂਲ ਪਾਇਆ,
ਬਿਪਰਵਾਦ ਦਾ ਗਲ 'ਚ ਜੰਜਾਲ ਸਿੰਘੋ।
ਬਾਣੀ ਸੁਣਨ ਨਾ, ਦੂਰ ਗੱਲ ਅਮਲ ਵਾਲੀ,
ਚਾੜ੍ਹੀ ਜਾਂਦੇ ਉਂਜ ਮਹਿੰਗੇ ਰੁਮਾਲ ਸਿੰਘੋ।
ਆਪੇ ਵਿਚੀਂ ਹੀ ਡਾਂਗ ਨਿੱਤ ਖੜਕਦੀ ਐ,
ਪ੍ਰੇਮ ਪਿਆਰ ਦਾ ਪੈ ਗਿਆ ਕਾਲ ਸਿੰਘੋ।
ਵੱਸ ਪਿਆ ਗੁਲਾਮਾਂ ਦੇ ਉਡੀਕਦਾ ਏ,
ਫੂਲਾ ਸਿੰਘ ਨੂੰ ਤਖ਼ਤ ਅਕਾਲ ਸਿੰਘੋ।
ਹਉ ਹਾਲ ਕੀ ਪੰਥ ਪੰਜਾਬ ਦਾ ਜੀ,
ਕਿਹਦੇ ਅੱਗੇ ਮੈਂ ਰੱਖਾਂ ਸਵਾਲ ਸਿੰਘੋ?

ਅਠ੍ਹਾਰਵੀਂ ਸਦੀ ਦੇ ਸਿੱਖ ਇਤਿਹਾਸ ਦੀ ਉਕਤ ਅਣਖੀਲੀ ਇਬਾਰਤ ਦੇ ਇਕ ਨਾਇਕ ਭਾਈ ਬੁਲਾਕਾ ਸਿੰਘ ਕੋਲੋਂ ਗੁਰੂ ਦਰਬਾਰ ਦੀ ਬੇਅਦਬੀ ਹੁੰਦੀ ਸੁਣ ਕੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਜਾਨਾਂ ਤਲੀ 'ਤੇ ਰੱਖ ਕੇ ਪੰਥਕ ਫਰਜ਼ ਨਿਭਾਇਆ ਸੀ। ਅੱਜ ਇੱਕੀਵੀਂ ਸਦੀ ਵਿਚ ਕਿਸੇ ਕੌਮ ਦਰਦੀ ਭਾਈ ਬੁਲਾਕਾ ਸਿੰਘ ਦੀ ਜ਼ੁਬਾਨੋਂ ਪੰਜਾਬ 'ਚੋਂ 'ਲੋਪ ਹੁੰਦੀ ਜਾ ਰਹੀ ਸਿੱਖੀ ਦਾ ਦਰਦਨਾਕ ਹਾਲ ਸੁਣ ਕੇ, ਸ਼ਾਇਦ ਕੋਈ ਪੰਥਪ੍ਰਸਤੀ ਦੇ ਮੁਜੱਸਮੇ, ਭਾਈ ਦਿੱਤ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਜਿਹੇ ਧਰਮੀ ਜਿਊੜੇ ਜ਼ਿੰਦਗਾਨੀ ਕੌਮ ਦੇ ਲੇਖੇ ਲਾਉਣ ਲਈ ਮੈਦਾਨ ਵਿਚ ਨਿੱਤਰ ਪੈਣ! ਇਸ ਆਸ ਵਿਚ ਹੀ ਇਹ ਕੁਝ ਵਿਚਾਰ ਅੰਕਿਤ ਕੀਤੇ ਗਏ ਨੇ!!

# ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ

ਚਲਦੇ-ਚਲਦੇ

ਹਿੰਦੁਸਤਾਨ ਵਿਚ ਲੋਕ ਸਭਾ ਚੋਣਾਂ ਐਨ ਦਰਵਾਜ਼ੇ 'ਤੇ ਆਣ ਖੜ੍ਹੀਆਂ ਹਨ ਅਤੇ ਸਾਰੀਆਂ ਸਿਆਸੀ ਪਾਰਟੀਆਂ ਤਿਆਰੀ ਦੇ ਬਿਗਲ ਵਜਾ ਚੁਕੀਆਂ ਹਨ। ਦੂਜੇ ਪਾਸੇ ਸਾਬਕਾ ਰੇਲ ਮੰਤਰੀ ਤੇ ਰਾਸ਼ਟਰੀ ਜਨਤਾ ਦਲ ਦਾ ਮੁਖੀ ਲਾਲੂ ਪ੍ਰਸਾਦ ਯਾਦਵ ਅਤੇ ਉਸ ਦੇ 45 ਸਾਥੀ, ਅਠਾਰਾਂ ਸਾਲ ਪਹਿਲਾਂ ਹੋਏ ਚਾਰਾ ਘੁਟਾਲੇ ਵਿਚ ਜੇਲ੍ਹ ਡੱਕ ਦਿੱਤੇ ਗਏ ਹਨ। ਇਨ੍ਹਾਂ ਵਿਚ ਬਿਹਾਰ ਦਾ ਸਾਬਕਾ ਮੁੱਖ ਮੰਤਰੀ ਜਗਨ ਨਾਥ ਮਿਸ਼ਰਾ ਅਤੇ ਜਨਤਾ ਦਲ (ਯੂ) ਦਾ ਐਮ.ਪੀ. ਜਗਦੀਸ਼ ਸ਼ਰਮਾ ਸ਼ਾਮਲ ਹਨ।



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਲਾਲੂ ਪ੍ਰਸਾਦ ਦੀ ਲੋਕ ਸਭਾ ਦੀ ਮੈਂਬਰੀ ਵੀ ਖੁੱਸ ਗਈ ਹੈ ਅਤੇ ਗਿਆਰਾਂ ਸਾਲ ਉਹ ਚੋਣ ਵੀ ਨਹੀਂ ਲੜ ਸਕੇਗਾ। 25 ਲੱਖ ਰੁਪਏ ਦਾ ਜੁਰਮਾਨਾ ਵੀ ਲੱਗਿਆ ਹੈ। ਇਸ ਦੇ ਨਾਲ ਹੀ ਕਾਂਗਰਸ ਦੇ ਸੰਸਦ ਮੈਂਬਰ ਰਸ਼ੀਦ ਮਸੂਦ ਨੂੰ ਵੀ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਜੇਲ੍ਹ ਵਿਚ ਭੇਜ ਦਿੱਤਾ ਗਿਆ ਹੈ।

ਸੁਪਰੀਮ ਕੋਰਟ ਨੇ ਜਦ 10 ਜੁਲਾਈ ਨੂੰ ਇਹ ਫੈਸਲਾ ਕੀਤਾ ਕਿ ਦੋ ਸਾਲ ਤੋਂ ਵੱਧ ਸਜ਼ਾ-ਯਾਫਤਾ ਕੋਈ ਵੀ ਆਦਮੀ ਕਦੀ ਚੋਣ ਨਹੀਂ ਲੜ ਸਕੇਗਾ। ਤਾਂ ਇਸ ਸੁਚੱਜੇ ਫੈਸਲੇ ਖਿਲਾਫ਼ ਸਾਰੀਆਂ ਵੱਡੀਆਂ-ਛੋਟੀਆਂ ਪਾਰਟੀਆਂ ਹੱਥਾਂ ਵਿਚ ਇਕ-ਦੂਜੇ ਦੇ ਹੱਥ ਫੜ ਕੇ ਇਵੇਂ ਤਿਆਰ ਹੋ ਗਈਆਂ, ਜਿਵੇਂ ਉਨ੍ਹਾਂ ਦੀ ਜ਼ਿੰਦਗੀ ਦਾ ਮਕਸਦ ਹੀ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਹੋਵੇ। ਹਰ ਪਾਰਟੀ ਨੇ ਇਸ ਫੈਸਲੇ ਦਾ ਸਵਾਗਤ ਕਰਨ ਦੀ ਥਾਂ ਇਸ ਦਾ ਵਿਰੋਧ ਕੀਤਾ। ਕੇਂਦਰੀ ਕੈਬਨਿਟ ਨੇ ਤਾਂ ਇਸ ਨੂੰ ਰੋਕਣ ਲਈ ਆਰਡੀਨੈਂਸ ਵੀ ਤਿਆਰ ਕਰ ਲਿਆ ਅਤੇ ਪਾਸ ਹੋਣ ਲਈ ਰਾਸ਼ਟਰਪਤੀ ਕੋਲ ਭੇਜ ਦਿੱਤਾ ਪਰ ਐਨ ਉਸੇ ਵੇਲੇ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਭ੍ਰਿਸ਼ਟਾਚਾਰ ਨਾਲ ਨੱਕੋ-ਨੱਕ ਭਰੇ ਹੋਏ ਮਤੇ ਖਿਲਾਫ਼ ਬਿਆਨ ਦੇ ਕੇ ਸਮੁੱਚੇ ਦੇਸ਼ ਦੀਆਂ ਪਾਰਟੀਆਂ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ ਤੇ ਆਖਿਆ ਕਿ ਝੂਠ ਦੇ ਇਸ ਪੁਲੰਦੇ ਨੂੰ ਪਾੜ ਕੇ ਸੁਟ ਦਿਓ, ਇਹ ਦੇਸ਼ ਨਾਲ ਧੋਖਾ ਹੈ।

ਰਾਹੁਲ ਦੇ ਇਸ ਬਿਆਨ ਦਾ ਜਿਥੇ ਕਾਂਗਰਸ ਨੇ ਸਮਰਥਨ ਕੀਤਾ, ਉਥੇ ਸਮੁੱਚੇ ਦੇਸ਼ ਦੀ ਜਨਤਾ ਨੇ ਵੀ ਇਸ ਦਾ ਭਰਵਾਂ ਸਵਾਗਤ ਕੀਤਾ। ਇਸ ਬਿਆਨ ਦੇ ਹੱਕ ਵਿਚ ਉਠੀਆਂ ਆਵਾਜ਼ਾਂ ਕਰ ਕੇ ਸਰਕਾਰ ਨੂੰ ਇਹ ਆਰਡੀਨੈਂਸ ਵਾਪਸ ਲੈਣਾ ਪਿਆ। ਇਹ ਸਾਰਾ ਖੇਲ-ਤਮਾਸ਼ਾ ਚੰਦ ਦਿਨਾਂ ਵਿਚ ਹੀ ਉਪਰੋਥਲੀ ਵਾਪਰਿਆ ਅਤੇ ਦੇਸ਼-ਵਿਦੇਸ਼ ਵਿਚ ਇਸ ਬਾਰੇ ਚਰਚਾ ਹੋਈ। ਲਗਦਾ ਹੈ, ਸ਼ਾਇਦ ਆਉਣ ਵਾਲਾ ਸਮਾਂ ਭਾਰਤ ਲਈ ਕੋਈ ਸੁੱਖ ਸੁਨੇਹਾ ਲੈ ਕੇ ਆਵੇਗਾ।

ਹੁਣ ਜ਼ਰਾ ਆਪਣੇ ਪੰਜਾਬ ਦੀ ਧਰਤੀ 'ਤੇ ਮਚੇ ਕੋਹਰਾਮ ਵੱਲ ਝਾਤ ਪਾਈਏ... ਅੱਜ ਸਾਡੇ ਪੰਜਾਬ ਦੇ ਹਾਲਾਤ ਵੀ ਬਦ ਤੋਂ ਬਦਤਰ ਹਨ। ਚਾਰੇ ਪਾਸੇ ਹਾਹਾਕਾਰ ਹੈ। ਪੰਜਾਬ ਦੇ ਖਜ਼ਾਨੇ ਖਾਲੀ ਪਏ ਭਾਂ-ਭਾਂ ਕਰ ਰਹੇ ਹਨ ਪਰ ਸਰਕਾਰ ਦੇ ਐਸ਼ਪ੍ਰਸਤੀ ਅਤੇ ਜਲਵਾ-ਫਰੋਸ਼ੀ ਦੇ ਦਿਖਾਵੇ ਅਸਮਾਨ ਛੂਹ ਰਹੇ ਹਨ। ਸਰਕਾਰ ਨੇ ਕਈ ਤਰ੍ਹਾਂ ਦੇ ਮਾਫੀਆ ਗਰੋਹ ਪਾਲੇ ਹੋਏ ਹਨ। ਸਰਕਾਰ ਦੇ ਬੁਰਛਾਗਰਦ ਹਰ ਪਾਸੇ ਅਤਿਆਚਾਰ ਕਰ ਰਹੇ ਹਨ। ਸ਼ਹਿਰਾਂ ਵਿਚ ਕਈ ਦਹਾਕੇ ਪਹਿਲਾਂ ਜ਼ਮੀਨਾਂ ਖਰੀਦ ਕੇ ਘਰ ਬਣਾ ਕੇ ਬੈਠੇ ਗਰੀਬ ਅਤੇ ਮਿਹਨਤਕਸ਼ ਲੋਕਾਂ ਨੂੰ ਉਜਾੜਨ ਲਈ ਸਰਕਾਰ ਕਮਰ ਕੱਸੇ ਕਰੀ ਬੈਠੀ ਹੈ। ਟੈਕਸ ਦੇ ਨਾਂ 'ਤੇ ਇਨ੍ਹਾਂ ਗਰੀਬ ਲੋਕਾਂ ਨੂੰ ਇਕ ਵਾਰੀ ਫਿਰ ਆਪਣੇ ਘਰ ਅਤੇ ਕੋਠੇ ਬਚਾਉਣ ਲਈ ਹੱਥ-ਪੈਰ ਮਾਰਨੇ ਪੈ ਰਹੇ ਹਨ। ਪੇਂਡੂ ਇਲਾਕਿਆਂ ਦੇ ਹਸਪਤਾਲਾਂ ਵਿਚ ਨਾ ਡਾਕਟਰ ਹਨ, ਨਾ ਹੀ ਦਵਾਈਆਂ। ਵੱਡੇ ਸ਼ਹਿਰਾਂ ਦੇ ਹਸਪਤਾਲਾਂ ਤਕ ਪਹੁੰਚਦਿਆਂ ਬਹੁਤੇ ਬਿਮਾਰ ਰਾਹਾਂ ਵਿਚ ਹੀ ਦਮ ਤੋੜ ਜਾਂਦੇ ਹਨ। ਸੱਚ ਨੂੰ ਪਿਆਰ ਕਰਨ ਵਾਲਾ ਜੇ ਕੋਈ ਪੱਤਰਕਾਰ ਸੱਚ ਦਾ ਹੋਕਾ ਦਿੰਦਾ ਹੈ ਤਾਂ ਉਸ ਦੀ ਆਵਾਜ਼ ਚੰਦ ਘੰਟਿਆਂ ਵਿਚ ਹੀ ਬੰਦ ਕਰ ਦਿੱਤੀ ਜਾਂਦੀ ਹੈ। ਜੇ ਕ੍ਰਿਸ਼ਨ ਕੁਮਾਰ ਜਾਂ ਕਾਹਨ ਸਿੰਘ ਪੰਨੂੰ ਵਰਗਾ ਕੋਈ ਈਮਾਨਦਾਰ ਅਫ਼ਸਰ ਕਿਸੇ ਮੰਤਰੀ ਬਾਰੇ ਗੱਲ ਕਰਨ ਲਈ ਮੂੰਹ ਖੋਲ੍ਹਦਾ ਹੈ ਤਾਂ ਉਸ ਨੂੰ ਉਥੇ ਸੁੱਟਿਆ ਜਾਂਦਾ ਹੈ ਜਿਥੋਂ ਉਹਦੀ ਆਵਾਜ਼ ਕਦੀ ਲੋਕਾਂ ਤੱਕ ਪਹੁੰਚ ਹੀ ਨਾ ਸਕੇ। ਪੰਜਾਬ ਦੇ ਭ੍ਰਿਸ਼ਟ ਮੰਤਰੀਆਂ ਅਤੇ ਅਫ਼ਸਰਾਂ ਨੂੰ ਗੁਨਾਹਗਾਰ ਹੋਣ ਦੇ ਬਾਵਜੂਦ ਸਰਕਾਰ ਤੱਤੀ ਹਵਾ ਨਹੀਂ ਲੱਗਣ ਦਿੰਦੀ। ਜੇ ਕਿਸੇ ਮੰਤਰੀ ਨੂੰ ਕਿਸੇ ਜੁਰਮ ਦੀ ਸਜ਼ਾ ਹੋ ਵੀ ਜਾਵੇ ਤਾਂ ਉਹ ਦੂਜੇ ਦਿਨ ਹੀ ਜ਼ਮਾਨਤ ਲੈ ਕੇ ਘਰ ਜਾ ਬੈਠਦਾ ਹੈ ਅਤੇ ਪਹਿਲਾਂ ਨਾਲੋਂ ਵੀ ਵਧ ਕੇ ਜ਼ੁਲਮ ਕਰਦਾ ਹੈ।

ਇਹੀ ਨਹੀਂ, ਅੱਜ ਪੰਜਾਬ ਦੇ ਸਾਰੇ ਦਰਿਆ ਪਾਣੀ ਖੁਣੋਂ ਭਾਵੇਂ ਸੁੱਕੇ ਪਏ ਹੋਣ ਪਰ ਨਸ਼ਿਆਂ ਦੇ ਛੇਵੇਂ ਦਰਿਆ ਦੀਆਂ ਉਚੀਆਂ ਛੱਲਾਂ ਪੰਜਾਬ ਨੂੰ ਡੋਬ ਰਹੀਆਂ ਹਨ। ਗਰੀਬ ਜਨਤਾ ਨੂੰ ਰੋਟੀ ਭਾਵੇਂ ਮਿਲੇ ਨਾ ਮਿਲੇ ਪਰ ਨਸ਼ਿਆਂ ਦੀਆਂ ਪੂਰੀਆਂ 'ਸੁੱਖ ਸਹੂਲਤਾਂ' ਸਰਕਾਰ ਦੇ ਰਹੀ ਹੈ। ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਪੰਜਾਬ ਦਾ ਬੇੜਾ ਗਰਕ ਕਰ ਕੇ ਹੁਣ ਦਿੱਲੀ ਵੱਲ ਮੂੰਹ ਕਰੀ ਬੈਠੀ ਹੈ। ਪੰਜਾਬ 'ਤੇ ਰਾਜ ਕਰ ਰਹੇ 'ਸਿੱਖਾਂ' ਨੇ ਸ. ਮਨਮੋਹਨ ਸਿੰਘ ਨੂੰ ਤਾਂ ਅੱਜ ਤੱਕ ਕਦੀ ਸਿੱਖ ਕਬੂਲਿਆ ਨਹੀਂ ਪਰ ਇਹੀ ਲੋਕ ਗ਼ੈਰ-ਸਿੱਖ ਅਤੇ ਬੇਗੈਰਤ ਨਰੇਂਦਰ ਮੋਦੀ ਨੂੰ ਸ. ਮਨਮੋਹਨ ਸਿੰਘ ਦੀ ਥਾਂ 'ਤੇ ਪ੍ਰਧਾਨ ਮੰਤਰੀ ਬਣ ਕੇ ਬੈਠਾ ਵੇਖਣ ਲਈ ਤਰਲੋਮੱਛੀ ਹੋਏ ਪਏ ਹਨ। ਇਹ ਕੈਸੀ ਸਿੱਖੀ ਹੈ ਅਤੇ ਕੈਸੀ ਧਾਰਮਿਕਤਾ ਹੈ? ਪੰਜਾਬ ਦੇ ਇਸ 'ਬੇਤਾਜ ਬਾਦਸ਼ਾਹ' ਅਤੇ ਬਜ਼ੁਰਗ ਨੇਤਾ ਦੇ ਉਸ ਵੇਲੇ ਦਰਸ਼ਨ ਕਰਨ ਵਾਲੇ ਹੁੰਦੇ ਹਨ ਜਦੋਂ ਕਿਤੇ ਉਹ ਪੱਤਰਕਾਰਾਂ ਨਾਲ ਰੂ-ਬ-ਰੂ ਹੋ ਰਹੇ ਹੁੰਦੇ ਹਨ। ਬਿਆਨਬਾਜ਼ੀ ਕਰਨ ਅਤੇ ਬਿਆਨ ਬਦਲਣ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਚਹੁੰ ਚੱਕਾਂ ਵਿਚ ਨਗਾਰੇ ਵੱਜ ਰਹੇ ਹਨ। ਇਸ ਪਰਿਵਾਰ ਦੀ ਚੌਥੀ ਪਾਰੀ ਦਾ ਡੇਢ ਸਾਲ ਮੁੱਕ ਗਿਆ ਹੈ ਅਤੇ ਸਾਢੇ ਤਿੰਨ ਸਾਲ ਅਜੇ ਬਾਕੀ ਹਨ। ਬਲਾਤਕਾਰਾਂ ਦੀ ਪੰਜਾਬ ਵਿਚ ਹਨੇਰੀ ਆਈ ਪਈ ਹੈ। ਧੀਆਂ ਅਤੇ ਧੀਆਂ ਵਾਲਿਆਂ ਦਾ ਜੀਣਾ ਮੁਹਾਲ ਹੈ। ਮਾਸੂਮ ਤੇ ਭੋਲੇ-ਭਾਲੇ ਬੱਚੇ ਅੱਗਾਂ ਲਾ ਕੇ ਜਿਉਂਦੇ ਸਾੜੇ ਜਾ ਰਹੇ ਹਨ। ਗਰੀਬ ਭੁੱਖ ਨਾਲ ਮਰ ਰਹੇ ਹਨ ਪਰ ਸਰਕਾਰੀ ਗੁਰਗੇ ਅਤੇ ਚਾਟੜੇ ਪੰਜਾਬ ਦੇ ਖਜ਼ਾਨੇ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਲੁੱਟ ਕੇ ਖੁਦ ਦਿਨ ਦੁੱਗਣੀ, ਰਾਤ ਚੌਗੁਣੀ ਤਰੱਕੀ ਕਰ ਰਹੇ ਹਨ; ਐਨ ਉਸੇ ਤਰ੍ਹਾਂ ਜਿਵੇਂ ਕਾਰੂੰ ਬਾਦਸ਼ਾਹ ਨੇ ਮਾਇਆ ਇਕੱਠੀ ਕਰਨ ਲਈ ਲੁੱਟ ਮਚਾਈ ਸੀ। ਉਸ ਨੇ ਸੋਚਿਆ ਸੀ ਕਿ ਉਹ ਮੌਤ ਤੋਂ ਮਗਰੋਂ ਸਾਰੀ ਮਾਇਆ ਆਪਣੇ ਨਾਲ ਲੈ ਜਾਵੇਗਾ। ਜਦ ਇਸ ਬਾਦਸ਼ਾਹ ਨੇ ਸਾਰੀ ਪਰਜਾ ਲੁੱਟ ਲਈ ਤਾਂ ਆਪਣੇ ਦਰਬਾਰੀਆਂ ਨੂੰ ਪੁੱਛਣ ਲੱਗਾ, 'ਜੇ ਮਾਇਆ ਕਿਤੇ ਹੋਰ ਵੀ ਪਈ ਹੈ ਤਾਂ ਦੱਸ ਪਾਵੋ।' ਉਸ ਸਮੇਂ ਇਹ ਪ੍ਰਥਾ ਸੀ ਕਿ ਜਦ ਕੋਈ ਆਦਮੀ ਮਰ ਜਾਂਦਾ ਤਾਂ ਉਸ ਦੇ ਘਰ ਪਰਿਵਾਰ ਦੇ ਜੀਅ ਉਸ ਮੁਰਦੇ ਦੇ ਮੂੰਹ ਵਿਚ ਚਾਂਦੀ ਦਾ ਸਿੱਕਾ ਪਾ ਦਿੰਦੇ ਸਨ। ਸੋ, ਦਰਬਾਰ ਵਿਚੋਂ ਇਕ ਗੁਰਗਾ ਬੋਲਿਆ, 'ਬਾਦਸ਼ਾਹ ਸਲਾਮਤ, ਕਬਰਾਂ ਵਿਚ ਜੋ ਮੁਰਦੇ ਪਏ ਹਨ, ਉਨ੍ਹਾਂ ਦੇ ਮੂੰਹਾਂ ਵਿਚ ਚਾਂਦੀ ਦੇ ਸਿੱਕੇ ਹਨ।' ਬਾਦਸ਼ਾਹ ਨੇ ਉਸੇ ਵੇਲੇ ਰਾਜ ਦੀਆਂ ਸਾਰੀਆਂ ਕਬਰਾਂ ਪੁੱਟਣ ਦੇ ਹੁਕਮ ਚਾੜ੍ਹ ਦਿੱਤੇ ਅਤੇ ਮੁਰਦਿਆਂ ਦੇ ਮੂੰਹੋਂ ਚਾਂਦੀ ਦੇ ਸਿੱਕੇ ਕੱਢਵਾ ਕੇ ਖਜ਼ਾਨੇ ਵਿਚ ਭਰ ਲਏ। ਜਦੋਂ ਸ੍ਰੀ ਗੁਰੂ ਨਾਨਕ ਦੇਵ ਕਾਰੂੰ ਨੂੰ ਰਸਤੇ ਪਾਉਣ ਲਈ ਉਹਦੇ ਕੋਲ ਪਹੁੰਚੇ ਤਾਂ ਕਹਿਣ ਲੱਗੇ, 'ਕਾਰੂੰ ਬਾਦਸ਼ਾਹ, ਆਹ ਸਾਡੀ ਇਕ ਨਿੱਕੀ ਜਿਹੀ ਸੂਈ ਰੱਖ ਲੈ, ਅਸੀਂ ਦਰਗਾਹ 'ਚ ਤੇਰੇ ਕੋਲੋਂ ਲੈ ਲਵਾਂਗੇ।' ਕਾਰੂੰ ਆਖਣ ਲੱਗਾ, 'ਫਕੀਰ ਸਾਈਂ, ਭਲਾ ਮਰਨ ਮਗਰੋਂ ਮੈਂ ਸੂਈ ਨਾਲ ਕਿਵੇਂ ਲੈ ਕੇ ਜਾਵਾਂਗਾ।' ਫਿਰ ਸਤਿਗੁਰਾਂ ਆਖਿਆ, 'ਰਾਜਨ, ਜੇ ਆਹ ਪਰਜਾ ਨੂੰ ਲੁੱਟ ਕੇ ਤੇ ਮੁਰਦਿਆਂ ਦੇ ਮੂੰਹਾਂ 'ਚੋਂ ਸਿੱਕੇ ਕੱਢ ਕੇ ਜੋੜੀ ਹੋਈ ਚਾਲੀ ਗੰਜ ਮਾਇਆ ਤੂੰ ਨਾਲ ਲੈ ਕੇ ਜਾਣ ਲਈ ਤਿਆਰ ਬੈਠਾ ਹੈਂ ਤਾਂ ਸਾਡੀ ਨਿੱਕੀ ਜਿਹੀ ਸੂਈ ਵੀ ਨਾਲੇ ਲੈਂਦਾ ਜਾਵੀਂ।'

ਗੁਰੂ ਦੀ ਮਿਹਰ ਹੋਈ ਤੇ ਕਾਰੂੰ ਦੇ ਕਪਾਟ ਖੁੱਲ੍ਹ ਗਏ। ਉਸ ਨੇ ਗਰੀਬਾਂ ਨੂੰ ਲੁੱਟ ਕੇ ਇਕੱਠੀ ਕੀਤੀ ਸਾਰੀ ਧਨ ਦੌਲਤ ਉਸੇ ਵੇਲੇ ਪਰਜਾ ਵਿਚ ਵੰਡ ਦਿੱਤੀ ਪਰ ਅੱਜ ਦੇ ਕਾਰੂੰਆਂ ਕੋਲ ਨਾ ਹੀ ਗੁਰੂ ਨਾਨਕ ਦੇਵ ਨੇ ਸੱਚ ਦਾ ਉਪਦੇਸ਼ ਦੇਣ ਲਈ ਆਉਣਾ ਹੈ ਅਤੇ ਨਾ ਇਨ੍ਹਾਂ ਨੇ ਗਰੀਬ ਪਰਜਾ ਨੂੰ ਲੁੱਟਣ ਤੋਂ ਤੌਬਾ ਕਰਨੀ ਹੈ। ਗੁਰੂ ਨਾਨਕ ਦੀ ਗੁਰਬਾਣੀ ਜੋ ਗੁਰੂ ਦੇ ਸਰੂਪ ਵਿਚ ਸਾਡੇ ਕੋਲ ਹੈ, ਉਸ ਦਾ ਇਨ੍ਹਾਂ ਨੂੰ ਨਾ ਹੀ ਕਦੀ ਡਰ ਭੈਅ ਸੀ ਅਤੇ ਨਾ ਹੀ ਹੋਣਾ ਹੈ। ਗੁਰੂ ਦੇ ਘਰਾਂ ਤੋਂ ਹੀ ਤਾਂ ਇਨ੍ਹਾਂ ਦੀ ਲੁੱਟ ਦੀ ਸ਼ੁਰੂਆਤ ਹੁੰਦੀ ਹੈ ਪਰ ਰੱਬ ਇਨਸਾਫ਼ ਕਰਦਾ ਹੈ। ਅੱਜ ਜੋ ਪੂਰੇ ਮੁਲਕ ਵਿਚ ਹਵਾ ਦਾ ਰੁਖ ਬਦਲ ਰਿਹਾ ਹੈ, ਜਨਤਾ ਆਪਣੇ ਹੱਕਾਂ ਲਈ ਬੋਲਣ ਲੱਗ ਪਈ ਹੈ, ਸੁਪਰੀਮ ਕੋਰਟ ਨੇ ਜੋ ਬਿਹਤਰੀਨ ਕਾਰਜ ਸ਼ੁਰੂ ਕਰ ਦਿੱਤੇ ਹਨ, ਉਸ ਤੋਂ ਕੁਝ ਆਸ ਤਾਂ ਜ਼ਰੂਰ ਬੱਝਦੀ ਹੈ। ਰੱਬਾ! ਮਿਹਰ ਕਰੀਂ। ਜਿਵੇਂ ਸਮਾਂ ਰੰਗ ਬਦਲ ਰਿਹਾ ਹੈ, ਪੰਜਾਬ ਦੇ ਭ੍ਰਿਸ਼ਟ ਲੀਡਰਾਂ ਦੀ ਵਾਰੀ ਵੀ ਜ਼ਰੂਰ ਆਵੇ ਅਤੇ ਇਹ ਵੀ ਜੇਲ੍ਹਾਂ ਵਿਚ ਚੱਕੀਆਂ ਪੀਹਣ। ਗੁਰਬਾਣੀ ਦਾ ਫਰਮਾਨ ਹੈ, ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ॥

# ਸੁਪਰੀਮ ਕੋਰਟ ਦਾ ਫੈਸਲਾ ਤੇ ਚੋਣਾਂ 'ਚ ਲੱਠ-ਮਾਰ ਵਰਤਾਰਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਅਗਲੇ ਦੋ ਮਹੀਨੇ ਪੰਜ ਰਾਜਾਂ ਦੀਆਂ ਚੋਣਾਂ ਦੇ ਚੱਕਰ ਵਿਚ ਘੁੰਮਦਾ ਦਿਖਾਈ ਦੇਣ ਵਾਲਾ ਹੈ। ਇਨ੍ਹਾਂ ਵਿਚੋਂ 3 ਰਾਜ ਹੁਣ ਕਾਂਗਰਸ ਦੇ ਕੋਲ ਹਨ ਤੇ ਦੋ ਭਾਰਤੀ ਜਨਤਾ ਪਾਰਟੀ ਕੋਲ। ਦਿੱਲੀ ਵਿਚ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਪਿਛਲੀਆਂ ਤਿੰਨ ਵਾਰੀਆਂ ਤੋਂ ਲਗਾਤਾਰ ਰਾਜ ਕਰ ਰਹੀ ਹੈ। ਉਥੇ ਉਸ ਤੋਂ ਪਹਿਲੇ 5 ਸਾਲਾਂ ਵਿਚ ਭਾਜਪਾ ਨੇ ਤਿੰਨ ਮੁੱਖ ਮੰਤਰੀ ਮਦਨ ਲਾਲ ਖੁਰਾਣਾ, ਸਾਹਿਬ ਸਿੰਘ ਵਰਮਾ ਤੇ ਸੁਸ਼ਮਾ ਸਵਰਾਜ ਵਾਰੀ-ਵਾਰੀ ਪਰਖੇ, ਪਰ ਪੈਰ ਨਹੀਂ ਸੀ ਲੱਗ ਸਕੇ। ਹੁਣ ਸ਼ੀਲਾ ਬੀਬੀ ਚੌਥੀ ਵਾਰੀ ਜਿੱਤੇਗੀ ਕਿ ਨਹੀਂ, ਇਸ ਬਾਰੇ ਹਰ ਕਿਸੇ ਦੀ ਆਪੋ ਆਪਣੀ ਰਾਏ ਹੈ।

ਮੱਧ ਪ੍ਰਦੇਸ਼ ਵਿਚ ਸ਼ਿਵਰਾਜ ਚੌਹਾਨ ਪਿਛਲੀ ਡੇਢ ਵਾਰੀ ਤੋਂ ਰਾਜ ਕਰ ਰਿਹਾ ਹੈ। ਵਾਜਪਾਈ ਸਰਕਾਰ ਵੇਲੇ ਕਾਂਗਰਸ ਦੇ ਦਿਗਵਿਜੇ ਸਿੰਘ ਨੂੰ ਹਰਾ ਕੇ ਉਥੇ ਉਮਾ ਭਾਰਤੀ ਨੇ ਕਮਾਨ ਸਾਂਭੀ ਸੀ, ਉਸ ਦੇ ਕੁਝ ਦਿਨ ਪਿੱਛੋਂ ਬਾਬੂ ਲਾਲ ਗੌੜ ਮੁੱਖ ਮੰਤਰੀ ਬਣਿਆ ਤੇ ਫਿਰ ਵਾਰੀ ਸ਼ਿਵਰਾਜ ਚੌਹਾਨ ਦੀ ਆ ਗਈ, ਜਿਹੜਾ ਅਗਲੀ ਵਾਰੀ ਆਪਣੀ ਪਾਰਟੀ ਭਾਜਪਾ ਨੂੰ ਜਿਤਾਉਣ ਵਿਚ ਕਾਮਯਾਬ ਰਿਹਾ ਸੀ। ਨਾਲ ਦੇ ਮੱਧ ਪ੍ਰਦੇਸ਼ ਤੋਂ ਕੱਟ ਕੇ ਬਣਾਏ ਛੱਤੀਸਗੜ੍ਹ ਵਿਚ ਭਾਜਪਾ ਦਾ ਰਮਨ ਸਿੰਘ ਦੋ ਵਾਰੀ ਮਿਆਦ ਪੂਰੀ ਕਰ ਕੇ ਹੁਣ ਤੀਸਰੀ ਵਾਰੀ ਵਾਸਤੇ ਚਾਰਾ ਕਰ ਰਿਹਾ ਹੈ।

ਰਾਜਸਥਾਨ ਵਿਚ ਕਾਂਗਰਸ ਦਾ ਅਸ਼ੋਕ ਗਹਿਲੋਤ ਦਸ ਸਾਲ ਰਾਜ ਕਰ ਗਿਆ ਹੈ, ਪਰ ਲਗਾਤਾਰ ਨਹੀਂ ਕੀਤਾ, ਪਹਿਲੇ ਪੰਜਾਂ ਤੋਂ ਬਾਅਦ ਭਾਜਪਾ ਦੀ ਵਸੁੰਧਰਾ ਰਾਜੇ ਪੰਜ ਸਾਲ ਰਾਜ ਕਰਦੀ ਰਹੀ ਸੀ। ਹੁਣ ਅਸ਼ੋਕ ਗਹਿਲੋਤ ਦਾ ਹਾਲ ਚੰਗਾ ਨਹੀਂ ਸੁਣੀਂਦਾ। ਪੰਜਵਾਂ ਰਾਜ ਭਾਰਤ ਦੇ ਉਤਰ ਪੂਰਬ ਵਿਚ ਛੋਟਾ ਜਿਹਾ ਮੀਜ਼ੋਰਮ ਹੈ, ਜਿੱਥੇ ਕਾਂਗਰਸ ਪਾਰਟੀ ਦਾ ਮੁੱਖ ਮੰਤਰੀ ਲਾਲਥਨਹਾਵਲਾ ਤੀਸਰੀ ਵਾਰੀ ਰਾਜ ਕਰ ਰਿਹਾ ਹੈ, ਪਰ ਕਦੀ ਦੋ ਵਾਰੀ ਲਗਾਤਾਰ ਨਹੀਂ ਰਿਹਾ। ਇਸ ਵਾਰੀ ਉਸ ਦੀ ਹਾਲਤ ਬਹੁਤੀ ਮਾੜੀ ਨਹੀਂ ਸੁਣੀ ਜਾ ਰਹੀ ਤੇ ਉਹ ਪਾਰ ਵੀ ਲੱਗ ਸਕਦਾ ਹੈ। ਚੋਣਾਂ ਦਾ ਇਹ ਗੇੜ ਡੇਢ ਮਹੀਨਾ ਲੰਮਾ ਹੈ। ਏਡਾ ਲੰਮਾ ਗੇੜ ਚੰਗਾ ਨਹੀਂ ਲੱਗਦਾ ਕਿ ਵੋਟਾਂ ਪਾਉਣ ਤੋਂ ਬਾਅਦ ਵੀ ਲੋਕ ਨਤੀਜੇ ਦੀ ਉਡੀਕ ਮਹੀਨਾ ਭਰ ਇਸ ਲਈ ਕਰਦੇ ਰਹਿਣ ਕਿ ਹਾਲੇ ਕਿਸੇ ਦੂਸਰੇ ਰਾਜ ਵਿਚ ਵੋਟਾਂ ਪੈਣੀਆਂ ਹਨ ਤੇ ਨਤੀਜਾ ਇੱਕੋ ਦਿਨ ਕੱਢਿਆ ਜਾਣ ਦਾ ਰਿਵਾਜ ਪੈ ਗਿਆ ਹੈ। ਫਿਰ ਵੀ ਇਸ ਨੂੰ ਭੁਗਤਣ ਤੋਂ ਸਿਵਾ ਕੋਈ ਚਾਰਾ ਨਹੀਂ ਹੈ।

ਕਿਉਂਕਿ ਇੱਕੋ ਵਕਤ ਪੰਜ ਰਾਜਾਂ ਦੀਆਂ ਚੋਣਾਂ ਹੋਣ ਲੱਗੀਆਂ ਹਨ, ਇਸ ਲਈ ਬਹੁਤ ਸਾਰੇ ਸਿਆਸੀ ਮਾਹਰਾਂ ਨੇ ਇਸ ਨੂੰ ਪਾਰਲੀਮੈਂਟ ਚੋਣਾਂ ਦਾ ਸੈਮੀ-ਫਾਈਨਲ ਆਖਣਾ ਸ਼ੁਰੂ ਕਰ ਦਿੱਤਾ ਹੈ। ਜਦੋਂ ਪਿਛਲੇ ਸਾਲ ਪੰਜਾਬ ਦੇ ਨਾਲ ਉਤਰ ਪ੍ਰਦੇਸ਼ ਤੇ ਕੁਝ ਹੋਰ ਥਾਂਈਂ ਚੋਣਾਂ ਹੋਈਆਂ ਸਨ, ਉਦੋਂ ਵੀ ਇਹੋ ਕਿਹਾ ਗਿਆ ਸੀ। ਭਾਰਤ ਵਿਚ ਪਾਰਲੀਮੈਂਟ ਚੋਣਾਂ ਦੇ ਇਹੋ ਜਿਹੇ ਕਈ ਸੈਮੀ-ਫਾਈਨਲ ਹੋ ਜਾਂਦੇ ਹਨ, ਪਰ ਇਨ੍ਹਾਂ ਦਾ ਉਨ੍ਹਾਂ ਚੋਣਾਂ ਉਤੇ ਕੋਈ ਅਸਰ ਪੈਣ ਦੀ ਗੱਲ ਕਦੀ ਬਹੁਤੀ ਸੱਚੀ ਸਾਬਤ ਨਹੀਂ ਹੋਈ। ਦਿੱਲੀ ਨਗਰ ਨਿਗਮ ਦੀਆਂ ਚੋਣਾਂ ਵਿਚ ਹਰ ਵਾਰੀ ਭਾਜਪਾ ਜਿੱਤ ਜਾਂਦੀ ਹੈ, ਪਰ ਵਿਧਾਨ ਸਭਾ ਵਿਚ ਉਸ ਦੀ ਜਿੱਤ ਨਹੀਂ ਹੁੰਦੀ। ਇਹੋ ਕੁਝ ਮੁੰਬਈ ਵਿਚ ਵਾਪਰ ਜਾਂਦਾ ਹੈ। ਕਿਉਂਕਿ ਅੱਜ ਦੀ ਘੜੀ ਇਹ ਪਤਾ ਨਹੀਂ ਕਿ ਇਨ੍ਹਾਂ ਰਾਜਾਂ ਵਿਚ ਚੋਣ ਕਿਹੜੇ ਮੁੱਦਿਆਂ ਉਤੇ ਲੜੀ ਜਾਵੇਗੀ, ਇਸ ਲਈ ਅਸੀਂ ਇਸ ਚਰਚਾ ਲਈ ਬਹੁਤਾ ਸਮਾਂ ਨਹੀਂ ਦੇ ਸਕਦੇ ਕਿ ਉਥੇ ਕੌਣ ਜਿੱਤੇਗਾ, ਸਗੋਂ ਇਸ ਤੋਂ ਵੱਖਰਾ ਮੁੱਦਾ ਛੇੜਨਾ ਚਾਹੁੰਦੇ ਹਾਂ।

ਹਾਲੇ ਪਿਛਲੇ ਮਹੀਨੇ ਦੇਸ਼ ਦੀ ਸੁਪਰੀਮ ਕੋਰਟ ਨੇ ਇੱਕ ਬੜਾ ਵਧੀਆ ਫੈਸਲਾ ਦਿੱਤਾ ਸੀ, ਜਿਸ ਨੂੰ ਵੋਟਰਾਂ ਦੇ ਪੱਖ ਤੋਂ ਅਸੀਂ ਵੀ ਸੁਲੱਖਣਾ ਕਦਮ ਸਮਝਿਆ ਸੀ। ਇਹ ਫੈਸਲਾ ਵੋਟਰ ਨੂੰ ਇਹ ਹੱਕ ਦਿੰਦਾ ਸੀ ਕਿ ਜਿੱਥੇ ਉਸ ਦੀ ਪਸੰਦ ਦਾ ਇੱਕ ਵੀ ਉਮੀਦਵਾਰ ਨਾ ਹੋਵੇ, ਉਥੇ ਉਹ ਸਾਰੇ ਉਮੀਦਵਾਰਾਂ ਨੂੰ ਰੱਦ ਕਰਨ ਦਾ ਆਪਣਾ ਅਧਿਕਾਰ ਵਰਤ ਸਕੇ ਤੇ ਚੋਣ ਕਮਿਸ਼ਨ ਨੂੰ ਹਦਾਇਤ ਕੀਤੀ ਗਈ ਸੀ ਕਿ ਸਾਰੇ ਉਮੀਦਵਾਰਾਂ ਨੂੰ ਰੱਦ ਕਰਨ ਵਾਲਾ ਬਟਨ ਉਹ ਵੋਟਾਂ ਪਾਉਣ ਵਾਲੀਆਂ ਮਸ਼ੀਨਾਂ ਵਿਚ ਫਿੱਟ ਕਰ ਦੇਵੇ। ਕਈ ਥਾਂ ਸਾਰੇ ਉਮੀਦਵਾਰ ਮਾੜੇ ਕਿਰਦਾਰ ਵਾਲੇ ਖੜੇ ਹੋਣ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ। ਇਸ ਕਰ ਕੇ ਇਹ ਫੈਸਲਾ ਯੋਗ ਸੀ। ਬਹੁਤੇ ਲੋਕਾਂ ਨੇ ਇਸ ਦਾ ਸਵਾਗਤ ਕੀਤਾ ਸੀ, ਪਰ ਕੁਝ ਸਿਆਸੀ ਆਗੂ ਇਸ ਦੇ ਵਿਰੋਧ ਵਿਚ ਵੀ ਬੋਲੇ ਸਨ, ਜਿਨ੍ਹਾਂ ਵਿਚ ਨਰਿੰਦਰ ਮੋਦੀ ਅਤੇ ਲਾਲ ਕ੍ਰਿਸ਼ਨ ਅਡਵਾਨੀ ਨਾਂ ਦੇ ਉਹ ਪੁਰਾਣੇ ਗੁਰੂ-ਚੇਲਾ ਸ਼ਾਮਲ ਸਨ, ਜਿਹੜੇ ਅੱਜ-ਕੱਲ੍ਹ ਇੱਕ ਦੂਸਰੇ ਦੀਆਂ ਜੜ੍ਹਾਂ ਟੁੱਕਣ ਲੱਗੇ ਹੋਏ ਹਨ। ਵਿਰੋਧ ਕਰਨ ਵਾਲੇ ਇਨ੍ਹਾਂ ਆਗੂਆਂ ਦੀ ਰਾਏ ਸੀ ਕਿ ਜਿਹੜਾ ਵੋਟਰ ਬੂਥ ਤੱਕ ਚੱਲ ਕੇ ਆ ਜਾਂਦਾ ਹੈ, ਉਹ ਵੋਟ ਪਾਉਣ ਆਉਂਦਾ ਹੈ, ਸਿਰਫ ਵਿਰੋਧ ਕਰਨ ਨਹੀਂ ਆਉਂਦਾ, ਇਸ ਲਈ ਉਸ ਨੂੰ ਸਾਰੇ ਉਮੀਦਵਾਰ ਰੱਦ ਕਰਨਾ ਦਾ ਹੱਕ ਦੇਣਾ ਠੀਕ ਨਹੀਂ ਜਾਪਦਾ। ਉਹ ਦੋਵੇਂ ਇਸ ਤੋਂ ਅੱਗੇ ਜਾ ਕੇ ਇਹ ਵੀ ਕਹਿੰਦੇ ਹਨ ਕਿ ਕਿਸੇ ਨੂੰ ਵਿਰੋਧ ਵਜੋਂ ਵੋਟ ਨਾ ਪਾਉਣ ਦਾ ਅਧਿਕਾਰ ਵੀ ਨਹੀਂ ਚਾਹੀਦਾ, ਸਗੋਂ ਵੋਟ ਪਾਉਣੀ ਲਾਜ਼ਮੀ ਕਰ ਦੇਣੀ ਚਾਹੀਦੀ ਹੈ।

ਅਸੀਂ ਉਨ੍ਹਾਂ ਦੀ ਪਹਿਲੀ ਗੱਲ ਵੀ ਗਲਤ ਸਮਝਦੇ ਹਾਂ ਤੇ ਦੂਸਰੀ ਵੋਟ ਪਾਉਣਾ ਲਾਜ਼ਮੀ ਕਰਨ ਵਾਲੀ ਗੱਲ ਵੀ ਮੰਨਣ ਦੇ ਯੋਗ ਨਹੀਂ ਸਮਝਦੇ, ਪਰ ਹੁਣ ਇੱਕ ਹੋਰ ਹੁਕਮ ਸੁਪਰੀਮ ਕੋਰਟ ਨੇ ਕਰ ਦਿੱਤਾ ਹੈ, ਜਿਸ ਨੂੰ ਅਸੀਂ ਕਿਸੇ ਤਰ੍ਹਾਂ ਵੀ ਵੋਟਰ ਦੇ ਪੱਖ ਵਿਚ ਨਹੀਂ ਮੰਨ ਸਕਦੇ। ਇਹ ਹੁਕਮ ਵੋਟ ਪਾਉਣ ਤੋਂ ਬਾਅਦ ਮਸ਼ੀਨ ਵਿਚੋਂ ਵੋਟਰ ਲਈ ਇੱਕ ਪਰਚੀ ਦੇ ਨਿਕਲਣ ਵਾਲਾ ਹੈ, ਜਿਸ ਤੋਂ ਪਤਾ ਲੱਗ ਜਾਵੇਗਾ ਕਿ ਉਸ ਦੀ ਵੋਟ ਫਲਾਣੇ ਉਮੀਦਵਾਰ ਨੂੰ ਹੀ ਪਈ ਹੈ। ਇਸ ਪਿੱਛੇ ਕਾਰਨ ਇਹ ਸੀ ਕਿ ਜਦੋਂ ਬਿਜਲੀ ਵਾਲੀਆਂ ਮਸ਼ੀਨਾਂ ਵਰਤੋਂ ਵਿਚ ਲਿਆਂਦੀਆਂ ਗਈਆਂ ਤਾਂ ਭਾਜਪਾ ਦੇ ਇੱਕ ਆਗੂ ਨੇ ਇਤਰਾਜ਼ ਕੀਤਾ ਸੀ ਕਿ ਇਨ੍ਹਾਂ ਨਾਲ ਕਿਸੇ ਹੋਰ ਦੇ ਬਟਨ ਨਾਲ ਕਿਸੇ ਹੋਰ ਨੂੰ ਵੋਟ ਪਵਾਏ ਜਾਣ ਦਾ ਖਦਸ਼ਾ ਰਹੇਗਾ। ਚੋਣ ਕਮਿਸ਼ਨ ਨੇ ਇਸ ਦੀ ਜਾਂਚ ਕੀਤੀ ਤੇ ਖਦਸ਼ਾ ਰੱਦ ਕਰ ਦਿੱਤਾ ਸੀ। ਉਸ ਭਾਜਪਾ ਆਗੂ ਨਾਲ ਉਸ ਦੀ ਪਾਰਟੀ ਵੀ ਸਹਿਮਤ ਨਹੀਂ ਸੀ। ਫਿਰ ਵੀ ਇਹ ਦੋਸ਼ ਪੰਜਾਬ ਸਮੇਤ ਕਈ ਥਾਂ ਲੱਗਦਾ ਰਿਹਾ ਸੀ। ਸਾਡੇ ਦੇਸ਼ ਵਿਚ ਕੋਈ ਵੀ ਗੱਲ ਅਸੰਭਵ ਨਹੀਂ ਤੇ ਜਦੋਂ ਇੰਟਰਨੈਟ ਉਤੇ ਅਮਰੀਕਾ ਦੇ ਰਾਸ਼ਟਰਪਤੀ ਦੇ ਦਫਤਰ ਤੱਕ ਹੈਕਿੰਗ ਹੋਣ ਲੱਗ ਪਈ ਹੈ, ਉਦੋਂ ਇਹ ਕੁਝ ਇਸ ਦੇਸ਼ ਵਿਚ ਵੀ ਹੋਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ।



ਫਿਰ ਵੀ ਇਹ ਇੱਕੋ ਮੁੱਦਾ ਨਹੀਂ, ਜਿਸ ਨੂੰ ਭਾਰਤ ਦੀ ਚੋਣ ਪ੍ਰਣਾਲੀ ਦਾ ਵੱਡਾ ਨੁਕਸ ਕਿਹਾ ਜਾ ਸਕੇ। ਵੋਟਰ ਦੀ ਤਸੱਲੀ ਵਾਸਤੇ ਜਿਹੜੀ ਪਰਚੀ ਕੱਢਣ ਦੀ ਗੱਲ ਹੈ, ਇਸ ਨਾਲ ਪ੍ਰਣਾਲੀ ਦਾ ਨੁਕਸ ਤਾਂ ਘਟਣਾ ਨਹੀਂ ਤੇ ਲੱਠ-ਮਾਰਾਂ ਦਾ ਦਾਬਾ ਵਧ ਜਾਣਾ ਹੈ। ਪਹਿਲਾਂ ਜਦੋਂ ਹਾਲੇ ਬੈਲਟ ਪੇਪਰ ਉਤੇ ਮੋਹਰ ਲਾਉਣ ਦੀ ਥਾਂ ਬਿਨਾਂ ਚੋਣ ਨਿਸ਼ਾਨਾਂ ਤੋਂ ਬੈਲਟ ਪੇਪਰ ਦਿੱਤਾ ਜਾਂਦਾ ਸੀ ਤੇ ਸਾਰੇ ਉਮੀਦਵਾਰਾਂ ਦੇ ਨਿਸ਼ਾਨਾਂ ਵਾਲੇ ਵੱਖੋ-ਵੱਖ ਡੱਬੇ ਰੱਖੇ ਜਾਂਦੇ ਸਨ, ਉਦੋਂ ਜ਼ੋਰ ਵਾਲੇ ਲੋਕ ਗਰੀਬਾਂ ਨੂੰ ਇਹ ਹੁਕਮ ਚਾੜ੍ਹ ਦਿੰਦੇ ਸਨ ਕਿ ਪਰਚੀ ਕਿਸੇ ਵੀ ਡੱਬੇ ਵਿਚ ਪਾਉਣ ਦੀ ਥਾਂ ਬਾਹਰ ਲਿਆ ਕੇ ਸਾਨੂੰ ਦੇ ਦਿਉ, ਅਸੀਂ ਆਪੇ ਬਾਅਦ ਵਿਚ ਪਾ ਲਵਾਂਗੇ। ਹੁਣ ਜਦੋਂ ਇਲੈਕਟ੍ਰਾਨਿਕ ਮਸ਼ੀਨ ਤੋਂ ਪਰਚੀ ਨਿਕਲਣੀ ਤੇ ਇਸ ਤੋਂ ਸਬੂਤ ਮਿਲਣਾ ਹੈ ਕਿ ਵੋਟ ਕਿਸ ਨੂੰ ਪਾਈ ਹੈ, ਇਸ ਦੀ ਦੁਰਵਰਤੋਂ ਇਹ ਹੋਵੇਗੀ ਕਿ ਲੱਠ-ਮਾਰ ਉਨ੍ਹਾਂ ਗਰੀਬਾਂ ਨੂੰ ਇਹ ਹੁਕਮ ਚਾੜ੍ਹਨਗੇ ਕਿ ਉਹ ਪਰਚੀ ਬਾਹਰ ਲਿਆ ਕੇ ਸਾਨੂੰ ਵਿਖਾਓ, ਤਾਂ ਕਿ ਸਾਨੂੰ ਇਹ ਯਕੀਨ ਹੋਵੇ ਕਿ ਵੋਟ ਤੁਸੀਂ ਸਾਨੂੰ ਹੀ ਪਾ ਕੇ ਆਏ ਹੋ। ਜਿਸ ਦੇਸ਼ ਵਿਚ ਅਜੇ ਤੱਕ ਬੂਥਾਂ ਉਤੇ ਕਬਜ਼ੇ ਹੁੰਦੇ ਨਹੀਂ ਰੋਕੇ ਜਾ ਸਕੇ, ਗਰੀਬਾਂ ਨੂੰ ਇਸ ਪਰਚੀ ਨਾਲ ਨਵਾਂ ਕਜ਼ੀਆ ਪੈ ਜਾਣ ਦਾ ਇੱਕ ਹੋਰ ਆਧਾਰ ਤਿਆਰ ਹੋ ਗਿਆ ਹੈ।

ਜਿਹੜੇ ਲੋਕ ਇਹੋ ਜਿਹੀਆਂ ਪਟੀਸ਼ਨਾਂ ਅਦਾਲਤਾਂ ਵਿਚ ਪਾਉਂਦੇ ਤੇ ਫਿਰ ਫੈਸਲੇ ਹੋਣ ਪਿੱਛੋਂ ਇਸ ਨਾਲ ਖੁਸ਼ ਹੁੰਦੇ ਹਨ, ਉਹ ਇਹ ਕਹਿੰਦੇ ਹਨ ਕਿ ਇਹ ਰਵਾਇਤ ਫਲਾਣੇ ਦੇਸ਼ ਵਿਚ ਵੀ ਹੈ ਤੇ ਫਲਾਣੇ ਵਿਚ ਵੀ, ਪਰ ਸਾਰੀ ਦੁਨੀਆਂ ਵਿਚ ਉਨ੍ਹਾਂ ਦੀ ਤਜਵੀਜ਼ ਦੇ ਪੱਖ ਦੀਆਂ ਰਵਾਇਤਾਂ ਹੀ ਨਹੀਂ, ਕੁਝ ਹੋਰ ਵੀ ਹਨ। ਮਿਸਾਲ ਵਜੋਂ ਲਾਜ਼ਮੀ ਵੋਟ ਦੀ ਗੱਲ ਕਰਨ ਵਾਲੇ ਅਡਵਾਨੀ ਤੇ ਮੋਦੀ ਇਸ ਨੂੰ ਆਸਟਰੇਲੀਆ ਨਾਲ ਜੋੜਦੇ ਹਨ, ਪਰ ਦੱਖਣ ਵਿਚ ਆਸਟਰੇਲੀਆ ਤੋਂ ਅੱਗੇ ਇੱਕ ਦੇਸ਼ ਨਿਊਜ਼ੀਲੈਂਡ ਵੀ ਹੈ, ਉਸ ਦੀ ਗੱਲ ਕਿਉਂ ਨਹੀਂ ਕਰਦੇ? ਉਸ ਦੇਸ਼ ਨੇ ਆਪਣੀ ਚੋਣ ਪ੍ਰਣਾਲੀ ਦੇ ਨੁਕਸ ਸੁਧਾਰੇ ਹਨ ਤੇ ਉਹ ਕੁਝ ਕੀਤਾ ਹੈ, ਜਿਸ ਦੀ ਭਾਰਤ ਵਿਚ ਕਦੀ ਕੋਈ ਗੱਲ ਕਰਨ ਨੂੰ ਵੀ ਤਿਆਰ ਨਹੀਂ। ਨਿਊਜ਼ੀਲੈਂਡ ਵਿਚ ਇੱਕ ਮੌਕਾ ਇਹੋ ਜਿਹਾ ਆਇਆ ਸੀ, ਜਦੋਂ ਪਾਰਲੀਮੈਂਟ ਚੋਣਾਂ ਵਿਚ ਵੱਧ ਵੋਟਾਂ ਦੀ ਫੀਸਦੀ ਜਿਸ ਪਾਰਟੀ ਨੂੰ ਮਿਲੀ, ਉਹ ਹਾਰ ਗਈ ਤੇ ਜਿਸ ਦੀਆਂ ਵੋਟਾਂ ਘੱਟ ਸਨ, ਉਸ ਦੇ ਮੈਂਬਰ ਵੱਧ ਜਿੱਤਣ ਨਾਲ ਸਰਕਾਰ ਬਣ ਗਈ। ਇਸ ਦਾ ਕਾਰਨ ਇਹ ਸੀ ਕਿ ਵੱਧ ਫੀਸਦੀ ਵਾਲੀ ਪਾਰਟੀ ਨੂੰ ਆਪਣੇ ਪ੍ਰਭਾਵ ਦੇ ਖੇਤਰਾਂ ਵਿਚੋਂ ਬਹੁਤ ਵੱਡੇ ਫਰਕ ਦੀ ਜਿੱਤ ਹੋਈ, ਪਰ ਦੂਸਰੀ ਪਾਰਟੀ ਜਿੱਥੋਂ ਜਿੱਤਦੀ ਰਹੀ, ਉਥੋਂ ਜਿੱਤ ਦਾ ਫਾਸਲਾ ਘੱਟ ਸੀ ਤੇ ਸੀਟਾਂ ਉਸ ਦੀਆਂ ਵਧ ਗਈਆਂ ਸਨ। ਉਨ੍ਹਾਂ ਨੇ ਇਸ ਪਿੱਛੋਂ ਚੋਣ ਪ੍ਰਬੰਧ ਵਿਚ ਇੱਕ ਸੁਧਾਰ ਕੀਤਾ ਤੇ ਯਕੀਨੀ ਕਰ ਲਿਆ ਕਿ ਦੇਸ਼ ਦੀ ਪਾਰਲੀਮੈਂਟ ਸੀਟਾਂ ਤੇ ਵੋਟਾਂ ਦੇ ਦੋਵਾਂ ਪੱਖਾਂ ਤੋਂ ਲੋਕਾਂ ਦੀ ਅਸਲੀ ਪ੍ਰਤੀਨਿਧਤਾ ਕਰਦੀ ਹੋਵੇ।

ਨਿਊਜ਼ੀਲੈਂਡ ਵਿਚ ਇਸ ਵੇਲੇ ਜਿਹੜਾ ਚੋਣ ਪ੍ਰਬੰਧ ਹੈ, ਉਸ ਵਿਚ ਦੇਸ਼ ਦੀ ਪਾਰਲੀਮੈਂਟ ਦੇ ਇੱਕ ਸੌ ਵੀਹ ਮੈਂਬਰਾਂ ਲਈ ਲੋਕ ਦੋ-ਦੋ ਵੋਟਾਂ ਪਾਉਂਦੇ ਹਨ, ਇੱਕ ਵੋਟ ਆਪਣੀ ਪਸੰਦ ਦੇ ਉਮੀਦਵਾਰ ਲਈ ਹੁੰਦੀ ਹੈ ਅਤੇ ਦੂਸਰੀ ਆਪਣੀ ਪਸੰਦ ਦੀ ਪਾਰਟੀ ਨੂੰ ਪਾਈ ਜਾਂਦੀ ਹੈ। ਸਿੱਧੀ ਚੋਣ ਵਿਚ ਲੋਕਾਂ ਦੀ ਪਸੰਦ ਨੂੰ ਵੱਧ ਮਹੱਤਵ ਦੇਣ ਲਈ ਇੱਕ ਸੌ ਵੀਹ ਵਿਚੋਂ ਸੱਤਰ ਮੈਂਬਰ ਸਿੱਧੇ ਵੋਟਰਾਂ ਵੱਲੋਂ ਸਾਡੇ ਦੇਸ਼ ਵਾਂਗ ਉਹੋ ਚੁਣੇ ਜਾਂਦੇ ਹਨ, ਜਿਨ੍ਹਾਂ ਦੀਆਂ ਵੋਟਾਂ ਬਾਕੀਆਂ ਤੋਂ ਵੱਧ ਹੋਣ, ਪਰ ਬਾਕੀ ਦੇ ਪੰਜਾਹ ਮੈਂਬਰਾਂ ਦੀ ਚੋਣ ਪਾਰਟੀਆਂ ਦੀ ਵੋਟ ਫੀਸਦੀ ਦੇ ਆਧਾਰ ਉਤੇ ਕੀਤੀ ਜਾਂਦੀ ਹੈ। ਮਿਸਾਲ ਵਜੋਂ ਕਿਸੇ ਪਾਰਟੀ ਨੂੰ ਚਾਲੀ ਫੀਸਦੀ ਵੋਟਾਂ ਮਿਲੀਆਂ, ਜਿਸ ਨਾਲ ਉਸ ਦੇ ਪਾਰਲੀਮੈਂਟ ਅੰਦਰ ਇੱਕ ਸੌ ਵੀਹ ਮੈਂਬਰਾਂ ਵਿਚੋਂ ਅਠਤਾਲੀ ਹੋਣੇ ਚਾਹੀਦੇ ਹਨ। ਸਿੱਧੀ ਚੋਣ ਵਾਲੇ ਸੱਤਰਾਂ ਵਿਚ ਚਾਲੀ ਫੀਸਦੀ ਨਾਲ ਉਸ ਦੇ ਅਠਾਈ ਮੈਂਬਰ ਬਣਦੇ ਸਨ, ਪਰ ਉਹ ਮਸਾਂ ਬਾਈ ਸੀਟਾਂ ਜਿੱਤ ਸਕੀ ਅਤੇ ਦੂਸਰੀ ਧਿਰ ਨੂੰ ਸੱਠ ਫੀਸਦੀ ਨਾਲ ਸੱਤਰ ਵਿਚੋਂ ਬਤਾਲੀ ਸੀਟਾਂ ਮਿਲਣ ਦੀ ਥਾਂ ਵੋਟਾਂ ਦੇ ਵਾਧੇ-ਘਾਟੇ ਕਾਰਨ ਅਠਤਾਲੀ ਸੀਟਾਂ ਆ ਗਈਆਂ। ਇਸ ਪਿੱਛੋਂ ਪਾਰਲੀਮੈਂਟ ਲਈ ਪਾਰਟੀ ਬਾਰੇ ਵੋਟਰ ਦੀ ਪਸੰਦ ਨਾਲ ਨਿਬੇੜਾ ਹੁੰਦਾ ਹੈ। ਇਹ ਵੇਖਿਆ ਜਾਂਦਾ ਹੈ ਕਿ ਜਿਸ ਪਾਰਟੀ ਦੀਆਂ ਇੱਕ ਸੌ ਵੀਹ ਮੈਂਬਰਾਂ ਦੇ ਸਦਨ ਵਿਚ 40 ਫੀਸਦੀ ਨਾਲ 48 ਫੀਸਦੀ ਸੀਟਾਂ ਚਾਹੀਦੀਆਂ ਹਨ, ਪਰ ਮਸਾਂ ਬਾਈ ਲੈ ਸਕੀ ਹੈ, ਉਸ ਨੂੰ ਬਾਕੀ ਰੱਖੀਆਂ 50 ਸੀਟਾਂ ਵਿਚੋਂ 26 ਹੋਰ ਮਿਲ ਸਕਦੀਆਂ ਹਨ ਤੇ ਜਿਸ ਪਾਰਟੀ ਦੀਆਂ ਸੱਠ ਦੇ ਹਿਸਾਬ ਨਾਲ ਬਹੱਤਰ ਸੀਟਾਂ ਚਾਹੀਦੀਆਂ ਹਨ, ਉਹ 48 ਸੀਟਾਂ ਲੈ ਚੁੱਕੀ ਹੋਣ ਕਰ ਕੇ ਬਾਕੀ ਉਸ ਨੂੰ ਚੌਵੀ ਹੋਰ ਦੇ ਕੇ ਘਰ ਪੂਰਾ ਕਰ ਦਿੱਤਾ ਜਾਂਦਾ ਹੈ।

ਨਾਲ ਇੱਕ ਸ਼ਰਤ 5 ਫ਼ੀਸਦੀ ਵੋਟਾਂ ਵਾਲੀ ਵੀ ਹੈ। ਜੇ ਕੋਈ ਪਾਰਟੀ 5 ਫ਼ੀਸਦੀ ਤੋਂ ਵੱਧ ਵੋਟਾਂ ਲੈ ਜਾਵੇ, ਸੀਟ ਭਾਵੇਂ ਕੋਈ ਵੀ ਨਾ ਜਿੱਤੇ, ਉਸ ਨੂੰ ਇਸ ਹਿਸਾਬ ਨਾਲ ਸੀਟਾਂ ਮਿਲ ਜਾਂਦੀਆਂ ਹਨ। ਸਾਲ 2008 ਵਿਚ ਗਰੀਨ ਪਾਰਟੀ 6.7 ਫ਼ੀਸਦੀ ਵੋਟਾਂ ਲੈ ਗਈ, ਪਰ ਸੀਟ ਇੱਕ ਵੀ ਨਹੀਂ ਸੀ ਜਿੱਤੀ। ਇਸ 6.7 ਫ਼ੀਸਦੀ ਨਾਲ ਉਸ ਨੂੰ 9 ਪਾਰਲੀਮੈਂਟ ਸੀਟਾਂ ਅਲਾਟ ਹੋ ਗਈਆਂ ਸਨ। ਜਿਹੜੀ ਪਾਰਟੀ ਇੱਕ ਵੀ ਸੀਟ ਜਿੱਤ ਜਾਵੇ, ਵੋਟਾਂ ਭਾਵੇਂ 5 ਫ਼ੀਸਦੀ ਤੋਂ ਘੱਟ ਹੋਣ, ਉਹ ਵੀ ਉਸ ਫੀਸਦੀ ਦੇ ਹਿਸਾਬ ਨਾਲ ਸੀਟਾਂ ਮੰਗ ਸਕਦੀ ਹੈ। ਓਥੇ ਏ ਸੀ ਟੀ ਪਾਰਟੀ ਦੀ ਇੱਕੋ ਸੀਟ ਆਈ ਸੀ, ਪਰ 3.6 ਫ਼ੀਸਦੀ ਵੋਟਾਂ ਹੋਣ ਕਾਰਨ ਉਸ ਨੂੰ 4 ਹੋਰ ਮਿਲਾ ਕੇ 5 ਸੀਟਾਂ ਦਾ ਹੱਕ ਮਿਲ ਗਿਆ ਸੀ।

ਵੇਖਣ ਵਿਚ ਵਲਾਵੇਂਦਾਰ ਜਾਪਦੇ ਇਸ ਪ੍ਰਬੰਧ ਨਾਲ ਛੋਟੀਆਂ ਧਿਰਾਂ ਨੂੰ ਉਨ੍ਹਾਂ ਦੇ ਵੋਟ ਮੁਤਾਬਕ ਪ੍ਰਤੀਨਿਧਤਾ ਮਿਲ ਸਕਦੀ ਹੈ। ਏਦਾਂ ਦੇ ਪ੍ਰਬੰਧ ਵਿਚ ਦੋ ਕਿਸਮ ਦੇ ਪਾਰਲੀਮੈਂਟ ਮੈਂਬਰ ਹੁੰਦੇ ਹਨ, ਹੱਕ ਦੋਵਾਂ ਦੇ ਬਰਾਬਰ ਦੇ, ਪਰ ਇੱਕ 'ਇਲੈਕਟਿਡ' ਤੇ ਦੂਸਰੇ 'ਲਿਸਟਿਡ' ਭਾਵ ਕਿ ਪਾਰਟੀ ਦੀ ਲਿਸਟ ਰਾਹੀਂ ਆਏ ਹੋਏ ਐਮ ਪੀ ਮੰਨੇ ਜਾਂਦੇ ਹਨ। ਜੇ ਇਹ ਪ੍ਰਬੰਧ ਲਾਗੂ ਕੀਤਾ ਗਿਆ ਹੁੰਦਾ ਤਾਂ ਪਿਛਲੀ ਵਾਰੀ 5.17 ਫੀਸਦੀ ਵੋਟਾਂ ਲੈ ਕੇ ਇੱਕ ਵੀ ਸੀਟ ਤੋਂ ਵਾਂਝੀ ਰਹਿ ਗਈ ਪੀਪਲਜ਼ ਪਾਰਟੀ ਦੇ ਪੰਜਾਬ ਦੀ ਵਿਧਾਨ ਸਭਾ ਵਿਚ ਛੇ ਮੈਂਬਰ ਜ਼ਰੂਰ ਬੈਠੇ ਹੋਣੇ ਸਨ।

ਸਾਡੇ ਦੇਸ਼ ਦਾ ਹੁਣ ਵਾਲਾ ਪ੍ਰਬੰਧ 'ਜ਼ੋਰਾਵਰਾਂ ਦਾ ਸੱਤੀਂ ਵੀਹੀਂ ਸੌ' ਪਹਿਲਾਂ ਹੀ ਬਣਾਈ ਫਿਰਦਾ ਸੀ, ਵੋਟਰ ਦੀ ਪਰਚੀ ਵਾਲੇ ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਨਾਲ ਲੱਠ-ਮਾਰ ਵਰਤਾਰਾ ਹੋਰ ਵੀ ਜ਼ੋਰ ਫੜ ਸਕਦਾ ਹੈ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

## ਪੰਜਾਬ ਵਿਚ 30 ਲੱਖ ਲੋਕ ਗਠੀਏ ਦੇ ਰੋਗ ਦਾ ਸ਼ਿਕਾਰ

**ਚੰਡੀਗੜ੍ਹ:** ਦੇਸ਼ ਦੇ 15 ਫੀਸਦੀ ਲੋਕ ਗਠੀਏ ਦਾ ਸ਼ਿਕਾਰ ਹਨ ਤੇ ਇਕੱਲੇ ਪੰਜਾਬ ਵਿਚ 30 ਲੱਖ ਲੋਕ ਗਠੀਏ ਦੀ ਗੰਭੀਰ ਬਿਮਾਰੀ ਨਾਲ ਪੀੜਤ ਹਨ ਜਿਨ੍ਹਾਂ ਵਿਚੋਂ ਪੰਜ ਲੱਖ ਵਿਅਕਤੀ ਖਤਰੇ ਦੇ ਦਾਇਰੇ ਵਿਚ ਆ ਚੁੱਕੇ ਹਨ ਤੇ 50 ਹਜ਼ਾਰ ਤੋਂ ਵੀ ਜ਼ਿਆਦਾ ਮਰੀਜ਼ਾਂ ਨੂੰ ਤੁਰੰਤ ਸਰਜਰੀ ਦੀ ਜ਼ਰੂਰਤ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਪੂਰੇ ਵਿਸ਼ਵ ਵਿਚ 355 ਮਿਲੀਅਨ ਲੋਕ ਇਸ ਬਿਮਾਰੀ ਦਾ ਸ਼ਿਕਾਰ ਹਨ। ਰਿਪੋਰਟ ਅਨੁਸਾਰ ਦੇਸ਼ ਦੇ 60 ਤੋਂ 70 ਫੀਸਦੀ ਲੋਕ ਮੋਟਾਪੇ ਦੇ ਨਾਲ-ਨਾਲ ਗਠੀਏ ਦੀ ਬਿਮਾਰੀ ਕਾਰਨ ਪ੍ਰੇਸ਼ਾਨੀ ਝੱਲ ਰਹੇ ਹਨ। ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ ਦੇ ਅਰਥੋਪੈਡਿਕ ਵਿਭਾਗ ਦੇ ਮੁਖੀ ਡਾ. ਮਨੁਜ ਵਾਧਵਾ ਨੇ ਕਿਹਾ ਕਿ ਉਪਰੋਕਤ ਤੱਥ ਇਕ ਸਰਵੇਖਣ ਦੌਰਾਨ ਉਜਾਗਰ ਹੋਏ ਹਨ। ਡਾ. ਵਾਧਵਾ ਅਨੁਸਾਰ ਪੰਜਾਬੀਆਂ ਵਿਚ ਇਹ ਬਿਮਾਰੀ ਬੜੀ ਤੇਜ਼ੀ ਨਾਲ ਵਧ ਰਹੀ ਹੈ ਜਿਸ ਦਾ ਵੱਡਾ ਕਾਰਨ ਉਨ੍ਹਾਂ ਵਿਚ ਵਧ ਰਿਹਾ ਮੋਟਾਪਾ ਹੈ ਤੇ ਪੰਜਾਬੀਆਂ ਦਾ ਪੱਛਮੀ ਸੱਭਿਅਤਾ ਦੇ ਪਿੱਛੇ ਲੱਗ ਕੇ ਅਪਨਾਇਆ ਰਹਿਣ-ਸਹਿਣ ਜਿੱਥੇ ਮੋਟਾਪੇ ਦਾ ਕਾਰਨ ਬਣ ਰਿਹਾ ਹੈ, ਉਥੇ ਗਠੀਏ ਨੂੰ ਵੀ ਬੜਾਵਾ ਦੇ ਰਿਹਾ ਹੈ। ਰਿਪੋਰਟ ਅਨੁਸਾਰ ਚੀਨ ਵਿਚ ਬੇਹਿਸਾਬ ਲੋਕ ਇਸ

# ਜ਼ਹਿਰ ਘੁਲ ਰਿਹਾ ਹੈ ਦੁਆਬੇ ਦੇ ਪਾਣੀਆਂ ਵਿਚ

**ਜਲੰਧਰ:** ਪੰਜਾਬ ਸਰਕਾਰ ਤੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਰਾਜ ਦੇ ਸਾਫ਼ ਤੇ ਹਰੇ-ਭਰੇ ਵਾਤਾਵਰਨ ਦੇ ਕੀਤੇ ਜਾ ਰਹੇ ਦਾਅਵਿਆਂ ਦੇ ਉਲਟ ਜਲੰਧਰ ਤੇ ਕਪੂਰਥਲਾ ਦੇ ਨਦੀ-ਨਾਲਿਆਂ ਵਿਚ ਸਨਅਤੀ ਰਹਿੰਦ-ਖੂੰਹਦ ਤੇ ਸੀਵਰੇਜ ਦਾ ਅਣਸੋਧਿਆ ਪਾਣੀ ਲਗਾਤਾਰ ਸੁੱਟਿਆ ਜਾ ਰਿਹਾ ਹੈ। ਇਸ ਗੰਦਗੀ ਦਾ ਸਭ ਤੋਂ ਵੱਡਾ ਸ਼ਿਕਾਰ ਕਾਲਾ ਸੰਘਿਆ ਨਾਲਾ ਹੈ ਜੋ ਜਲੰਧਰ ਦੇ ਪਿੰਡ ਬੁਲੰਦਪੁਰ ਤੋਂ ਨਿਕਲ ਕੇ ਚਿੱਟੀ ਵੇਈਂ ਵਿਚ ਡਿੱਗਦਾ ਹੈ ਤੇ ਇਹ ਵੇਈਂ ਅੱਗੇ ਸਤਲੁਜ ਵਿਚ ਸਮਾ ਜਾਂਦੀ ਹੈ।

ਕਪੂਰਥਲਾ ਵਿਚ ਸੀਵਰੇਜ ਦਾ ਪਾਣੀ ਕਾਲੀ ਵੇਈਂ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ ਤੇ ਇਹੀ ਹਾਲ ਵਡਾਲਾ ਨਾਲੇ ਦਾ ਹੈ। ਇਹ ਅੱਗੇ ਜਾ ਕੇ ਕਾਲੀ ਵੇਈਂ ਵਿਚ ਮਿਲਦਾ ਹੈ ਜੋ ਅਖੀਰ ਬਿਆਸ ਵਿਚ ਸਮਾ ਜਾਂਦੀ ਹੈ। ਨਦੀਆਂ ਤੇ ਨਾਲਿਆਂ ਦੀ ਗੰਦਗੀ ਨੇ ਧਰਤੀ ਹੇਠਲੇ ਪਾਣੀ ਨੂੰ ਵੀ ਦੂਸ਼ਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਦਾ ਅਸਰ ਜਲੰਧਰ ਤੇ ਕਪੂਰਥਲਾ ਦੇ ਕਈ ਹਿੱਸਿਆਂ ਵਿਚ ਲੋਕਾਂ ਦੀ ਸਿਹਤ 'ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ।

ਜਲੰਧਰ ਦੇ ਕਈ ਪਿੰਡਾਂ ਵਿਚ ਚਮੜੀ ਰੋਗਾਂ ਤੋਂ ਇਲਾਵਾ ਕੈਂਸਰ ਨਾਲ ਵੀ ਮੌਤਾਂ ਹੋ ਰਹੀਆਂ ਹਨ। ਦੂਸ਼ਿਤ ਪਾਣੀ ਦੀ ਵਰਤੋਂ ਨੂੰ ਕੈਂਸਰ ਦੇ



ਮਰੀਜ਼ਾਂ ਦੀ ਗਿਣਤੀ ਵਿਚ ਵਧੇ ਦਾ ਕਾਰਨ ਮੰਨਿਆ ਜਾ ਰਿਹਾ ਹੈ। ਭਾਵੇਂਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਲੈਦਰ ਕੰਪਲੈਕਸ ਵਿਚ ਚਮੜਾ ਰੰਗਣ ਵਾਲੀਆਂ ਇਕਾਈਆਂ ਤੇ ਜਲੰਧਰ ਵਿਚਲੀਆਂ ਇਲੈਕਟਰੋਪਲੇਟਿੰਗ ਇਕਾਈਆਂ 'ਤੇ ਸ਼ਿਕੰਜਾ ਕੱਸਿਆ ਹੈ ਪਰ ਪ੍ਰਦੂਸ਼ਣ ਵਿਰੋਧੀ ਨਿਯਮਾਂ ਦੀ ਉਲੰਘਣਾ ਜਾਰੀ ਹੈ। ਜਲੰਧਰ ਵਿਚਲੀਆਂ 200 ਇਲੈਕਟਰੋਪਲੇਟਿੰਗ ਇਕਾਈਆਂ ਵਿਚੋਂ ਬਹੁਤ ਸਾਰੀਆਂ ਵਿਚ ਟਰੀਟਮੈਂਟ ਪਲਾਂਟ ਨਹੀਂ ਹਨ ਤੇ ਨਤੀਜੇ ਵਜੋਂ ਜ਼ਹਿਰੀਲੇ ਕੈਮੀਕਲ ਅਣਸੋਧੇ ਹੀ ਕਾਲਾ ਸੰਘਿਆ ਡਰੇਨ ਵਿਚ ਪਾ ਦਿੱਤੇ ਜਾਂਦੇ ਹਨ। ਭਾਵੇਂ ਕਿ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਲੈਕਟਰੋਪਲੇਟਿੰਗ ਇਕਾਈਆਂ ਵੱਲੋਂ ਆਪਣੀ ਰਹਿੰਦ-ਖੂੰਹਦ ਲੁਧਿਆਣਾ ਦੇ ਟਰੀਟਮੈਂਟ ਪਲਾਂਟ ਵਿਚ ਭੇਜੀ ਜਾਂਦੀ ਹੈ ਪਰ ਸੂਤਰਾਂ ਅਨੁਸਾਰ ਜ਼ਿਆਦਾਤਰ ਇਕਾਈਆਂ ਅਣਸੋਧਿਆ ਪਾਣੀ ਕਾਲਾ ਸੰਘਿਆ ਡਰੇਨ ਵਿਚ ਸਿੱਧਾ ਹੀ ਪਾ ਦਿੰਦੀਆਂ ਹਨ। ਲੈਦਰ ਕੰਪਲੈਕਸ ਵਿਚ ਚਮੜਾ ਰੰਗਣ ਦੀਆਂ ਕਰੀਬ 60 ਇਕਾਈਆਂ ਹਨ।

ਕਪੂਰਥਲਾ ਕੋਲ ਸੀਵਰੇਜ ਟਰੀਟਮੈਂਟ ਪਲਾਂਟ ਹੈ ਜਿਸ ਦੀ ਸਮਰਥਾ ਰੋਜ਼ਾਨਾ 250 ਲੱਖ ਲਿਟਰ ਪਾਣੀ ਸੋਧਣ ਦੀ ਹੈ ਪਰ ਇਹ ਪਲਾਂਟ ਠੀਕ ਢੰਗ ਨਾਲ ਨਹੀਂ ਚੱਲਦਾ। ਇਸ ਕਾਰਨ ਸੀਵਰੇਜ ਦਾ ਪਾਣੀ ਸੋਧੇ ਬਿਨਾਂ ਹੀ ਕਾਲੀ ਵੇਈਂ ਵਿਚ ਚਲਾ ਜਾਂਦਾ ਹੈ। ਕੁਝ ਹਿੱਸਿਆਂ ਦਾ ਸੀਵਰੇਜ ਦਾ ਅਣਸੋਧਿਆ ਪਾਣੀ ਵਡਾਲਾ ਨਾਲੇ ਵਿਚ ਜਾ ਡਿੱਗਦਾ ਹੈ। ਇਸ ਵਰ੍ਹੇ ਅਪਰੈਲ ਵਿਚ ਸੁਲਤਾਨਪੁਰ ਲੋਧੀ ਵਿਖੇ ਕਾਲੀ ਵੇਈਂ ਵਿਚ ਲੱਖਾਂ ਮੱਛੀਆਂ ਮਰ ਗਈਆਂ ਸਨ। ਜਲੰਧਰ, ਕਪੂਰਥਲਾ, ਨਵਾਂਸ਼ਹਿਰ ਤੇ ਹੁਸ਼ਿਆਰਪੁਰ ਵਿਚ ਸੀਵਰੇਜ ਟਰੀਟਮੈਂਟ ਪਲਾਂਟ ਸਥਾਪਤ ਕੀਤੇ ਜਾਣੇ ਸਨ। ਸਨਅਤੀ ਇਕਾਈਆਂ ਵੱਲੋਂ ਰਹਿੰਦ-ਖੂੰਹਦ ਨੂੰ ਲੁਧਿਆਣਾ ਦੇ ਟਰੀਟਮੈਂਟ ਪਲਾਂਟ ਵਿਚ ਪਹੁੰਚਾਇਆ ਜਾਣਾ ਸੀ ਜਾਂ ਆਪਣੇ ਟਰੀਟਮੈਂਟ ਪਲਾਂਟ ਸਥਾਪਤ ਕਰਨੇ ਸਨ। 28 ਫਰਵਰੀ, 2008 ਨੂੰ ਕਾਲਾ ਸੰਘਿਆ ਡਰੇਨ ਨੂੰ ਇਕ ਮਹੀਨੇ ਦੇ ਅੰਦਰ ਪ੍ਰਦੂਸ਼ਣ ਮੁਕਤ ਕਰਨ ਦਾ ਐਲਾਨ ਕੀਤਾ ਗਿਆ ਸੀ। ਇੰਨੇ ਵਾਅਦਿਆਂ ਦੇ ਬਾਵਜੂਦ ਪਿਛਲੇ ਪੰਜ ਸਾਲਾਂ ਵਿਚ ਕੋਈ ਸੁਧਾਰ ਨਹੀਂ ਹੋਇਆ।

# ਮਾਹਿਲਪੁਰ ਕਾਲਜ ਦੀ ਖੁਦਮੁਖਤਾਰੀ ਖੁੱਸੀ

**ਚੰਡੀਗੜ੍ਹ:** ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਖੁਦਮੁਖਤਿਆਰ ਵਿਦਿਅਕ ਸੰਸਥਾਵਾਂ ਦੀ ਸੂਚੀ ਵਿਚੋਂ ਬਾਹਰ ਹੋ ਗਿਆ ਹੈ। ਕਾਲਜ ਵੱਲੋਂ ਖੁਦਮੁਖਤਿਆਰੀ ਲਈ ਦਿੱਤੀ ਅਰਜ਼ੀ ਵਾਪਸ ਲੈ ਲੈਣ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਨੇ ਕਾਲਜ ਦੀ ਮਾਨਤਾ ਬਰਕਰਾਰ ਰੱਖਣ ਲਈ ਸਹਿਮਤੀ ਦੇ ਦਿੱਤੀ ਹੈ। ਯੂਨੀਵਰਸਿਟੀ ਨੇ ਕਾਲਜ ਦੇ ਨਵ ਨਿਯੁਕਤ ਪ੍ਰਿੰਸੀਪਲ ਜੰਗ ਸਿੰਘ ਦੀ ਪ੍ਰਵਾਨਗੀ ਦਾ ਪੱਤਰ ਵੀ ਜਾਰੀ ਕਰ ਦਿੱਤਾ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਨੂੰ ਖੁਦਮੁਖਤਿਆਰੀ ਦਾ ਦਰਜਾ ਦੇ ਦਿੱਤਾ ਗਿਆ ਸੀ ਪਰ ਪੰਜਾਬ ਯੂਨੀਵਰਸਿਟੀ ਨੇ ਇਸ 'ਤੇ ਸਹੀ ਪਾਉਣ ਤੋਂ ਨਾਂਹ ਕਰ ਦਿੱਤੀ ਸੀ। ਯੂਨੀਵਰਸਿਟੀ ਦੇ ਸਹੀ ਪਾਉਣ ਤੋਂ ਬਗੈਰ ਕਮਿਸ਼ਨ ਦੀ ਮਾਨਤਾ ਅਧੂਰੀ ਮੰਨੀ ਜਾਂਦੀ ਹੈ। ਕਾਲਜ ਦੇ ਸਾਬਕਾ ਪ੍ਰਿੰਸੀਪਲ ਸੁਰਜੀਤ ਸਿੰਘ ਰੰਧਾਵਾ ਵੱਲੋਂ ਯੂਨੀਵਰਸਿਟੀ ਦੀ ਇਸ ਕਾਰਵਾਈ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦੇ ਦਿੱਤੀ ਗਈ ਸੀ ਤੇ ਅਦਾਲਤ ਦੇ ਫੈਸਲੇ ਦੀ ਉਡੀਕ ਕਰਨ ਤੋਂ ਬਿਨਾਂ ਹੀ ਖੁਦਮੁਖਤਿਆਰੀ ਵਾਲੇ ਸਾਰੇ ਅਧਿਕਾਰਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਸੀ। ਇਥੋਂ ਤੱਕ ਕਿ ਉਨ੍ਹਾਂ ਕਾਲਜ ਵਿਚ ਨਵੇਂ ਸ਼ੁਰੂ ਕੀਤੇ 15 ਕੋਰਸਾਂ ਲਈ ਯੂਨੀਵਰਸਿਟੀ ਦੀ ਮਾਨਤਾ ਲੈਣ ਤੋਂ ਵੀ ਨਾਂਹ ਕਰ ਦਿੱਤੀ ਸੀ। ਹੋਰ ਤਾਂ ਹੋਰ ਉਨ੍ਹਾਂ ਯੂਨੀਵਰਸਿਟੀ ਵੱਲੋਂ ਕਾਲਜ ਦਾ ਜਾਇਜ਼ਾ ਲੈਣ ਲਈ ਭੇਜੀਆਂ ਕਮੇਟੀਆਂ ਨੂੰ ਵੀ ਦੋ ਵਾਰ ਬੇਰੰਗ ਮੋੜ ਦਿੱਤਾ ਸੀ।

ਯੂਨੀਵਰਸਿਟੀ ਨੇ ਪਹਿਲਾਂ ਆਪ ਹੀ ਕਮਿਸ਼ਨ ਕੋਲ ਕਾਲਜ ਦੀ ਖੁਦਮੁਖਤਿਆਰੀ ਦਾ ਕੇਸ ਰੈਫਰ ਕੀਤਾ ਸੀ ਪਰ ਬਾਅਦ ਵਿਚ ਪ੍ਰਵਾਨਗੀ ਉੱਤੇ ਸਹੀ ਪਾਉਣ ਤੋਂ ਨਾਂਹ ਕਰ ਦਿੱਤੀ ਸੀ। ਯੂਨੀਵਰਸਿਟੀ ਦਾ ਕਹਿਣਾ ਹੈ ਕਿ ਕਾਲਜ ਦੀ ਖੁਦਮੁਖਤਿਆਰੀ ਦਾ ਕੇਸ ਕਮਿਸ਼ਨ ਨੂੰ ਰੈਫਰ ਕਰਨ ਤੋਂ ਬਾਅਦ ਕਈ ਸਾਰੀਆਂ ਅਕਾਦਮਿਕ ਤੇ ਵਿੱਤੀ ਬੇਨਿਯਮੀਆਂ ਦੇ ਦੋਸ਼ ਦਰੁਸਤ ਪਾਏ ਗਏ ਸਨ। ਇਸ ਕਾਰਨ ਬਦਲਵਾਂ ਫੈਸਲਾ ਲੈਣਾ ਪਿਆ ਸੀ। ਕਾਲਜ ਪ੍ਰਿੰਸੀਪਲ 'ਤੇ ਲਗਦੇ ਦੋਸ਼ਾਂ ਦਾ ਮਾਮਲਾ ਸਿੰਡੀਕੇਟ ਦੀ ਮੀਟਿੰਗ ਵਿਚ ਵੀ ਉੱਠਿਆ। ਇਸ ਤਹਿਤ ਕੇਸ ਜਾਂਚ ਲਈ ਵਿਜੀਲੈਂਸ ਬਿਊਰੋ ਦੇ ਹਵਾਲੇ ਕਰ ਦਿੱਤਾ ਗਿਆ ਹੈ। ਸਿੰਡੀਕੇਟ ਦੇ ਇਸ ਫੈਸਲੇ ਤੋਂ ਬਾਅਦ ਕਾਲਜ ਪ੍ਰਬੰਧਕ ਕਮੇਟੀ ਨੇ ਪ੍ਰਿੰਸੀਪਲ ਸੁਰਜੀਤ ਸਿੰਘ ਰੰਧਾਵਾ ਨੂੰ ਮੁਅੱਤਲ ਕਰ ਦਿੱਤਾ ਤੇ ਨਵੇਂ ਪ੍ਰਿੰਸੀਪਲ ਦਾ ਚਾਰਜ ਸਭ ਤੋਂ ਸੀਨੀਅਰ ਅਧਿਆਪਕ ਪ੍ਰੋ. ਜੰਗ ਸਿੰਘ ਨੂੰ ਦੇ ਦਿੱਤਾ ਗਿਆ ਹੈ।

ਕਾਲਜ ਦੇ ਨਵ ਨਿਯੁਕਤ ਪ੍ਰਿੰਸੀਪਲ ਨੇ ਯੂਨੀਵਰਸਿਟੀ ਨੂੰ ਪੱਤਰ ਭੇਜ ਕੇ ਖੁਦਮੁਖਤਿਆਰੀ ਲਈ ਦਿੱਤੀ ਅਰਜ਼ੀ ਵਾਪਸ ਲੈ ਲਈ ਹੈ ਤੇ ਨਾਲ ਹੀ ਨਵੇਂ ਸ਼ੁਰੂ ਕੀਤੇ ਕੋਰਸਾਂ ਲਈ ਇੰਸਪੈਕਸ਼ਨ ਕਮੇਟੀਆਂ ਭੇਜਣ ਲਈ ਲਿਖ ਦਿੱਤਾ ਹੈ। ਕਾਲਜ ਵੱਲੋਂ ਖੁਦਮੁਖਤਿਆਰੀ ਦਾ ਕੇਸ ਵਾਪਸ ਲੈਣ ਲਈ ਅਦਾਲਤ ਵਿਚ ਵੱਖਰੀ ਅਰਜ਼ੀ ਦੇ ਦਿੱਤੀ ਗਈ ਹੈ। ਖਾਲਸਾ ਕਾਲਜ ਮਾਹਿਲਪੁਰ ਦੇ ਸੂਚੀ ਵਿਚੋਂ ਬਾਹਰ ਹੋ ਜਾਣ ਨਾਲ ਪੰਜਾਬ ਵਿਚ ਖੁਦਮੁਖਤਿਆਰ ਕਾਲਜਾਂ ਦੀ ਗਿਣਤੀ ਸਿਰਫ ਦੋ ਰਹਿ ਗਈ ਹੈ। ਇਨ੍ਹਾਂ ਵਿਚ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਤੇ ਡੀ ਏ ਵੀ ਕਾਲਜ ਅੰਮ੍ਰਿਤਸਰ ਦਾ ਨਾਂ ਸ਼ਾਮਲ ਹਨ।

## ਲਾਪਤਾ ਪੰਜਾਬਣ ਦਾ ਸਾਮਾਨ ਦਰਿਆ ਕੰਢਿਓਂ ਮਿਲਿਆ

**ਮੈਲਬਰਨ:** ਇਕ ਭਾਰਤੀ ਵਿਦਿਆਰਥਣ ਜੋ ਪਿਛਲੇ ਕੁਝ ਦਿਨਾਂ ਤੋਂ ਭੇਤਭਰੀ ਹਾਲਤ ਵਿਚ ਆਸਟਰੇਲੀਆ ਵਿਚ ਲਾਪਤਾ ਹੋ ਗਈ ਸੀ, ਦੀਆਂ ਕੁਝ ਵਸਤਾਂ ਤਸਮਾਨੀਆ ਸੂਬੇ ਦੇ ਇਕ ਦਰਿਆ ਕੰਢਿਓਂ ਮਿਲਣ ਬਾਅਦ ਪੁਲਿਸ ਨੇ ਉਸ ਦੀ ਭਾਲ ਹੋਰ ਤੇਜ਼ ਕਰ ਦਿੱਤੀ ਹੈ। ਨਤਾਸ਼ਾ ਨਾਰੰਗ (30) ਤਸਮਾਨੀਆ ਯੂਨੀਵਰਸਿਟੀ ਵਿਚ ਪੀਐਚ ਡੀ ਕਰ ਰਹੀ ਸੀ ਤੇ ਆਖਰੀ ਵਾਰ ਉਸ ਨੂੰ ਚਾਰ ਅਕਤੂਬਰ ਨੂੰ ਮੋਬਰੇਅ ਵਿਚ ਦੇਖਿਆ ਗਿਆ ਸੀ ਤੇ ਇਸ ਤੋਂ ਬਾਅਦ ਉਸ ਦਾ ਕੁਝ ਪਤਾ ਨਹੀਂ ਲੱਗਾ।

ਤਸਮਾਨੀਆ ਸੂਬੇ ਵਿਚ ਤਾਮਰ ਦਰਿਆ ਦੇ ਕੰਢੇ ਤੋਂ ਨਤਾਸ਼ਾ ਨਾਰੰਗ ਨਾਲ ਸਬੰਧਤ ਕੁਝ ਵਸਤਾਂ ਮਿਲਣ ਬਾਅਦ ਪੁਲਿਸ ਨੇ ਵੱਡੀ ਪੱਧਰ 'ਤੇ ਉਸ ਨੂੰ ਲੱਭਣ ਲਈ ਮੁਹਿੰਮ ਆਰੰਭੀ ਹੈ ਤੇ ਹੈਲੀਕਾਪਟਰ ਨੂੰ ਵੀ ਇਸ ਮੁਹਿੰਮ ਵਿਚ ਸ਼ਾਮਲ ਕੀਤਾ ਹੈ ਪਰ ਅਜੇ ਤਕ ਕੋਈ ਸਫਲਤਾ ਨਹੀਂ ਮਿਲੀ। ਨਾਰੰਗ ਜੋ ਪੰਜਾਬ ਦੀ ਰਹਿਣ ਵਾਲੀ ਹੈ ਤੇ ਤਸਮਾਨੀਆ ਵਿਚ ਨਵੰਬਰ 2012 ਵਿਚ ਆਪਣੇ ਪਤੀ ਨਾਲ ਆਈ ਸੀ।

ਪੁਲਿਸ ਸੂਤਰਾਂ ਅਨੁਸਾਰ ਨਾਰੰਗ ਦੇ ਲਾਪਤਾ ਹੋਣ ਬਾਰੇ ਕਿਸੇ 'ਤੇ ਅਜੇ ਤਕ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਹੈ ਤੇ ਹੋ ਸਕਦਾ ਹੈ ਕਿ ਉਸ ਦੇ ਲਾਪਤਾ ਹੋਣ ਦਾ ਇਕ ਕਾਰਨ ਪੜ੍ਹਾਈ ਦਾ ਬੋਝ ਹੋਵੇ। ਇਕ ਮੋਟਰਸਾਈਕਲ ਸਵਾਰ ਅਨੁਸਾਰ ਉਸ ਨੇ ਨਾਰੰਗ ਨੂੰ ਪੂਰਬੀ ਤਾਮਰ ਹਾਈਵੇਅ ਪਾਰ ਕਰਦਿਆਂ ਉੱਤਰੀ ਰਸਤੇ ਕੋਲ ਦੇਖਿਆ ਸੀ।

## ਨਿਊਜ਼ੀਲੈਂਡ ਵਿਚ ਸਿੱਖ ਆਗੂ ਚੋਣ ਧਾਂਦਲੀ ਦੇ ਦੋਸ਼ਾਂ ਵਿਚ ਘਿਰਿਆ

**ਮੈਲਬਰਨ:** ਨਿਊਜ਼ੀਲੈਂਡ ਵਿਚ ਇਕ ਸਿੱਖ ਆਗੂ 'ਤੇ ਚੋਣਾਂ ਦੌਰਾਨ ਆਪਣੀ ਜਿੱਤ ਦੀਆਂ ਸੰਭਾਵਨਾਵਾਂ ਵਧਾਉਣ ਲਈ ਦਸਤਾਵੇਜ਼ਾਂ ਵਿਚ ਧੋਖਾਧੜੀ ਦੇ ਦੋਸ਼ ਆਇਦ ਕੀਤੇ ਗਏ ਹਨ। ਇਹ ਮਾਮਲਾ 2010 ਵਿਚ ਸਥਾਨਕ ਸਰਕਾਰਾਂ ਦੀ ਚੋਣ ਨਾਲ ਸਬੰਧਤ ਹੈ। ਲੇਬਰ ਪਾਰਟੀ ਦੇ ਮੈਂਬਰ ਤੇ ਨਿਊਜ਼ੀਲੈਂਡ ਵਿਚ ਘੱਟ ਗਿਣਤੀ ਸਿੱਖ ਫਿਰਕੇ ਦੇ ਆਗੂ ਦਲਜੀਤ ਸਿੰਘ ਨੇ ਆਕਲੈਂਡ ਦੀ ਹਾਈ ਕੋਰਟ ਵਿਚ ਆਪਣੇ ਨਿਰਦੋਸ਼ ਹੋਣ ਲਈ ਅਰਜ਼ੀ ਪਾਈ ਹੈ।

ਸਿੱਖ ਆਗੂ ਖਿਲਾਫ ਵੱਖ-ਵੱਖ ਤਰ੍ਹਾਂ ਦੇ 20 ਦੋਸ਼ ਲਾਏ ਗਏ ਹਨ। ਦਲਜੀਤ ਸਿੰਘ ਨੇ ਆਕਲੈਂਡ ਵਿਚ ਓਟਾਰਾ ਪਾਪਾਟੋਏਟੋ ਸਥਾਨਕ ਬੋਰਡ ਏਰੀਏ ਵਿਚ 2010 ਵਿਚ ਚੋਣ ਲੜੀ ਸੀ। ਸਰਕਾਰੀ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਦਲਜੀਤ ਸਿੰਘ ਨੇ ਆਪਣੀ ਜਿੱਤ ਨੂੰ ਯਕੀਨੀ ਬਣਾਉਣ ਲਈ ਇਲੈਕਟੋਰਲ ਐਨਰੋਲਮੈਂਟ ਸੈਂਟਰ (ਈਈਸੀ) ਦੀ ਵੈੱਬਸਾਈਟ 'ਤੇ ਬਹੁਤ ਸਾਰੇ ਲੋਕਾਂ ਦੇ ਘਰਾਂ ਦੇ ਪਤੇ ਬਦਲ ਦਿੱਤੇ ਤਾਂ ਜੋ ਉਹ ਘਰ ਉਸ ਦੇ ਚੋਣ ਹਲਕੇ ਵਿਚ ਪੈ ਸਕਣ।

ਸਰਕਾਰੀ ਵਕੀਲ ਰੋਬਿਨ ਮੈਕਕੋਬਰੇ ਨੇ 10 ਮੈਂਬਰਾਂ ਦੀ ਜਿਊਰੀ ਜਿਸ ਵਿਚ ਅੱਠ ਔਰਤਾਂ ਵੀ ਸ਼ਾਮਲ ਹਨ, ਨੂੰ ਦੱਸਿਆ ਕਿ ਦਲਜੀਤ ਸਿੰਘ ਤੇ ਉਸ ਦੇ ਇਕ ਸਹਿਯੋਗੀ ਗੁਰਿੰਦਰ ਸਿੰਘ ਨੇ ਧੋਖੇ ਨਾਲ ਲੋਕਾਂ ਦੇ ਘਰਾਂ ਦੇ ਪਤੇ ਬਦਲ ਦਿੱਤੇ ਤੇ ਉਨ੍ਹਾਂ ਨੂੰ ਵੀ ਇਸ ਬਾਰੇ ਪਤਾ ਨਹੀਂ ਲੱਗਾ। ਇਸ ਮਾਮਲੇ ਦਾ ਨਿਬੇੜਾ ਛੇ ਹਫ਼ਤਿਆਂ ਵਿਚ ਹੋਵੇਗਾ ਤੇ ਕੋਈ 200 ਗਵਾਹ ਭੁਗਤਾਏ ਜਾਣਗੇ। ਰੇਡੀਓ ਨਿਊਜ਼ੀਲੈਂਡ ਦੀ ਰਿਪੋਰਟ ਅਨੁਸਾਰ ਇਸ ਧੋਖਾਧੜੀ ਵਿਚ ਦਲਜੀਤ ਸਿੰਘ ਦੇ ਸੱਤ ਹੋਰ ਸਹਿਯੋਗੀਆਂ ਵਿਰੁੱਧ ਦੋਸ਼ ਲਾਏ ਗਏ ਹਨ।

## ਬਰਾੜ 'ਤੇ ਹਮਲਾ ਕਰਨ ਵਾਲਿਆਂ ਦੀ ਸਜ਼ਾ ਬਾਰੇ ਫੈਸਲਾ ਦਸੰਬਰ ਵਿਚ

**ਲੰਡਨ:** ਅਪਰੇਸ਼ਨ ਨੀਲਾ ਤਾਰਾ ਕਾਰਵਾਈ ਦੇ ਮੁਖੀ ਰਹੇ ਲੈਫਟੀਨੈਂਟ ਜਨਰਲ (ਸੇਵਾਮੁਕਤ) ਕੇਐਸ ਬਰਾੜ 'ਤੇ ਲੰਡਨ ਵਿਚ ਜਾਨਲੇਵਾ ਹਮਲਾ ਕਰਨ ਦੇ ਦੋਸ਼ੀ ਠਹਿਰਾਏ ਗਏ ਤਿੰਨ ਸਿੱਖ ਮਰਦਾਂ ਤੇ ਇਕ ਔਰਤ ਨੂੰ 10 ਦਸੰਬਰ ਨੂੰ ਸਜ਼ਾ ਸੁਣਾਈ ਜਾਵੇਗੀ। ਇਹ ਪ੍ਰਗਟਾਵਾ ਬਰਤਾਨੀਆ ਦੀ ਅਦਾਲਤ ਨੇ ਕੀਤਾ ਹੈ।

ਪਿਛਲੇ ਸਾਲ ਲੰਡਨ ਦੇ ਇਲਾਕੇ ਵਿਚ ਕੁਝ ਖਾਲਿਸਤਾਨੀ ਸਮਰਥਕਾਂ ਨੇ ਪੰਜਾਬ ਵਿਚ ਦਰਬਾਰ ਸਾਹਿਬ ਕੰਪਲੈਕਸ ਵਿਚ 1984 ਵਿਚ ਹੋਈ ਨੀਲਾ ਤਾਰਾ ਕਾਰਵਾਈ ਦੀ ਅਗਵਾਈ ਕਰਨ ਵਾਲੇ ਭਾਰਤੀ ਥਲ ਸੈਨਾ ਦੇ ਲੈਫਟੀਨੈਂਟ ਜਨਰਲ (ਸੇਵਾਮੁਕਤ) ਕੇਐਸ ਬਰਾੜ (78) ਦਾ ਗਲ ਵੱਢਣ ਦੀ ਕੋਸ਼ਿਸ਼ ਕੀਤੀ ਸੀ।

ਇਸ ਮਾਮਲੇ ਵਿਚ ਪਹਿਲਾਂ ਬਰਜਿੰਦਰ ਸਿੰਘ ਸੰਘਾ (33) ਨੂੰ ਇਸ ਹਮਲੇ ਲਈ ਦੋਸ਼ੀ ਠਹਿਰਾਇਆ ਸੀ। 31 ਜੁਲਾਈ ਨੂੰ ਸਾਊਥਵਾਰਕ ਕਰਾਊਨ ਕੋਰਟ ਨੇ ਮਨਦੀਪ ਸਿੰਘ ਸੰਧੂ (34), ਦਿਲਬਾਗ ਸਿੰਘ (36) ਤੇ ਹਰਜੀਤ ਕੌਰ (38) ਨੂੰ ਵੀ ਦੋਸ਼ੀ ਠਹਿਰਾਇਆ ਸੀ। ਹੁਣ 10 ਦਸੰਬਰ ਵਿਚ ਮਾਮਲੇ ਦੀ ਸੁਣਵਾਈ ਦੌਰਾਨ ਚਾਰਾਂ ਦੋਸ਼ੀਆਂ ਨੂੰ ਸਜ਼ਾ ਸੁਣਾਈ ਜਾਵੇਗੀ।

# ਲਸ਼ਕਰ ਦੀ ਧਮਕੀ ਪਿੱਛੋਂ ਪੰਜਾਬ ਪੁਲਿਸ ਚੌਕਸ

**ਚੰਡੀਗੜ੍ਹ:** ਪੰਜਾਬ ਵਿਚ ਕਈ ਅਹਿਮ ਧਾਰਮਿਕ ਅਸਥਾਨਾਂ ਤੇ ਸਿਆਸੀ ਆਗੂਆਂ ਤੋਂ ਇਲਾਵਾ ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਹਮਲੇ ਕੀਤੇ ਜਾਣ ਬਾਰੇ ਅਤਿਵਾਦੀ ਜਥੇਬੰਦੀ ਲਸ਼ਕਰ-ਏ-ਤੋਇਬਾ ਵੱਲੋਂ ਦਿੱਤੀ ਗਈ ਧਮਕੀ ਦੇ ਮੱਦੇਨਜ਼ਰ ਸੂਬੇ ਵਿਚ ਚੌਕਸੀ ਤੇ ਮਾੜੇ ਅਨਸਰਾਂ 'ਤੇ ਨਜ਼ਰ ਰੱਖਣ ਲਈ ਕਿਹਾ ਗਿਆ ਹੈ। ਕੇਂਦਰੀ ਖੁਫੀਆ ਏਜੰਸੀ (ਆਈ.ਬੀ.) ਦੀਆਂ ਰਿਪੋਰਟਾਂ 'ਤੇ ਕੇਂਦਰੀ ਗ੍ਰਹਿ ਵਿਭਾਗ ਨੇ ਇਸ ਬਾਰੇ ਸੂਬਾ ਸਰਕਾਰ ਨੂੰ ਇਹ ਜਾਣਕਾਰੀ ਦਿੱਤੀ ਹੈ। ਇਹ ਸੂਚਨਾ ਮਿਲਣ 'ਤੇ ਪੰਜਾਬ ਪੁਲਿਸ ਨੇ ਤੁਰੰਤ ਹਰਕਤ ਵਿਚ ਆਉਂਦਿਆਂ ਸੂਬੇ ਭਰ ਵਿਚ ਅਧਿਕਾਰੀਆਂ ਨੂੰ ਚੌਕਸ ਕਰ ਦਿੱਤਾ ਹੈ।

ਪੁਲਿਸ ਸੂਤਰਾਂ ਅਨੁਸਾਰ ਵਧੀਕ ਡਾਇਰੈਕਟਰ ਜਨਰਲ ਪੁਲੀਸ (ਖੁਫ਼ੀਆ) ਨੇ ਸੂਬਾ ਭਰ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਪੰਜਾਬ ਵਿਚ ਵੀ.ਵੀ.ਆਈ.ਪੀਜ਼ ਤੇ ਵੀ.ਆਈ.ਪੀਜ਼ ਦੀ ਆਮਦ ਮੌਕੇ ਸਖ਼ਤ ਸੁਰੱਖਿਆ ਪ੍ਰਬੰਧ ਕਰਨ ਤੇ ਸੁਰੱਖਿਆ ਦੀ ਪੜਚੋਲ ਕਰਨ ਲਈ ਕਿਹਾ ਹੈ। ਇਸ ਪੱਤਰ ਵਿਚ ਇਹ ਵੀ ਕਿਹਾ ਕਿ ਕੇਂਦਰੀ ਖੁਫ਼ੀਆ ਏਜੰਸੀ (ਆਈ.ਬੀ.) ਨੂੰ ਇਹ ਜਾਣਕਾਰੀ ਮਿਲੀ ਹੈ ਕਿ ਲਸ਼ਕਰ-ਏ-ਤੋਇਬਾ ਅਤਿਵਾਦੀ ਜਥੇਬੰਦੀ ਆਗੂ ਕਰੀਮ ਅਨਸਾਰੀ ਵੱਲੋਂ ਫਗਵਾੜਾ (ਕਪੂਰਥਲਾ) ਵਿਚ ਸੀਤਲਾ ਮਾਤਾ ਮੰਦਰ ਦੇ ਮਹੰਤ ਕਮਲ ਕਿਸ਼ੋਰ ਨੂੰ ਇਸ ਜਥੇਬੰਦੀ ਵੱਲੋਂ ਮਿਲੇ ਪੱਤਰ ਵਿਚ ਕਿਹਾ



ਗਿਆ ਹੈ ਕਿ ਉਨ੍ਹਾਂ ਦੇ ਨਿਸ਼ਾਨੇ 'ਤੇ ਕੁਝ ਹੋਰ ਧਾਰਮਿਕ ਸਥਾਨ ਹਨ ਜਿਨ੍ਹਾਂ ਵਿਚ ਦੇਵੀ ਤਲਾਬ ਮੰਦਰ, ਜਲੰਧਰ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਕਾਲੀ ਦੇਵੀ ਮਾਤਾ ਮੰਦਰ, ਪਟਿਆਲਾ, ਹਨੂੰਮਾਨ ਗੜ੍ਹੀ ਮੰਦਰ, ਫਗਵਾੜਾ ਤੋਂ ਇਲਾਵਾ ਫਗਵਾੜਾ ਦਾ ਬੱਸ ਸਟੈਂਡ, ਖੰਡ ਮਿੱਲ, ਜੇ.ਸੀ.ਟੀ. ਮਿੱਲ ਤੇ ਅੰਮ੍ਰਿਤਸਰ ਦਾ ਕੌਮਾਂਤਰੀ ਹਵਾਈ ਅੱਡਾ ਸਨ। ਪੁਲਿਸ ਸੂਤਰ ਦੱਸਦੇ ਹਨ ਕਿ ਇਸ ਪੱਤਰ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਮੰਤਰੀ ਲਕਸ਼ਮੀ ਕਾਂਤਾ ਚਾਵਲਾ, ਸ਼ਿਵ ਸੈਨਾ (ਬੀਟੀ) ਤੋਂ ਇਲਾਵਾ ਕੁਝ ਹੋਰ ਹਿੰਦੂ ਆਗੂ ਨਿਸ਼ਾਨੇ 'ਤੇ ਹਨ। ਇਨ੍ਹਾਂ 'ਤੇ ਦੀਵਾਲੀ ਤੋਂ ਪਹਿਲਾਂ ਹਮਲਾ ਕੀਤੇ ਜਾਣ ਦੀ ਧਮਕੀ ਦਿੱਤੀ ਗਈ ਹੈ।


HURRY! LIMITED-TIME OFFER!
FREE $100 REWARD CARD
dish
Requires 24 month commitment, credit qualification and qualifying S. Asian package ($19.99/mo. or higher). Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
PTC PUNJABI
jus punjabi
GET
9Punjab
mh
JUS one
HINDI MOVIES PACK
$19.99 mo
B4U movies
SONY MAX
Z CINEMA
MASTI PACK
$5.00 mo ADD ON
MTV
NDTV GOOD TIMES
Zing
SONY MIX
zoom
WILLOW CRICKET HD*
$14.99 mo
WILLOW HD
CALL DISH NOW
855.318.4562
www.DishPunjabiTV.com
Facebook.com/GetDishPunjabiTV
HOME OF SOUTH ASIAN ENTERTAINMENT
dish

# ਗਦਰ ਲਹਿਰ ਨੂੰ ਧਾਰਮਿਕ ਵਲਗਣਾਂ ਵਿਚ ਕੈਦ ਕਰਨਾ ਗਲਤ: ਅਣਖੀ

**ਯੂਨੀਅਨ ਸਿਟੀ (ਬਿਊਰੋ):** ਗਦਰ ਲਹਿਰ ਦੇ ਯੋਧਿਆਂ ਨੇ ਸਾਨੂੰ ਅਮਰੀਕਾ ਵਿਚ ਪ੍ਰਵਾਸੀਆਂ ਵਜੋਂ ਬਣਦੇ ਹੱਕ ਦਿਵਾਉਣ ਲਈ ਵਡੇ ਕਸ਼ਟ ਝੱਲੇ। ਭਾਰਤ ਦੀ ਆਜਾਦੀ ਲਈ ਉਹ ਫਾਂਸੀਆਂ 'ਤੇ ਚੜ੍ਹੇ, ਕਾਲੇ ਪਾਣੀਆਂ ਦੀ ਕੈਦ ਕੱਟੀ ਅਤੇ ਆਪਣੀਆਂ ਜਾਇਦਾਦਾਂ ਕੁਰਕ ਕਰਵਾਈਆਂ। ਸਾਨੂੰ ਉਨ੍ਹਾਂ ਯੋਧਿਆਂ ਦੀਆਂ ਮਹਾਨ ਕੁਰਬਾਨੀਆਂ ਨੂੰ ਕਦੀ ਵੀ ਮਨੋਂ ਨਹੀਂ ਵਿਸਾਰਨਾ ਚਾਹੀਦਾ। ਉਨ੍ਹਾਂ ਨੂੰ ਧਰਮ, ਜਾਤ ਅਤੇ ਫਿਰਕੇ ਦੀਆਂ ਵਲਗਣਾਂ ਵਿਚ ਬੰਨ੍ਹਣਾ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ ਅਤੇ ਇਹ ਉਨ੍ਹਾਂ ਦੀਆਂ ਕੁਰਬਾਨੀਆਂ ਪ੍ਰਤੀ ਵਡੀ ਬੇਇਨਸਾਫੀ ਹੋਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੰਡੋ ਅਮੈਰੀਕਨ ਕਲਚਰਲ ਐਂਡ ਸਪੋਰਟਸ ਐਸੋਸੀਏਸ਼ਨ ਵਲੋਂ ਕਰਵਾਏ ਗਏ ਮੇਲੇ ਵਿਚ ਗਦਰ ਲਹਿਰ ਬਾਰੇ ਪ੍ਰੋ. ਵੇਦ ਵਟੁਕ ਦੀ ਪੁਸਤਕ ਰਿਲੀਜ਼ ਕਰਦਿਆਂ ਗੁਰਦੀਪ ਸਿੰਘ ਅਣਖੀ ਨੇ ਕੀਤਾ। ਇਹ ਮੇਲਾ ਜਥੇਬੰਦੀ ਵਲੋਂ ਗਦਰ ਪਾਰਟੀ ਦੀ ਸਥਾਪਨਾ ਦੀ 100 ਸਾਲਾ ਵਰ੍ਹੇਗੰਢ ਨੂੰ ਸਮਰਪਿਤ ਸੀ।



ਬਾਅਦ ਵਿਚ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਸ੍ਰੀ ਅਣਖੀ ਨੇ ਆਪਣੇ ਵਿਚਾਰਾਂ ਦਾ ਖੁਲਾਸਾ ਕਰਦਿਆਂ ਕਿਹਾ ਕਿ ਇਹ ਸਹੀ ਹੈ ਕਿ ਗਦਰ ਲਹਿਰ ਦੇ ਬਾਨੀਆਂ ਵਿਚੋਂ ਬਹੁਤੇ ਸਿੱਖ ਸਨ ਪਰ ਇਹ ਵੀ ਸੱਚ ਹੈ ਕਿ ਗਦਰ ਲਹਿਰ ਵਿਚ ਹੋਰ ਧਰਮਾਂ ਅਤੇ ਫਿਰਕਿਆਂ ਦੇ ਲੋਕ ਵੀ ਸ਼ਾਮਲ ਸਨ। ਉਨ੍ਹਾਂ ਸਭਨਾਂ ਨੇ ਧਰਮ, ਜਾਤ ਅਤੇ ਫਿਰਕੂ ਵਲਗਣਾਂ ਤੋਂ ਉਪਰ ਉਠ ਕੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਗਦਰ ਲਹਿਰ ਅਰੰਭੀ। ਉਨ੍ਹਾਂ ਕਿਹਾ ਕਿ ਗਦਰ ਲਹਿਰ ਨੂੰ ਨਿਰੋਲ ਸਿੱਖ ਲਹਿਰ ਸਿੱਧ ਕਰਨ ਦੀਆਂ ਕੋਸ਼ਿਸ਼ਾਂ ਸੌੜੀ ਫਿਰਕੂ ਰਾਜਨੀਤੀ ਤੋਂ ਪ੍ਰੇਰਿਤ ਹਨ। ਉਨ੍ਹਾਂ ਆਖਿਆ ਕਿ ਅਫਸੋਸ ਤਾਂ ਇਹ ਹੈ ਕਿ ਇਹ ਕੋਸ਼ਿਸ਼ਾਂ ਉਨ੍ਹਾਂ ਵਿਦਵਾਨਾਂ ਵਲੋਂ ਕੀਤੀਆਂ ਜਾ ਰਹੀਆਂ ਹਨ ਜੋ ਕੱਲ੍ਹ ਤੱਕ ਇਨ੍ਹਾਂ ਗਦਰੀ ਬਾਬਿਆਂ ਨੂੰ ਕਮਿਊਨਿਸਟ ਲਹਿਰ ਦੇ ਬਾਨੀ ਕਹਿੰਦੇ ਆਏ ਹਨ। ਇਥੇ ਜ਼ਿਕਰਯੋਗ ਹੈ ਕਿ ਆਪਣੇ ਸਮੇਂ ਦੇ ਉਘੇ ਕਮਿਊਨਿਸਟ ਆਗੂ ਸ੍ਰੀ ਗੁਰਦੀਪ ਸਿੰਘ ਅਣਖੀ ਸਵਰਗੀ ਭਗਤ ਸਿੰਘ ਬਿਲਗਾ, ਬਾਬਾ ਸੋਹਨ ਸਿੰਘ ਭਕਨਾ ਅਤੇ ਗਦਰ ਲਹਿਰ ਦੇ ਹੋਰ ਯੋਧਿਆਂ ਦੇ ਕਾਫੀ ਕਰੀਬ ਰਹੇ ਹਨ। ਪਿਛਲੇ ਲੰਮੇ ਅਰਸੇ ਤੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨਾਲ ਜੁੜੇ ਹੋਏ ਹਨ।

ਜਥੇਬੰਦੀ ਵਲੋਂ ਇਥੇ ਲੋਗਨ ਹਾਈ ਸਕੂਲ ਦੇ ਖੇਡ ਮੈਦਾਨਾਂ ਵਿਚ ਕਰਵਾਏ ਇਸ ਮੇਲੇ ਦੌਰਾਨ ਗਦਰ ਲਹਿਰ ਬਾਰੇ ਇਕ ਪੁਸਤਕ ਤੇ ਫੋਟੋ ਨੁਮਾਇਸ਼ ਵੀ ਲਾਈ ਗਈ। ਇਸ ਦੇ ਨਾਲ ਹੀ ਕਬੱਡੀ, ਸੌਕਰ ਤੇ ਹਾਕੀ ਮੈਚਾਂ ਤੋਂ ਇਲਾਵਾ ਮਨੋਰੰਜਨ ਲਈ ਗਿੱਧੇ, ਭੰਗੜੇ ਅਤੇ ਗੀਤ-ਸੰਗੀਤ ਦਾ ਪਿੜ ਵੀ ਬੱਝਾ।

ਖੇਡ ਮੈਚਾਂ ਵਿਚ ਕਬੱਡੀ ਦਾ ਪਹਿਲਾ ਇਨਾਮ ਸੈਕਰਾਮੈਂਟੋ ਦਾ ਰਿਹਾ ਜਦੋਂਕਿ ਦੂਜੇ ਨੰਬਰ 'ਤੇ ਯੂਨੀਅਨ ਸਿਟੀ ਦੀ ਟੀਮ ਆਈ। ਸੌਕਰ ਮੈਚਾਂ ਵਿਚ ਟਰਲਕ ਖਾਲਸਾ ਟੀਮ ਨੇ ਯੂਬਾ ਸਿਟੀ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ ਜਦੋਂਕਿ ਹਾਕੀ ਮੈਚਾਂ ਵਿਚ ਸੈਨ ਹੋਜ਼ੇ ਦੀ ਟੀਮ ਯੂਬਾ ਸਿਟੀ ਨੂੰ ਹਰਾ ਕੇ ਜੇਤੂ ਰਹੀ।

ਪ੍ਰਬੰਧਕਾਂ ਵਲੋਂ ਸ੍ਰੀ ਮੱਖਣ ਬੈਂਸ (ਰਾਜਾ ਸਵੀਟਸ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪਹੁੰਚੇ ਬਾਲੀਵੁਡ ਦੇ ਫਿਲਮ ਨਿਰਮਾਤਾ ਕਵੀਰਾਜ ਨੇ ਕਿਹਾ ਕਿ ਉਹ ਗਦਰ ਲਹਿਰ ਬਾਰੇ ਇਕ ਫਿਲਮ ਬਣਾ ਰਹੇ ਹਨ ਜਿਸ ਲਈ ਉਨ੍ਹਾਂ ਨੂੰ ਪ੍ਰਵਾਸੀਆਂ ਦੇ ਸਹਿਯੋਗ ਦੀ ਲੋੜ ਹੈ।

ਲੋਕ ਗਾਇਕ ਜਤਿੰਦਰ ਜਰਗੀਆ ਅਤੇ ਅਨੂਪ ਚੀਮਾ ਨੇ ਗਾਇਕੀ ਦਾ ਪਿੜ ਬੰਨ੍ਹ ਕੇ ਗਦਰੀ ਬਾਬਿਆਂ ਨੂੰ ਦੇਸ਼ ਭਗਤੀ ਦੇ ਗੀਤਾਂ ਰਾਹੀਂ ਆਪਣੀ ਅਕੀਦਤ ਦੇ ਫੁੱਲ ਵੀ ਭੇਟ ਕੀਤੇ ਅਤੇ ਦਰਸ਼ਕਾਂ ਦਾ ਮਨੋਰੰਜਨ ਵੀ ਕੀਤਾ। ਭਾਈ ਸਰਬਜੀਤ ਸਿੰਘ ਸਾਜਨ ਦੇ ਢਾਡੀ ਜਥੇ ਨੇ ਸ਼ਹੀਦੀ ਵਾਰਾਂ ਗਾ ਕੇ ਅਜ਼ਾਦੀ ਘੁਲਾਟੀਆਂ ਨੂੰ ਚੇਤੇ ਕੀਤਾ। ਮੰਚ ਸੰਚਾਲਨ ਆਸ਼ਾ ਸ਼ਰਮਾ ਨੇ ਬਖੂਬੀ ਕੀਤਾ।

ਗਦਰ ਲਹਿਰ ਨੂੰ ਸਮਰਪਿਤ ਜਥੇਬੰਦੀਆਂ- ਇੰਡੋ-ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ (ਕੈਲੀਫੋਰਨੀਆ), ਗਦਰ ਮੈਮੋਰੀਅਲ ਫਾਊਂਡੇਸ਼ਨ-ਅਮਰੀਕਾ ਅਤੇ ਇੰਡੀਅਨ ਐਜੂਕੇਸ਼ਨਲ ਐਂਡ ਕਲਚਰਲ ਆਰਗੇਨਾਈਜੇਸ਼ਨ ਯੂਬਾ ਸਿਟੀ ਨੇ ਇਸ ਮੇਲੇ ਲਈ ਭਰਵਾਂ ਸਹਿਯੋਗ ਦਿੱਤਾ। ਮੇਲੇ ਦੇ ਗਰੈਂਡ ਸਪਾਂਸਰ ਨਿਊ ਇੰਡੀਆ



ਬਾਜ਼ਾਰ ਵਾਲੇ ਸਨ।

ਇਸ ਮੌਕੇ ਪਹੁੰਚੀਆਂ ਸ਼ਖਸੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਸੈਕਰਾਮੈਂਟੋ ਤੋਂ ਚਰਨ ਸਿੰਘ ਜੱਜ, ਯੂਬਾ ਸਿਟੀ ਤੋਂ ਮੱਖਣ ਬਾਸੀ, ਫਰਿਜ਼ਨੋ ਤੋਂ ਸੁਰਿੰਦਰ ਮੰਢਾਲੀ, ਮਹਿੰਦਰ ਢਾਲ ਅਤੇ ਮਾਸਟਰ ਮਲਕੀਤ ਸੰਧੂ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ।




















## ਭਾਈ ਬਿੱਟੂ ਤੇ ਹੋਰਾਂ ਦੀ ਅਗਲੀ ਪੇਸ਼ੀ 21 ਨੂੰ

**ਮਾਨਸਾ:** ਬੱਬਰ ਖ਼ਾਲਸਾ ਦੇ ਖਾੜਕੂ ਬਲਵੀਰ ਸਿੰਘ ਭੂਤਨਾ, ਅਕਾਲੀ ਦਲ ਪੰਚ ਪ੍ਰਧਾਨੀ ਦੇ ਪ੍ਰਧਾਨ ਦਲਜੀਤ ਸਿੰਘ ਬਿੱਟੂ ਸਣੇ ਹੋਰਾਂ ਦੀ ਪੇਸ਼ੀ ਅਦਾਲਤ ਨੇ 21 ਅਕਤੂਬਰ 'ਤੇ ਪਾ ਦਿੱਤੀ ਹੈ। ਡੇਰਾ ਸਿਰਸਾ ਦੇ ਪੈਰੋਕਾਰ ਲੀਲੀ ਕੁਮਾਰ ਕਤਲ ਕੇਸ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਮਨਧੀਰ ਸਿੰਘ, ਪ੍ਰੋ. ਗੁਰਵੀਰ ਸਿੰਘ, ਗਮਦੂਰ ਸਿੰਘ ਝੰਡੂਕੇ, ਕਰਨ ਸਿੰਘ ਝੰਡੂਕੇ, ਅੰਮ੍ਰਿਤਪਾਲ ਸਿੰਘ ਕੋਟਧਰਮੂ, ਮੱਖਣ ਸਿੰਘ ਸਮਾਉਂ, ਰਾਜ ਸਿੰਘ, ਗੁਰਦੀਪ ਸਿੰਘ ਲੁਧਿਆਣਾ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਵਧੀਕ ਸੈਸ਼ਨ ਜੱਜ ਰਾਜ ਕੁਮਾਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਐਡਵੋਕੇਟ ਅਜੀਤ ਸਿੰਘ ਭੰਗੂ ਨੇ ਦੱਸਿਆ ਕਿ ਇਸੇ ਕੇਸ 'ਚ ਵੱਖਰੇ ਤੌਰ 'ਤੇ ਜੇਲ੍ਹ ਵਿਚ ਬੰਦ ਪਿੰਡ ਆਲਮਪੁਰ ਮੰਦਰਾਂ ਦੇ ਵਸਨੀਕ ਡਾ. ਛਿੰਦਾ, ਦਲਜੀਤ ਸਿੰਘ ਟੈਣੀ, ਮਿੱਠੂ ਸਿੰਘ ਨੂੰ ਵੀ ਅਦਾਲਤ ਵਿਚ ਪੇਸ਼ ਕੀਤਾ ਗਿਆ।

## ਅਮਰੀਕੀ ਜਹਾਜ਼ ਦਾ ਹਥਿਆਰ ਸਮਗਲਿੰਗ ਨਾਲ ਸਬੰਧ ਨਹੀਂ

**ਨਵੀਂ ਦਿੱਲੀ:** ਕੌਮੀ ਸੁਰੱਖਿਆ ਬਾਰੇ ਉਪ ਸਲਾਹਕਾਰ ਨਿਹਚਲ ਸੰਧੂ ਨੇ ਕਿਹਾ ਹੈ ਕਿ ਫੜੇ ਗਏ ਅਮਰੀਕੀ ਜਹਾਜ਼ ਐਮ.ਵੀ. ਸੀਮੈਨ ਗਾਰਡ ਓਹਾਇਓ ਦਾ ਹਥਿਆਰਾਂ ਦੀ ਸਮਗਲਿੰਗ ਨਾਲ ਕੋਈ ਸਬੰਧ ਨਹੀਂ ਜਾਪਦਾ। ਫਿਰ ਵੀ ਸਾਰੇ ਮਾਮਲੇ ਦੀ ਤਹਿ ਤਕ ਜਾਂਚ ਕੀਤੀ ਜਾਵੇਗੀ। ਇਹ ਜਹਾਜ਼ ਨੈਸ਼ਨਲ ਕੋਸਟ ਗਾਰਡ ਨੇ ਤਾਮਿਲਨਾਡੂ ਦੇ ਤੱਟ ਤੋਂ ਫੜਿਆ ਸੀ ਜਿਸ ਵਿਚ ਹਥਿਆਰਾਂ ਦਾ ਜ਼ਖੀਰਾ ਸੀ।
















ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਉਨ੍ਹਾਂ ਦੀਆਂ ਰਚਨਾਵਾਂ ਦਾ ਰੰਗ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ

## ਰਜਬ ਅਲੀ ਦੇ ਰੰਗ-11



# ਸਥਾਨ ਵਿਸ਼ੇਸ਼ਤਾ ਦੇ ਕਬਿੱਤ-1

੧

ਧਿਆੜੇ ਵਿਚ ਰੂਪ ਬਾਹਲੇ,
ਪੁਆਧ ਵਿਚ ਕੂਪ ਬਾਹਲੇ,
ਦੁਆਬੇ ਅੰਬ-ਚੂਪ ਬਾਹਲੇ,
ਕੀਮਤਾਂ ਨੇ ਰੈਲੀਆਂ।
ਰਾਵੀ ਵਿਚ ਚੋਰ ਬਾਹਲੇ,
ਮਾਝੇ ਮੱਲ ਜ਼ੋਰ ਬਾਹਲੇ,
ਬਾਹੀਏ ਵਿਚ ਖੋਰ ਬਾਹਲੇ,
ਅੱਖਾਂ ਰਹਿਣ ਮੈਲੀਆਂ।
ਬਾਰ 'ਚ ਬਨੋਟੇ ਬਾਹਲੇ,
ਦੰਦੀ ਲੋਕ ਖੋਟੇ ਬਾਹਲੇ,
ਨੈਂ 'ਚ ਵਾਹੁਣ ਝੋਟੇ ਬਾਹਲੇ,
ਹੈ ਕਰੜ ਪੈਲੀਆਂ।
ਥਲੀ 'ਚ ਟੱਪ ਬਾਹਲੇ,
ਲਈਏ ਰਹਿਣ ਸੱਪ ਬਾਹਲੇ,
ਸ਼ਾਇਰ ਲਾਉਣ ਗੱਪ ਬਾਹਲੇ ਅਸੀਂ,
ਸੱਚ ਗੱਲਾਂ ਕਹਿਲੀਆਂ।

੨

ਜੰਘੀਰਾਣੇ ਸ਼ਾਇਰ,
ਤੇ ਬੰਬੀਹੇ ਕਾਨੂੰਨੀ ਬਾਹਲੇ,
ਰਾਇਕੇ ਲੁੱਚੜ ਤੇ,
ਭੁੱਖੜ ਲੋਕ ਮਾਨਾਂ ਦੇ।
ਕਾਲ ਝਰਾਨੀ ਪਿੰਡ
ਜੂਏ ਦਾ ਵਣਜ ਬਾਹਲਾ,
ਬੀਦੋ ਵਾਲੀ, ਬਾਦਲ
ਨੱਗਰ ਖ਼ਾਨਦਾਨਾਂ ਦੇ।
ਚੱਕ ਦਾਨਾ ਅੜਬ,
ਪੱਧਰ ਲੋਕ ਜੰਡੀਆਂ ਦੇ,
ਲੂਲ ਲਾਲ ਬਾਹੀ,
ਸੀਨੇ ਗਜ਼ ਚੌੜੇ ਜੁਆਨਾਂ ਦੇ।
ਬੋਲੀ-ਚੱਲ ਸਿਆਣੇ ਲੋਕ
ਆਖਦੇ ਗਿੱਦੜ-ਬਾਹੇ,
'ਰਜਬ ਅਲੀ' ਪਿਉਰੀ
ਮਿੱਠੇ ਬੋਲ ਇਨਸਾਨਾਂ ਦੇ।

੩

ਖਿਉਆਲੀ ਜੈਨੇ, ਸਹਿਣੇ
ਖੇੜੇ ਦੇ ਪਿਆਰ ਖੋਰੇ,
ਸਿੱਖ ਵਾਲੇ ਹੁਨਰੀ,
ਸ਼ਿਕਾਇਤੀ ਲੋਕ ਲੰਮੀ ਦੇ।
ਖੁੱਡੀਏਂ ਜ਼ਨਾਨੀਆਂ
ਤੜ੍ਹੀ ਰੱਖਣ ਮਾਲਕਾਂ 'ਤੇ,
ਚੰਨੂੰ ਦੇ ਸ਼ਰਾਬੀ
ਨਾ ਫ਼ਸਾਦੋਂ ਥੰਮ੍ਹੇ ਥੰਮ੍ਹੀਂ ਦੇ।
'ਰਜਬ ਅਲੀ' ਆਧਨੀਏਂ
ਕਹੀਆਂ ਦੀ ਮਸ਼ਹੂਰੀ ਬਾਹਲੀ,
ਝੱਲੀਦੇ ਨ੍ਹੀਂ ਨਖਰੇ
ਪਤੂਹੀ-ਖੇੜੇ ਜੰਮੀ ਦੇ।

੪

ਸੰਗਤ ਹਿਸਾਬੀ ਲੋਕ,
ਜੈ ਸਿੰਘ ਵਡਿਆਈ-ਖ਼ੋਰ,
ਜੋਧਪੁਰ ਝਾਗੜੂ,
ਜ਼ਿਆਦਾ ਗਾਹੜੂ ਦਾਲਾਂ ਦੇ।
ਅਤਰ ਸਿੰਘ ਵਾਲੇ ਵਿਚ
ਕੁੱਤਿਆਂ ਦੇ ਸ਼ਿਕਾਰੀ ਬਾਹਲੇ,
ਬਾਜ਼ਕ ਮੇਂ ਸ਼ੌਕ ਤੂੰਬੇ
ਬੀਨ ਖੜਤਾਲਾਂ ਦੇ।
ਨੀਤਨੰਗ ਬਾਂਡੀ,
ਲੋਕ ਫੁੱਲੋ ਦੇ ਗਿਆਨੀ ਬਾਹਲੇ,
ਨੰਦ ਗੜ੍ਹ ਰੱਜਿਆ,
ਗੁਰੂ ਕੇ ਮਾਰੇ ਕਾਲਾਂ ਦੇ।
ਧੂੰਨੀਕਿਆਂ ਦੇ ਲੋਕ
ਬੇ-ਸ਼ਕਲ ਕੁੱਲ ਦੁਨੀਆਂ 'ਚੋਂ,
'ਰਜਬ ਅਲੀ' ਚੰਗੇ
ਖਾਣ-ਪੀਣ ਨੂੰ ਮੁਹਾਲਾਂ ਦੇ।

੫

ਨਰੂਆਣੇ ਸਖ਼ੀ,
ਨਵੇਂ ਪਿੰਡ ਦੇ ਨਰਮ ਬਾਹਲੇ,
ਵਹਿਮਣ ਤੇ ਸਿਵੀਏਂ
ਸ਼ੁਕੀਨਣ ਜ਼ਨਾਨੀਆਂ।
ਚੁੱਘਿਆਂ 'ਚ ਬਲ ਵਾਲੇ,
ਚੱਕਦੇ ਮੁਘਦਰਾਂ ਨੂੰ,
ਬੱਲੂਆਣੇ ਸੇਠ
ਕੁੱਲ ਦੇਸ 'ਚ ਨਿਸ਼ਾਨੀਆਂ।
ਘੁੱਦੇ ਵਿਚ ਗੱਪੀ ਲੋਕ,
ਝੁੰਬੇ ਦੇ ਚਹੇਡੀ ਬਾਹਲੇ,
ਬਾਬੂ ਹੁੱਕਾ ਪੀਣ
ਤੇ ਮੀਏਂ ਦੇ ਲਾਉਣ ਭਾਨੀਆਂ।
ਤਿਉਣੇ ਲੋਕ ਸੂਰਮੇ,
ਮਦਦ ਦੇਣ ਡਾਕੂਆਂ ਨੂੰ,
'ਰਜਬ ਅਲੀ' ਲੱਕੜਾਂ
ਚਰਾਉਣ ਮੁਲਤਾਨੀਆਂ।

੬

ਤੁੰਗਵਾਲੀ ਲੌਂਗੋਵਾਲ ਨਾਂਗੇ,
ਫੂਸ ਮੰਡੀ ਦੇ ਕਮਾਊ ਬਾਹਲੇ,
ਗਹਿਰੀ ਲੋਕ ਜ਼ਹਿਰੀ ਤੇ,
ਘਲੌਂਟੇ ਜ਼ਿਆਦਾ ਜੱਸੀ ਦੇ।
ਕੱਚੀ ਭੁੱਚੋ ਭਾਈ ਕੀ
ਕਛਹਿਰਿਆਂ 'ਤੇ ਜ਼ੋਰ ਬਾਹਲਾ,
ਭਾਗੂ ਦੇ ਸਰੋਤੇ ਉਹ ਰੁੱਖੇ,
ਜੋ ਲੋਕ ਦੱਸੀ ਦੇ।
ਬੀਬੀ ਵਾਲੇ, ਬਾਹਲਾ ਦੁੱਧ
ਵੇਚਦੇ ਬਜ਼ਾਰ ਵਿਚ,
ਸ਼ਮੀਰ ਘਰ ਵੈਲਾਂ ਦਾ
ਪਿਆਕ ਮਹਿਣੇ ਲੱਸੀ ਦੇ।
'ਰਜਬ ਅਲੀ' ਸੱਤ ਲੈਣਾਂ
ਪੈਂਦੀਆਂ ਬਠਿੰਡੇ ਵਿਚ,
ਰੌਣਕ ਜ਼ਿਆਦਾ ਜਿਉਂ
ਭੰਬੋਰ ਸ਼ਹਿਰ ਸੱਸੀ ਦੇ।

੭

ਕਿੰਗਰੇ ਦਲੇਰ,
ਮੱਖੀ ਚੂਸ ਨੇ ਥਰਾਜ ਵਾਲੇ,
ਜੰਮਦੇ ਫਲਾਤੂ
ਕੁਤਰਨ ਕੰਨ ਸਿਆਣੇ ਦੇ।
ਦਾਨੇ ਵਾਲੇ ਮੂੜ੍ਹ
ਤੇ ਗ਼ਰੀਬ ਲੋਕ ਰੱਥੜੀਆਂ ਦੇ,
ਮੜ੍ਹਕ ਵਾਲੇ ਬਾਹਲੇ
ਵਿਚ ਅਬੁਲ ਖੁਰਾਣੇ ਦੇ।
ਦਿਉਣ-ਖੇੜੇ ਖਾਂਟ,
ਦੱਭ ਵਾਲੀ ਦੇ ਚਲਾਕ ਬਾਹਲੇ,
ਤਪੇ ਖੇੜੇ ਚੋਰ
ਅੜੇ ਰਹਿੰਦੇ ਵਿਚ ਠਾਣੇ ਦੇ।
ਵੇਚ ਕੇ ਜ਼ਮੀਨਾਂ ਕੁੱਲ
ਲਾਰੀਆਂ ਚਲਾਉਣ ਲੱਗੇ,
'ਰਜਬ ਅਲੀ' ਬੜੇ ਬੇ-ਲਿਹਾਜ਼
ਮਾਹੂਆਣੇ ਦੇ।

੮

ਦਿਉਣ ਵਾਲੇ ਬਾਹਲੇ ਲੋਕ
ਗਿੱਲਾਂ ਦੇ ਮਿਲਣ ਸਾਰ,
ਹੱਥ ਜੋਗਾ ਨੰਦ ਮੇਂ,
ਖ਼ਰਚ ਵੱਲੋਂ ਘੁੱਟੀ ਦੇ।
ਭੋਖੜੇ ਦੇ ਵਿਚ ਬਾਹਲੀ
ਪਰਖ ਕਵੀਸ਼ਰੀ ਦੀ,
ਤੇ ਗੋਬਿੰਦ ਪੁਰ ਰਹਿ
ਅਨੰਦ ਬਾਹਲੇ ਲੁੱਟੀ ਦੇ।
ਨੇਹੀਆਂ ਵਾਲੇ ਦੇ
ਦਾਨਿਆਂ 'ਚ ਧਰਨ ਪੈਰ,
ਕਰਦੇ ਭਜਨ ਦਿਨੇ ਰਾਤ
ਝੱਬ ਲੁੱਟੀ ਦੇ।
'ਰਜਬ ਅਲੀ' ਬੜੇ ਗੋਨਿਆਣੇ ਦੇ
ਸ਼ਰੀਫ਼ ਬਾਹਲੇ,
ਛੋਟੇ ਗੋਨਿਆਣੇ ਦੇ,
ਹਮੇਸ਼ਾ ਥਾਣੇ ਕੁੱਟੀ ਦੇ।

**ਰਜਬ ਅਲੀ ਸੱਤ ਲੈਣਾਂ ਪੈਂਦੀਆਂ ਬਠਿੰਡੇ ਵਿਚ...**



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਅਕਤੂਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-87



*ਪੁੱਤ ਖੇਤਾਂ ਵਿਚ ਸ਼ਹਿਰ ਪੋਤਰੇ ਨੂੰਹਾਂ ਨੇ ਘਰ ਮੱਲੇ,*
*ਪਸ਼ੂਆਂ ਦੇ ਵਾੜੇ ਵਿਚ ਬੈਠੇ ਬਾਪੂ ਜੀ ਹੁਣੀ 'ਕੱਲੇ!*

## ਕੈਪਸ਼ਨ ਮੁਕਾਬਲਾ-85



ਲਿੱਪ ਪੋਚ ਕੇ ਸਾਂਭ ਲਵੋ ਹੁਣ,
ਲੋੜ ਦੇ ਵੇਲੇ ਕੰਮ ਨੇ ਆਂਦੇ।
ਤੱਕਣ ਵਾਲਾ ਨਘੋਚ ਨਾ ਕੱਢੇ,
ਲੋਕੀਂ ਸ਼ਕਲਾਂ ਦੇ ਮੁੱਲ ਪਾਂਦੇ।
ਪਿੰਡ ਦੀ ਹੁੰਦਾ ਸ਼ਾਨ ਗੁਹਾਰਾ,
ਇਸ ਤੋਂ ਪਿੰਡ ਪਛਾਣੇ ਜਾਂਦੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਆ ਨੀ ਭੈਣੇ ਰਲ ਮਿਲ ਆਪਾਂ
ਕੋਈ ਕੰਮ ਕਾਰ ਕਰੀਏ।
ਪੇਟ ਦੀ ਅੱਗ ਬੁਝਾਵਣ ਖਾਤਰ
ਚੁੱਲ੍ਹੇ ਦੀ ਅੱਗ ਦਾ ਜੁਗਾੜ ਕਰੀਏ।

*-ਗੁਰਦੇਵ ਸਿੰਘ ਵਿਰਦੀ, ਕੈਨੇਡਾ*
*ਫੋਨ: 226-345-7126*

---

ਪਿੰਡਾਂ ਵਿਚ ਵੀ ਆ ਗਏ ਨੇ
ਹੁਣ ਗੈਸ ਦੇ ਚੁੱਲ੍ਹੇ
ਵਿਰਲਾ ਟਾਵਾਂ ਹੀ ਹੁਣ ਪਾਥੀਆਂ ਪੱਥਦਾ।
ਮੀਂਹ ਕਣੀ ਦੇ ਦਿਨੀਂ
ਘਰਾਂ ਵਿਚ ਤੰਗੀਆਂ
ਤਾਂ ਹੀ ਪਾਥੀਆਂ ਵਿਚ ਗਹੀਰੇ ਰੱਖਦਾ।

ਫੋਟੋ ਵਿਚਲੀਆਂ ਗੱਲਾਂ ਹੁਣ ਤਾਂ
ਯਾਦਾਂ ਵਿਚ ਹੀ ਰਹਿ ਗਈਆਂ ਨੇ।
ਹਰ ਪਿੰਡ ਵਿਚ ਜਿਥੇ ਵੀ
ਸਨ ਖਾਲੀ ਥਾਂਵਾਂ
ਉਥੇ ਅੱਜ ਕੱਲ੍ਹ ਲੋਕੋ
ਕੋਠੀਆਂ ਪੈ ਗਈਆਂ ਨੇ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਮਾਂਵਾਂ ਧੀਆਂ ਕਰਨ ਸਲਾਹਾਂ
ਕਿੰਜ ਇਸ ਨੂੰ ਪੂਰਾ ਕਰੀਏ।
ਚੇਤ ਵਿਸਾਖ ਹਾੜ ਤਾਂ ਸਰ'ਜੂ
ਕੁਝ ਜੁਗਾੜ ਸਿਆਲ ਦਾ ਕਰੀਏ।
ਸ਼ਹਿਰਾਂ ਵਾਲਿਆਂ ਗੈਸ ਮੱਲ ਲਈ
ਸਾਡਾ ਬਿਨ ਪਾਥੀਆਂ ਨਾ ਸਰੀਏ।
ਚੁੱਲ੍ਹਾ ਚੌਂਕਾ ਧੂਣੀ ਲੋਹੜੀ ਦੀ
ਰੋਟੀ ਦਾ ਆਹਰ ਕੋਈ ਕਰੀਏ।

*-ਸੇਵਾ ਸਿੰਘ ਨੂਰਪੁਰੀ*

## ਕੈਪਸ਼ਨ ਮੁਕਾਬਲਾ-84

ਭੰਡਾ ਭੰਡਾਰੀਆ ਕਿੰਨਾ ਕੁ ਭਾਰ
ਇਕ ਮੁੱਠ ਚੁੱਕ ਲੈ ਦੂਜੀ ਨੂੰ ਤਿਆਰ
ਧੀਆਂ ਧਿਰ ਹਨ ਮਾਪਿਆਂ ਦੀ
ਕੁੱਖ ਵਿਚ ਕਿਉਂ ਦਿੰਦੇ ਹੋ ਮਾਰ?
ਹੁਣ ਨਾ ਧੀਆਂ ਮਾਪਿਆਂ 'ਤੇ ਭਾਰ
ਧੀਆਂ ਹੁੰਦੀਆਂ ਘਰ ਦਾ ਸ਼ਿੰਗਾਰ।
ਪੜ੍ਹ ਲਿਖ ਅਸਾਂ ਹੋਣਾ ਹੁਸ਼ਿਆਰ,
ਮਾਪਿਆਂ ਦਾ ਵੰਡਾਵਾਂਗੇ ਭਾਰ।
ਸਮਾਜ ਦਾ ਕਰਨਾ ਅਸਾਂ ਸੁਧਾਰ,
ਦੁਨੀਆਂ ਦੀ ਬਦਲਾਂਗੇ ਨੁਹਾਰ।

*-ਗੁਰਦੇਵ ਸਿੰਘ ਵਿਰਦੀ, ਕੈਨੇਡਾ*

# ਜਹਾਜ਼ ਚੜ੍ਹਨ ਦੀ ਕਾਹਲ ਵਿਚ ਪੁੱਤ ਭੁੱਲਿਆ

**ਦੁਬਈ:** ਦੁਬਈ ਹਵਾਈ ਅੱਡੇ 'ਤੇ ਜਹਾਜ਼ ਫੜਨ ਲਈ ਕਾਹਲੀ ਜੋੜੀ ਟੈਕਸੀ ਵਿਚ ਸੁੱਤੇ ਪਏ ਆਪਣੇ ਪੁੱਤ ਨੂੰ ਹੀ ਭੁੱਲ ਗਈ। ਪੁਲਿਸ ਦੇ ਉਚੇਚ ਨਾਲ ਉਨ੍ਹਾਂ ਨੂੰ ਆਪਣਾ ਪੁੱਤ ਦੋ ਘੰਟੇ ਬਾਅਦ ਮਿਲ ਸਕਿਆ। ਹੋਇਆ ਇਉਂ ਕਿ ਇਹ ਜੋੜੀ ਹਵਾਈ ਅੱਡੇ ਉੱਤੇ ਪੁੱਜਦੀ-ਪੁੱਜਦੀ ਲੇਟ ਹੋ ਗਈ। ਉਨ੍ਹਾਂ ਹਵਾਈ ਅੱਡੇ ਉਤੇ ਪੁੱਜ ਕੇ ਛੇਤੀ-ਛੇਤੀ ਆਪਣਾ ਸਾਮਾਨ ਤਾਂ ਲਾਹ ਲਿਆ ਪਰ ਪੁੱਤ ਪਿਛਲੀ ਸੀਟ 'ਤੇ ਸੁੱਤਾ ਪਿਆ ਰਹਿ ਗਿਆ।

ਜਦੋਂ ਉਹ ਬੋਰਡਿੰਗ ਪਾਸ ਕਾਊਂਟਰ 'ਤੇ ਗਏ ਤਾਂ ਉਨ੍ਹਾਂ ਨੂੰ ਪਿੱਛੇ ਰਹਿ ਗਏ ਪੁੱਤ ਬਾਰੇ ਪਤਾ ਲੱਗਿਆ। ਉਨ੍ਹਾਂ ਤੁਰੰਤ ਹਵਾਈ ਅੱਡੇ ਦੇ ਸੁਰੱਖਿਆ ਮੁਲਾਜ਼ਮਾਂ ਨੂੰ ਇਸ ਬਾਰੇ ਦੱਸਿਆ। ਮੁਲਾਜ਼ਮਾਂ ਨੇ ਸੀਸੀਟੀਵੀ ਤੋਂ ਕਾਰ ਦੀ ਨਿਸ਼ਾਨਦੇਹੀ ਕਰਕੇ ਉਸ ਦੀ ਪੈੜ ਨੱਪ ਲਈ। ਡਰਾਈਵਰ ਨੂੰ ਵੀ ਬਾਅਦ ਵਿਚ ਹੀ ਪਤਾ ਲੱਗਿਆ ਕਿ ਸਵਾਰੀਆਂ ਦਾ ਮੁੰਡਾ ਤਾਂ ਪਿਛਲੀ ਸੀਟ 'ਤੇ ਸੁੱਤਾ ਰਹਿ ਗਿਆ ਹੈ। ਇਸ ਤੋਂ ਬਾਅਦ ਉਹ ਹਵਾਈ ਅੱਡੇ ਪੁੱਜਾ ਤੇ ਮੁੰਡਾ ਮਾਪਿਆਂ ਨੂੰ ਸੌਂਪ ਦਿੱਤਾ।

# ਪੰਜਾਬ ਦੇ ਸਨਅਤਕਾਰਾਂ ਉਤੇ ਵੀ ਟੈਕਸਾਂ ਦੀ ਮਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਹੁਣ ਸਨਅਤਕਾਰਾਂ ਨੂੰ ਦਿੱਤੀਆਂ ਰਿਆਇਤਾਂ ਵੀ ਖੋਹਣ ਲੱਗੀ ਹੈ। ਸਰਕਾਰ ਨੇ 90ਵਿਆਂ ਵਿਚ ਪੇਂਡੂ ਖੇਤਰ ਵਿਚ ਸਨਅਤਾਂ ਵਿਕਸਤ ਕਰਨ ਤੇ ਰੁਜ਼ਗਾਰ ਵਧਾਉਣ ਲਈ ਨਗਰ ਨਿਗਮਾਂ ਤੇ ਨਗਰ ਪਾਲਿਕਾਵਾਂ ਦੀਆਂ ਹੱਦਾਂ ਤੋਂ ਬਾਹਰ ਸਨਅਤਾਂ ਲਾਉਣ ਵਾਲਿਆਂ ਨੂੰ ਉਤਸ਼ਾਹਤ ਕਰਨ ਲਈ ਪੂੰਜੀ ਨਿਵੇਸ਼ ਦਾ 20 ਫੀਸਦੀ ਸਬਸਿਡੀ ਤੇ ਡੇਢ ਕਰੋੜ ਰੁਪਏ ਦੇ ਵਿਕਰੀ ਕਰ ਦੀ ਛੋਟ ਦਿੱਤੀ ਸੀ। ਸਰਕਾਰ ਦੀ ਇਸ ਨੀਤੀ ਤਹਿਤ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਤੇ ਕਸਬਿਆਂ ਦੁਆਲੇ ਮਿਊਂਸਪਲ ਹੱਦਾਂ ਤੋਂ ਬਾਹਰ ਕਾਫੀ ਗਿਣਤੀ ਵਿਚ ਸਨਅਤਾਂ ਲੱਗੀਆਂ ਤੇ ਸਨਅਤਕਾਰਾਂ ਨੂੰ ਪੂੰਜੀ ਨਿਵੇਸ਼ ਸਬਸਿਡੀ ਤੇ ਵਿਕਰੀ ਕਰ ਤੋਂ ਛੋਟ ਦਾ ਲਾਭ ਵੀ ਮਿਲਿਆ।

ਮਾੜੇ ਦੌਰ ਵਿਚੋਂ ਲੰਘੇ ਪੰਜਾਬ ਦੀ ਸਨਅਤ ਨੂੰ ਮੁੜ ਪੈਰਾਂ ਸਿਰ ਖੜ੍ਹੇ ਕਰਨ ਲਈ ਇਸ ਨੀਤੀ ਦਾ ਚੰਗਾ ਅਸਰ ਪਿਆ। 1992 ਵਿਚ ਕਾਇਮ ਇਸ ਨੀਤੀ ਨੂੰ 1996 ਵਿਚ ਮੁੜ ਪ੍ਰਵਾਨਗੀ ਦਿੱਤੀ



ਤੇ 2008 ਤੱਕ ਇਹ ਨੀਤੀ ਜਾਰੀ ਰਹੀ। ਇਸ ਦੌਰਾਨ ਸ਼ਹਿਰਾਂ ਦੁਆਲੇ ਸਨਅਤੀ ਇਕਾਈਆਂ ਉਸਰਨ ਲੱਗੀਆਂ, ਲੁਧਿਆਣਾ ਵਿਚ ਚੰਡੀਗੜ੍ਹ ਰੋਡ ਉਪਰ ਤਕਰੀਬਨ 12 ਕਿਲੋਮੀਟਰ ਤੱਕ ਸਨਅਤੀ ਖੇਤਰ ਦਾ ਪਸਾਰ ਹੋਇਆ।

ਬਾਅਦ ਵਿਚ ਸ਼ਹਿਰਾਂ ਦਾ ਆਕਾਰ ਵਧਣ ਨਾਲ ਸ਼ਹਿਰੀ ਖੇਤਰਾਂ, ਬਾਹਰ ਬਣੀਆਂ ਇਹ ਸਨਅਤਾਂ ਮਿਊਂਸਪਲ ਹੱਦਾਂ ਵਧਾਏ ਜਾਣ ਦੇ ਫੈਸਲਿਆਂ ਕਾਰਨ ਸ਼ਹਿਰੀ ਖੇਤਰਾਂ ਦਾ ਹਿੱਸਾ ਬਣਦੀਆਂ ਗਈਆਂ। ਇਕ ਅੰਦਾਜ਼ੇ ਮੁਤਾਬਕ 1995 ਤੋਂ ਬਾਅਦ ਅੱਜ ਕਰੀਬ ਸਾਰੇ ਹੀ ਸ਼ਹਿਰਾਂ ਦਾ ਅਕਾਰ ਤਕਰੀਬਨ ਤਿੰਨ ਗੁਣਾਂ ਵਧ ਗਿਆ ਹੈ। ਸ਼ਹਿਰਾਂ ਦੇ ਵਧੇ ਅਕਾਰ ਹੁਣ ਮਿਊਂਸਪਲ ਹੱਦਾਂ ਅੰਦਰ ਸ਼ਾਮਲ ਹੋ ਗਏ ਹਨ। ਇਸ ਤਰ੍ਹਾਂ ਇਕ ਸਮੇਂ ਸਬਸਿਡੀ ਤੇ ਵਿਸ਼ੇਸ਼ ਰਿਆਇਤਾਂ ਦੇ ਕੇ ਪੇਂਡੂ ਖੇਤਰ ਉਸਾਰੀ ਸਨਅਤਾਂ ਸਰਕਾਰ ਵੱਲੋਂ ਕੀਤੇ ਫੈਸਲਿਆਂ ਕਾਰਨ ਮਿਊਂਸਪਲ ਹੱਦ ਅੰਦਰ ਆ ਕੇ ਮਿਊਂਸਪਲ ਅਣਅਧਿਕਾਰਤ ਉਸਾਰੀ ਬਣ ਗਈਆਂ ਹਨ। ਅਣਅਧਿਕਾਰਤ ਕਾਲੋਨੀਆਂ ਤੇ ਉਸਾਰੀਆਂ ਨੂੰ ਨਿਯਮਤ ਕਰਨ ਦੀ ਜਾਰੀ ਨਵੀਂ ਨੀਤੀ ਤਹਿਤ ਹੁਣ ਸਰਕਾਰ ਵੱਲੋਂ ਖੁਦ ਹੀ ਉਤਸ਼ਾਹਤ ਕਰਕੇ ਉਸਾਰੀਆਂ ਸਨਅਤਾਂ ਨੂੰ ਨਿਯਮਤ ਕਰਨ ਲਈ ਭਾਰੀ ਫੀਸਾਂ ਦੀ ਮੰਗ ਕੀਤੀ ਜਾ ਰਹੀ ਹੈ ਤੇ ਇਸ ਬਾਰੇ ਨੋਟਿਸ ਵੀ ਜਾਰੀ ਕੀਤੇ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਅਣਅਧਿਕਾਰਤ ਸਨਅਤਾਂ ਨੂੰ ਨਿਯਮਤ ਕਰਨ ਲਈ 50 ਰੁਪਏ ਵਰਗ ਫੁੱਟ ਜਗ੍ਹਾ ਲਈ ਤੇ 12 ਰੁਪਏ ਪ੍ਰਤੀ ਵਰਗ ਫੁੱਟ ਉਸਾਰੀ ਦੀ ਫੀਸ ਮੰਗੀ ਜਾ ਰਹੀ ਹੈ ਜੋ ਕਿ ਲੱਖਾਂ ਰੁਪਏ ਬਣਦੀ ਹੈ। ਸਨਅਤਕਾਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਪਹਿਲਾਂ ਸਨਅਤੀ ਵਿਕਾਸ ਲਈ ਹਾਲਾਤ ਚੰਗੇ ਨਹੀਂ ਤੇ ਉਪਰੋਂ ਸਰਕਾਰ ਹੋਰ ਬੋਝ ਲੱਦ ਰਹੀ ਹੈ।

## ਅੱਸੀ ਸਾਲਾ ਬਾਬੇ ਵੱਲੋਂ ਸੱਠ ਵਾਰ ਹੱਜ

**ਚੰਡੀਗੜ੍ਹ:** ਅੱਸੀ ਸਾਲਾ ਬਜ਼ੁਰਗ ਸਾਊਦੀ ਅਰਬ ਦਾ ਧਾਰਮਿਕ ਆਗੂ 60 ਵਾਰ ਮੱਕੇ ਹੱਜ ਕਰਨ ਲਈ ਗਿਆ ਜਿਸ ਕਰਕੇ ਉਹ ਆਪਣਾ ਨਾਂ ਗਿਨੀਜ਼ ਵਰਲਡ ਰਿਕਾਰਡ ਬੁੱਕ ਵਿਚ ਸਭ ਤੋਂ ਜ਼ਿਆਦਾ ਵਾਰ ਮੱਕੇ ਜਾ ਕੇ ਹੱਜ ਕਰਨ ਲਈ ਦਰਜ ਕਰਵਾ ਸਕੇ। ਸ਼ੇਖ ਜਬਰਾਨ ਯਾਹਯਾ ਸੁਲੇਮਾਨ ਅਲ-ਮਲਕੀ, ਸਾਊਦੀ ਅਰਬ ਵਿਚ ਪ੍ਰਾਰਥਨਾ ਆਗੂ ਹੈ, ਪਹਿਲੀ ਵਾਰ ਆਪਣੇ ਪਿਤਾ ਨਾਲ ਸਾਲ 1954 ਵਿਚ ਗਿਆ ਸੀ।

ਮਲਕੀ ਅਨੁਸਾਰ ਇਹ ਥਕਾ ਦੇਣ ਵਾਲਾ ਤਜਰਬਾ ਸੀ ਜੋ ਉਹ ਕਦੇ ਨਹੀਂ ਭੁੱਲੇਗਾ। ਉਸ ਦਾ ਕਹਿਣਾ ਹੈ ਕਿ ਸਾਧਨ ਬਹੁਤ ਘੱਟ ਸਨ ਤੇ ਆਵਾਜਾਈ ਬਹੁਤ ਮਾੜੀ ਸੀ। ਜਜ਼ਨ ਤੋਂ ਮੱਕੇ ਤੱਕ ਜਾਣ ਵਿਚ ਉਸ ਨੂੰ ਤੇ ਉਸ ਦੇ ਪਿਤਾ ਨੂੰ ਦੋ ਹਫ਼ਤੇ ਲੱਗ ਗਏ ਸਨ। ਉਸ ਸਮੇਂ ਪੱਕੀਆਂ ਸੜਕਾਂ ਨਹੀਂ ਸਨ ਹੁੰਦੀਆਂ ਤੇ ਗੱਡੀਆਂ ਦੀ ਬਹੁਤ ਖਸਤਾ ਹਾਲਤ ਹੁੰਦੀ ਸੀ। ਉਸ ਸਮੇਂ ਸ਼ਰਧਾਲੂਆਂ ਦੀ ਗਿਣਤੀ 250,000 ਹੁੰਦੀ ਸੀ ਤੇ ਉਹ ਟੈਂਟਾਂ ਵਿਚ ਰਹਿੰਦੇ ਸਨ। ਸੂਤਰਾਂ ਅਨੁਸਾਰ 80 ਸਾਲਾ ਮਲਕੀ ਦਾ 60 ਵਾਰ ਮੱਕੇ ਹੱਜ ਕਰਨ ਜਾਣ

## ਔਰਤ ਵੱਲੋਂ ਥਾਣੇ ਦੇ ਬਾਹਰ ਖੁਦਕੁਸ਼ੀ ਦੀ ਕੋਸ਼ਿਸ਼

**ਲੁਧਿਆਣਾ:** ਥਾਣਾ ਦੁੱਗਰੀ ਦੇ ਬਾਹਰ ਛੇੜਖਾਨੀ ਦੇ ਮਾਮਲੇ ਵਿਚ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਕਰਨ ਤੋਂ ਦੁਖੀ ਹੋਈ ਔਰਤ ਵੱਲੋਂ ਖੁਦਕੁਸ਼ੀ ਦੀ ਕੋਸ਼ਿਸ਼ ਦੇ ਮਾਮਲੇ ਵਿਚ ਪੁਲਿਸ ਕਮਿਸ਼ਨਰ ਨੇ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਪੁਲਿਸ ਕਮਿਸ਼ਨਰ ਪਰਮਜੀਤ ਸਿੰਘ ਗਿੱਲ ਨੇ ਦੱਸਿਆ ਕਿ ਇਸ ਸਾਰੇ ਮਾਮਲੇ ਦੀ ਜਾਂਚ ਦਾ ਕੰਮ ਏ.ਡੀ.ਸੀ.ਪੀ. ਭੁਪਿੰਦਰ ਸਿੰਘ ਨੂੰ ਸੌਂਪਿਆ ਗਿਆ ਹੈ ਤੇ ਉਨ੍ਹਾਂ ਨੂੰ ਜਲਦ ਜਾਂਚ ਕਰਕੇ ਰਿਪੋਰਟ ਦੇਣ ਲਈ ਕਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਗੱਲ ਦੀ ਵੀ ਜਾਂਚ ਕੀਤੀ ਜਾਵੇਗੀ ਕਿ ਉਹ ਕਿਹੜੇ ਕਾਰਨ ਸਨ ਜਿਨ੍ਹਾਂ ਕਰਕੇ ਸਬੰਧਤ ਪੁਲਿਸ ਅਧਿਕਾਰੀਆਂ ਵੱਲੋਂ ਕੇਸ ਦਰਜ ਨਹੀਂ ਕੀਤਾ ਗਿਆ ਸੀ ਤੇ ਜੋ ਪੁਲਿਸ ਮੁਲਾਜ਼ਮ ਦੋਸ਼ੀ ਪਾਇਆ ਗਿਆ, ਉਸ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਛੇੜਖਾਨੀ ਦੇ ਮਾਮਲੇ ਵਿਚ ਪੁਲਿਸ ਵੱਲੋਂ ਕਾਰਵਾਈ ਨਾ ਕਰਨ ਤੋਂ ਦੁਖੀ ਹੋਈ ਇਕ ਔਰਤ ਨੇ ਬੀਤੀ ਰਾਤ ਥਾਣੇ ਦੇ ਬਾਹਰ ਸਲਫਾਸ ਖਾ ਲਈ ਸੀ। ਪੁਲਿਸ ਵੱਲੋਂ ਇਸ ਮਾਮਲੇ ਵਿਚ ਹਰਵਿੰਦਰ ਸਿੰਘ ਬੱਗਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਉਸ ਦੇ ਦੋ ਸਾਥੀ ਅਜੇ ਫ਼ਰਾਰ ਹਨ।

## ਕਰਾਂ ਦੇ ਬੋਝ ਤੋਂ ਖਫਾ ਸ਼ਹਿਰੀ ਨਾਰਾਜ਼

**ਚੰਡੀਗੜ੍ਹ:** ਪੰਜਾਬ ਦੇ ਸ਼ਹਿਰੀ ਤੇ ਵਪਾਰੀ ਕਰਾਂ ਦੇ ਜਾਲ ਵਿਚ ਉਲਝ ਕੇ ਰਹਿ ਗਏ ਹਨ ਜਦਕਿ ਜ਼ਿਆਦਾ ਮਾਲੀਆ ਇਕੱਠਾ ਕਰਨ ਲਈ ਲਾਏ ਗਏ ਕਰਾਂ ਤੋਂ ਕੁਝ ਹੱਥ ਪੱਲੇ ਪੈਣ ਦੀ ਉਮੀਦ ਨਹੀਂ ਹੈ। ਅਣਅਧਿਕਾਰਤ ਕਾਲੋਨੀਆਂ ਨੂੰ ਪਾਸ ਕਰਨ ਲਈ ਸਮਾਂ ਵਧਾ ਕੇ 25 ਅਕਤੂਬਰ ਤੱਕ ਦਾ ਕਰ ਦਿੱਤਾ ਗਿਆ ਹੈ ਪਰ ਲੋਕ ਟੈਕਸ ਦੇਣ ਤੋਂ ਅੜ ਗਏ ਹਨ।

ਅਣਅਧਿਕਾਰਤ ਕਾਲੋਨੀਆਂ ਨੂੰ ਪਾਸ ਕਰਨ ਦੀ ਨੀਤੀ ਘੜ ਕੇ ਆਸ ਸੀ ਕਿ ਇਸ ਨਾਲ ਸਰਕਾਰ ਨੂੰ 1000 ਕਰੋੜ ਰੁਪਏ ਦੇ ਕਰੀਬ ਮਾਲੀਆ ਆ ਜਾਏਗਾ ਪਰ ਅਜੇ ਤੱਕ ਇਹ ਮਾਲੀਆ 150 ਕਰੋੜ ਰੁਪਏ ਦਾ ਅੰਕੜਾ ਪੂਰਾ ਨਹੀਂ ਕਰ ਸਕਿਆ। ਪਤਾ ਲੱਗਾ ਹੈ ਕਿ ਜਿਨ੍ਹਾਂ ਲੋਕਾਂ ਨੇ ਆਪਣੇ ਮਕਾਨ ਤੇ ਪਲਾਟ ਵੇਚਣੇ ਹਨ, ਉਨ੍ਹਾਂ ਨੇ ਮਨਜ਼ੂਰ ਕਰਵਾਉਣ ਲਈ ਫ਼ੀਸਾਂ ਜਮਾਂ ਕਰਵਾਈਆਂ ਹਨ ਜਦਕਿ ਕਈ ਲੋਕਾਂ ਨੇ ਕਿਸੇ ਕਾਰਵਾਈ ਦੇ ਡਰੋਂ ਫ਼ੀਸ ਜਮਾਂ ਕਰਵਾਈ ਹੈ ਪਰ ਜ਼ਿਆਦਾਤਰ ਲੋਕਾਂ ਸਰਕਾਰ ਨੂੰ ਅੰਗੂਠਾ ਵਿਖਾ ਦਿੱਤਾ ਹੈ। ਇਸ ਮਾਮਲੇ ਵਿਚ ਉਮੀਦ ਸੀ ਕਿ ਕਾਲੋਨਾਈਜ਼ਰ ਵੀ ਵੱਡੇ ਪੱਧਰ 'ਤੇ ਆਪਣੀਆਂ ਕਾਲੋਨੀਆਂ ਨੂੰ ਮਨਜ਼ੂਰ ਕਰਵਾਉਣਗੇ ਪਰ ਉਨ੍ਹਾਂ ਨੇ ਫ਼ੀਸਾਂ ਕਿਲਿਆਂ ਵਿਚ ਦੇਣ ਦੀ ਮੰਗ ਕਰਕੇ ਕਾਲੋਨੀਆਂ ਨੂੰ ਪਾਸ ਕਰਵਾਉਣ ਤੋਂ ਸਪਸ਼ਟ ਨਾਂਹ ਕਰ ਦਿੱਤੀ ਹੈ ਜਦਕਿ ਸਿਰਫ਼ ਗਿਣੇ ਚੁਣੇ ਕਾਲੋਨਾਈਜ਼ਰਾਂ ਨੇ ਆਪਣੀਆਂ ਅਰਜ਼ੀਆਂ ਕਾਲੋਨੀਆਂ ਨੂੰ ਪਾਸ ਕਰਨ ਲਈ ਦਿੱਤੀਆਂ ਹਨ।

ਇਸੇ ਤਰ੍ਹਾਂ ਲੰਬੇ ਸਮੇਂ ਤੋਂ ਲਟਕਦਾ ਜਾਇਦਾਦ ਕਰ ਲਾਗੂ ਕਰ ਦਿੱਤਾ ਗਿਆ ਹੈ। ਜਾਇਦਾਦ ਕਰ ਇਕ ਅਪਰੈਲ ਤੋਂ ਲਾਗੂ ਕੀਤਾ ਜਾ ਰਿਹਾ ਹੈ। ਜਾਇਦਾਦ ਕਰ ਨੂੰ ਸੋਧ ਕੇ ਲਾਇਆ ਗਿਆ ਹੈ ਪਰ ਇਸ ਦੇ ਬਾਵਜੂਦ ਸ਼ਹਿਰੀ ਵਰਗ ਇਸ ਤੋਂ ਕਾਫ਼ੀ ਨਾਰਾਜ਼ ਹੈ। ਅਗਲੇ ਸਾਲ ਜਿੱਥੇ ਲੋਕ-ਸਭਾ ਚੋਣਾਂ ਆ ਰਹੀਆਂ ਹਨ। ਕਈ ਭਾਜਪਾਈ ਚਾਹੇ ਖੁੱਲ੍ਹ ਕੇ ਇਸ ਮਾਮਲੇ ਵਿਚ ਆਪਣਾ ਪ੍ਰਤੀਕਰਮ ਜ਼ਾਹਿਰ ਨਹੀਂ ਕਰ ਰਹੇ ਹਨ ਪਰ ਅੰਦਰਖਾਤੇ ਉਹ ਨਾਰਾਜ਼ ਹਨ।

## ਭਾਰਤ ਦੀ ਯੂ.ਐਨ. ਵੱਲ 8 ਕਰੋੜ ਡਾਲਰ ਦੀ ਦੇਣਦਾਰੀ

**ਸੰਯੁਕਤ ਰਾਸ਼ਟਰ:** ਆਪਣੇ ਸ਼ਾਂਤੀ ਮਿਸ਼ਨਾਂ ਬਦਲੇ ਸੰਯੁਕਤ ਰਾਸ਼ਟਰ ਭਾਰਤ ਨੂੰ ਅੱਠ ਕਰੋੜ ਡਾਲਰ ਦਾ ਦੇਣਦਾਰ ਹੈ। ਭਾਰਤ ਤੋਂ ਇਲਾਵਾ



ਹੋਰਨਾਂ ਮੁਲਕਾਂ ਵਿਚ ਇਥੋਪੀਆ, ਬੰਗਲਾਦੇਸ਼, ਪਾਕਿਸਤਾਨ, ਰਵਾਂਡਾ ਤੇ ਨਾਇਜੀਰੀਆ ਸ਼ਾਮਲ ਹਨ ਜਿਨ੍ਹਾਂ ਦੀਆਂ ਭਾਰੀ ਰਕਮਾਂ ਸੰਯੁਕਤ ਰਾਸ਼ਟਰ ਵੱਲ ਬਕਾਇਆ ਹਨ।

ਪ੍ਰਬੰਧਕੀ ਅੰਡਰ ਸੈਕਟਰੀ ਜਨਰਲ ਯੂਕੀਓ ਤਕਾਸੂ ਮੁਤਾਬਕ ਜਿਨ੍ਹਾਂ ਦੇਸ਼ਾਂ ਨੂੰ ਅਦਾਇਗੀਆਂ ਦੀ ਉਡੀਕ ਹੈ, ਉਨ੍ਹਾਂ ਵਿਚੋਂ ਸਭ ਤੋਂ ਉਪਰ ਭਾਰਤ ਦਾ ਨਾਂ ਹੈ। ਸੰਯੁਕਤ ਰਾਸ਼ਟਰ ਭਾਰਤ ਦੇ ਅੱਠ ਕਰੋੜ ਡਾਲਰ ਦਾ ਦੇਣਦਾਰ ਹੈ। ਭਾਰਤ ਪਿੱਛੋਂ ਇਥੋਪੀਆ ਦੇ 5.4 ਕਰੋੜ, ਬੰਗਲਾਦੇਸ਼ ਦੇ ਪੰਜ ਕਰੋੜ, ਪਾਕਿਸਤਾਨ ਦੇ 4.9 ਕਰੋੜ, ਰਵਾਂਡਾ ਦੇ 3.7 ਕਰੋੜ ਤੇ ਨਾਇਜੀਰੀਆ ਦੇ 3.5 ਕਰੋੜ ਡਾਲਰ ਦੀ ਦੇਣਦਾਰੀ ਹੈ।

ਦੂਜੇ ਬੰਨੇ ਸੰਯੁਕਤ ਰਾਸ਼ਟਰ ਦੇ ਅਮਰੀਕਾ ਵੱਲ ਨਿਯਮਤ ਬਜਟ ਦੇ 79.5 ਕਰੋੜ ਡਾਲਰ ਤੇ ਸ਼ਾਂਤੀ ਮਿਸ਼ਨਾਂ ਦੇ ਅਨੁਮਾਨ ਦੇ 65.10 ਕਰੋੜ ਡਾਲਰ ਬਕਾਇਆ ਹਨ। ਅਮਰੀਕਾ ਤੋਂ ਇਲਾਵਾ ਬ੍ਰਾਜ਼ੀਲ ਤੇ ਵੈਨੇਜ਼ੁਏਲਾ ਵੱਲੋਂ ਕ੍ਰਮਵਾਰ 7.5 ਕਰੋੜ ਤੇ 2.2 ਕਰੋੜ ਡਾਲਰ ਬਕਾਇਆ ਹਨ। 56 ਹੋਰ ਮੈਂਬਰ ਦੇਸ਼ਾਂ ਵੱਲ ਨਿਯਮਤ ਬਜਟ ਦੇ 5.3 ਕਰੋੜ ਡਾਲਰ ਬਕਾਇਆ ਹਨ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਆਪਣੇ ਕੋਈ ਵਸੀਲੇ ਨਹੀਂ ਹਨ ਜਿਸ ਕਰਕੇ ਮੈਂਬਰ ਦੇਸ਼ਾਂ ਤੋਂ ਹੁੰਦੀ ਕਮਾਈ 'ਤੇ ਹੀ ਨਿਰਭਰ ਹੈ।

## ਤਾਲਿਬਾਨ ਵੱਲੋਂ ਅਮਰੀਕਾ ਨੂੰ ਗੰਭੀਰ ਸਿੱਟਿਆਂ ਦੀ ਧਮਕੀ

**ਕਾਬੁਲ:** ਤਾਲਿਬਾਨ ਆਗੂ ਮੁੱਲਾ ਉਮਰ ਨੇ ਅਫਗਾਨਿਸਤਾਨ ਵਿਚ 2014 ਤੋਂ ਬਾਅਦ ਅਮਰੀਕੀ ਫੌਜ ਦੀ ਮੌਜੂਦਗੀ ਬਣੀ ਰਹਿਣ ਬਾਰੇ ਦੋਵੇਂ ਮੁਲਕਾਂ ਦੇ ਤਜਵੀਜ਼ਤ ਸਮਝੌਤੇ ਦਾ ਵਿਰੋਧ ਕਰਦਿਆਂ ਇਸ ਦੇ ਖ਼ਤਰਨਾਕ ਸਿੱਟੇ ਨਿਕਲਣ ਦੀ ਧਮਕੀ ਦਿੱਤੀ ਹੈ।

ਇਸ ਦੁਵੱਲੇ ਸੁਰੱਖਿਆ ਸਮਝੌਤੇ (ਬੀਐਸਏ) ਬਾਰੇ ਅਮਰੀਕਾ ਤੇ ਅਫਗਾਨਿਸਤਾਨ ਦੀ ਇਨ੍ਹੀਂ ਦਿਨੀਂ ਚਰਚਾ ਚੱਲ ਰਹੀ ਹੈ। ਇਸ ਤਹਿਤ 2014 ਦੇ ਅਖੀਰ 'ਤੇ ਅਫਗਾਨਿਸਤਾਨ ਵਿਚ ਨਾਟੋ ਫੌਜਾਂ ਦਾ ਮਿਸ਼ਨ ਪੂਰਾ ਹੋ ਜਾਣ ਤੋਂ ਬਾਅਦ ਮੁਲਕ ਵਿਚ ਅਮਰੀਕੀ ਫੌਜ ਦੇ ਰੁਕਣ, ਇਸ ਦੀ ਨਫ਼ਰੀ, ਰੁਤਬੇ ਤੇ ਅੱਡਿਆਂ ਬਾਰੇ ਫੈਸਲਾ ਕੀਤਾ ਜਾਣਾ ਹੈ। ਮੁੱਲਾ ਉਮਰ ਨੇ ਅਜਿਹੇ ਕਿਸੇ ਸਮਝੌਤੇ ਦਾ ਵਿਰੋਧ ਕੀਤਾ ਹੈ। ਉਸ ਨੇ ਕਿਹਾ ਹੈ ਕਿ ਹਮਲਾਵਰਾਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਅਜਿਹੇ ਕਿਸੇ ਰਣਨੀਤਕ ਸਮਝੌਤੇ ਦੇ ਉਨ੍ਹਾਂ ਲਈ ਗੰਭੀਰ ਸਿੱਟੇ ਨਿਕਲਣਗੇ। ਉਸ ਨੇ ਕਿਹਾ ਹੈ ਕਿ ਅਫਗਾਨ ਸਰਜ਼ਮੀਨ ਉਤੇ ਅਮਰੀਕੀ ਫੌਜੀ ਅੱਡਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਅਫਗਾਨ ਰਾਸ਼ਟਰਪਤੀ ਹਾਮਿਦ ਕਰਜ਼ਈ ਤੇ ਅਮਰੀਕੀ ਵਿਦੇਸ਼ ਮੰਤਰੀ ਜੋਹਨ ਕੈਰੀ ਨੇ ਲੰਬੀ ਗੱਲਬਾਤ ਤੋਂ ਬਾਅਦ ਲੰਘੇ ਦਿਨੀਂ ਐਲਾਨ ਕੀਤਾ ਹੈ ਕਿ ਸਮਝੌਤੇ ਬਾਰੇ ਥੋੜ੍ਹੀ ਜਿਹੀ ਸਹਿਮਤੀ ਬਣ ਗਈ ਹੈ ਪਰ ਹਾਲੇ ਅਫਗਾਨਿਸਤਾਨ ਵਿਚ ਅਮਰੀਕੀ ਫੌਜੀਆਂ ਨੂੰ ਕਾਨੂੰਨੀ ਕਾਰਵਾਈ ਤੋਂ ਛੋਟ ਦਿੱਤੇ ਜਾਣ ਦੇ ਨਾਜ਼ੁਕ ਮੁੱਦੇ ਉਤੇ ਨਜ਼ਰਸਾਨੀ ਨਹੀਂ ਹੋ ਸਕੀ। ਬੜੀ ਕਵਾਇਦ ਮਗਰੋਂ ਇਕ ਸਮਝੌਤੇ ਦੀ ਰੂਪ-ਰੇਖਾ ਨਿੱਖਰੀ ਜਿਸ ਤਹਿਤ 2014 ਤੋਂ ਮਗਰੋਂ 5000 ਤੋਂ 10,000 ਅਮਰੀਕੀ ਸੈਨਿਕ ਅਫ਼ਗਾਨਿਸਤਾਨ ਵਿਚ ਰਹਿਣਗੇ। ਕੈਰੀ ਨਾਲ ਪੁੱਜੇ ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਸਿਰਫ ਦੁਵੱਲੇ ਸੁਰੱਖਿਆ ਸਮਝੌਤੇ (ਬੀਐਸਏ) ਦੇ ਪਹਿਲੂਆਂ ਉਤੇ ਸਹਿਮਤੀ ਨਹੀਂ ਬਣੀ ਸੀ ਤੇ ਅਮਰੀਕੀ ਤੇ ਅਫ਼ਗਾਨ ਟੀਮਾਂ ਹੁਣ ਦਸਤਾਵੇਜ਼ ਦੇ ਖਰੜੇ 'ਤੇ ਨਜ਼ਰਸਾਨੀ ਕਰਨਗੀਆਂ।

ਕੈਰੀ ਦੇ ਲੰਡਨ ਜਾਣ ਮਗਰੋਂ ਸੀਨੀਅਰ ਅਮਰੀਕੀ ਅਧਿਕਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦੇ ਨੁਕਤਾ ਨਿਗਾਹ ਤੋਂ ਇਹ ਯਾਤਰਾ ਇਸ ਕਰਕੇ ਲਾਹੇਵੰਦ ਰਹੀ ਕਿ ਸਾਰੇ ਪ੍ਰਮੁੱਖ ਮੁੱਦਿਆਂ ਉਤੇ ਮੁੱਢਲੀ ਸਹਿਮਤੀ ਬਣ ਗਈ।

## ਹਿੰਦ-ਅਮਰੀਕਾ ਅਤਿਵਾਦੀ ਸੰਗਠਨਾਂ ਖਿਲਾਫ ਇਕੱਠੇ

**ਵਾਸ਼ਿੰਗਟਨ:** ਭਾਰਤ ਤੇ ਅਮਰੀਕਾ ਪਾਕਿਸਤਾਨ ਆਧਾਰਤ ਦਹਿਸ਼ਤਪਸੰਦ ਜਥੇਬੰਦੀਆਂ ਜਿਵੇਂ ਲਸ਼ਕਰ-ਏ-ਤੋਇਬਾ, ਜਮਾਤ-ਉਦ-ਦਾਵਾ, ਹਕਾਨੀ ਨੈੱਟਵਰਕ ਤੇ ਇਨ੍ਹਾਂ ਜਥੇਬੰਦੀਆਂ ਨਾਲ ਜੁੜੇ ਵਿਅਕਤੀਗਤ ਦਹਿਸ਼ਤਪਸੰਦਾਂ ਦੇ ਵਿੱਤੀ ਤਾਣੇ-ਪੇਟੇ ਤੇ ਫੰਡ ਉਗਾਹੁਣ ਦੀਆਂ ਸਰਗਰਮੀਆਂ ਨੂੰ ਨਿਸ਼ਾਨਾ ਬਣਾਉਣ ਲਈ ਮਿਲ ਕੇ ਕੰਮ ਕਰਨ ਵਾਸਤੇ ਸਹਿਮਤ ਹੋ ਗਏ ਹਨ।

ਵਿੱਤੀ ਮੰਤਰੀ ਪੀ. ਚਿਦੰਬਰਮ ਤੇ ਅਮਰੀਕੀ ਖਜ਼ਾਨਾ ਮੰਤਰੀ ਜੈਕ ਲਿਊ ਵਿਚਾਲੇ ਹੋਈ ਗੱਲਬਾਤ ਦੌਰਾਨ ਇਹ ਫੈਸਲਾ ਕੀਤਾ ਗਿਆ। ਦੋਵੇਂ ਆਗੂਆਂ ਨੇ ਲੰਘੇ ਦਿਨ ਇਥੇ ਆਈਐਮਐਫ ਦੇ ਹੈੱਡਕੁਆਰਟਰਜ਼ 'ਤੇ ਇੰਡੀਆ-ਯੂਐਸ ਇਕਨਾਮਿਕ ਐਂਡ ਫਾਈਨਾਂਸ਼ੀਅਲ ਪਾਰਟਨਰਸ਼ਿਪ ਦੀ ਸਾਲਾਨਾ ਮੀਟਿੰਗ ਦੀ ਸਾਂਝੇ ਤੌਰ 'ਤੇ ਪ੍ਰਧਾਨਗੀ ਕੀਤੀ। ਮੀਟਿੰਗ ਤੋਂ ਬਾਅਦ ਭਾਰਤ ਵੱਲੋਂ ਜਾਰੀ ਬਆਨ ਵਿੱਚ ਕਿਹਾ ਗਿਆ ਹੈ ਕਿ ਨਕਲੀ ਕਰੰਸੀ ਤੇ ਗੈਰ-ਕਾਨੂੰਨੀ ਵਿੱਤੀ ਮੁਹਾਣ ਰੋਕਣ ਲਈ ਵੀ ਦੋਵੇਂ ਦੇਸ਼ਾਂ ਦੀਆਂ ਏਜੰਸੀਆਂ ਮਿਲ ਕੇ ਕੰਮ ਕਰਨਗੀਆਂ।

ਭਾਰਤੀ ਵਿੱਤ ਮੰਤਰੀ ਪੀ. ਚਿਦੰਬਰਮ ਨੇ



ਇਸ ਦੌਰਾਨ ਭਾਰਤੀ ਆਈ.ਟੀ. ਕੰਪਨੀਆਂ ਨੂੰ ਵੀਜ਼ਾ ਜਾਰੀ ਕਰਨ ਦੇ ਮਾਮਲੇ 'ਤੇ ਜੈਕ ਲੀ ਨਾਲ ਗੱਲਬਾਤ ਕੀਤੀ। ਭਾਰਤੀ ਅਧਿਕਾਰੀ ਨੇ ਦੱਸਿਆ ਕਿ ਲੀ ਜੋ ਇਥੇ ਭਾਰਤ-ਅਮਰੀਕਾ ਆਰਥਿਕ ਤੇ ਵਿੱਤੀ ਸਾਂਝੇਦਾਰੀ ਦੀ ਸਲਾਨਾ ਮੀਟਿੰਗ ਵਿਚ ਅਮਰੀਕੀ ਵਫਦ ਦੀ ਅਗਵਾਈ ਕਰ ਰਹੇ ਹਨ, ਨੇ ਚਿਦੰਬਰਮ ਨੂੰ ਭਰੋਸਾ ਦਿਵਾਇਆ ਕਿ ਉਹ ਭਾਰਤੀ ਆਈ.ਟੀ. ਕੰਪਨੀਆਂ ਖਾਸਕਰ ਜਿਹੜੇ ਐਚ-1 ਬੀ ਤੇ ਐਲ-1 ਵੀਜ਼ਾਂ ਸ੍ਰੇਣੀਆਂ ਨਾਲ ਸਬੰਧਿਤ ਹਨ, ਨੂੰ ਅਮਰੀਕੀ ਵੀਜ਼ੇ ਲਈ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਕਦਮ ਚੁੱਕਣਗੇ।

ਇਸ ਦੌਰਾਨ ਲਾਹੌਰ ਤੋਂ ਮਿਲੀ ਰਿਪੋਰਟ ਅਨੁਸਾਰ ਪਾਬੰਦੀਸ਼ੁਦਾ ਜਮਾਤ-ਉਦ-ਦਾਵਾ ਵੱਲੋਂ ਪਾਕਿਸਤਾਨ ਵਿਚ ਭੂਚਾਲ ਪੀੜਤਾਂ ਨੂੰ ਰਾਹਤ ਪਹੁੰਚਾਉਣ ਦੇ ਨਾਂ 'ਤੇ ਫੰਡ ਇਕੱਤਰ ਕੀਤੇ ਜਾ ਰਹੇ ਹਨ। ਜਥੇਬੰਦੀ ਦੇ ਮੁਖੀ ਹਾਫਿਜ਼ ਮੁਹੰਮਦ ਸਈਅਦ ਜਿਸ 'ਤੇ 2008 ਦੇ ਮੁੰਬਈ ਹਮਲਿਆਂ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ ਸਨ, ਨੇ ਦੇਸ਼ ਭਰ ਵਿਚ ਫੰਡ ਇਕੱਠੇ ਕਰਨ ਲਈ ਕੈਂਪ ਲਾਏ ਹੋਏ ਹਨ। ਖਾਸ ਤੌਰ 'ਤੇ ਪੰਜਾਬ ਸੂਬੇ ਵਿਚ ਇਸ ਜਥੇਬੰਦੀ ਦਾ ਚੋਖਾ ਆਧਾਰ ਹੈ। ਸਈਅਦ ਨੇ ਐਲਾਨ ਕੀਤਾ ਹੈ ਕਿ ਜਮਾਤ ਬਲੋਚਿਸਤਾਨ ਦੇ ਭੂਚਾਲ ਪੀੜਤ ਖੇਤਰਾਂ ਵਿਚ 2000 ਘਰ ਬਣਾਏਗੀ ਤੇ ਉਨ੍ਹਾਂ ਲੋਕਾਂ ਨੂੰ ਇਸ ਕਾਜ ਲਈ ਦਿਲ ਖੋਲ੍ਹ ਕੇ ਮਦਦ ਦੇਣ ਦੀ ਅਪੀਲ ਕੀਤੀ। ਪਿਛਲੇ ਮਹੀਨੇ ਪਾਕਿਸਤਾਨ ਵਿਚ ਆਏ ਭੂਚਾਲ ਕਾਰਨ 500 ਤੋਂ ਵੱਧ ਲੋਕ ਮਾਰੇ ਗਏ ਸਨ।

## ਦੋ ਪਾਕਿ ਨਾਬਾਲਗ ਭੈਣਾਂ ਨਾਲ ਥਾਣੇ ਵਿਚ ਜਬਰ ਜਨਾਹ

**ਕਰਾਚੀ:** ਇਥੇ ਇਕ ਸੀਨੀਅਰ ਅਧਿਕਾਰੀ ਤੇ ਉਸ ਦੇ ਦੋ ਸਹਾਇਕਾਂ ਨੂੰ ਦੋ ਨਾਬਾਲਗ ਭੈਣਾਂ ਨਾਲ ਪੁਲਿਸ ਚੌਕੀ ਵਿਚ ਜਬਰ ਜਨਾਹ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਘਟਨਾ ਗੋਟਕੀ ਜ਼ਿਲ੍ਹੇ ਦੇ ਖੀਮਬਰਾ ਵਿਚ ਸਥਿਤ ਪੁਲਿਸ ਚੌਕੀ ਵਿਚ ਹੋਈ। 18 ਤੇ 16 ਸਾਲ ਦੀਆਂ ਭੈਣਾਂ ਦੀ ਮਾਂ ਨੇ ਦੋਸ਼ ਲਾਇਆ ਹੈ ਕਿ ਥਾਣਾ ਮੁਖੀ ਅਬਦੁੱਲਾ ਅਵਨ ਤੇ ਤਿੰਨ ਪੁਲਿਸ ਅਧਿਕਾਰੀ ਬੀਤੇ ਦਿਨੀਂ ਉਨ੍ਹਾਂ ਦੇ ਘਰ ਆਏ ਤੇ ਉਸ ਦੀਆਂ ਦੋ ਬੇਟੀਆਂ 'ਤੇ ਚੋਰੀ ਦਾ ਦੋਸ਼ ਲਾਉਂਦੇ ਹੋਏ ਉਨ੍ਹਾਂ ਨੂੰ ਆਪਣੇ ਨਾਲ ਲੈ ਗਏ।

ਲੜਕੀਆਂ ਦੀ ਮਾਂ ਨੇ ਕਿਹਾ ਕਿ ਥਾਣਾ ਮੁਖੀ ਤੇ ਤਿੰਨ ਪੁਲਿਸ ਅਧਿਕਾਰੀਆਂ ਨੇ ਥਾਣੇ 24 ਘੰਟੇ ਤੱਕ ਦੋਵਾਂ ਲੜਕੀਆਂ ਨਾਲ ਸਮੂਹਿਕ ਜਬਰ ਜਨਾਹ ਕੀਤਾ ਤੇ ਅਗਲੇ ਦਿਨ ਉਨ੍ਹਾਂ ਨੂੰ ਛੱਡਦੇ ਸਮੇਂ ਇਹ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਨੇ ਇਸ ਘਟਨਾ ਬਾਰੇ ਕਿਸੇ ਨੂੰ ਦੱਸਿਆ ਤਾਂ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਡਾਕਟਰੀ ਜਾਂਚ ਤੋਂ ਪਤਾ ਲੱਗਾ ਹੈ ਕਿ ਲੜਕੀਆਂ ਨਾਲ ਸਰੀਰਕ ਸ਼ੋਸ਼ਣ ਕੀਤਾ ਗਿਆ ਹੈ।

# ਸਚਿਨ ਵੱਲੋਂ ਟੈਸਟ ਕ੍ਰਿਕਟ ਨੂੰ ਅਲਵਿਦਾ

**ਨਵੀਂ ਦਿੱਲੀ:** ਕ੍ਰਿਕਟ ਇਤਿਹਾਸ ਦੇ ਸਭ ਤੋਂ ਸਫਲ ਬੱਲੇਬਾਜ਼ ਮੰਨੇ ਜਾਣ ਵਾਲੇ ਭਾਰਤੀ ਖਿਡਾਰੀ ਸਚਿਨ ਤੇਂਦੁਲਕਰ ਨੇ ਟੈਸਟ ਕ੍ਰਿਕਟ ਤੋਂ ਵੀ ਸੰਨਿਆਸ ਲੈਣ ਦਾ ਐਲਾਨ ਕੀਤਾ। ਸਚਿਨ ਪਹਿਲਾਂ ਹੀ ਟੀ-20 ਤੇ ਇਕ ਦਿਨਾ ਕ੍ਰਿਕਟ ਨੂੰ ਅਲਵਿਦਾ ਕਹਿ ਚੁੱਕੇ ਹਨ। ਸਚਿਨ ਨੇ ਵੈਸਟ ਇੰਡੀਜ਼ ਖ਼ਿਲਾਫ਼ ਅਗਲੇ ਮਹੀਨੇ ਹੋਣ ਵਾਲੇ ਆਪਣੇ 200ਵੇਂ ਮੈਚ ਤੋਂ ਬਾਅਦ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ।

ਹਾਲ ਦੇ ਸਮੇਂ ਵਿਚ ਖਰਾਬ ਫਾਰਮ ਵਿਚ ਗੁਜ਼ਰ ਰਹੇ 40 ਸਾਲਾ ਸਚਿਨ ਨੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦੇ ਆਪਣੇ ਫੈਸਲੇ ਤੋਂ ਬੀ.ਸੀ.ਸੀ. ਆਈ. ਨੂੰ ਜਾਣੂ ਕਰਵਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਦੇ 24 ਸਾਲ ਦੇ ਕੌਮਾਂਤਰੀ ਕ੍ਰਿਕਟ ਕੈਰੀਅਰ ਦਾ ਅੰਤ ਵੀ ਹੋ ਜਾਵੇਗਾ। ਬੀ.ਸੀ.ਸੀ.ਆਈ ਦੇ ਸਕੱਤਰ ਸੰਜੇ ਪਟੇਲ ਵੱਲੋਂ ਜਾਰੀ ਬਿਆਨ ਵਿਚ ਸਚਿਨ ਦੇ ਸੰਨਿਆਸ ਦੀ ਜਾਣਕਾਰੀ ਦਿੱਤੀ ਗਈ। ਵੈਸਟ ਇੰਡੀਜ਼ ਦੇ ਖ਼ਿਲਾਫ਼ ਬੀ.ਸੀ.ਸੀ.ਆਈ ਵੱਲੋਂ



ਘਰੇਲੂ ਲੜੀ ਕਰਵਾਉਣ ਦੇ ਫੈਸਲੇ ਦੇ ਬਾਅਦ ਹੀ ਅਟਕਲਾ ਲਾਈਆਂ ਜਾ ਰਹੀਆਂ ਸਨ ਕਿ ਸਚਿਨ ਨੂੰ ਆਪਣੇ ਘਰੇਲੂ ਮੈਦਾਨ 'ਤੇ ਸੰਨਿਆਸ ਲੈਣ ਦਾ ਮੌਕਾ ਦੇਣ ਲਈ ਅਜਿਹਾ ਕੀਤਾ ਗਿਆ ਹੈ। ਕ੍ਰਿਕਟ ਦੇ ਇਤਿਹਾਸ ਵਿਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਸਚਿਨ ਨੇ 198 ਟੈਸਟ ਮੈਚਾਂ ਵਿਚ 53.86 ਦੀ ਔਸਤ ਨਾਲ 15,837 ਦੌੜਾਂ ਬਣਾ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ 463 ਇਕ ਦਿਨਾ ਮੈਚਾਂ ਵਿਚ 44.83 ਦੀ ਔਸਤ ਨਾਲ 18,426 ਦੌੜਾਂ ਬਣਾਈਆਂ।

ਉਹ ਕੌਮਾਂਤਰੀ ਕ੍ਰਿਕਟ ਵਿਚ 100 ਸੈਂਕੜੇ ਲਾਉਣ ਵਾਲੇ ਇਕ ਮਾਤਰ ਬੱਲੇਬਾਜ਼ ਹਨ, ਹਾਲ ਹੀ ਵਿਚ ਉਨ੍ਹਾਂ ਨੇ ਕ੍ਰਿਕਟ ਦੇ ਸਾਰੇ ਫਾਰਮੈਟਾਂ ਵਿਚ ਆਪਣੀਆਂ 50,000 ਦੌੜਾਂ ਪੂਰੀਆਂ ਕੀਤੀਆਂ ਸਨ। ਪਾਕਿਸਤਾਨ ਦੇ ਖ਼ਿਲਾਫ਼ 15 ਨਵੰਬਰ 1989 ਵਿਚ ਸਚਿਨ ਨੇ ਆਪਣਾ ਪਹਿਲਾ ਟੈਸਟ ਖੇਡਿਆ ਸੀ, ਇਸ ਤੋਂ ਪਹਿਲਾਂ ਸਚਿਨ ਨੇ ਵਿਨੋਦ ਕਾਂਬਲੀ ਨਾਲ ਮਿਲ ਕੇ 1988 ਵਿਚ ਲਾਰਡ ਹੈਰਿਸ ਸ਼ੀਲਡ ਅੰਤਰ ਸਕੂਲ ਟੂਰਨਾਮੈਂਟ ਵਿਚ 664 ਦੌੜਾਂ ਦੀ ਅਜੇਤੂ ਸਾਂਝੇਦਾਰੀ ਨਿਭਾਈ ਸੀ।

# ਭਾਰਤੀ ਤੇ ਵਾਲਮਾਰਟ ਵਿਚਾਲੇ ਹੋਇਆ ਤੋੜ-ਵਿਛੋੜਾ

**ਨਵੀਂ ਦਿੱਲੀ:** ਭਾਰਤ ਵਿਚ ਰਿਟੇਲ ਦੇ ਸਾਂਝੇ ਕਾਰੋਬਾਰ ਲਈ ਭਾਰਤੀ ਐਂਟਰਪ੍ਰਾਈਜ਼ਿਜ਼ ਤੇ ਵਾਲਮਾਰਟ ਨੇ ਵੱਖ-ਵੱਖ ਹੋਣ ਦਾ ਐਲਾਨ ਕੀਤਾ ਹੈ। ਹੁਣ ਦੋਵਾਂ ਕੰਪਨੀਆਂ ਨੇ ਰਿਟੇਲ ਸਟੋਰ ਵੱਖ-ਵੱਖ ਚਲਾਉਣ ਦਾ ਐਲਾਨ ਕੀਤਾ ਹੈ। ਦੋਵਾਂ ਕੰਪਨੀਆਂ ਨੇ ਸਾਂਝਾ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਭਾਰਤ ਵਿਚ ਰਿਟੇਲ ਕਾਰੋਬਾਰ ਵੱਖ-ਵੱਖ ਚਲਾਉਣ ਲਈ ਉਨ੍ਹਾਂ ਵਿਚ ਸਮਝੌਤਾ ਹੋ ਗਿਆ ਹੈ।

ਵਾਲਮਾਰਟ ਤੇ ਇਸ ਦੇ ਭਾਰਤ ਵਿਚਲੇ ਭਾਈਵਾਲ ਭਾਰਤੀ ਐਂਟਰਪ੍ਰਾਈਜ਼ਿਜ਼ ਵੱਲੋਂ 50:50 ਭਾਈਵਾਲੀ ਨਾਲ 'ਬੈਸਟ ਪ੍ਰਾਈਸ ਮਾਡਰਨ ਹੋਲਸੇਲ' ਬਰਾਂਡ ਦੇ 20 ਥੋਕ ਦੇ ਸਟੋਰ ਚਲਾਏ ਜਾ ਰਹੇ ਹਨ। ਵਾਲਮਾਰਟ ਇਨ੍ਹਾਂ ਸਟੋਰਾਂ ਵਿਚੋਂ ਭਾਰਤੀ ਦਾ ਹਿੱਸਾ ਖਰੀਦੇਗੀ। ਇਹ ਨਹੀਂ ਦੱਸਿਆ ਗਿਆ ਕਿ ਇਸ ਹਿੱਸੇ ਦੀ ਕਿੰਨੀ ਰਕਮ ਅਦਾ ਕੀਤੀ ਜਾਵੇਗੀ। ਭਾਰਤੀ ਆਪਣੇ 'ਇਜ਼ੀਡੇਅ' ਬਰਾਂਡ ਹੇਠ ਚੱਲ ਰਹੇ ਰਿਟੇਲ ਸਟੋਰ ਚਲਾਉਂਦੀ ਰਹੇਗੀ। ਭਾਰਤੀ ਵੱਲੋਂ ਸੇਡਾਰ ਸੁਪੋਰਟ ਸਰਵਿਸਿਜ਼ ਵਿਚ ਵਾਲਮਾਰਟ ਦੇ ਕੰਪਲਸਰੀ ਕਨਵਰਟੀਬਲ ਡਿਬੈਂਚਰਜ਼ ਦਸ ਕਰੋੜ ਡਾਲਰ ਵਿਚ ਖਰੀਦੇ ਜਾਣਗੇ।

ਦੋਵਾਂ ਕੰਪਨੀਆਂ ਨੇ 2007 ਵਿਚ ਸਾਂਝਾ ਕਾਰੋਬਾਰ ਸ਼ੁਰੂ ਕਰਦਿਆਂ ਆਪਣਾ ਪਹਿਲਾ 'ਬੈਸਟ ਪ੍ਰਾਈਜ਼ ਮਾਡਰਨ ਹੋਲਸੇਲ' ਬਰਾਂਡ ਦਾ ਕੈਸ਼-ਐਂਡ-ਕੈਰੀ ਸਟੋਰ ਮਈ 2009 ਨੂੰ ਅੰਮ੍ਰਿਤਸਰ ਵਿਚ ਖੋਲ੍ਹਿਆ ਸੀ। ਭਾਵੇਂ ਪਿਛਲੇ ਸਾਲ ਸਤੰਬਰ ਵਿਚ ਕੇਂਦਰ ਸਰਕਾਰ ਨੇ ਬਹੁ-ਬਰਾਂਡ ਰਿਟੇਲ ਕਾਰੋਬਾਰ ਵਿਚ 51 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਦੀ ਪ੍ਰਵਾਨਗੀ ਇਸ ਸ਼ਰਤ ਉਪਰ ਦਿੱਤੀ ਸੀ ਕਿ ਅਜਿਹੀਆਂ ਵਿਦੇਸ਼ੀ ਕੰਪਨੀਆਂ ਨੂੰ ਭਾਰਤੀ ਛੋਟੀਆਂ ਸਨਅਤਾਂ ਕੋਲੋਂ ਆਪਣੇ ਕੁੱਲ ਕਾਰੋਬਾਰੀ ਮਾਲ ਦਾ ਤੀਹ ਫੀਸਦੀ ਖਰੀਦਣਾ ਹੋਵੇਗਾ। ਵਾਲਮਾਰਟ ਨੇ ਇਹ ਸ਼ਰਤ ਮੰਨਣ ਤੋਂ ਅਸਮਰੱਥਤਾ ਪ੍ਰਗਟਾਈ ਤੇ ਕਿਹਾ ਕਿ ਉਹ ਭਾਰਤੀ ਮਾਲ ਵੀਹ ਫੀਸਦੀ ਹੀ ਖਰੀਦ ਸਕਦੀ ਹੈ।

# ਵਿਆਹਾਂ ਵਿਚ ਬੰਦੂਕਾਂ ਉਤੇ ਰੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਵਿਆਹ ਸਮਾਗਮਾਂ ਵਿਚ ਬੰਦੂਕਾਂ ਦੀ ਵਰਤੋਂ 'ਤੇ ਰੋਕ ਲਾ ਦਿੱਤੀ ਹੈ। ਉਂਜ ਅਦਾਲਤ ਨੇ ਆਪਣੇ ਫੈਸਲੇ ਵਿਚ ਵਿਆਹ ਸਮਾਗਮ ਦੌਰਾਨ ਗੋਲੀ ਚੱਲਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਜਾਣ ਦੇ ਮਾਮਲੇ ਦੇ ਮੁਜਰਮ ਨੂੰ ਉੱਤਰਾਖੰਡ ਹਾਈ ਕੋਰਟ ਵੱਲੋਂ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਘਟਾ ਕੇ ਸੱਤ ਸਾਲ ਕੈਦ ਵਿਚ ਤਬਦੀਲ ਕਰ ਦਿੱਤਾ ਹੈ। ਉੱਤਰਾਖੰਡ ਹਾਈ ਕੋਰਟ ਨੇ ਧਾਰਾ 304 ਆਈ.ਪੀ.ਸੀ (ਭਾਗ-1) ਤਹਿਤ ਕੰਵਰਪਾਲ ਨੂੰ ਜਾਨ ਲੈਣ ਬਦਲੇ ਉਮਰ ਕੈਦ ਸੁਣਾਈ ਸੀ।

ਹਾਈ ਕੋਰਟ ਨੇ ਇਸ ਮੌਕੇ ਸਖ਼ਤ ਟਿੱਪਣੀਆਂ ਕਰਦਿਆਂ ਕਿਹਾ ਸੀ ਕਿ ਜੇਕਰ ਕੋਈ ਵਿਅਕਤੀ ਵਿਆਹ ਵਰਗੇ ਪਵਿੱਤਰ ਸਮਾਗਮ ਵਿਚ ਦੋਨਾਲੀ ਬੰਦੂਕ ਜੋ ਜਾਨਵਰਾਂ ਨੂੰ ਮਾਰਨ ਲਈ ਵਰਤੀ ਜਾਂਦੀ ਹੈ, ਲਿਜਾਂਦਾ ਹੈ ਤਾਂ ਜ਼ਰੂਰੀ ਹੈ ਕਿ ਉਹ ਗੜਬੜ ਫੈਲਾਉਣ ਤੇ ਕਿਸੇ ਨੂੰ ਮਾਰਨ ਜਾ ਰਿਹਾ ਹੈ।

ਦੂਜੇ ਪਾਸੇ ਸੁਪਰੀਮ ਕੋਰਟ ਨੇ ਹਾਈ ਕੋਰਟ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਖਾਰਜ ਕਰਦਿਆਂ ਕਿਹਾ ਕਿ ਹਾਈ ਕੋਰਟ ਨੇ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਕਿ ਮੁਲਕ ਦੇ ਇਸ ਹਿੱਸੇ ਵਿਚ ਕੁਝ ਭਾਈਚਾਰਿਆਂ ਵੱਲੋਂ ਵਿਆਹਾਂ ਦੇ ਜਸ਼ਨ ਮਨਾਉਣ ਲਈ ਬੰਦੂਕਾਂ ਵਰਤੀਆਂ ਜਾਂਦੀਆਂ ਹਨ। ਅਦਾਲਤ ਨੇ ਕਿਹਾ ਕਿ ਅਜਿਹਾ ਕਹਿਣਾ ਵਾਜਬ ਨਹੀਂ ਹੋਵੇਗੀ ਕਿ ਵਿਆਹ ਵਿਚ ਬੰਦੂਕ ਕਿਸੇ ਨੂੰ ਮਾਰਨ ਲਈ ਹੀ ਲਿਜਾਈ ਜਾਂਦੀ ਹੈ।

# ਪਾਕਿ ਵਿਚ ਅਪਰਾਧ ਦੀਆਂ ਵਾਰਦਾਤਾਂ ਵਧੀਆਂ

**ਇਸਲਾਮਾਬਾਦ:** ਬੀਤੇ ਪੰਜ ਵਰ੍ਹਿਆਂ ਦੌਰਾਨ ਪਾਕਿਸਤਾਨ ਵਿਚ ਅਤਿਵਾਦ ਦੀਆਂ ਵਾਰਦਾਤਾਂ ਵਿਚ ਕਮੀ ਦਰਜ ਕੀਤੀ ਗਈ ਹੈ ਜਦੋਂਕਿ ਬਲਾਤਕਾਰ ਤੇ ਉਧਾਲਣ ਦੀਆਂ ਘਟਨਾਵਾਂ ਵਿਚ ਬਹੁਤ ਤੇਜ਼ੀ ਆਈ ਹੈ। 2008 ਤੋਂ ਸਤੰਬਰ 2013 ਤੱਕ ਉਧਾਲੇ ਦੇ 79863 ਕੇਸ ਦਰਜ ਹੋਏ ਹਨ ਜਿਨ੍ਹਾਂ ਵਿਚ 2092 ਮਾਮਲੇ ਫਿਰੌਤੀ ਨਾਲ ਸਬੰਧਤ ਹਨ। ਇਹ ਖੁਲਾਸਾ ਕੌਮੀ ਆਫ਼ਤ ਪ੍ਰਬੰਧਨ ਸੈੱਲ ਵੱਲੋਂ ਸੈਨੇਟ ਦੀ ਸਥਾਈ ਕਮੇਟੀ ਨੂੰ ਸੌਂਪੀ ਗਈ ਰਿਪੋਰਟ ਤੋਂ ਹੋਇਆ ਹੈ।

ਰਿਪੋਰਟ ਤੋਂ ਪਤਾ ਚਲਦਾ ਹੈ ਕਿ 2008 ਤੋਂ ਪੁਲਿਸ ਨੇ ਬਲਾਤਕਾਰ ਦੇ 10703 ਕੇਸ ਦਰਜ ਕੀਤੇ ਹਨ। ਇਸੇ ਤਰ੍ਹਾਂ ਬੀਤੇ ਪੰਜ ਸਾਲਾਂ ਵਿਚ ਪੂਰੇ ਦੇਸ਼ ਵਿਚ 58040 ਕਤਲ, 55668



ਤੋਂ ਵੱਧ ਲੁੱਟ ਤੇ 110,068 ਵਾਹਨ ਚੋਰੀ ਦੇ ਕੇਸ ਦਰਜ ਕੀਤੇ ਗਏ ਹਨ। ਇਕੱਲੇ ਪੰਜਾਬ ਵਿਚ ਸਭ ਤੋਂ ਵੱਧ ਬਲਾਤਕਾਰ ਦੇ 8806 ਕੇਸ ਦਰਜ ਹੋਏ ਹਨ। ਇਸੇ ਤਰ੍ਹਾਂ ਪੰਜਾਬ ਵਿਚ ਉਧਾਲੇ ਦੇ ਮਾਮਲਿਆਂ ਦੀ ਗਿਣਤੀ ਵੀ ਸਭ ਤੋਂ ਵੱਧ ਹੈ ਜੋ 79,863 ਦੇ ਮੁਕਾਬਲੇ 64796 ਹੈ।

ਸਿੰਧ ਪੁਲਿਸ ਨੇ ਉਧਾਲੇ ਦੇ 11357 ਕੇਸ ਜਦੋਂਕਿ ਖੈਬਰ ਪਖਤੂਨਖਵਾ ਪੁਲਿਸ ਨੇ 2221 ਕੇਸ ਦਰਜ ਕੀਤੇ ਹਨ। ਇਸੇ ਤਰ੍ਹਾਂ ਪੰਜਾਬ ਪੁਲਿਸ ਨੇ ਫਿਰੌਤੀ ਦੇ 711 ਕੇਸ ਦਰਜ ਕੀਤੇ ਹਨ। ਐਨ.ਸੀ.ਐਮ.ਸੀ. ਦੀ ਰਿਪੋਰਟ ਮੁਤਾਬਕ ਬੀਤੇ ਸਾਢੇ ਤਿੰਨ ਵਰ੍ਹਿਆਂ ਵਿਚ 5965 ਵਿਅਕਤੀ ਮਾਰੇ ਗਏ ਤੇ 6104 ਹਿੰਸਕ ਘਟਨਾਵਾਂ ਵਿਚ 16703 ਵਿਅਕਤੀ ਜ਼ਖਮੀ ਹੋਏ। ਸਾਲ 2013 ਦੇ ਪਹਿਲੇ ਨੌਂ ਮਹੀਨਿਆਂ ਵਿਚ 1047 ਅਤਿਵਾਦੀ ਹਮਲੇ ਹੋਏ ਜਿਨ੍ਹਾਂ ਵਿਚ 1490 ਵਿਅਕਤੀ ਮਾਰੇ ਗਏ ਤੇ 4360 ਜ਼ਖਮੀ ਹੋਏ।

# ਮਲਾਲਾ ਨੂੰ ਯੂਰਪੀ ਪਾਰਲੀਮੈਂਟ ਵੱਲੋਂ ਪੁਰਸਕਾਰ

**ਲੰਡਨ:** ਦੇਸ਼ ਦੀਆਂ ਕੁੜੀਆਂ ਦੇ ਸਿੱਖਿਆ ਦੇ ਹੱਕ ਲਈ ਲੜਾਈ ਲੜਨ ਬਦਲੇ ਪਾਕਿਸਤਾਨੀ ਮੁਟਿਆਰ ਮਲਾਲਾ ਯੂਸਫ਼ਜ਼ਈ ਨੂੰ ਯੂਰਪੀਅਨ ਪਾਰਲੀਮੈਂਟ ਦੇ ਸਰਬਉਚ ਮਨੁੱਖੀ ਅਧਿਕਾਰ ਖ਼ਿਤਾਬ ਨਾਲ ਨਿਵਾਜਿਆ ਗਿਆ ਹੈ। ਯੂਰਪੀਅਨ ਸੰਘ ਦੀ ਵਿਧਾਨ ਪਾਲਿਕਾ ਦੇ ਮੁਖੀ ਮਾਰਟਿਨ ਸੁਲਜ਼ ਮੁਤਾਬਕ ਯੂਰਪੀਅਨ ਪਾਰਲੀਮੈਂਟ ਇਸ ਮੁਟਿਆਰ ਦੇ ਅਦੁੱਤੀ ਸਾਹਸ ਨੂੰ ਸਲਾਮ ਕਰਦੀ ਹੈ। ਮਲਾਲਾ ਨੇ ਸਾਰੇ ਬੱਚਿਆਂ ਨੂੰ ਵਾਜਬ ਸਿੱਖਿਆ ਹਾਸਲ ਕਰਨ ਦੇ ਹੱਕ 'ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ।



ਜ਼ਿਕਰਯੋਗ ਹੈ ਕਿ ਲੜਕੀਆਂ ਦੀ ਸਿੱਖਿਆ ਦੇ ਹੱਕ ਵਿਚ ਜ਼ੁਬਾਨ ਖੋਲ੍ਹਣ ਤੋਂ ਪਿਛਲੇ ਸਾਲ ਤਾਲਿਬਾਨ ਨੇ ਸਵਾਤ ਵਾਦੀ ਵਿਚ ਮਲਾਲਾ 'ਤੇ ਕਾਤਲਾਨਾ ਹਮਲਾ ਕੀਤਾ ਸੀ ਪਰ ਉਸ ਦੀ ਜਾਨ ਬਚਾ ਲਈ ਗਈ ਸੀ। ਯੂਰਪੀਅਨ ਪਾਰਲੀਮੈਂਟ ਵੱਲੋਂ ਉੱਘੇ ਰੂਸੀ ਭੌਤਿਕ ਵਿਗਿਆਨੀ ਤੇ ਉਥੋਂ ਦੀ ਸਰਕਾਰ ਵਿਰੋਧੀ ਆਂਦਰੇਈ ਸਖਾਰੋਵ ਦੀ ਯਾਦ ਵਿਚ ਹਰ ਸਾਲ ਮਨੁੱਖੀ ਅਧਿਕਾਰਾਂ ਦਾ ਇਹ ਪੁਰਸਕਾਰ ਦਿੱਤਾ ਜਾਂਦਾ ਹੈ।

# ਤਾਲਿਬਾਨ ਆਗੂ ਲਤੀਫ ਮਸੂਦ ਅਮਰੀਕਾ ਅੜਿੱਕੇ ਆਇਆ

**ਵਾਸ਼ਿੰਗਟਨ:**ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਇਕ ਵੱਡੇ ਆਗੂ ਲਤੀਫ਼ ਮਸੂਦ ਨੂੰ ਅਮਰੀਕਾ ਦੀਆਂ ਫੌਜਾਂ ਨੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਇਹ ਗ੍ਰਿਫਤਾਰੀ ਤਾਲਿਬਾਨ ਲਈ ਝਟਕਾ ਮੰਨਿਆ ਜਾ ਰਿਹਾ ਹੈ।

ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਇਸ ਗ੍ਰਿਫਤਾਰੀ 'ਤੇ ਨਾਰਾਜ਼ਗੀ ਪ੍ਰਗਟਾਈ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮੁਤਾਬਕ ਅਮਰੀਕੀ ਫੌਜਾਂ ਨੇ ਅਤਿਵਾਦੀ ਆਗੂ ਲਤੀਫ ਮਸੂਦ ਨੂੰ ਕਾਬੂ ਕੀਤਾ ਹੈ। ਉਹ ਪਾਕਿਸਤਾਨ ਤਾਲਿਬਾਨ ਦਾ ਇਕ ਸੀਨੀਅਰ ਕਮਾਂਡਰ ਹੈ। ਤਰਜਮਾਨ ਨੇ ਇਸ ਤੋਂ ਇਲਾਵਾ ਹੋਰ ਕੋਈ ਖੁਲਾਸਾ ਨਹੀਂ ਕੀਤਾ। ਵਾਸ਼ਿੰਗਟਨ ਪੋਸਟ ਨਾਮਕ ਅਖ਼ਬਾਰ ਮੁਤਾਬਕ ਮਸੂਦ ਨੂੰ ਪੂਰਬੀ ਅਫਗਾਨਿਸਤਾਨ ਵਿਚੋਂ ਕਾਬੂ ਕੀਤਾ ਗਿਆ ਹੈ। ਅਫਗਾਨਿਸਤਾਨ ਪਾਕਿਸਤਾਨ ਤੇ ਤਾਲਿਬਾਨ ਵਿਚਾਲੇ ਜਿਹੜੀ ਸ਼ਾਂਤੀ ਵਾਰਤਾ ਚਲਾਉਣ ਬਾਰੇ ਜੋ ਗੱਲਬਾਤ ਚੱਲ ਰਹੀ ਸੀ, ਉਸ ਲਈ ਮਸੂਦ ਦੀ ਮਦਦ ਲੈਣ ਲਈ ਕੋਸ਼ਿਸ਼ਾਂ ਸਨ। ਇਸ ਦੌਰਾਨ ਹੀ ਉਹ ਅਮਰੀਕਾ ਦੇ ਹੱਥ ਲੱਗ ਗਿਆ।

## ਰਸਾਇਣਕ ਹਥਿਆਰ ਵਿਰੋਧੀ ਸੰਸਥਾ ਨੂੰ ਨੋਬੇਲ ਅਮਨ ਪੁਰਸਕਾਰ

**ਓਸਲੋ:** ਪਿੱਛੇ ਜਿਹੇ ਸੀਰੀਆ ਸੰਕਟ ਕਾਰਨ ਲੋਕਾਂ ਦੀਆਂ ਨਜ਼ਰਾਂ ਵਿਚ ਆਈ ਸੰਸਥਾ ਓ.ਪੀ.ਸੀ.ਡਬਲਿਊ ਨੂੰ ਦੁਨੀਆਂ ਵਿਚੋਂ ਰਸਾਇਣਕ ਹਥਿਆਰਾਂ ਦੇ ਖਾਤਮੇ ਲਈ ਕੀਤੇ ਕਾਰਜਾਂ ਬਦਲੇ ਨੋਬੇਲ ਅਮਨ ਪੁਰਸਕਾਰ ਦੇਣ ਦਾ ਐਲਾਨ ਹੋਇਆ ਹੈ। ਰਸਾਇਣਕ ਹਥਿਆਰਾਂ ਦੇ ਖਾਤਮੇ ਲਈ ਸੰਸਥਾ ਨੂੰ ਸੰਯੁਕਤ ਰਾਸ਼ਟਰ ਤੋਂ ਮਾਨਤਾ ਮਿਲੀ ਹੋਈ ਹੈ।

ਨੋਬੇਲ ਕਮੇਟੀ ਦੇ ਚੇਅਰਮੈਨ ਥੌਰਬਿਓਰਨ ਜੈਗਲੈਂਡ ਨੇ ਜਦੋਂ ਅਮਨ ਪੁਰਸਕਾਰ ਲਈ ਇਸ ਸੰਸਥਾ ਦਾ ਨਾਂਅ ਲਿਆ ਤਾਂ ਸਭ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਨਾਰਵੇ ਦੀ ਜਿਊਰੀ ਨੇ ਆਪਣੇ ਬਿਆਨ ਵਿਚ ਕਿਹਾ ਕਿ ਸੀਰੀਆ ਵਿਚ ਹੋਈਆਂ ਹਾਲੀਆ ਘਟਨਾਵਾਂ ਨੇ ਇਸ ਤਰ੍ਹਾਂ ਦੇ ਹਥਿਆਰਾਂ ਦੇ ਖਾਤਮੇ ਲਈ ਹੋਰ ਕੰਮ ਕਰਨ ਦੀ ਲੋੜ ਦਰਸਾਈ ਹੈ।

ਇਸ ਕੀਨਿਆਈ ਅਦਾਰੇ ਨੂੰ ਨੋਬੇਲ ਪੁਰਸਕਾਰ ਦੀ ਦੌੜ ਵਿਚ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ ਸੀ। ਇਸ ਦੀ ਬਜਾਏ ਪਾਕਿਸਤਾਨੀ ਕਾਰਕੁਨ ਮਲਾਲਾ ਯੂਸਫ਼ਜ਼ਈ ਅਤੇ ਕਾਂਗੋ ਦੇ ਸਦਾਰ ਡੈਨਿਸ ਮੁਕਵੇਗੇ ਇਸ ਸਾਲ ਦੇ ਅਮਨ ਪੁਰਸਕਾਰ ਲਈ ਮੋਹਰੀ ਗਿਣੇ ਜਾਂਦੇ ਸਨ। ਉਂਜ, ਇਹ ਲਗਾਤਾਰ ਦੂਜੀ ਵਾਰ ਹੋਇਆ ਹੈ ਜਦੋਂ ਕਿਸੇ ਵਿਅਕਤੀ ਦੀ ਥਾਂ ਅਦਾਰੇ ਨੂੰ ਇਹ ਵੱਕਾਰੀ ਪੁਰਸਕਾਰ ਹਾਸਲ ਹੋਇਆ।

# ਦਹਿਸ਼ਤਵਾਦੀ ਸਾਇਆ ਥੋੜ੍ਹਾ ਸਮਾਂ ਹੋਰ: ਓਬਾਮਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਫਰੀਕਾ ਦੇ ਦੋ ਮੁਲਕਾਂ ਲਿਬੀਆ ਤੇ ਸੋਮਾਲੀਆ ਵਿਚ ਦਹਿਸ਼ਤਪਸੰਦਾਂ ਖ਼ਿਲਾਫ਼ ਆਪਣੀ ਫੌਜੀ ਸਮਰਥਾ ਦਾ ਵਿਖਾਵਾ ਕਰਨ ਤੋਂ ਬਾਅਦ ਕਿਹਾ ਕਿ ਅਫ਼ਗ਼ਾਨਿਸਤਾਨ ਤੇ ਪਾਕਿਸਤਾਨ ਵਿਚ ਭਾਵੇਂ ਅਲ-ਕਾਇਦਾ ਦੀ ਚੋਟੀ ਦੀ ਲੀਡਰਸ਼ਿਪ ਖ਼ਤਮ ਕਰ ਦਿੱਤੀ ਗਈ ਹੈ ਪਰ ਤਾਂ ਵੀ ਦਹਿਸ਼ਤਵਾਦ ਦਾ ਖ਼ਤਰਾ ਕੁਝ ਸਮੇਂ ਤਕ ਜਾਰੀ ਰਹਿ ਸਕਦਾ ਹੈ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਲਿਬੀਆ ਹਿਰਾਸਤ ਵਿਚ ਲਏ ਗਏ ਅਲ-ਕਾਇਦਾ ਦੇ ਆਗੂ ਅਬੂ ਅਨਾਸ ਅਲ-ਲਿਬੀ ਨੂੰ ਨਿਆਂ ਦੇ ਸਨਮੁਖ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਇਸ ਖਿੱਤੇ ਅੰਦਰ ਵਿਚਾਰਾਂ ਦੀ ਲੜਾਈ ਵਿਚ ਸ਼ਾਮਲ ਹੋਣ ਦੀ ਲੋੜ ਹੈ ਤੇ ਮੁਸਲਿਮ ਦੇਸ਼ਾਂ ਨਾਲ ਮਿਲ ਕੇ ਕੱਟੜਪੰਥੀ ਅਨਸਰਾਂ ਨੂੰ ਅਲੱਗ-ਥਲੱਗ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸ੍ਰੀ ਓਬਾਮਾ ਨੇ ਵ੍ਹਾਈਟ ਹਾਊਸ ਵਿਚ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਹਾ ਕਿ ਅਲ-ਲਿਬੀ ਨੇ ਅਜਿਹੀ ਯੋਜਨਾ ਨੂੰ ਸਿਰੇ ਚਾੜ੍ਹਨ ਵਿਚ ਮਦਦ ਦਿੱਤੀ ਸੀ ਜਿਸ ਵਿਚ ਬਹੁਤ ਸਾਰੇ ਅਮਰੀਕੀਆਂ ਸਣੇ ਸੈਂਕੜੇ ਲੋਕ ਮਾਰੇ ਗਏ ਸਨ। ਇਸ ਦੇ ਪੁਖਤਾ ਸਬੂਤ ਮੌਜੂਦ ਹਨ।



ਉਨ੍ਹਾਂ ਨੂੰ ਨਿਆਂ ਦੇ ਸਾਹਮਣੇ ਲਿਆਂਦਾ ਜਾਵੇਗਾ। ਦੁਨੀਆਂ ਭਰ ਵਿਚ ਦਹਿਸ਼ਤਗਰਦੀ ਨੂੰ ਮੋੜਾ ਪੈਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਅਮਰੀਕਾ ਮੁੱਖ ਤੌਰ 'ਤੇ ਅਫ਼ਗਾਨਿਸਤਾਨ ਤੇ ਪਾਕਿਸਤਾਨ ਵਿਚ ਰਹਿ ਕੇ ਸਰਗਰਮੀਆਂ ਕਰਦੀ ਅਲ-ਕਾਇਦਾ ਦੀ ਚੋਟੀ ਦੀ ਲੀਡਰਸ਼ਿਪ ਨੂੰ ਖ਼ਤਮ ਕਰਨ ਵਿਚ ਕਾਮਯਾਬ ਰਿਹਾ ਹੈ ਪਰ ਹੁਣ ਕੁਝ ਖੇਤਰੀ ਗਰੁੱਪ ਰਹਿ ਗਏ ਜਿਨ੍ਹਾਂ ਵਿਚੋਂ ਕੁਝ ਜ਼ਾਹਿਰ ਤੌਰ 'ਤੇ ਅਲ-ਕਾਇਦਾ ਜਾਂ ਇਸ ਦੀ ਵਿਚਾਰਧਾਰਾ ਨਾਲ ਜੁੜੇ ਹੋਏ ਹਨ ਤੇ ਕੁਝ ਹੋਰ ਵਧੇਰੇ ਮੁਕਾਮੀ ਕਿਸਮ ਦੇ ਗਰੁੱਪ ਹਨ। ਇਨ੍ਹਾਂ ਵਿਚੋਂ ਕੁਝ ਕੁ ਗਰੁੱਪਾਂ ਦੀ ਸਰਹੱਦਾਂ ਤੋਂ ਪਾਰ ਜਾ ਕੇ ਕਾਰਵਾਈ ਕਰਨ ਦੀ ਸਮਰਥਾ ਹੈ ਪਰ ਉਹ ਆਪਣੀਆਂ ਹੱਦਾਂ ਅੰਦਰ ਕਾਫੀ ਨੁਕਸਾਨ ਕਰਨ ਦੀ ਤਾਕਤ ਰੱਖਦੇ ਹਨ। ਸ੍ਰੀ ਓਬਾਮਾ ਨੇ ਕਿਹਾ ਕਿ ਦਹਿਸ਼ਤਗਰਦਾਂ ਦੀ ਪੈੜ ਨੱਪਣ ਤੇ ਉਨ੍ਹਾਂ ਦੇ ਦੇਸ਼ ਵੱਲੋਂ ਜੰਗਾਂ ਵਿਚ ਸ਼ਾਮਲ ਹੋਣ ਦਰਮਿਆਨ ਫ਼ਰਕ ਹੈ। ਦਹਿਸ਼ਤਵਾਦ ਤੇ ਦਹਿਸ਼ਤਗਰਦ ਤਾਣੇ-ਬਾਣੇ ਦਾ ਜੋਖ਼ਮ ਕੁਝ ਸਮੇਂ ਲਈ ਜਾਰੀ ਰਹੇਗਾ। ਸਾਨੂੰ ਇਕ ਲੰਮ ਮਿਆਦੀ ਯੋਜਨਾ ਅਪਣਾਉਣ ਦੀ ਲੋੜ ਹੈ ਜੋ ਸਿਰਫ਼ ਫੌਜੀ ਨਹੀਂ ਹੋਣੀ ਚਾਹੀਦੀ। ਸਾਨੂੰ ਆਰਥਿਕ ਵਿਕਾਸ ਬਾਰੇ ਵੀ ਸੋਚਣ ਦੀ ਲੋੜ ਹੈ।

## ਆਸਾਰਾਮ ਖਿਲਾਫ ਸਬੂਤ ਮਿਲਣ ਦਾ ਦਾਅਵਾ

**ਅਹਿਮਦਾਬਾਦ:** ਅਹਿਮਦਾਬਾਦ ਪੁਲਿਸ ਨੇ ਕਥਾਵਾਚਕ ਆਸਾਰਾਮ ਤੋਂ ਪੁੱਛਗਿੱਛ ਲਈ ਗਾਂਧੀਨਗਰ ਦੀ ਅਦਾਲਤ ਤੋਂ ਤਬਾਦਲਾ ਵਰੰਟ ਹਾਸਲ ਕਰ ਲਿਆ ਹੈ। ਆਸਾਰਾਮ ਅਜੇ ਰਾਜਸਥਾਨ ਦੀ ਜੋਧਪੁਰ ਦੀ ਜੇਲ੍ਹ ਵਿਚ ਬੰਦ ਹੈ।

ਪੁਲਿਸ ਨੇ ਸੂਰਤ ਦੀਆਂ ਦੋ ਭੈਣਾਂ ਵੱਲੋਂ ਆਸਾਰਾਮ ਤੇ ਉਸ ਦੇ ਪੁੱਤਰ ਨਾਰਾਇਣ ਸਾਈਂ ਖ਼ਿਲਾਫ਼ ਦਰਜ ਕਰਵਾਏ ਗਏ ਸਰੀਰਕ ਸ਼ੋਸ਼ਣ ਦੇ ਮਾਮਲੇ ਦੇ ਸਿਲਸਿਲੇ ਵਿਚ ਆਸਾਰਾਮ ਤੋਂ ਪੁੱਛਗਿੱਛ ਲਈ ਤਬਾਦਲਾ ਵਰੰਟ ਹਾਸਲ ਕੀਤਾ ਹੈ। ਜੁਆਇੰਟ ਪੁਲਿਸ ਕਮਿਸ਼ਨਰ ਜੇ. ਕੇ ਭੱਟ ਨੇ ਦਾਅਵਾ ਕੀਤਾ ਹੈ ਕਿ ਜਾਂਚ ਦੌਰਾਨ ਉਨ੍ਹਾਂ ਨੂੰ ਆਸਾਰਾਮ ਖ਼ਿਲਾਫ਼ ਸਬੂਤ ਮਿਲੇ ਹਨ। ਉਹ ਉਸ ਕੋਲੋਂ ਪੁੱਛਗਿੱਛ ਕਰਨਾ ਚਾਹੁੰਦੇ ਹਨ ਤੇ ਇਸ ਲਈ ਉਨ੍ਹਾਂ ਨੇ ਗਾਂਧੀਨਗਰ ਦੀ ਇਕ ਅਦਾਲਤ ਤੋਂ ਤਬਾਦਲਾ ਵਰੰਟ ਹਾਸਲ ਕੀਤਾ ਹੈ। ਇਸੇ ਦੌਰਾਨ ਲੜਕੀ ਨਾਲ ਛੇੜਛਾੜ ਦੇ ਮਾਮਲੇ ਵਿਚ ਜੇਲ੍ਹ ਵਿਚ ਕੈਦ ਆਸਾਰਾਮ ਦੇ ਆਸ਼ਰਮ ਦੇ ਸਾਬਕਾ ਸੇਵਾਦਾਰ ਅਜੇ ਕੁਮਾਰ ਦਾ ਬਿਆਨ ਪੁਲਿਸ ਵੱਲੋਂ ਅਦਾਲਤ ਵਿਚ ਦਰਜ ਕਰਵਾਇਆ ਗਿਆ।




Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

DOWNLOAD THE NEW FREE IPHONE and ANDROID APP (Search for "Punjabi Radio USA" in App store and Google Play)

# KHALSA
## INSURANCE AGENCY, INC.

WE NOW INSURE IN 33 STATES

LARGEST INDEPENDENT INSURANCE BROKERS
REPRESENTING OVER 100 A+ RATED COMPANIES




TAXI-CABS LIMOUSINES
COMMERCIAL AUTO

CALL TO CHECK OUR LOWEST RATES FOR
AUTO • HOME • HEALTH • LIFE

WWW.KHALSAINSURANCE.COM

LICENSED IN : Alabama • Arkansas • Arizona • California • Colorado • Connecticut • DC • Georgia • Florida • Idaho • Iowa • Indiana • Illinois • Kansas • Louisiana • Maryland • Mississippi Michigan • Minnesota • Nevada • New Jersey • New York • New Mexico • Oregon • Ohio • Oklahoma • Pennsylvania • Texas • Utah • Virginia • Vermont • Washington • Wisconsin

3750 McKee Road, Suite A • San Jose, CA 95127 • Fax 408.493.4552 California License # 0F89805

408-272-2500 • 1-800-954-5409

# ਗੁਜਰਾਤ ਵਿਚ ਹਮਲੇ ਮਗਰੋਂ ਪੰਜਾਬ ਪਰਤੇ ਸਿੱਖ ਪਰਿਵਾਰ

**ਬਠਿੰਡਾ:** ਗੁਜਰਾਤ ਵਿਚ ਸਿੱਖ ਕਿਸਾਨਾਂ 'ਤੇ ਹਮਲੇ ਮਗਰੋਂ ਕੁਝ ਪਰਿਵਾਰ ਪੰਜਾਬ ਪਰਤ ਆਏ ਹਨ। ਗੁਜਰਾਤ ਵਿਚੋਂ ਪਰਤ ਕੇ ਆਏ ਕਿਸਾਨ ਹਰਵਿੰਦਰ ਸਿੰਘ ਮੁਤਾਬਕ ਗੁਜਰਾਤ ਦੀ ਹਾਕਮ ਧਿਰ ਦੇ ਲੋਕਾਂ ਵੱਲੋਂ ਉਨ੍ਹਾਂ ਦੇ ਪਰਿਵਾਰਾਂ 'ਤੇ ਅਚਾਨਕ ਹਮਲਾ ਬੋਲ ਦਿੱਤਾ ਸੀ ਜਦੋਂ ਉਹ ਖੇਤਾਂ ਵਿਚ ਬਿਜਾਈ ਵਿਚ ਰੁੱਝੇ ਹੋਏ ਸਨ। ਕਈ ਪਰਿਵਾਰ ਹਮਲੇ ਮਗਰੋਂ ਆਪਣੀ ਜਾਨ ਬਚਾ ਕੇ ਪੰਜਾਬ ਪਰਤ ਆਏ ਹਨ। ਉਨ੍ਹਾਂ ਨੂੰ ਹੁਣ ਡਰ ਹੈ ਕਿ ਸਿਆਸੀ ਧਿਰ ਦੇ ਲੋਕ ਦੁਬਾਰਾ ਉਨ੍ਹਾਂ 'ਤੇ ਹਮਲਾ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਅੱਠ ਅਕਤੂਬਰ ਨੂੰ ਪੰਜਾਬੀ ਕਿਸਾਨਾਂ 'ਤੇ ਹਾਕਮ ਧਿਰ ਦੇ ਲੋਕਾਂ ਨੇ ਗੁਜਰਾਤ ਵਿਚ ਹਮਲਾ ਕਰ ਦਿੱਤਾ ਸੀ ਜਿਸ ਵਿਚ ਜ਼ਿਲ੍ਹਾ ਬਠਿੰਡਾ ਤੇ ਫਰੀਦਕੋਟ ਦੇ ਚਾਰ ਕਿਸਾਨ ਫੱਟੜ ਹੋ ਗਏ ਹਨ। ਬਠਿੰਡਾ, ਫਰੀਦਕੋਟ ਤੇ ਮੁਕਤਸਰ ਦੇ ਤਕਰੀਬਨ ਤਿੰਨ ਦਰਜਨ ਕਿਸਾਨ ਗੁਜਰਾਤ ਦੇ ਭੁੱਜ ਖੇਤਰ ਵਿਚ ਵਰ੍ਹਿਆਂ ਤੋਂ ਖੇਤੀ ਕਰ ਰਹੇ ਹਨ। ਇਹ ਜ਼ਮੀਨਾਂ ਉਨ੍ਹਾਂ ਨੂੰ ਕਈ ਦਹਾਕੇ ਪਹਿਲਾਂ ਅਲਾਟ ਹੋਈਆਂ ਸਨ।


ਪਿੰਡ ਪਿਥੋਂ ਦੇ ਇਕ ਹੋਰ ਕਿਸਾਨ ਹਰਨਾਮ ਸਿੰਘ ਜੋ ਗੁਜਰਾਤ ਵਿਚ ਹੈ, ਮੁਤਾਬਕ ਉਨ੍ਹਾਂ ਨੂੰ ਪਿਛਲੇ ਕੁਝ ਦਿਨਾਂ ਤੋਂ ਗੁਜਰਾਤ ਦੇ ਸਥਾਨਕ ਨੇਤਾਵਾਂ ਤੇ ਉਨ੍ਹਾਂ ਦੇ ਨੇੜਲਿਆਂ ਤੋਂ ਖਤਰਾ ਸੀ ਜਿਸ ਦੀ ਉਨ੍ਹਾਂ ਨੂੰ ਭਿਣਕ ਮਿਲ ਗਈ ਸੀ ਕਿ ਉਹ ਪੰਜਾਬੀ ਕਿਸਾਨਾਂ 'ਤੇ ਹਮਲਾ ਕਰਨ ਦੀ ਤਾਕ ਵਿਚ ਹਨ। ਹਮਲੇ ਵਿਚ ਉਨ੍ਹਾਂ ਦੀ ਖੇਤੀ ਮਸ਼ੀਨਰੀ ਨੂੰ ਕਾਫੀ ਨੁਕਸਾਨ ਪੁੱਜਾ ਹੈ। ਉਨ੍ਹਾਂ ਦੱਸਿਆ ਕਿ ਆਉਂਦੇ ਦਿਨਾਂ ਵਿਚ ਪੰਜਾਬੀ ਕਿਸਾਨਾਂ 'ਤੇ ਹਮਲੇ ਵਧ ਸਕਦੇ ਹਨ। ਇਹ ਕਿਸਾਨ ਅਲਾਟ ਹੋਏ ਖੇਤਾਂ ਵਿਚ ਸਰੋਂ ਅਤੇ ਅਰਿੰਡ ਦੀ ਬਿਜਾਈ ਕਰ ਰਹੇ ਸਨ।

ਕਿਸਾਨਾਂ ਨੇ ਦੱਸਿਆ ਕਿ ਹੁਣ ਬਾਕੀ ਪੰਜਾਬੀ ਪਰਿਵਾਰਾਂ ਵਿਚ ਭੈਅ ਪਾਇਆ ਜਾ ਰਿਹਾ ਹੈ। ਉਹ ਇਕ ਦਫ਼ਾ ਤਾਂ ਪੰਜਾਬ ਪਰਤ ਆਏ ਹਨ ਪਰ ਉਹ ਇਕ ਦੋ ਦਿਨਾਂ ਤੱਕ ਮੁੜ ਗੁਜਰਾਤ ਲਈ ਰਵਾਨਾ ਹੋਣਗੇ ਕਿਉਂਕਿ ਉਥੇ ਉਨ੍ਹਾਂ ਦੇ ਪਰਿਵਾਰਾਂ ਦੇ ਜੀਅ ਹਸਪਤਾਲ ਵਿਚ ਜ਼ੇਰੇ-ਇਲਾਜ ਹਨ। ਉਨ੍ਹਾਂ ਦੱਸਿਆ ਕਿ ਮਾਲਵਾ ਖ਼ਿੱਤੇ ਵਿਚੋਂ ਬਹੁਤੇ ਕਿਸਾਨ ਤਾਂ ਫਸਲਾਂ ਦੀ ਬਿਜਾਈ ਮੌਕੇ ਵੀ ਗੁਜਰਾਤ ਵਿਚ ਜਾਂਦੇ ਹਨ ਜਦੋਂਕਿ ਕਾਈ ਪਰਿਵਾਰ ਕਾਫੀ ਸਮੇਂ ਤੋਂ ਉਥੇ ਹੀ ਵਸੇ ਹੋਏ ਹਨ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਉਨ੍ਹਾਂ ਦੀ ਹਿਫ਼ਾਜ਼ਤ ਕਰੇ।



# ਸੁਖਬੀਰ ਸਿੰਘ ਬਾਦਲ ਦੇ ਖਾਸ ਬੰਦੇ ਐਨ ਕੇ ਸ਼ਰਮਾ 'ਤੇ ਦੋਸ਼ਾਂ ਦੀ ਬੁਛਾੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਬੁਲਾਰੇ ਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਅਕਾਲੀ ਦਲ ਦੇ ਖਜ਼ਾਨਚੀ ਤੇ ਮੁੱਖ ਸੰਸਦੀ ਸਕੱਤਰ ਐੱਨ.ਕੇ ਸ਼ਰਮਾ ਦੇ ਹਾਊਸਿੰਗ ਪ੍ਰਾਜੈਕਟਾਂ ਵਿਚ ਬੇਨਿਯਮੀਆਂ ਦੇ ਦੋਸ਼ ਲਾਏ ਹਨ। ਸ੍ਰੀ ਸ਼ਰਮਾ ਉਪ ਮੁੱਖ ਮੰਤਰੀ ਦਾ ਖਾਸ ਬੰਦਾ ਹੈ। ਖਹਿਰਾ ਦਾ ਦਾਅਵਾ ਹੈ ਕਿ ਸ਼ਰਮਾ ਦੀ ਕੰਪਨੀ ਨੇ ਬਿਸ਼ਨਪੁਰਾ (ਜ਼ੀਰਕਪੁਰ) ਵਿਚ ਗ਼ੈਰ ਕਾਨੂੰਨੀ ਢੰਗ ਨਾਲ 11 ਏਕੜ ਦਾ ਮੈਗਾ ਪ੍ਰਾਜੈਕਟ ਬਣਾਇਆ ਹੈ।



ਇਸ ਤਹਿਤ ਵਾਤਾਵਰਨ ਤੇ ਜੰਗਲਾਤ ਮੰਤਰਾਲੇ ਦੀਆਂ ਹਦਾਇਤਾਂ ਦੀ ਉਲੰਘਣਾ ਕੀਤੀ ਗਈ ਹੈ। ਸ਼ਰਮਾ ਦੀ ਕੰਪਨੀ ਵੀ.ਐਨ. ਸ਼ਰਮਾ ਬਿਲਡਰਜ਼ ਪ੍ਰਾਈਵੇਟ ਲਿਮਟਿਡ ਨੇ ਵਾਤਾਵਰਨ ਮੰਤਰਾਲੇ ਦੀਆਂ ਹਦਾਇਤਾਂ ਦੀ ਉਲੰਘਣਾ ਕਰਕੇ ਉਥੇ ਫਲੈਟ ਉਸਾਰੇ ਹਨ ਤੇ ਵਿਭਾਗ ਵੱਲੋਂ ਕੰਪਨੀ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼ਰਮਾ ਦੀ ਕੰਪਨੀ ਦੇ ਚਾਰ-ਪੰਜ ਪ੍ਰਾਜੈਕਟ ਕੇਂਦਰੀ ਗਰਾਊਂਡ ਵਾਟਰ ਕਮਿਸ਼ਨ ਦੀ ਕਲੀਰਐਂਸ, ਏਅਰਪੋਰਟ ਅਥਾਰਟੀ ਆਫ ਇੰਡੀਆ ਦੀ ਕਲੀਰਐਂਸ ਆਦਿ ਤੋਂ ਬਿਨਾਂ ਹੀ ਚੱਲ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦਾ ਖਜ਼ਾਨਚੀ ਹੋਣ ਕਾਰਨ ਸ਼ਰਮਾ ਦੀ ਬਾਦਲ ਪਰਿਵਾਰ ਨਾਲ ਨੇੜਤਾ ਹੈ। ਇਸ ਕਾਰਨ ਪੰਜਾਬ ਸਰਕਾਰ ਜਾਣਬੁੱਝ ਕੇ ਸ਼ਰਮਾ ਦੀ ਕੰਪਨੀ ਵੱਲੋਂ ਕੀਤੀਆਂ ਬੇਨਿਯਮੀਆਂ ਉਪਰੋਂ ਅੱਖਾਂ ਮੀਟ ਰਹੀ ਹੈ। ਉਨ੍ਹਾਂ ਕਾਂਗਰਸ ਵੱਲੋਂ ਹਾਈ ਕੋਰਟ ਨੂੰ ਜ਼ੀਰਕਪੁਰ ਵਿਚ ਬਣਾਏ ਜਾ ਰਹੇ ਗੈਰ ਕਾਨੂੰਨੀ ਵੱਡੇ ਢਾਂਚਿਆਂ ਦੇ ਮਾਮਲੇ ਵਿਚ ਦਖਲ ਦੇਣ ਦੀ ਅਪੀਲ ਕੀਤੀ। ਦੂਜੇ ਪਾਸੇ ਸ਼ਰਮਾ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਖਹਿਰਾ ਉਨ੍ਹਾਂ ਉਪਰ ਬੇਬੁਨਿਆਦ ਦੋਸ਼ ਲਾ ਕੇ ਸਸਤੀ ਸ਼ੌਹਰਤ ਹਾਸਲ ਕਰਨ ਲਈ ਨੀਵੇਂ ਪੱਧਰ 'ਤੇ ਉਤਰ ਆਏ ਹਨ। ਐਨ ਕੇ ਸ਼ਰਮਾ ਗਰੁੱਪ ਆਫ ਕੰਪਨੀਜ਼ ਦੇ ਸਾਰੇ ਪ੍ਰਾਜੈਕਟ ਸਬੰਧਤ ਅਥਾਰਟੀਜ਼ ਤੋਂ ਬਕਾਇਦਾ ਪ੍ਰਵਾਨਗੀਆਂ ਲੈ ਕੇ ਸ਼ੁਰੂ ਕੀਤੇ ਹਨ ਤੇ ਖਹਿਰਾ ਨੂੰ ਕੰਪਨੀ ਵੱਲੋਂ ਸੀ.ਐਲ.ਯੂ ਤੇ ਹੋਰ ਫੀਸ ਜਮ੍ਹਾਂ ਕਰਵਾਉਣ ਦਾ ਪਤਾ ਨਾ ਹੋਣ ਕਾਰਨ ਉਨ੍ਹਾਂ ਵੱਲੋਂ ਪਹਿਲਾਂ ਲਾਏ ਦੋਸ਼ ਝੂਠੇ ਸਾਬਤ ਹੋਣ ਕਾਰਨ ਉਹ ਹੁਣ ਨਵੇਂ ਦੋਸ਼ ਲੈ ਰਹੇ ਹਨ।

ਅਕਾਲੀ ਆਗੂ ਨੇ ਖਹਿਰਾ 'ਤੇ ਐਨ ਕੇ ਸ਼ਰਮਾ ਗਰੁੱਪ ਆਫ ਕੰਪਨੀਜ਼ ਦੇ ਵਪਾਰਕ ਹਿੱਤਾਂ ਨੂੰ ਸੱਟ ਪਹੁੰਚਾਉਣ ਦੇ ਯਤਨ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਹ ਆਪਣੇ ਵਕੀਲਾਂ ਨਾਲ ਸਲਾਹ ਮਸ਼ਵਰਾ ਕਰ ਰਹੇ ਹਨ ਤੇ ਜਲਦ ਹੀ ਇਸ ਕਾਂਗਰਸੀ ਆਗੂ ਵਿਰੁੱਧ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਜਾਵੇਗਾ।

# ਪੰਜਾਬੀ ਟੈਕਸੀ ਚਾਲਕ ਲਾਪ੍ਰਵਾਹੀ ਦਾ ਦੋਸ਼ੀ

**ਮੈਲਬਰਨ:** ਸਥਾਨਕ ਅਦਾਲਤ ਨੇ ਇਕ ਪੰਜਾਬੀ ਟੈਕਸੀ ਚਾਲਕ ਨੂੰ ਲਾਪ੍ਰਵਾਹੀ ਨਾਲ ਡਰਾਈਵਿੰਗ ਕਰਕੇ ਇਕ ਵਿਅਕਤੀ ਦੀ ਮੌਤ ਦਾ ਕਾਰਨ ਬਣਨ ਦੇ ਕੇਸ ਵਿਚ ਦੋਸ਼ੀ ਪਾਇਆ ਹੈ। ਡਰਾਈਵਰ ਪਰਦੀਪ ਸਿੰਘ ਜੌਹਲ ਦੀ ਪੇਸ਼ੀ ਮੌਕੇ ਇਹ ਸਾਹਮਣੇ ਆਇਆ ਕਿ ਪਿਛਲੇ ਸਾਲ ਉਸ ਵੱਲੋਂ ਲਾਪ੍ਰਵਾਹੀ ਨਾਲ ਕੀਤੀ ਡਰਾਈਵਿੰਗ 37 ਸਾਲਾ ਗੈਵਿਨ ਕੀਪ ਦੀ ਮੌਤ ਦਾ ਕਾਰਨ ਬਣੀ।

ਪੜਤਾਲੀਆ ਤੱਥਾਂ ਤਹਿਤ ਅਦਾਲਤ ਨੂੰ ਇਹ ਦੱਸਿਆ ਗਿਆ ਕਿ ਪਰਦੀਪ ਘਟਨਾ ਤੋਂ ਪਹਿਲਾਂ ਪਿਛਲੇ ਤਿੰਨ ਦਿਨਾਂ ਵਿਚ ਸਿਰਫ਼ 12 ਘੰਟੇ ਸੁੱਤਾ ਸੀ ਤੇ ਲਗਾਤਾਰ ਟੈਕਸੀ ਦੀ ਸ਼ਿਫਟ ਦੌਰਾਨ ਉਸ ਦੀ ਕਈ ਵਾਰ ਅੱਖ ਲੱਗੀ। ਗੱਡੀ ਵਿਚਲੇ ਕੈਮਰੇ ਤੋਂ ਸਪਸ਼ਟ ਹੋਇਆ ਕਿ ਪਰਦੀਪ ਦਾ ਸਿਰ ਕਈ ਵਾਰ ਸਟੇਅਰਿੰਗ 'ਤੇ ਲੱਗਾ ਪਰ ਉਹ ਬੇਪ੍ਰਵਾਹੀ ਨਾਲ ਟੈਕਸੀ ਚਲਾਉਂਦਾ ਰਿਹਾ। ਬਚਾਅ ਪੱਖ ਦੇ ਵਕੀਲ ਨੇ ਦਲੀਲ ਦਿੱਤੀ ਕਿ ਜੌਹਲ ਭਾਰਤ ਦਾ ਜੰਮਪਲ ਹੈ ਤੇ ਉਸ ਦਾ ਵਿਸ਼ਵਾਸ ਹੈ ਕਿ ਸਖ਼ਤ ਕੰਮ ਨਾਲ ਹੋਰ ਇੱਜ਼ਤ ਮਿਲਦੀ ਹੈ। ਉਂਝ ਉਸ ਨੇ ਮੰਨਿਆ ਕਿ ਪਰਦੀਪ ਨੂੰ ਇਸ ਘਟਨਾ ਤੋਂ ਪਹਿਲਾਂ ਗੱਡੀ ਰੋਕਣੀ ਚਾਹੀਦੀ ਸੀ।

# 'ਰੀਅਲ ਅਸਟੇਟ' ਦੇ ਕਾਰੋਬਾਰ 'ਚ ਗੜਬੜੀਆਂ ਦੀ ਪੋਲ ਖੁੱਲ੍ਹੀ

## ਸਰਕਾਰੀ ਖਜ਼ਾਨੇ ਨੂੰ ਅਰਬਾਂ ਰੁਪਏ ਦਾ ਚੂਨਾ

**ਚੰਡੀਗੜ੍ਹ:** ਰੀਅਲ ਅਸਟੇਟ ਕੰਪਨੀਆਂ ਵੱਲੋਂ ਸਰਕਾਰੀ ਖ਼ਜ਼ਾਨੇ ਨੂੰ ਲਾਏ ਜਾ ਰਹੇ ਰਗੜੇ ਦੀਆਂ ਪਰਤਾਂ ਪੰਜਾਬ ਦੇ ਸਿਆਸਤਦਾਨਾਂ ਦੀ ਆਪਸੀ ਲੜਾਈ ਸਦਕਾ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਹਨ। ਮਿਲੀ ਜਾਣਕਾਰੀ ਮੁਤਾਬਕ ਮੁੱਢਲੀ ਪੜਤਾਲ ਦੌਰਾਨ ਇਹੀ ਤੱਥ ਸਾਹਮਣੇ ਆਏ ਹਨ ਕਿ ਇਸ ਖੇਤਰ ਵਿਚ ਸਰਗਰਮ ਸਾਰੀਆਂ ਹੀ ਕੰਪਨੀਆਂ ਨੇ ਸਰਕਾਰੀ ਖ਼ਜ਼ਾਨੇ ਨੂੰ ਅਰਬਾਂ ਰੁਪਏ ਦਾ ਚੂਨਾ ਲਾਇਆ ਹੈ। ਕੰਪਨੀਆਂ ਨੇ ਖੇਤੀਬਾੜੀ ਦੇ ਰੇਟਾਂ 'ਤੇ ਰਜਿਸਟਰੀਆਂ ਕਰਾਈਆਂ ਪਰ ਵਰਤੋਂ ਰਿਹਾਇਸ਼ੀ ਤੇ ਵਪਾਰਕ ਕੰਮਾਂ ਲਈ ਕੀਤੀ।

ਮਿਲੀ ਜਾਣਕਾਰੀ ਅਨੁਸਾਰ ਮਾਲ ਵਿਭਾਗ ਦੇ ਨੇਮਾਂ ਮੁਤਾਬਕ ਜ਼ਮੀਨ ਦੀ ਰਜਿਸਟਰੀ ਕਰਾਉਣ ਸਮੇਂ ਜ਼ਮੀਨ ਦੀ ਵਰਤੋਂ ਬਾਰੇ ਐਲਾਨਨਾਮਾ (ਡੈਕਲੇਰੇਸ਼ਨ) ਦੇਣਾ ਹੁੰਦਾ ਹੈ। ਖੇਤੀਬਾੜੀ, ਰਿਹਾਇਸ਼ੀ ਤੇ ਵਪਾਰਕ ਕੰਮਾਂ ਲਈ ਜ਼ਮੀਨ ਦੀ ਵਰਤੋਂ ਲਈ ਰਜਿਸਟਰੀ ਦੇ ਵੱਖੋ ਵੱਖਰੇ ਰੇਟ ਐਲਾਨੇ ਹੁੰਦੇ ਹਨ। ਮੁਹਾਲੀ ਦੇ ਡਿਪਟੀ ਕਮਿਸ਼ਨਰ ਤੇਜਿੰਦਰਪਾਲ ਸਿੰਘ ਸਿੱਧੂ ਵੱਲੋਂ ਮੁਹਾਲੀ ਖੇਤਰ ਵਿਚ ਸਰਗਰਮ ਸਮੁੱਚੀਆਂ ਕੰਪਨੀਆਂ ਵੱਲੋਂ ਜ਼ਮੀਨਾਂ ਦੀ ਖ਼ਰੀਦੋ-ਫਰੋਖ਼ਤ ਕਰਨ ਦੇ ਮਾਮਲੇ ਦੀ ਪੜਤਾਲ ਕਰਨ ਲਈ ਕਿਹਾ ਹੈ। ਤਹਿਸੀਲਦਾਰਾਂ ਨੇ ਕੰਪਨੀਆਂ ਵੱਲੋਂ ਕਰਾਈਆਂ ਰਜਿਸਟਰੀਆਂ ਦਾ ਰਿਕਾਰਡ ਘੋਖਣਾ ਸ਼ੁਰੂ ਕਰ ਦਿੱਤਾ ਹੈ।



ਮਾਲ ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਪਿਛਲੇ ਤਕਰੀਬਨ ਦਹਾਕੇ ਤੋਂ ਸਰਗਰਮ ਕੰਪਨੀਆਂ ਨੇ ਹੁਣ ਤੱਕ 10 ਹਜ਼ਾਰ ਏਕੜ ਜ਼ਮੀਨ ਦੀ ਵੇਚ ਵੱਟਤ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਐਨ. ਕੇ ਸ਼ਰਮਾ ਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਨਾਂ ਤਾਂ ਇਸ ਮਾਮਲੇ ਵਿਚ ਸਾਹਮਣੇ ਆ ਗਿਆ ਹੈ ਜਦੋਂਕਿ ਰੀਅਲ ਅਸਟੇਟ ਦੇ ਧੰਦੇ ਨਾਲ ਅੱਧੇ ਤੋਂ ਵੱਧ ਵਿਧਾਇਕ ਤੇ ਹੋਰ ਵੱਡੇ ਸਿਆਸਤਦਾਨ ਸਿੱਧੇ ਤੇ ਅਸਿੱਧੇ ਤੌਰ 'ਤੇ ਜੁੜੇ ਹੋਏ ਹਨ। ਸੀਨੀਅਰ ਆਈ.ਏ.ਐਸ ਤੇ ਆਈ.ਪੀ.ਐਸ ਅਧਿਕਾਰੀ ਵੀ ਰੀਅਲ ਅਸਟੇਟ ਦੇ ਕੰਮ ਵਿਚ ਚੋਖੇ ਹੱਥ ਰੰਗ ਰਹੇ ਹਨ। ਸੀਨੀਅਰ ਅਧਿਕਾਰੀਆਂ ਵੱਲੋਂ ਰੀਅਲ ਅਸਟੇਟ ਦੀਆਂ ਕੰਪਨੀਆਂ ਨਾਲ ਬੇਨਾਮੀ ਹਿੱਸੇਦਾਰੀ ਪਾਈ ਹੋਈ ਹੈ। ਖਰੜ, ਮੁਹਾਲੀ ਤੇ ਡੇਰਾਬਸੀ ਦੇ ਸਹਾਇਕ ਰਜਿਸਟਰਾਰਾਂ ਕੋਲ ਪਿਛਲੇ 10 ਸਾਲਾਂ ਦੇ ਸਮੇਂ ਦੌਰਾਨ ਤਕਰੀਬਨ 160 ਅਜਿਹੀਆਂ ਸੁਸਾਇਟੀਆਂ ਦੀ ਰਜਿਸਟਰੇਸ਼ਨ ਹੋਈ ਹੈ ਜਿਨ੍ਹਾਂ ਦਾ ਮੁੱਢਲਾ ਕੰਮ ਮਕਾਨ ਉਸਾਰੀ ਹੈ।

ਮਕਾਨ ਉਸਾਰੀ ਦੇ ਕੰਮਾਂ ਲਈ ਬਣੀਆਂ ਇਹ ਸੁਸਾਇਟੀਆਂ ਬਾਰਸੂਖ ਵਿਅਕਤੀਆਂ ਵੱਲੋਂ ਹੀ ਕਾਇਮ ਕੀਤੀਆਂ ਗਈਆਂ ਹਨ। ਮੁਹਾਲੀ ਖੇਤਰ ਵਿਚ ਸਰਗਰਮ ਅਜਿਹੀਆਂ ਕੰਪਨੀਆਂ ਵੀ ਹਨ ਜਿਨ੍ਹਾਂ ਨੇ ਖ਼ਪਤਕਾਰਾਂ ਤੋਂ ਛੇ ਸਾਲ ਪਹਿਲਾਂ ਪੈਸੇ ਲੈ ਲਏ ਸਨ ਪਰ ਅੱਜ ਤੱਕ ਪਲਾਟ ਜਾਂ ਫਲੈਟ ਨਹੀਂ ਦਿੱਤਾ। ਕਈ ਕੰਪਨੀਆਂ ਖਿਲਾਫ਼ ਧੋਖਾਧੜੀ ਦੇ ਮਾਮਲੇ ਵੀ ਦਰਜ ਹੋ ਚੁੱਕੇ ਹਨ। ਸਿਆਸਤਦਾਨਾਂ ਦੀ ਪੁਸ਼ਤਪਨਾਹੀ ਕਾਰਨ ਪ੍ਰਸ਼ਾਸਨ ਬਿਲਡਰਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦਾ। ਮੁਹਾਲੀ ਖੇਤਰ ਵਿਚ ਰੀਅਲ ਅਸਟੇਟ ਦੀਆਂ ਜਿਹੜੀਆਂ ਕੰਪਨੀਆਂ ਸਰਗਰਮ ਹਨ, ਉਨ੍ਹਾਂ ਵਿਚ ਡੀ.ਐਲ.ਐਫ., ਓਮੈਕਸ, ਸ਼ਿਵਜੋਤ, ਬਾਜਵਾ ਡਿਵੈਲਪਰਜ਼, ਗਿਲਕੋ, ਬਰਨਾਲਾ ਬਿਲਡਰਜ਼ , ਸੁਸ਼ਮਾ, ਮਨੋਹਰ ਸਿੰਘ ਐਂਡ ਸਨਜ਼, ਆਰ.ਕੇ.ਐਮ. ਸਿਟੀ, ਅਂਸਲ ਏ.ਪੀ.ਆਈ, ਵੇਵਜ਼, ਪਰਲ ਗਰੁੱਪ, ਐਲਟਸ, ਸਵਿੱਤਰੀ ਗਾਰਡਨਜ਼, ਗੁਪਤਾ ਬਿਲਡਰਜ਼, ਸਕਾਈ ਰੌਕ ਤੇ ਐਕਮੀ ਬਿਲਡਰਜ਼ ਆਦਿ ਸ਼ਾਮਲ ਹਨ। ਇਹ ਕੰਪਨੀਆਂ ਜ਼ਮੀਨ ਦੀ ਵਰਤੋਂ ਦੀ ਤਬਦੀਲੀ ਕਰਾਉਣ ਤੋਂ ਪਹਿਲਾਂ ਹੀ ਪਲਾਟ ਤੇ ਫਲੈਟਾਂ ਦੇ ਪੈਸੇ ਲੋਕਾਂ ਤੋਂ ਵਸੂਲ ਰਹੀਆਂ ਹਨ। ਸਰਕਾਰ ਵੱਲੋਂ ਇਸ ਮਾਮਲੇ ਵਿਚ ਕੋਈ ਸਪੱਸ਼ਟ ਨੀਤੀ ਬਣਾਈ ਨਹੀਂ ਗਈ ਜਿਸ ਕਰਕੇ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ।

# ਪੀ.ਆਰ.ਟੀ.ਸੀ. ਨੇ ਖਰਚਾ ਪਾਣੀ ਚਲਾਉਣ ਲਈ ਗਹਿਣੇ ਧਰੇ ਬੱਸ ਅੱਡੇ

**ਬਠਿੰਡਾ:** ਪੰਜਾਬ ਸਰਕਾਰ ਦੀ ਮਾੜੀ ਆਰਥਿਕ ਹਾਲਤ ਨੇ ਪੀ.ਆਰ.ਟੀ.ਸੀ ਨੂੰ ਵੀ ਖੂੰਜੇ ਲਾ ਦਿੱਤਾ ਹਨ। ਸੂਬਾ ਸਰਕਾਰ ਨੇ ਇਸ ਅਦਾਰੇ ਨੂੰ ਐਸਾ ਰਗੜਾ ਲਾਇਆ ਹੈ ਕਿ ਇਸ ਨੂੰ ਕਰਜ਼ੇ ਖਾਤਰ ਹੁਣ ਆਪਣੇ ਬੱਸ ਅੱਡੇ ਗਿਰਵੀ ਰੱਖਣੇ ਪੈ ਗਏ ਹਨ। ਮੌਜੂਦਾ ਹਾਲਤ ਇਹ ਹੈ ਕਿ ਪੀ.ਆਰ.ਟੀ.ਸੀ. ਸਿਰ ਇਕ ਅਰਬ ਰੁਪਏ ਦਾ ਕਰਜ਼ਾ ਹੈ। ਪੀ.ਆਰ.ਟੀ.ਸੀ ਨੂੰ ਸਰਕਾਰ ਕਰਜ਼ਾ ਤਾਂ ਦੇ ਰਹੀ ਹੈ ਪਰ ਸਬਸਿਡੀ ਦੀ ਰਾਸ਼ੀ ਦੇਣ ਤੋਂ ਪੱਲਾ ਝਾੜ ਰਹੀ ਹੈ।

ਪੰਜਾਬ ਸਰਕਾਰ ਵੱਲੋਂ ਕਈ ਵਰਗਾਂ ਨੂੰ ਸਰਕਾਰੀ ਬੱਸਾਂ ਵਿਚ ਮੁਫ਼ਤ ਸਫ਼ਰ ਤੇ ਰਿਆਇਤੀ ਦਰ 'ਤੇ ਸਫ਼ਰ ਕਰਨ ਦੀ ਸਹੂਲਤ ਦਿੱਤੀ ਹੋਈ ਹੈ। ਕਾਰਪੋਰੇਸ਼ਨ ਵੱਲੋਂ ਇਹ ਸਹੂਲਤ ਦਿੱਤੀ ਜਾ ਰਹੀ ਹੈ ਪਰ ਬਦਲੇ ਵਿਚ ਪੰਜਾਬ ਸਰਕਾਰ ਸਬਸਿਡੀ ਦੀ ਰਾਸ਼ੀ ਨਹੀਂ ਦੇ ਰਹੀ ਹੈ। ਪੰਜਾਬ ਸਰਕਾਰ ਵੱਲ ਇਨ੍ਹਾਂ ਸਬਸਿਡੀਆਂ ਦੇ ਤਕਰੀਬਨ 80 ਕਰੋੜ ਰੁਪਏ ਖੜ੍ਹੇ ਹਨ। ਪੀ.ਆਰ.ਟੀ.ਸੀ ਹੁਣ ਆਪਣੇ ਰੋਜ਼ ਮਰ੍ਹਾ ਦੇ ਕੰਮਾਂ ਖਾਤਰ ਵੀ ਕਰਜ਼ਾ ਚੁੱਕ ਰਹੀ ਹੈ। ਪੀ.ਆਰ.ਟੀ.ਸੀ ਨੇ ਹਾਲ ਹੀ ਵਿਚ ਬਠਿੰਡਾ ਦਾ ਬੱਸ ਅੱਡਾ ਤੇ ਵਰਕਸ਼ਾਪ ਗਿਰਵੀ ਕਰ ਦਿੱਤੀ ਹੈ। ਪੀ.ਆਰ.ਟੀ.ਸੀ ਨੇ ਕੁਝ ਅਰਸਾ ਪਹਿਲਾਂ ਸਟੇਟ ਬੈਂਕ ਆਫ ਪਟਿਆਲਾ ਕੋਲ ਬਠਿੰਡਾ ਦਾ ਬੱਸ ਅੱਡਾ ਗਿਰਵੀ ਕਰਕੇ ਤਕਰੀਬਨ 49 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਸੀ।




ਉਸ ਮਗਰੋਂ ਇਸ ਬੈਂਕ ਤੋਂ 10 ਕਰੋੜ ਰੁਪਏ ਦੀ ਲਿਮਟ ਵੀ ਬਣਵਾਈ ਸੀ। ਹੁਣ 15 ਕਰੋੜ ਰੁਪਏ ਦੀ ਲਿਮਟ ਇਸ ਬੱਸ ਅੱਡੇ ਦੀ ਬਾਕੀ ਜ਼ਮੀਨ ਨੂੰ ਗਿਰਵੀ ਰੱਖ ਕੇ ਬਣਵਾਈ ਹੈ। ਆਰ.ਟੀ.ਆਈ ਤਹਿਤ ਦਿੱਤੀ ਗਈ ਜਾਣਕਾਰੀ ਮੁਤਾਬਕ ਪੀ.ਆਰ.ਟੀ.ਸੀ ਨੇ ਸਟੇਟ ਬੈਂਕ ਆਫ ਪਟਿਆਲਾ ਤੋਂ 65.50 ਕਰੋੜ ਰੁਪਏ ਦੇ ਲੋਨ ਲੈਣ ਲਈ ਬਠਿੰਡਾ ਦੇ ਬੱਸ ਅੱਡੇ ਦੀ ਜ਼ਮੀਨ ਸਮੂਹਿਕ ਸਕਿਊਰਿਟੀ ਵਜੋਂ ਗਿਰਵੀ ਕੀਤੀ ਹੈ। ਇਸ ਜ਼ਮੀਨ ਦੀ ਬਾਜ਼ਾਰੂ ਕੀਮਤ 68 ਕਰੋੜ ਰੁਪਏ ਪਾਈ ਗਈ ਹੈ। ਬਠਿੰਡਾ ਦਾ ਬੱਸ ਅੱਡਾ ਤੇ ਵਰਕਸ਼ਾਪ ਤਕਰੀਬਨ 12 ਏਕੜ ਵਿਚ ਹਨ। ਜਦੋਂ ਅਕਾਲੀ-ਭਾਜਪਾ ਗੱਠਜੋੜ ਸੱਤਾ ਵਿਚ ਆਇਆ ਸੀ ਤਾਂ ਸਭ ਤੋਂ ਪਹਿਲਾਂ ਪੀ.ਆਰ.ਟੀ.ਸੀ ਨੇ ਫਗਵਾੜਾ ਬੱਸ ਅੱਡੇ ਨੂੰ ਕਰਜ਼ੇ ਖਾਤਰ ਗਿਰਵੀ ਰੱਖਿਆ ਸੀ। ਇਸ ਬੱਸ ਅੱਡੇ ਦੀ ਜਗ੍ਹਾ ਗਿਰਵੀ ਕਰਕੇ ਸਾਲ 2007-08 ਵਿਚ 1.22 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਸੀ। ਇਸੇ ਤਰ੍ਹਾਂ ਦੋ ਕਰੋੜ ਰੁਪਏ ਦਾ ਹੋਰ ਕਰਜ਼ਾ ਇਸੇ ਬੱਸ ਅੱਡੇ ਦੀ ਜ਼ਮੀਨ ਗਿਰਵੀ ਕਰਕੇ ਲਿਆ ਗਿਆ ਸੀ। ਇਸ ਕਰਜ਼ੇ ਵਿਚੋਂ ਕਾਫੀ ਲੋਨ ਉਤਾਰ ਵੀ ਦਿੱਤਾ ਗਿਆ ਹੈ। ਮੂਨਕ ਬੱਸ ਅੱਡਾ ਵੀ ਬੈਂਕ ਕੋਲ ਗਿਰਵੀ ਪਿਆ ਹੈ। ਇਸ ਬੱਸ ਅੱਡੇ 'ਤੇ ਲਏ ਕਰਜ਼ੇ ਵਿਚੋਂ 31 ਮਾਰਚ, 2012 ਤੱਕ 45.41 ਲੱਖ ਰੁਪਏ ਬਕਾਇਆ ਖੜ੍ਹੇ ਸਨ।

ਮੌਜੂਦਾ ਸਥਿਤੀ ਦੇਖੀਏ ਤਾਂ 31 ਮਾਰਚ, 2012 ਤੱਕ ਪੀ.ਆਰ.ਟੀ.ਸੀ ਸਿਰ ਵਪਾਰਕ ਬੈਂਕਾਂ ਦਾ 46.90 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ। ਪੰਜਾਬ ਸਰਕਾਰ ਵੱਲੋਂ ਛੇ ਵਾਰ ਪੀ.ਆਰ.ਟੀ.ਸੀ ਨੂੰ ਕਰਜ਼ਾ ਦਿੱਤਾ ਗਿਆ ਹੈ। ਤਕਰੀਬਨ 100 ਕਰੋੜ ਰੁਪਏ ਦਾ ਕਰਜ਼ਾ ਪੀ.ਆਰ.ਟੀ.ਸੀ ਸਿਰ ਹੈ। ਸਾਲ 2007-08 ਵਿਚ ਪੀ.ਆਰ.ਟੀ.ਸੀ ਸਿਰ 67.60 ਕਰੋੜ ਰੁਪਏ ਦਾ ਕਰਜ਼ਾ ਸੀ। ਵਪਾਰਕ ਬੈਂਕਾਂ ਦਾ ਕਰਜ਼ਾ ਹੁਣ ਦੁੱਗਣਾ ਹੋ ਗਿਆ ਹੈ।

ਪੰਜਾਬ ਸਰਕਾਰ ਪੀ.ਆਰ.ਟੀ.ਸੀ ਨੂੰ ਸਬਸਿਡੀ ਦੇ ਬਕਾਏ ਨਹੀਂ ਦੇ ਰਹੀ ਹੈ ਤੇ ਉਲਟਾ ਸਰਕਾਰ ਪੀ.ਆਰ.ਟੀ.ਸੀ ਨੂੰ ਅੱਠ ਫੀਸਦੀ ਵਿਆਜ ਦਰ 'ਤੇ ਲੋਨ ਦੇ ਰਹੀ ਹੈ। ਸਾਲ 2007-08 ਵਿਚ ਪੀ.ਆਰ.ਟੀ.ਸੀ ਨੇ ਪੰਜਾਬ ਸਰਕਾਰ ਤੋਂ ਮੁਫ਼ਤ ਸਹੂਲਤਾਂ ਬਦਲੇ 10.56 ਕਰੋੜ ਰੁਪਏ ਲੈਣੇ ਸਨ। ਪੀ.ਆਰ.ਟੀ.ਸੀ ਦੇ ਐਮ.ਡੀ ਭੁਪਿੰਦਰ ਸਿੰਘ ਰਾਏ ਨੇ ਕਿਹਾ ਕਿ ਬਠਿੰਡਾ ਦੇ ਬੱਸ ਅੱਡੇ ਦੀ ਜ਼ਮੀਨ 'ਤੇ ਹੁਣ 25 ਕਰੋੜ ਰੁਪਏ ਦੀ ਲਿਮਟ ਬਣਵਾਈ ਗਈ ਹੈ। ਰੋਜ਼ਾਨਾ ਦੇ ਕੰਮ-ਕਾਰ ਵਾਸਤੇ ਇਹ ਕਰਜ਼ਾ ਚੁੱਕਿਆ ਹੈ। ਬੱਸਾਂ ਖਰੀਦਣ ਵਾਸਤੇ ਪਹਿਲਾਂ ਕਰਜ਼ਾ ਚੁੱਕਿਆ ਗਿਆ ਸੀ, ਜਿਸ ਵਿਚੋਂ ਕਾਫੀ ਰਾਸ਼ੀ ਵਾਪਸ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਸਬਸਿਡੀ ਦੀ ਰਾਸ਼ੀ ਲੈਣ ਲਈ ਪੰਜਾਬ ਸਰਕਾਰ ਨਾਲ ਰਾਬਤਾ ਕਾਇਮ ਕੀਤਾ ਹੋਇਆ ਹੈ।

# ਮਿਠਤੁ ਨੀਵੀ ਨਾਨਕਾ

ਯੂਨਾਨੀ ਵਿਦਵਾਨ ਪਲੈਟੋ ਨੇ ਕਿਹਾ ਹੈ ਕਿ ਗਿਆਨ ਹੀ ਸੁੰਦਰਤਾ ਹੈ, ਭਾਵ ਗਿਆਨ ਮਨੁੱਖ ਨੂੰ ਗੁਣਵਾਨ ਬਣਾਉਂਦਾ ਹੈ। ਗੁਰਬਾਣੀ ਵਿਚ 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦਾ ਸਿਧਾਂਤ ਹੈ। ਇਸ ਅਨੁਸਾਰ ਪੜ੍ਹੇ-ਲਿਖੇ ਗਿਆਨਵਾਨ ਮਨੁੱਖ ਦੀ ਜੀਵਨ-ਸ਼ੈਲੀ ਵਿਚੋਂ ਪਰਉਪਕਾਰ ਦੀ ਲੋਅ ਝਲਕਦੀ ਹੈ। ਗੁਰਬਾਣੀ ਵਿਚ ਅਜਿਹੇ ਕਈ ਗੁਣਾਂ ਦੀ ਵਿਆਖਿਆ ਹੈ ਜਿਹੜੇ ਚੰਗੇ ਕਿਰਦਾਰ ਦਾ ਸ਼ਿੰਗਾਰ ਬਣਦੇ ਹਨ। ਇਨ੍ਹਾਂ ਵਿਚ ਮਿੱਠਤ ਤੇ ਹਲੀਮੀ ਦੇ ਗੁਣ ਮੁੱਖ ਹਨ। ਗੁਰੂ ਸਾਹਿਬਾਨ ਨੇ ਹਉਮੈ ਤੇ ਪਖੰਡ ਦੇ ਤਿਆਗ 'ਤੇ ਵੀ ਬਹੁਤ ਜੋਰ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-991-4249

ਦਿਤਾ ਹੈ। ਹਉਮੈ ਇਕ ਡੂੰਘਾ ਰੋਗ ਹੈ ਜਿਸ ਦੇ ਪ੍ਰਦੂਸ਼ਣ ਨੂੰ ਮਨੁੱਖ ਛੁਪਾ ਨਹੀਂ ਸਕਦਾ ਭਾਵੇਂ ਉਹ ਇਸ ਨੂੰ ਵਿਦਵਤਾ ਦੇ ਪਰਦੇ ਵਿਚ ਕੱਜਣ ਦੀ ਕੋਸ਼ਿਸ਼ ਹੀ ਕਿਉਂ ਨਾ ਕਰੇ। ਦੂਜੇ ਪਾਸੇ ਹਲੀਮੀ ਦਾ ਗੁਣ ਦੂਰੋਂ ਹੀ ਸੁਹਿਰਦਤਾ ਤੇ ਮਿਠਾਸ ਦੀ ਮਹਿਕ ਵੰਡਦਾ ਹੈ।

ਇਸ ਸਾਲ ਸੈਂਟਾ ਕਲਾਰਾ ਯੂਨੀਵਰਸਿਟੀ ਵਿਚ ਸਿੱਖ ਧਰਮ ਦੇ ਵਿਭਿੰਨ ਪਹਿਲੂਆਂ 'ਤੇ ਇਕ ਸੈਮੀਨਾਰ ਹੋਇਆ। ਲੰਚ ਟਾਈਮ ਵਿਚ ਮੇਰੀ ਨਿਗਾਹ ਇਕ ਭਲੇ ਪੁਰਸ਼ 'ਤੇ ਪਈ। ਘੋਟਵੀਂ ਪੱਗ, ਪ੍ਰਗਾਸਿਆ ਅੱਧ-ਚਿੱਟਾ ਦੀਦਾਰ ਤੇ ਲੰਮਾ ਚੌੜਾ ਜੁੱਸਾ। ਉਹ ਮੈਨੂੰ ਕਿਤੇ ਦੇਖਿਆ ਹੋਇਆ ਲਗਿਆ। ਗਹੁ ਨਾਲ ਵੇਖਿਆਂ ਜਾਪਿਆ ਕਿ ਇਹ ਤਾਂ ਓਹੀ ਮਸ਼ਹੂਰ ਲੇਖਕ ਹੈ ਜਿਸ ਦੀਆਂ ਤਸਵੀਰਾਂ ਕਈ ਅਖਬਾਰਾਂ ਵਿਚ ਹਰ ਹਫਤੇ ਛਪਦੀਆਂ ਹਨ। ਮੈਂ ਇਸ ਲੇਖਕ ਦੇ ਲੇਖ ਬੜੀ ਰੀਝ ਨਾਲ ਪੜ੍ਹਦਾ ਸਾਂ। ਮੈਂ ਉਸ ਨੂੰ ਸ਼ਬਦ ਕਲਾ ਦਾ ਜਾਦੂਗਰ ਤੇ ਕਹਾਣੀ ਕਲਾ ਦਾ ਬੇਤਾਜ ਬਾਦਸ਼ਾਹ ਮੰਨਦਾ ਸਾਂ। ਕਈ ਵਾਰ ਉਸ ਦੀ ਲਿਖਤ ਪੜ੍ਹ ਕੇ ਮੈਂ ਅਨੰਦ ਦੀ ਲੋਰ ਵਿਚ ਉਸ ਨੂੰ ਫੋਨ ਵੀ ਕਰਦਾ ਜਾਂ ਤੇ ਉਸ ਦੇ ਫਨ ਦੀ ਤਾਰੀਫ ਕਰਦਾ। ਪਰ ਨਾ ਕਦੇ ਉਹ ਪੁੱਛਦਾ ਕਿ ਮੈਂ ਕੌਣ ਹਾਂ ਤੇ ਨਾ ਹੀ ਮੈਂ ਉਸ ਨੂੰ ਦੱਸਣਾ ਮੁਨਾਸਬ ਸਮਝਦਾ।

ਸਾਹਮਣੇ ਖੜ੍ਹੇ ਨੂੰ ਵੇਖ ਮੇਰਾ ਮਨ ਮਿਲ ਕੇ ਵਧਾਈ ਦੇਣ ਨੂੰ ਕਰ ਆਇਆ। ਬਾਹਾਂ ਦੀ ਬੁੱਕਲ ਮਾਰੀ ਉਹ ਲੇਖਕ ਇੱਕਲਾ ਹੀ ਖੜ੍ਹਾ ਸੀ। ਹੱਥ ਫੜੀ ਪਲੇਟ ਗਾਰਬੇਜ ਵਿਚ ਸੁਟ ਕੇ ਮੈਂ ਜਲਦੀ ਨਾਲ ਉਸ ਕੋਲ ਗਿਆ ਤਾਂ ਜੋ ਇੱਕਲਿਆਂ ਦੇਖ ਉਸ ਨੂੰ ਕੋਈ ਹੋਰ ਨਾ ਘੇਰ ਲਵੇ। ਮੈਂ ਸਤਿ ਸ੍ਰੀ ਅਕਾਲ ਬੁਲਾਈ ਜਿਸ ਦਾ ਜਵਾਬ ਉਸ ਨੇ ਉਸੇ ਪੱਥਰਾਈ ਮੁਦਰਾ ਵਿਚ ਦਿਤਾ। ਗੱਲ ਛੇੜਦਿਆਂ ਮੈਂ ਕਿਹਾ, "ਮੈਂ ਤੁਹਨੂੰ ਤੁਹਾਡੀ ਅਖ਼ਬਾਰਾਂ ਵਿਚ ਛਪਦੀ ਫੋਟੋ ਤੋਂ ਪਛਾਣ ਕੇ ਆਇਆ ਹਾਂ। ਕੀ ਤੁਸੀਂ ਫਲਾਣੇ ਸਿੰਘ ਹੀ ਹੋ?" ਉਹ ਤਾਈਦ ਕਰਦਾ ਕਹਿਣ ਲਗਿਆ, "ਜੀ ਹਾਂ, ਮੈਂ ਫਲਾਣਾ ਸਿੰਘ ਹਾਂ।"

ਮੈਂ ਬੋਲਿਆ, "ਮੈਂ ਤੁਹਾਡੀਆਂ ਲਿਖਤਾਂ ਦਾ ਪ੍ਰਸੰਸਕ ਹਾਂ। ਤੁਸੀਂ ਲਿਖਣ ਕਲਾ ਦੇ ਧਨੀ ਹੋ।" ਇਹ ਸੁਣ ਉਸ ਨੇ ਉਵੇਂ ਖੜ੍ਹੇ ਨੇ ਇੰਨਾ ਹੀ ਉਤਰ ਦਿਤਾ, "ਮੈਨੂੰ ਬੜੀ ਖੁਸ਼ੀ ਹੋਈ ਹੈ।" ਵੰਨ-ਸਵੰਨੇ ਸ਼ਬਦਾਂ ਨੂੰ ਲਹਿਰੀਏਦਾਰ ਵਾਕਾਂ ਵਿਚ ਪ੍ਰੋਣ ਵਾਲਾ ਉਹ ਕਲਮਕਾਰ ਅੱਜ ਦੋ ਬੋਲਾਂ ਤੋਂ ਸਖਣਾ! ਇਹ ਗੱਲ ਮੇਰੀ ਸਮਝ ਵਿਚ ਨਾ ਆਈ। ਸਬੱਬ ਜਾਣਨ ਲਈ ਮੈਂ ਸੰਕੋਚ ਨਾਲ ਪੁੱਛਿਆ। "ਖੁਸ਼ੀ ਕਾਹਦੀ ਹੋਈ ਜੀ?" ਉਹ ਬੋਲਿਆ, "ਇਹੀ ਕਿ ਤੁਸੀਂ ਮੈਨੂੰ ਫੋਟੋ ਤੋਂ ਪਛਾਣ ਕੇ ਮੇਰੇ ਕੋਲ ਆਏ ਤੇ ਮੇਰੇ ਲੇਖਾਂ ਦੀ ਪ੍ਰਸ਼ੰਸਾ ਕੀਤੀ।" ਇੰਨਾ ਕਹਿ ਕੇ ਉਸ ਨੇ ਅੱਖਾਂ ਪਰ੍ਹੇ ਘੁਮਾਈਆਂ ਤੇ ਅੱਠ ਦਸ ਫੁੱਟ ਦੂਰ ਜਾ ਕੇ ਖੜ੍ਹਾ ਹੋ ਗਿਆ। ਮੇਰਾ ਦਿਲ ਕੀਤਾ ਕਿ ਇਸ ਦਾ ਮੋਢਾ ਫੜ੍ਹ ਕੇ ਰੋਕਾਂ ਤੇ ਕਹਾਂ, "ਬੜਾ ਖੁਸ਼ਕ ਤੇ ਖੁਦਗਰਜ਼ ਹੈਂ ਯਾਰ! ਆਪਣੀ ਖੁਸ਼ੀ ਲੈ ਗਿਐਂ ਤੇ ਮੇਰੀ ਮੇਰੇ ਦਿਲ ਵਿਚ ਹੀ ਮਧੋਲ ਗਿਐਂ!" ਪਰ ਮੈਂ ਉਸ ਦੇ ਪਿੱਛੇ ਨਾ ਗਿਆ।

ਮੈਨੂੰ ਪਛਤਾਵਾ ਹੋਣ ਲਗਿਆ ਕਿ ਮੈਂ ਉਸ ਕੋਲ ਕਿਉਂ ਗਿਆ। ਮੁਰਛਿਤ ਪੰਛੀ ਵਾਂਗ ਮੈਂ ਪਿੱਛੇ ਪਈ ਇਕ ਕੁਰਸੀ 'ਤੇ ਬੈਠ ਕੇ ਤਰ੍ਹਾਂ ਤਰ੍ਹਾਂ ਦੀਆਂ ਸੁਝਾਉਣੀਆਂ ਨਾਲ ਸਵੈਮਾਨ ਦੀ ਚੋਟ ਨੂੰ ਪਲੋਸਣ ਲਗਿਆ। ਕਦੇ ਮੈਂ ਉਸ ਵਿਦਵਾਨ ਨੂੰ ਮਗਰੂਰ ਤੇ ਹੰਕਾਰੀ ਦੱਸਾਂ ਤੇ ਕਦੇ ਉਸ ਨੂੰ ਸਿੰਬਲ ਰੁੱਖ ਦੀ ਉਪਮਾ ਦੇਵਾਂ ਜੋ ਸਿੱਧਾ ਤੇ 'ਅਤਿ ਦੀਰਘ ਅਤਿ ਮੁਚ' ਹੋਣ ਦੇ ਬਾਵਜੂਦ ਦੂਜਿਆਂ ਲਈ ਲਾਭਕਾਰੀ ਨਹੀਂ ਹੁੰਦਾ। ਮੈਂ ਖੁਦ ਨੂੰ ਇਹ ਵੀ ਸਮਝਾਵਾਂ ਕਿ ਅਜਿਹੇ ਦਰਖਤ ਕੋਲ ਆ ਕੇ ਤਾਂ ਪੰਛੀ ਵੀ ਨਿਰਾਸ਼ੇ ਮੁੜ ਜਾਂਦੇ ਹਨ ਫਿਰ ਮੈਂ ਕਿਸ ਬਾਗ ਦੀ ਮੂਲੀ ਹਾਂ। ਨਾ ਮਿਲਦਾ ਤਾਂ ਘਟੋ ਘੱਟ ਉਸ ਬਾਰੇ ਮੇਰਾ ਭਰਮ ਤਾਂ ਬਣਿਆ ਰਹਿੰਦਾ। ਮੇਰੇ ਦਿਲ ਤੇ ਉਸ ਦੇ ਦੁਰ-ਵਿਹਾਰ ਦਾ ਘਾਓ ਇੰਨਾ ਡੂੰਘਾ ਸੀ ਕਿ ਇਸ ਦੀ ਪੀੜ ਕਿਸੇ ਤਰ੍ਹਾਂ ਨਾਲ ਹਟਣ ਵਿਚ ਨਹੀਂ ਸੀ ਆ ਰਹੀ। ਮੈਨੂੰ ਲਗਿਆ ਕਿ ਹੁਣ ਇਸ ਵੇਦਨਾ ਦੀ ਅੱਗ ਵਿਚ ਕਈ ਦਿਨ ਸੜਨਾ ਪਵੇਗਾ।

ਮੈਂ ਦੁਨੀਆਂ ਦੇ ਉਨ੍ਹਾਂ ਵਡੇ ਵਡੇ ਲੇਖਕਾਂ, ਫਿਲਾਸਫਰਾਂ ਤੇ ਸਾਇੰਸਦਾਨਾਂ ਬਾਰੇ ਸੋਚਣ ਲਗ ਪਿਆ, ਜਿਨ੍ਹਾਂ ਨੇ ਆਪਣੇ ਯੋਗਦਾਨ ਨਾਲ ਮਨੁੱਖੀ ਸੋਚ ਤੇ ਸਮਾਜ ਦਾ ਰੁਖ ਬਦਲਿਆ ਸੀ। ਇਨ੍ਹਾਂ ਵਿਚੋਂ ਕਈਆਂ ਦੇ ਫਲਸਫਿਆਂ ਨੂੰ ਮੈਂ ਸਾਲਾਂ ਬੱਧੀ ਪੜ੍ਹਾਇਆ ਸੀ ਤੇ ਕਈ ਮੇਰੀ ਵਿਅਕਤੀਗਤ ਲਾਇਬ੍ਰੇਰੀ ਦੇ ਚਿਰਾਗ਼ ਬਣ ਕੇ ਮੇਰੀ ਨੇੜੇ ਤੋਂ ਰਹਿਨੁਮਾਈ ਕਰਦੇ ਰਹੇ ਸਨ। ਇਨ੍ਹਾਂ ਮਹਾਨ ਫਿਲਾਸਫਰਾਂ ਦੀ ਖਿਆਲੀ ਸੰਗਤ ਨਾਲ ਮੈਨੂੰ ਰਾਹਤ ਮਹਿਸੂਸ ਹੋਈ ਪਰ ਆਪਣੀ ਲਾਇਬ੍ਰੇਰੀ ਨੂੰ ਯਾਦ ਕਰਦਿਆਂ ਹੀ ਮੈਨੂੰ ਇਕ ਧੱਕਾ ਜਿਹਾ ਲੱਗਿਆ ਕਿਉਂਕਿ ਮੈਂ ਇਸ ਦੀ ਹੋਂਦ ਮਿਟਾ ਚੁਕਿਆ ਸਾਂ। ਇਸ ਝਟਕੇ ਨਾਲ ਮੇਰੀ ਲਾਇਬ੍ਰੇਰੀ ਦੇ ਅੰਤਮ ਪਲਾਂ ਨਾਲ ਜੁੜੀ ਇਕ ਘਟਨਾ ਅਚਨਚੇਤ ਹੀ ਮੇਰੇ ਮਨ ਵਿਚ ਉਭ ਆਈ ਜੋ ਮੇਰੇ ਦਿਲ ਦੇ ਫੱਟਾਂ ਲਈ ਸੰਜੀਵਨੀ ਸਾਬਤ ਹੋ ਨਿੱਬੜੀ।

ਆਪਣੀ ਲਾਇਬ੍ਰੇਰੀ ਵਿਚ ਮੈਂ ਸਾਲਾਂ ਬੱਧੀ ਥਾਂ ਥਾਂ ਤੋਂ ਖਰੀਦ ਕੇ ਹਜ਼ਾਰਾਂ ਦੀ ਤਾਦਾਦ ਵਿਚ ਮਨਭਾਉਂਦੀਆਂ ਕਿਤਾਬਾਂ ਇਕੱਤਰ ਕੀਤੀਆਂ ਹੋਈਆਂ ਸਨ। ਇਸ ਵਿਚ ਇਤਿਹਾਸ, ਗਣਿਤ, ਧਰਮ, ਸਾਹਿਤ, ਜੋਤਿਸ਼ ਤੇ ਸਾਇੰਸ ਦੀਆਂ ਬਹੁਤ ਸਾਰੀਆਂ ਪੁਸਤਕਾਂ ਤੋਂ ਇਲਾਵਾ ਕਾਰਲ ਮਾਰਕਸ, ਫ੍ਰੈਡਰਿਕ ਐਂਗਲਜ਼, ਵਲਾਦੀਮੀਰ ਲੈਨਿਨ, ਪਲੈਖਾਨੋਵ, ਤਾਲਸਤਾਏ, ਗੋਰਕੀ, ਦਾਸਤੋਵਸਕੀ, ਥਾਮਸ ਹਾਰਡੀ, ਸਵਾਮੀ ਵਿਵੇਕਾਨੰਦ, ਸਰ ਆਰਥਰ ਕਾਨਨ ਡਾਇਲ ਤੇ ਹੋਰ ਕਈ ਸੰਸਾਰ ਪ੍ਰਸਿਧ ਲੇਖਕਾਂ ਦੇ ਪੂਰੇ ਦੇ ਪੂਰੇ ਸੈਟ ਸ਼ਾਮਲ ਸਨ। ਸੰਨ 2000 ਵਿਚ ਅਮਰੀਕਾ ਆਉਣ ਲੱਗਿਆਂ ਇਨ੍ਹਾਂ ਨੂੰ ਮੈਂ ਇਕ ਕਮਰੇ ਵਿਚ ਚਿਣ ਕੇ ਉਤੇ ਤ੍ਰਿਪਾਲ ਪਾ ਆਇਆ ਸਾਂ। ਇੱਧਰ ਆ ਕੇ ਹੜ੍ਹ ਤੇ ਚੂਹਿਆਂ ਦੇ ਡਰੋਂ ਮੇਰੀ ਸਾਰੀ ਸੁਰਤੀ ਮੇਰੀ ਲਾਇਬ੍ਰੇਰੀ ਵਿਚ ਹੀ ਪਈ ਰਹਿੰਦੀ ਸੀ। ਜਦੋਂ ਪਤਾ ਲੱਗਾ ਕਿ ਹੁਣ ਇਹ ਸਭ ਅਤੇ ਇਨ੍ਹਾਂ ਤੋਂ ਵੀ ਕਿਤੇ ਵੱਧ ਕਿਤਾਬਾਂ ਇੰਟਰਨੈਟ 'ਤੇ ਡਾਊਨਲੋਡ ਕਰਨ ਲਈ ਮੁਫ਼ਤ ਉਪਲਭਦ ਹਨ ਤਾਂ ਮੈਂ ਆਪਣੀ ਲਾਇਬ੍ਰੇਰੀ ਨੂੰ ਜਾ ਕੇ ਮਹਿੰਦਰਾ ਕਾਲਜ, ਪਟਿਆਲਾ ਨੂੰ ਦਾਨ ਕਰਨ ਦਾ ਫੈਸਲਾ ਕਰ ਲਿਆ।

ਕਾਲਜ ਭੇਜਣ ਤੋਂ ਪਹਿਲਾਂ ਆਪਣੀਆਂ ਸਭ ਕਿਤਾਬਾਂ ਦਾ ਨੇੜਿਓਂ ਦੀਦਾਰ ਕਰਨ ਦੀ ਹਸਰਤ ਨਾਲ ਮੈਂ ਇਨ੍ਹਾਂ ਨੂੰ ਬਾਹਰ ਵਿਹੜੇ ਵਿਚ ਮੰਜਿਆਂ 'ਤੇ ਖਿਲਾਰ ਦਿਤਾ। ਤਿੰਨ ਦਿਨ ਤੀਕਰ ਇਹ ਉਵੇਂ ਹੀ ਉਥੇ ਪਈਆਂ ਰਹੀਆਂ। ਫਰਵਰੀ ਦੀ ਸੁਹਾਣੀ ਧੁੱਪ ਵਿਚ ਬਾਹਰ ਬੈਠਾ ਮੈਂ ਇਨ੍ਹਾਂ ਨੂੰ ਆਖਰੀ ਵਾਰ ਨਿਹਾਰਦਾ ਰਹਿੰਦਾ ਤੇ ਕੁਝ ਇਕ ਨੂੰ ਫਰੋਲ ਫਰੋਲ ਕੇ ਪੜ੍ਹਦਾ ਵੀ ਰਹਿੰਦਾ। ਮੇਰਾ ਕਿਰਾਏਦਾਰ ਬਲਵਿੰਦਰ ਸਿੰਘ ਲੰਘਦੇ ਵੜਦੇ ਕਿਤਾਬਾਂ ਨੂੰ ਸਰਸਰੀ ਨਜ਼ਰ ਨਾਲ ਦੇਖਦਾ ਪਰ ਬੋਲਦਾ ਕੁਝ ਨਾ। ਅਖੀਰ ਤੀਜੇ ਦਿਨ ਰੁਕ ਕੇ ਕਹਿਣ ਲੱਗਾ, "ਬਹੁਤ ਕਿਤਾਬਾਂ ਨੇ ਡਾਕਟਰ ਸਾਹਿਬ!" ਉਹ ਅਤੇ ਉਸੇ ਨਾਂ ਦੀ ਉਸ ਦੀ ਪਤਨੀ ਬਲਵਿੰਦਰ ਕੌਰ ਹਰਿਆਣੇ ਤੋਂ ਪੰਜਾਬੀ ਦੇ ਐਮ ਏ, ਐਮ ਫਿਲ ਸਨ ਤੇ ਪਟਿਆਲੇ ਯੂਨੀਵਰਸਿਟੀ ਸਾਹਮਣੇ ਇਕ ਬਿਲਡਿੰਗ ਵਿਚ ਐਲੀਮੈਂਟਰੀ ਅਧਿਆਪਕਾਂ ਦਾ ਇਕ ਸਿਖਲਾਈ ਕਾਲਜ ਚਲਾ ਰਹੇ ਸਨ। ਬਲਵਿੰਦਰ ਕਵਿਤਾ ਤੇ ਲੇਖ ਲਿਖਦਾ ਸੀ। ਇਸ ਲਈ ਮੈਂ ਉਸ ਦੇ ਸ਼ੌਕ ਨੂੰ ਮੁੱਖ ਰੱਖ ਕੇ ਕਿਹਾ, "ਇਨ੍ਹਾਂ ਵਿਚ ਕੁਝ ਪੰਜਾਬੀ ਕਾਵਿ ਤੇ ਮਿਰਜ਼ਾ ਗ਼ਾਲਿਬ ਦੇ ਪੰਜਾਬੀ ਅਨੁਵਾਦ ਵੀ ਹਨ, ਲੈ ਲੈ।" ਪਰ ਉਸ ਨੇ ਕੋਈ ਕਿਤਾਬ ਲੈਣ ਤੋਂ ਨਾਂਹ ਕਰ ਦਿਤੀ ਤੇ ਅੰਦਰ ਚਲਾ ਗਿਆ।

ਪਹਿਲਾਂ ਤਾਂ ਮੈਂ ਇਸ ਗੱਲ ਨੂੰ ਗੌਲਿਆ ਨਾ ਪਰ ਬਾਦ ਵਿਚ ਚਿੱਤ ਕੀਤਾ ਕਿ ਇਸ ਨੂੰ ਥੋੜੀ ਝਾੜ ਪਾਵਾਂ। ਮੈਂ ਉਸ ਨੂੰ ਆਵਾਜ਼ ਮਾਰ ਕੇ ਬਾਹਰ ਸਦਿਆ ਤੇ ਕਿਹਾ, "ਯਾਰ ਬਲਵਿੰਦਰ, ਤੇਰਾ ਡਰਾਇੰਗ ਰੂਮ ਪਹਿਲਾਂ ਮੇਰੀ ਲਾਇਬਰੇਰੀ ਦਾ ਕਮਰਾ ਹੁੰਦਾ ਸੀ। ਇਹ ਸਭ ਕਿਤਾਬਾਂ ਉਥੇ ਪਈਆਂ ਹੁੰਦੀਆਂ ਸਨ। ਅੱਜ ਕੱਲ ਉਹ ਸਭ ਸ਼ੈਲਫਾਂ ਖਾਲੀ ਪਈਆਂ ਹਨ। ਗੋਰਕੀ ਨੇ ਕਿਹਾ ਹੈ ਕਿ ਜਿਸ ਘਰ ਵਿਚ ਕਿਤਾਬਾਂ ਨਾ ਹੋਣ, ਉਹ ਸ਼ਮਸ਼ਾਨ ਬਰਾਬਰ ਹੁੰਦਾ ਹੈ। ਪੜ੍ਹਿਆ-ਲਿਖਿਆ ਹੋਣ ਦੇ ਬਾਵਜੂਦ ਤੇਰੇ ਕੋਲ ਕੋਈ ਕਿਤਾਬ ਕਿਉਂ ਨਹੀਂ ਹੈ?" ਉਹ ਮੇਰੇ ਨਾਲੋਂ ਬਹੁਤ ਛੋਟਾ ਸੀ ਤੇ ਮੇਰੀ ਇੱਜ਼ਤ ਕਰਦਾ ਸੀ। ਕਹਿਣ ਲੱਗਾ, "ਮੇਰੇ ਕੋਲ ਕਿਤਾਬਾਂ ਹਨ ਸਰ! ਮੈਂ ਪੜ੍ਹਦਾ ਹੁੰਨਾਂ।" ਮੈਂ ਕਿਹਾ, "ਦਿਸਦੀ ਤਾਂ ਕੋਈ ਹੈ ਨਹੀਂ?" "ਮੇਰੀਆਂ ਕਿਤਾਬਾਂ ਬੈਡ ਰੂਮ ਵਿਚ ਨੇ, ਸਰ। ਮੈਂ ਹੁਣੇ ਤੁਹਾਨੂੰ ਲਿਆ ਕੇ ਦਿਖਾਉਨਾਂ।" ਇਹ ਕਹਿ ਕੇ ਉਹ ਫਿਰ ਅੰਦਰ ਚਲਾ ਗਿਆ।

ਜਦੋਂ ਉਹ ਬਾਹਰ ਆਇਆ ਤਾਂ ਉਸ ਦੇ ਹੱਥ ਵਿਚ ਇਕ ਕਿਤਾਬ ਸੀ। ਇਹ ਕਿਤਾਬ ਉਸ ਨੇ ਭਗਵੇਂ ਰੰਗ ਦੇ ਕਪੜੇ ਵਿਚ ਲਪੇਟ ਕੇ ਬੰਨੀ ਹੋਈ ਸੀ। ਮੈਂ ਸੋਚਿਆ ਪੰਜ ਗ੍ਰੰਥੀ ਆਦਿ ਕੋਈ ਧਾਰਮਿਕ ਪੁਸਤਕ ਹੋਵੇਗੀ। ਉਹ ਕਿਤਾਬ ਨੂੰ ਅਦਬ ਨਾਲ ਦੋਵਾਂ ਹੱਥਾਂ 'ਤੇ ਟਿਕਾ ਕੇ ਮੇਰੇ ਸਾਹਮਣੇ ਏਦਾਂ ਆ ਖੜ੍ਹਾ ਹੋਇਆ ਜਿਵੇਂ ਆਤਮ-ਸਮਰਪਣ ਵੇਲੇ ਫੌਜੀ ਹਥਿਆਰ ਲੈ ਕੇ ਖੜ੍ਹੇ ਹੁੰਦੇ ਹਨ। ਮੈਂ ਕਿਹਾ, "ਕੀ ਐ? ਖੋਲ੍ਹ ਇਹਨੂੰ।" ਉਸ ਨੇ ਕਪੜੇ ਦੀਆਂ ਗੰਢਾਂ ਖੋਲ੍ਹ ਕੇ ਕਿਤਾਬ ਮੇਰੇ ਸਾਹਮਣੇ ਕੀਤੀ। ਇਹ ਗੇਰੂਏ ਰੰਗ ਦੀ ਦਰਮਿਆਨੇ ਸਾਈਜ਼ ਦੀ ਜਿਲਦਦਾਰ ਕਿਤਾਬ ਸੀ ਜਿਸ ਦਾ ਸਿਰਲੇਖ ਸੀ, "ਮਾਲਾ ਮਣਕੇ।" ਇਸ ਦੇ ਹੇਠਾਂ ਲੇਖਕ ਦਾ ਨਾਂ ਲਿਖਿਆ ਹੋਇਆ ਸੀ ਜਿਸ ਨੂੰ ਪੜ੍ਹ ਕੇ ਮੇਰੇ ਮੂੰਹੋਂ ਹੈਰਾਨੀ ਨਾਲ ਉਚੀ ਸਾਰੀ ਨਿਕਲਿਆ, "ਨਰਿੰਦਰ ਕਪੂਰ!" ਉਸ ਨੇ ਠਰੰਮੇ ਨਾਲ ਕਿਹਾ, "ਹਾਂ ਜੀ। ਇਹ ਨਰਿੰਦਰ ਸਿੰਘ ਕਪੂਰ ਸਾਹਿਬ ਦੀ ਕਿਤਾਬ ਹੈ!"

ਨਰਿੰਦਰ ਸਿੰਘ ਕਪੂਰ ਨੂੰ ਪੰਜਾਬੀ ਜਗਤ ਦਾ ਬੱਚਾ ਬੱਚਾ ਜਾਣਦਾ ਸੀ। ਉਹ ਪੰਜਾਬੀ ਦਾ ਸਿਰ-ਕੱਢ ਤੇ ਅਣ-ਥੱਕ ਵਾਰਤਕ ਲੇਖਕ ਸੀ ਜਿਸ ਦੇ ਪੰਜਾਬੀ ਟ੍ਰਿਬਿਊਨ ਵਿਚ ਸਾਲਾਂ ਬੱਧੀ ਇਕ ਤੋਂ ਬਾਦ ਇਕ ਲੜੀਵਾਰ ਲੇਖ ਛਪ ਚੁੱਕੇ ਸਨ। ਉਹ ਆਪਣੇ ਫਨ ਨਾਲ ਜਿਵੇਂ ਸਹਿਜੇ ਹੀ ਹਵਾ ਵਿਚੋਂ ਸ਼ਬਦ ਖਿੱਚਦਾ ਤੇ ਤੁੱਛ ਤੋਂ ਤੁੱਛ ਵਿਸ਼ੇ 'ਤੇ ਕਮਾਲ ਦੇ ਲੇਖ ਲਿਖ ਦੇਂਦਾ। ਉਸ ਦਾ ਇਕ ਇਕ ਵਾਕ ਮੁਹਾਵਰਾ ਬਣਨ ਦੀ ਹੈਸੀਅਤ ਰੱਖਦਾ ਸੀ ਤੇ ਉਸ ਦੇ ਇਕ ਇਕ ਪੈਰੇ 'ਚੋਂ ਨਸੀਹਤਾਂ ਦੇ ਫੁਹਾਰ ਨਿਕਲਦੇ ਸਨ। ਉਹ ਉਸ ਵੇਲੇ ਪੰਜਾਬੀ ਯੂਨੀਵਰਸਿਟੀ ਵਿਚ ਪੱਤਰਕਾਰੀ ਵਿਭਾਗ ਦਾ ਮੁਖੀ ਸੀ ਤੇ ਉਸ ਤੋਂ ਪਹਿਲਾਂ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਤੇ ਵਿਦਿਆਰਥੀ ਭਲਾਈ ਵਿਭਾਗ ਦਾ ਡਾਇਰੈਕਟਰ ਰਹਿ ਚੁਕਾ ਸੀ। ਉਸ ਦੇ ਮਖੌਲੀਆ ਸੁਭਾਅ ਵਿਚੋਂ ਅਨੁਭਵ ਤੇ ਸੰਜੀਦਗੀ ਦੀਆਂ ਸਾਂਝੀਆਂ ਸੁਰਾਂ ਨਿਕਲਦੀਆਂ ਸਨ। ਮੈਂ ਉਸ ਨੂੰ ਉਦੋਂ ਤੋਂ ਜਾਣਦਾ ਸਾਂ ਜਦੋਂ ਮੈਂ ਪੀ ਟੀ ਸੀ ਨਾਂ ਦੀ ਅਧਿਆਪਕ ਜਥੇਬੰਦੀ ਦਾ ਪ੍ਰਧਾਨ ਹੁੰਦਾ ਸਾਂ ਤੇ ਉਹ ਮੈਂਬਰ ਵਜੋਂ ਇਸ ਦੀਆਂ ਹਫਤਾਵਾਰੀ ਮੀਟਿੰਗਾਂ ਵਿਚ ਆਇਆ ਕਰਦਾ ਸੀ। ਹੌਲੀ ਹੌਲੀ ਸਾਡੀ ਨੇੜਤਾ ਵਧਦੀ ਗਈ ਤੇ ਅਸੀਂ ਇਕ ਦੂਜੇ ਦੇ ਘਰ ਵੀ ਜਾਣ ਲਗ ਪਏ। ਉਸ ਨੇ ਆਪਣੇ ਬੱਚੇ ਪੜ੍ਹਾ ਲਿਖਾ ਕੇ ਇੰਜੀਨੀਅਰ ਤੇ ਪੀ ਸੀ ਐਸ ਅਫਸਰ ਬਣਾ ਰੱਖੇ ਸਨ। ਉਸ ਦੇ ਅਦੁੱਤੀ ਗੁਣਾਂ ਕਾਰਨ ਮੈਂ ਉਸ ਦਾ ਸਤਿਕਾਰ ਕਰਦਾ ਸਾਂ ਤੇ ਉਸ ਨੂੰ ਇਕ ਅਨੁਭਵੀ ਸਲਾਹਕਾਰ ਸਮਝਦਾ ਸਾਂ। ਉਸ ਦੀਆਂ ਕਈ ਕਿਤਾਬਾਂ ਛਪ ਚੁੱਕੀਆਂ ਸਨ ਪਰ ਮਾਲਾ ਮਣਕੇ ਬਾਰੇ ਮੈਂ ਬੇਖਬਰ ਸਾਂ।

ਤਾਂ ਵੀ ਮੇਰੀ ਸਮਝ ਵਿਚ ਨਾ ਆਇਆ ਕਿ ਬਲਵਿੰਦਰ ਨੇ ਉਸ ਦੀ ਕਿਤਾਬ ਨੂੰ ਕਪੜੇ ਵਿਚ ਲਪੇਟ ਕੇ ਕਿਉਂ ਰੱਖਿਆ ਹੋਇਆ ਸੀ। ਇਸ ਦਾ ਉਤਰ ਆਪ ਹੀ ਦਿੰਦਿਆਂ ਉਹ ਬੋਲਿਆ, "ਸਰ, ਇਹ ਬਹੁਤ ਪ੍ਰੇਰਣਾਦਾਇਕ ਕਿਤਾਬ ਹੈ, ਮੈਂ ਹਰ ਰੋਜ਼ ਇਸ ਨੂੰ ਪੜ੍ਹ ਕੇ ਪੈਂਦਾ ਹਾਂ।"

"ਕਦੇ ਮਿਲਿਆ ਐਂ ਨਰਿੰਦਰ ਸਿੰਘ ਕਪੂਰ ਨੂੰ?" ਮੈਂ ਆਪਣੇ ਮਿੱਤਰ ਤੇ ਫ਼ਖਰ ਕਰਦੇ ਹੋਏ ਪੁਛਿਆ।

"ਨਹੀਂ ਜੀ, ਮਿਲਣ ਦਾ ਤਾਂ ਮੈਨੂੰ ਕਦੇ ਸੁਭਾਗ ਪ੍ਰਾਪਤ ਨਹੀਂ ਹੋਇਆ ਪਰ ਮਿਲਣਾ ਚਾਹੁੰਨਾਂ।" ਉਸ ਨੇ ਕਿਹਾ।

ਮੈਨੂੰ ਬੜੀ ਹੈਰਤ ਹੋਈ ਕਿ ਜਿਸ ਲੇਖਕ ਦਾ ਇਹ ਇੰਨਾ ਉਪਾਸ਼ਕ ਹੈ ਉਹ ਇਸ ਤੋਂ ਦੋ ਫਰਲਾਂਗ ਦੀ ਦੂਰੀ 'ਤੇ ਕੰਮ ਕਰਦਾ ਹੈ ਤੇ ਉਸ ਨੂੰ ਇਹ ਕਦੇ ਮਿਲਿਆ ਹੀ ਨਹੀਂ। "ਕੋਈ ਨਹੀਂ, ਮੈਂ ਮਿਲਾਵਾਂਗਾ ਤੈਨੂੰ ਉਸ ਨਾਲ।" ਮੈਂ ਉਸ ਨੂੰ ਪੁਸਤਕ ਵਾਪਸ ਕਰਦਿਆਂ ਕਿਹਾ।

ਸਬੱਬ ਨਾਲ ਦੂਜੇ ਦਿਨ ਨਰਿੰਦਰ ਕਪੂਰ ਮੈਨੂੰ ਡਾਕਖਾਨੇ ਦੇ ਬਾਹਰ ਮਿਲ ਪਿਆ। ਗੱਲਾਂਬਾਤਾਂ ਕਰਦਿਆਂ ਮੈਂ ਉਸ ਨੂੰ ਕਿਹਾ, "ਮੈਂ ਤੁਹਾਡੇ ਇਕ ਅਜਿਹੇ ਪਾਠਕ ਨੂੰ ਜਾਣਦਾ ਹਾਂ ਜਿਸ ਨੇ ਤੁਹਾਡੀ ਕਿਤਾਬ ਗੁਟਕੇ ਵਾਂਗ ਰੁਮਾਲੇ ਵਿਚ ਬੰਨ ਕੇ ਰੱਖੀ ਹੋਈ ਹੈ।" ਉਹ ਪਹੁ-ਫੁੱਟੀ ਕਲੀ ਵਾਂਗ ਮੁਸਕਰਾਇਆ ਤੇ ਪੁੱਛਣ ਲਗਿਆ, "ਕਿਹੜੀ ਕਿਤਾਬ?"

"ਮਾਲਾ ਮਣਕੇ।" ਕਹਿ ਕੇ ਮੈਂ ਨਾਲ ਹੀ ਉਸ ਨੂੰ ਉਸ ਦੀ ਨਵ-ਛਪੀ ਕਿਤਾਬ ਦੀ ਵਧਾਈ ਦਿਤੀ।

"ਮੇਰੀ ਇਹ ਪੁਸਤਕ ਤਾਂ ਬਹੁਤ ਹੀ ਸਰਾਹੀ ਗਈ ਹੈ। ਪਰ ਇਹ ਪ੍ਰਸੰਸਕ ਕੌਣ ਹੈ?" ਉਸ ਨੇ ਉਤਸੁਕਤਾ ਨਾਲ ਪੁਛਿਆ।

"ਮੇਰਾ ਕਿਰਾਏਦਾਰ ਹੈ। ਕਦੇ ਲੈ ਕੇ ਆਵਾਂਗਾ ਮੈਂ ਉਸ ਨੂੰ ਤੁਹਾਡੇ ਕੋਲ...।" ਮੈਂ ਬੋਲ ਹੀ ਰਿਹਾ ਸਾਂ ਕਿ ਕਪੂਰ ਨੇ ਇਕ ਦਮ ਉਂਗਲੀ ਖੜ੍ਹੀ ਕਰ ਕੇ ਟੋਕਦਿਆਂ ਕਿਹਾ, "ਨਾ ਨਾ, ਤੁਸੀਂ ਨਹੀਂ ਲਿਆਓਗੇ ਉਸ ਨੂੰ ਮੇਰੇ ਕੋਲ!" ਮੈਂ ਸੋਚਿਆ ਸਫਲਤਾ ਦੇ ਗ਼ਰੂਰ ਨੇ ਕਪੂਰ ਦਾ ਸਿਰ ਫੇਰ ਦਿਤਾ ਹੈ। ਹੁਣ ਦੂਜੇ ਕਲਾਕਾਰਾਂ ਵਾਂਗ ਇਸ ਨੂੰ ਵੀ ਆਪਣੇ ਪ੍ਰਸ਼ੰਸਕਾਂ ਤੋਂ ਬੋਅ ਆਉਣ ਲਗ ਪਈ ਹੈ।

ਮੈਂ ਠਠੰਬਰ ਕੇ ਪੁੱਛਿਆ, "ਪਰ ਕਿਉਂ?" ਉਸ ਨੇ ਉਸੇ ਸਖਤ ਲਹਿਜ਼ੇ ਵਿਚ ਜਵਾਬ ਦਿਤਾ, "ਮੈਂ ਉਸ ਦਾ ਪਾਠਕ ਨਹੀਂ, ਉਹ ਮੇਰਾ ਪਾਠਕ ਹੈ! ਮੈਂ ਆਪ ਜਾਵਾਂਗਾ ਉਸ ਕੋਲ ਉਸ ਨੂੰ ਮਿਲਣ ਲਈ! ਉਸੇ ਘਰ ਵਿਚ ਓ ਨਾ ਤੁਸੀਂ?" ਆਪਣੀ ਛੋਟੀ ਸੋਚ 'ਤੇ ਗਿਲਾਨੀ ਮਹਿਸੂਸ ਕਰਦਿਆਂ ਮੈਂ ਕਿਹਾ, "ਹਾਂ, ਉਥੇ ਈ ਆਂ।"

ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਅਗਲੇ ਦਿਨ ਸਵੇਰੇ ਸਵੇਰੇ ਨਰਿੰਦਰ ਕਪੂਰ ਨੇ ਆ ਕੇ ਮੇਰਾ ਬੂਹਾ ਖੜਕਾਇਆ। ਚਾਹ ਦਾ ਕੱਪ ਪਿਲਾ ਕੇ ਮੈਂ ਉਸ ਨੂੰ ਕਿਹਾ, "ਬੁਲਾਵਾਂ ਤੁਹਾਡੇ ਪਾਠਕ ਨੂੰ?" ਕਹਿਣ ਲੱਗਾ, "ਹਾਂ, ਪਰ ਧਿਆਨ ਰਹੇ, ਉਸ ਨੂੰ ਪਤਾ ਨਾ ਲੱਗੇ ਮੈਂ ਕੌਣ ਹਾਂ।"

ਉਸ ਦੇ ਮੂੰਹੋਂ ਅਜੀਬ ਗੱਲ ਸੁਣ ਕੇ ਮੈਂ ਤਿਲਮਿਲਾਇਆ, "ਕਿਉਂ? ਉਹ ਤੁਹਾਨੂੰ ਮਿਲਣਾ ਚਾਹੁੰਦਾ ਐ!"

ਕਪੂਰ ਅਗੋਂ ਬੋਲਿਆ, "ਉਹ ਮੈਨੂੰ ਨਹੀਂ ਮਿਲੇਗਾ, ਕੇਵਲ ਮੈਂ ਉਸ ਨੂੰ ਮਿਲਾਂਗਾ। ਮੈਂ ਉਸ ਦਾ ਭਰਮ ਨਹੀਂ ਤੋੜਨਾ ਚਾਹੁੰਦਾ।"

ਉਸ ਦੀ ਇੱਛਾ 'ਤੇ ਫੁੱਲ ਚੜ੍ਹਾਉਂਦਿਆਂ ਮੈਂ ਬਲਵਿੰਦਰ ਨੂੰ ਸੱਦਿਆ ਤੇ ਕਪੂਰ ਨਾਲ ਜਾਣ-ਪਛਾਣ ਕਰਵਾਉਂਦਿਆਂ ਕਿਹਾ, "ਇਹ ਫੇਜ਼ ਟੂ 'ਚੋਂ ਮੇਰੇ ਦੋਸਤ ਨੇ। ਇਹ ਵੀ ਤੇਰੇ ਵਾਂਗ ਨਰਿੰਦਰ ਕਪੂਰ ਦੀਆਂ ਲਿਖਤਾਂ ਦੇ ਦੀਵਾਨੇ ਨੇ। ਮਿਲ ਕੇ ਖੁਸ਼ੀ ਸਾਂਝੀ ਕਰੋ।"

ਕਪੂਰ ਨੇ ਜੱਫੀ ਭਰ ਕੇ ਬਲਵਿੰਦਰ ਦਾ ਸਵਾਗਤ ਕੀਤਾ ਤੇ ਦੋਹਾਂ ਨੇ ਝੱਟ ਕੇ ਵਿਚਾਰ ਵਟਾਂਦਰਾ ਕਰਨਾ ਸ਼ੁਰੂ ਕਰ ਦਿਤਾ। ਗੱਲਾਂ ਗੱਲਾਂ ਵਿਚ ਕਪੂਰ ਨੇ ਪੁੱਛਿਆ, "ਮਾਲਾ ਮਣਕੇ ਤੋਂ ਇਲਾਵਾ ਤੁਸੀਂ ਨਰਿੰਦਰ ਕਪੂਰ ਦੀਆਂ ਹੋਰ ਕਿਹੜੀਆਂ ਪੁਸਤਕਾਂ ਪੜ੍ਹੀਆਂ ਹਨ?" ਜਵਾਬ ਵਿਚ ਉਸ ਨੇ ਕਿਹਾ, "ਸਚੋ ਸੱਚ।"

ਕਪੂਰ ਕਹਿਣ ਲੱਗਾ, "ਮੈਂ ਤਾਂ ਸਭ ਪੜ੍ਹ ਚੁਕਿਆ ਹਾਂ। ਮੇਰੇ ਕੋਲ ਸਭ ਪਈਆਂ ਹਨ। ਉਹ ਵੀ ਪੜ੍ਹਨਾ, ਮੈਂ ਤੁਹਾਨੂੰ ਦਿਆਂਗਾ।" ਅਗਲੇ ਦਿਨ ਆ ਕੇ ਉਹ ਆਪਣੇ ਚਹੇਤੇ ਪਾਠਕ ਨੂੰ ਆਪਣੀਆਂ ਪੁਸਤਕਾਂ ਦਾ ਇਕ ਪੂਰਾ ਸੈਟ ਦੇ ਗਿਆ।

ਤਕਰੀਬਨ ਦਸ ਸਾਲਾਂ ਬਾਦ ਜਦੋਂ ਇਕ ਦਿਨ ਮੈਂ ਕਪੂਰ ਦੇ ਘਰ ਮਿਲਣ ਗਿਆ ਤਾਂ ਅਸੀਂ ਇਸ ਗੱਲ ਨੂੰ ਯਾਦ ਕਰ ਕੇ ਖੂਬ ਹੱਸੇ। ਉਸ ਨੇ ਇਕ ਲਤੀਫਾ ਸੁਣਾ ਕੇ ਸਿੱਧ ਕੀਤਾ ਕਿ ਉਸ ਸਥਿਤੀ ਵਿਚ ਉਸ ਦਾ ਆਪਣੇ ਪਾਠਕ ਤੋਂ ਓਹਲਾ ਰੱਖਣਾ ਹੀ ਜਾਇਜ਼ ਸੀ। ਉਸ ਨੇ 'ਮਾਲਾ ਮਣਕੇ' ਦੀ ਇਕ ਕਾਪੀ ਮੈਨੂੰ ਭੇਟ ਕੀਤੀ, ਤੇ ਇਕ ਕਾਪੀ ਅਮਰੀਕਾ ਵਿਚ ਰਹਿੰਦੇ ਡਾ. ਜਸਵੰਤ ਸਿੰਘ ਸਚਦੇਵ ਦੀ ਇਕ ਸੱਜਰੀ ਪੁਸਤਕ ਦੀ ਵੀ।

ਜਦੋਂ ਇਹ ਬਿਰਤਾਂਤ ਮੇਰੇ ਦਿਮਾਗ ਵਿਚ ਘੁੰਮ ਹਟਿਆ ਤਾਂ ਮੇਰੀ ਨਿਗਾਹ ਦੂਰ ਖੜ੍ਹੇ ਚਾਹ ਪੀ ਰਹੇ ਉਸ ਲੇਖਕ 'ਤੇ ਫਿਰ ਪਈ। ਮੈਨੂੰ ਉਸ ਦੀ ਛਵੀ ਪ੍ਰੋ. ਨਰਿੰਦਰ ਕਪੂਰ ਦੇ ਦਿਓ ਕੱਦ ਸਾਹਮਣੇ ਬੌਣੀ ਜਿਹੀ ਲੱਗੀ। ਉਹ ਮੈਨੂੰ ਹਉਮੈ ਦੇ ਦੀਰਘ ਰੋਗ ਦਾ ਸ਼ਿਕਾਰ ਲਗਿਆ ਜਿਸ ਦੀ ਕੁਝ ਕੁਝ ਝਲਕ ਉਸ ਦੀਆਂ ਲਿਖਤਾਂ ਤੋਂ ਵੀ ਪੈਂਦੀ ਹੁੰਦੀ ਸੀ। ਪਲੈਟੋ ਅਨੁਸਾਰ ਉਹ ਵਿਦਵਾਨ ਤਾਂ ਸੀ ਪਰ ਉਸ ਵਿਚ ਗੁਣ ਤੇ ਗਿਆਨ ਪੈਦਾ ਹੋਣੇ ਬਾਕੀ ਸਨ। ਹੁਣ ਮੈਨੂੰ ਉਸ 'ਤੇ ਰੰਜਿਸ਼ ਦੀ ਥਾਂ ਤ੍ਰਿਸਕਾਰ ਆ ਰਿਹਾ ਸੀ। ਜਦੋਂ ਮੈਂ ਉਠ ਕੇ ਸੈਮੀਨਾਰ ਹਾਲ ਵਿਚ ਮੁੜ ਦਾਖਲ ਹੋਇਆ, ਮੈਨੂੰ ਆਪਣਾ ਅੰਦਰ ਮਿੱਠਾ ਮਿੱਠਾ ਜਾਪ ਰਿਹਾ ਸੀ।

ਹਾਲ ਵਿਚ ਵੜਦਿਆਂ ਮੈਂ ਵਿਚਾਰ ਕੀਤਾ ਕਿ ਗੁਰਬਾਣੀ ਅਨੁਸਾਰ ਘਮੰਡੀ ਤੇ ਹਉਮੈ ਪ੍ਰਧਾਨ ਵਿਅਕਤੀ ਰੋਗੀ ਹੁੰਦੇ ਹਨ। ਹੋਮਿਓਪੈਥੀ ਵੀ ਅਜਿਹੇ ਮਗਰੂਰਾਂ ਨੂੰ ਬੀਮਾਰ ਹੀ ਦੱਸਦੀ ਹੈ। ਅਲਾਮਤਾਂ ਅਨੁਸਾਰ ਅਜਿਹੇ ਵਿਅਕਤੀ ਆਪਣੇ ਆਪ ਨੂੰ ਉਤਮ ਤੇ ਦੂਜਿਆਂ ਨੂੰ ਕੀੜੇ ਮਕੌੜੇ ਸਮਝਦੇ ਹਨ। ਮਾਨਸਿਕ ਹੀ ਨਹੀਂ ਯਥਾਰਥਕ ਪੱਧਰ 'ਤੇ ਵੀ ਇਨ੍ਹਾਂ ਨੂੰ ਸਾਹਮਣੇ ਪਈਆਂ ਚੀਜ਼ਾਂ ਛੋਟੇ ਆਕਾਰ ਦੀਆਂ ਲਗਦੀਆਂ ਹਨ। ਇਨ੍ਹਾਂ ਨੂੰ ਕਿਤਾਬਾਂ ਦਾ ਪ੍ਰਿੰਟ ਛੋਟਾ ਜਾਪਦਾ ਹੈ ਤੇ ਬਾਜ਼ਾਰ ਵਿਚ ਰੇਹੜੀ ਵਾਲੇ ਦੇ ਸੇਬਾਂ ਨੂੰ ਇਹ ਅਕਸਰ ਬੇਰ ਹੀ ਦੱਸਦੇ ਹਨ।

## ਘਰ

ਕਈ ਵਾਰ ਬੰਦੇ ਦਾ 'ਘਰ' ਹੁੰਦਾ ਹੈ। ਬੜੀ ਵਾਰ ਬੰਦਾ ਆਪ ਹੀ 'ਘਰ' ਹੁੰਦਾ ਹੈ।

ਨਾਨਕ ਘਰ ਛੱਡ ਕੇ ਉਦਾਸੀਆਂ ਕਰਦਾ ਹੈ। ਮਰਦਾਨਾ ਉਸ ਦੇ ਨਾਲ ਨਾਲ ਰਹਿੰਦਾ ਹੈ। ਚੌਥੀ ਉਦਾਸੀ ਵਿਚ ਮਰਦਾਨਾ ਸਰੀਰ ਤਿਆਗ ਜਾਂਦਾ ਹੈ। ਉਸ ਮਗਰੋਂ ਨਾਨਕ ਨਿੱਕੀ ਜਿਹੀ ਪੰਜਵੀਂ ਉਦਾਸੀ ਕਰਦਾ ਹੈ-ਬੱਸ। ਜਗਤ ਤਾਂ ਅਜੇ ਵੀ ਜਲੰਦਾ ਹੈ ਪਰ ਨਾਨਕ ਕਰਤਾਰਪੁਰ ਟਿਕ ਜਾਂਦਾ ਹੈ।

ਮਰਦਾਨਾ, ਨਾਨਕ ਦਾ 'ਘਰ' ਸੀ ਜਿਹੜਾ ਹਰ ਵੇਲੇ ਉਹਦੇ ਨਾਲ ਰਹਿੰਦਾ ਸੀ। ਮਰਦਾਨਾ, ਨਾਨਕ ਨੂੰ ਕਿਸੇ ਥਾਂਉਂ ਵੀ ਬੇਘਰ ਨਾ ਹੋਣ ਦਿੰਦਾ।

ਇਹ 'ਘਰ' ਮੁੱਕ ਗਿਆ, ਨਾਨਕ ਘਰ ਪਰਤ ਆਇਆ...।

---

ਮਾਂ ਪ੍ਰਾਇਮਰੀ ਸਕੂਲ ਵਿਚ ਅਧਿਆਪਕਾ ਸੀ। ਸੰਨ ਪੈਂਹਠ ਵਿਚ ਉਸ ਸਵਾ ਸੌ ਰੁਪਈਏ ਤਨਖਾਹ ਵਿਚੋਂ ਘਰ ਬਣਾਉਣਾ ਸ਼ੁਰੂ ਕੀਤਾ। ਇੱਕ ਇੱਕ ਇੱਟ, ਇੱਕ ਇੱਕ ਕਮਰਾ ਕਰਕੇ ਇੱਕੀ ਸਾਲਾਂ ਵਿਚ ਘਰ ਬਣਿਆ। ਦਸ ਵਰ੍ਹਿਆਂ ਬਾਅਦ ਨਿੱਕੇ ਭਰਾ ਨੂੰ ਕਾਰੋਬਾਰ ਵਿਚ ਪਏ ਘਾਟੇ ਖਾਤਰ ਵੇਚਣਾ ਪਿਆ।

ਘਰ ਵਿਕਣ 'ਤੇ ਮੈਂ ਕੈਨੇਡਾ ਆ ਗਿਆ। ਤੁਰਨ ਲੱਗਿਆਂ ਮਾਂ ਬੋਲੀ, "ਮੈਨੂੰ ਘਰ ਵਿਕਣ ਦਾ ਨਹੀਂ, ਤੇਰੇ ਚਲੇ ਜਾਣ ਦਾ ਸੱਲ ਹੈ।"

ਮੈਨੂੰ ਉਦੋਂ ਪਤਾ ਲੱਗਾ, ਮੈਂ ਆਪਣੀ ਮਾਂ ਦਾ 'ਘਰ' ਸਾਂ।

---

ਕੁਝ ਵਰ੍ਹਿਆਂ ਬਾਅਦ ਕਨੇਡਿਓਂ ਪਰਤਿਆ ਤਾਂ 'ਆਪਣਾ ਘਰ' ਵੇਖਣ ਗਿਆ। ਹੁਣ ਉਹ ਸਾਡਾ ਨਹੀਂ ਸੀ, ਪਰ ਹਾਲੇ ਵੀ ਆਪਣਾ ਸੀ। ਮੇਰੀ ਚਾਲੀ ਵਰ੍ਹੇ ਲੰਮੀ ਸੁਰਤ ਵਿਚ ਇਹੀ ਮੇਰਾ ਇੱਕੋ ਇੱਕ 'ਆਪਣਾ ਘਰ' ਸੀ।

ਨਵੇਂ ਮਾਲਕਾਂ ਨੇ ਘਰ ਵਿਚ ਆਇਸ ਕ੍ਰੀਮ ਦੀ ਫ਼ੈਕਟਰੀ ਲਾ ਦਿੱਤੀ। ਸਾਰਾ ਘਰ ਧੁਆਂਖਿਆ ਹੋਇਆ ਸੀ। ਥਾਂ ਥਾਂ ਕੂੜਾ ਕਰਕਟ, ਗੱਤਾ, ਲੋਹਾ ਖਿਲਰਿਆ ਪਿਆ ਸੀ। ਘਰ ਅੰਦਰੋਂ ਧੂੰਆਂ ਨਿਕਲ ਰਿਹਾ ਸੀ।

ਮੇਰਾ ਸਾਹ ਘੁਟਣ ਲੱਗਿਆ। ਧੂੰਆਂ ਮੇਰੇ ਅੰਦਰ ਬਾਹਰ ਖਿੱਲਰ ਗਿਆ। ਅੱਖਾਂ ਵਿਚ ਹੰਝੂ ਆ ਗਏ।

ਘਰ ਸੀ, ਘਰ ਤਾਂ ਰਹਿੰਦਾ!
ਸਾਡਾ ਨਹੀਂ ਤਾਂ ਕਿਸੇ ਦਾ ਸਹੀ।

---

ਘਰ ਛੱਡਣ ਵਾਲਾ ਆਪਣੇ ਨਾਲ ਘਰੋਂ ਕੀ ਲੈ ਕੇ ਜਾਵੇ? ਘਰ ਵਿਚ ਸਭ ਤੋਂ ਕੀਮਤੀ ਕੀ ਹੁੰਦਾ ਹੈ?

ਸੰਤਾਲੀ ਦੀ ਵੰਡ ਤੋਂ ਕੁਝ ਦਿਨ ਪਹਿਲਾਂ, ਮੇਰੀ ਦਾਦੀ ਆਪਣੇ ਭਰਾ ਗਿਆਨੀ ਗੁਪਾਲ ਸਿੰਘ ਨੂੰ ਮਹਿੰਗੇ ਕੱਪੜੇ ਤੇ ਬਾਈ ਤੋਲੇ ਸੋਨਾ ਟਰੰਕ ਵਿਚ ਪਾ ਕੇ ਸੰਭਾਲ ਗਈ। ਆਖਣ ਲੱਗੀ, "ਸਰਹੱਦ ਨੇੜੇ ਬੈਠੇ ਓ, ਕੀਮਤੀ ਸਮਾਨ ਲੈ ਜਾਇਓ।"

ਵੰਡ ਮਗਰੋਂ ਦੋਵੇਂ ਜਣੇ ਪਾਣੀਪਤ ਮਿਲੇ ਤਾਂ ਭਰਾ ਨੇ ਹੱਥ ਜੋੜ ਕੇ ਆਖਿਆ, "ਭੈਣ! ਤੇਰਾ ਟਰੰਕ ਨਹੀਂ ਲਿਆ ਸਕਿਆ। ਟਕਾ ਟਕਾ ਜੋੜ ਤੇਰੀ ਅਮਾਨਤ ਪਰਤਾ ਦੇਵਾਂਗਾ। ਕੀ ਕਰਦਾ, ਸਿਰ 'ਤੇ ਇੱਕੋ ਚੀਜ਼ ਚੁੱਕ ਸਕਦਾ ਸਾਂ। ਤੂੰ ਆਖਿਆ ਸੀ, ਕੀਮਤੀ ਸਮਾਨ ਚੁੱਕ ਲਿਆਵੀਂ। ਮੈਂ ਗੁਰੂ ਦੀ ਬੀੜ ਚੁੱਕ ਲਿਆਇਆ।"

*(ਸੁਖਪਾਲ ਦੀ ਕਿਤਾਬ 'ਰਹਣੁ ਕਿਥਾਊ ਨਾਹਿ' ਵਿਚੋਂ)*

ਗੁਰਮਤਿ ਵਿਚਾਰ

# ਸਿੱਖ ਨੈਤਿਕਤਾ ਵਿਚ ਸਦਾਚਾਰਕ ਆਦਰਸ਼



ਡਾ. ਗੁਰਨਾਮ ਕੌਰ, ਕੈਨੇਡਾ

ਹਰ ਨੈਤਿਕ ਪ੍ਰਣਾਲੀ ਵਿਚ ਮਨੁੱਖ ਦੇ ਪ੍ਰਾਪਤ ਕਰਨ ਲਈ ਇੱਕ 'ਸਦਾਚਾਰਕ ਆਦਰਸ਼' ਮਿੱਥਿਆ ਹੁੰਦਾ ਹੈ, ਜਿਸ ਨੂੰ ਪ੍ਰਾਪਤ ਕਰਨ ਜਾਂ ਉਸ ਦਾ ਅਨੁਭਵ ਕਰਨ ਦੀ ਉਸ ਨੂੰ ਮੰਨਣ ਵਾਲਿਆਂ ਕੋਲੋਂ ਆਸ ਕੀਤੀ ਜਾਂਦੀ ਹੈ। ਜੇ ਨੈਤਿਕ ਸ਼ਾਸਤਰ ਨੂੰ ਇਤਿਹਾਸਕ ਸੰਦਰਭ ਵਿਚ ਵਾਚਿਆ ਜਾਵੇ ਤਾਂ 'ਨੈਤਿਕ ਆਦਰਸ਼' ਦੀਆਂ ਭਿੰਨ ਭਿੰਨ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ। ਵੱਖ ਵੱਖ ਨੈਤਿਕ ਸਿਧਾਂਤਾਂ ਦਾ ਆਧਾਰ 'ਨੈਤਿਕ ਅਛਾਈ' ਦੇ ਅਨੇਕਾਂ ਵੱਖਰੇ ਵੱਖਰੇ ਸੰਕਲਪ ਮਿਲਦੇ ਹਨ। ਕਿਸੇ ਨੈਤਿਕ ਸਿਧਾਂਤ ਦਾ ਆਧਾਰ 'ਖੁਸ਼ੀ' ਹੈ ਤਾਂ ਕਿਸੇ ਹੋਰ ਦਾ ਦੈਵੀ ਜਾਂ ਕੁਦਰਤੀ ਕਾਨੂੰਨ, ਕਿਸੇ ਲਈ ਤਰਕ ਜਾਂ ਵੀਚਾਰ ਹੈ ਤਾਂ ਕਿਸੇ ਹੋਰ ਸਿਧਾਂਤ ਦਾ 'ਅਹਿੰਸਾ' ਪਰਮੋਧਰਮਾ ਹੈ। ਇਸੇ ਤਰ੍ਹਾਂ ਕਿਸੇ ਦੂਜੇ ਵਾਸਤੇ 'ਆਤਮ-ਅਨੁਭਵ'। ਹਰ ਸਿਧਾਂਤ ਵਿਚ ਜਿਥੇ ਕੁਝ ਗੁਣ ਮੌਜੂਦ ਹੁੰਦੇ ਹਨ, ਉਥੇ ਨੈਤਿਕ ਸ਼ਾਸਤਰੀਆਂ ਵੱਲੋਂ ਪ੍ਰਾਪਤ ਸਿਧਾਂਤ ਦੀ ਨੁਕਤਾਚੀਨੀ ਵੀ ਕੀਤੀ ਗਈ ਹੈ।

ਸਿੱਖ ਨੈਤਿਕ ਸਿਧਾਂਤ ਵਿਚ ਮਨੁੱਖ ਨੂੰ ਅਕਾਲ ਪੁਰਖ ਦਾ 'ਅੰਸ਼' ਮੰਨਿਆ ਗਿਆ ਹੈ ਅਰਥਾਤ ਪਰਮਾਤਮਾ ਦੀ ਜੋਤਿ ਹਰ ਇੱਕ ਜੀਵ ਵਿਚ ਵਿਆਪਤ ਮੰਨੀ ਗਈ ਹੈ। ਇਸ ਲਈ ਮਨੁੱਖ ਵਾਸਤੇ 'ਨੈਤਿਕ ਆਦਰਸ਼' ਜਾਂ ਜਿਸ ਨੂੰ ਨੈਤਿਕ ਸ਼ਾਸਤਰ ਦੀ ਭਾਸ਼ਾ ਵਿਚ 'ਉਚਤਮ ਅਛਾਈ' (ਹਾਈਐਸਟ ਗੁਡ) ਕਹਿੰਦੇ ਹਨ 'ਆਤਮ ਅਨੁਭਵ' ਭਾਵ ਮਨੁੱਖ ਅੰਦਰ ਮੌਜੂਦ ਇਸ ਰੱਬੀ ਜੋਤਿ ਦੇ ਅਨੁਭਵ ਨੂੰ ਮੰਨਿਆ ਗਿਆ ਹੈ। ਇਸ ਆਤਮ-ਅਨੁਭਵ ਨੂੰ ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ 'ਸਚਿਆਰ' ਹੋਣਾ, ਗੁਰੂ ਅਮਰਦਾਸ ਨੇ ਅਨੰਦ ਬਾਣੀ ਵਿਚ 'ਆਪਨਾ ਮੂਲ ਪਛਾਣਨਾ' ਅਤੇ ਗੁਰੂ ਅਰਜਨ ਦੇਵ ਨੇ ਸੁਖਮਨੀ ਵਿਚ 'ਬ੍ਰਹਮਗਿਆਨੀ' ਹੋਣਾ ਕਿਹਾ ਹੈ।

ਗੁਰੂ ਨਾਨਕ ਸਾਹਿਬ ਨੇ ਮੂਲ ਮੰਤਰ ਵਿਚ ਪਰਮਾਤਮਾ ਨੂੰ ੧ੴ ਦੀ ਸੰਗਿਆ ਦੇ ਕੇ ਉਸ ਨੂੰ ਸੰਸਾਰ ਦਾ ਸਰਬ ਸਾਂਝਾ ਰਚਨਹਾਰਾ ਕਹਿ ਕੇ ਉਸ ਦੇ ਅਨੁਭਵ ਦਾ ਦਰਵਾਜ਼ਾ ਹਰ ਇੱਕ ਲਈ ਖੋਲ੍ਹ ਦਿੱਤਾ ਹੈ। ਕੋਈ ਵੀ ਮਨੁੱਖ-ਇਸਤਰੀ ਜਾਂ ਪੁਰਸ਼ ਆਪਣੇ ਅੰਦਰ ਵਿਆਪਤ ਇਸ ਜੋਤਿ ਦਾ ਆਪਣੀ ਆਤਮਕ ਸਮਰੱਥਾ ਅਨੁਸਾਰ ਅਨੁਭਵ ਕਰ ਸਕਦਾ ਹੈ। ਇਸ ਆਦਰਸ਼ ਨਾਲ ਸਿੱਖ ਨੈਤਿਕ ਪ੍ਰਣਾਲੀ ਨੇ ਇੱਕ ਅਜਿਹੇ ਢਾਂਚੇ ਦੀ ਸਿਰਜਣਾ ਕੀਤੀ ਹੈ ਜਿਸ ਵਿਚ ਮਨੁੱਖ ਨੂੰ ਮਨੁੱਖ ਰਾਹੀਂ ਦਬਾਉਣ, ਉਸ ਦਾ ਸ਼ੋਸ਼ਣ ਕਰਨ ਅਤੇ ਮਨੁੱਖ ਦੀ ਮਨੁੱਖ ਉਤੇ ਸਰਦਾਰੀ ਬਣਾਉਣ ਵਾਲੇ ਸਾਰੇ ਅਮਲਾਂ ਜਿਵੇਂ ਜਾਤ, ਜਮਾਤ, ਫਿਰਕਾ ਅਤੇ ਇਸਤਰੀ/ਪੁਰਸ਼ ਦੀ ਵੰਡ ਆਦਿ ਨੂੰ ਤੋੜ ਦਿੱਤਾ ਹੈ। ਇਸ ਢਾਂਚੇ ਅਨੁਸਾਰ ਹਰ ਮਨੁੱਖ ਖੁਦਮੁਖਤਾਰ ਅਤੇ ਬਰਾਬਰ ਹੈ, ਹਰ ਇੱਕ ਦੀਆਂ ਅਕਾਲ ਪੁਰਖ ਅਤੇ ਇੱਕ-ਦੂਸਰੇ ਪ੍ਰਤੀ ਇੱਕੋ ਜਿਹੀਆਂ ਜ਼ਿੰਮੇਵਾਰੀਆਂ ਅਤੇ ਫਰਜ਼ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂ ਸਾਹਿਬਾਨ ਦੀ ਬਾਣੀ, ਹਿੰਦੂ ਵੈਸ਼ਨਵ ਭਗਤਾਂ ਅਤੇ ਮੁਸਲਮਾਨ ਸੂਫੀ ਸੰਤਾਂ ਦੀ ਬਾਣੀ ਇਸ ਦੀ ਵਿਲੱਖਣ ਸਾਹਿਤਕ ਸੁੰਦਰਤਾ ਅਤੇ ਅਨੇਕਵਾਦ ਦੀ ਪ੍ਰਤੀਕ ਹੈ ਜੋ ਇਸ ਦੇ ਮਨੁੱਖੀ ਭਾਈਚਾਰੇ ਦੀ ਸਰਬ-ਸਾਂਝੀਵਾਲਤਾ ਦਾ ਸੁਨੇਹਾ ਦਿੰਦੀ ਹੈ। ਮਨੁੱਖ ਦਾ ਵਿਅਕਤੀਤਵ ਇੱਕ ਅਮੀਰ ਸਮੁੱਚ ਹੈ ਅਤੇ ਕੋਈ ਵੀ ਨੈਤਿਕ ਆਦਰਸ਼ ਜੋ ਇਸ ਦੇ ਇਸ ਵਿਅਕਤੀਤਵ ਦੇ ਕਿਸੇ ਵੀ ਹਿੱਸੇ ਨੂੰ ਛੱਡ ਦਿੰਦਾ ਹੈ, ਉਸ ਹੱਦ ਤੱਕ ਆਪਣੀ ਪ੍ਰਮਾਣਿਕਤਾ ਨੂੰ ਹੀ ਬਲਹੀਣ ਕਰ ਲੈਂਦਾ ਹੈ। ਆਤਮ ਦੇ ਸਮੁੱਚ ਦੇ ਏਕੀਕਰਨ ਵਾਲੀ ਪਹੁੰਚ ਹੀ ਸਭ ਤੋਂ ਚੰਗਾ ਸਮਾਧਾਨ ਹੈ। ਨਤੀਜਤਨ ਆਤਮ-ਅਨੁਭਵ ਵਾਲੇ ਉਹ ਆਦਰਸ਼ਵਾਦੀ ਸਿਧਾਂਤ ਜਿਹੜੇ ਮਨੁੱਖੀ ਸਿਰਜਣਾਤਮਕਤਾ ਦੇ ਸੰਦਰਭ ਵਿਚ ਆਤਮ ਦੇ ਸਮੁੱਚ ਅਤੇ ਉਚਤਮ ਨੂੰ ਧਿਆਨ ਵਿਚ ਲੈ ਕੇ ਚੱਲਦੇ ਹਨ, ਹੀ ਨਿਸ਼ਾਨੇ ਦੇ ਨੇੜੇ ਹੁੰਦੇ ਹਨ, ਭਾਵੇਂ ਅਜਿਹੇ ਸਿਧਾਂਤਾਂ ਵਿਚ ਉਨ੍ਹਾਂ ਦੀ ਆਦਰਸ਼ਵਾਦੀ ਪਹੁੰਚ ਕਾਰਨ ਕੁਝ ਅਸਪਸ਼ਟਤਾ ਵੀ ਦੇਖਣ ਨੂੰ ਮਿਲਦੀ ਹੈ।

ਸਿੱਖ ਨੈਤਿਕ ਪ੍ਰਣਾਲੀ ਵੀ ਹੋਰ ਵੱਡੀਆਂ ਨੈਤਿਕ ਪ੍ਰਣਾਲੀਆਂ ਜਿਵੇਂ ਹਿੰਦੂ, ਈਸਾਈ ਅਤੇ ਇਸਲਾਮ (ਸਮੇਤ ਪਲੈਟੋ ਦੀ 'ਰਿਪਬਲਿਕ') ਦੇ ਮਾਨਵਤਾਵਾਦੀ ਝੁਕਾਵਾਂ ਨਾਲ ਸਹਿਮਤ ਹੈ। ਬੁੱਧ ਧਰਮ ਨੂੰ ਵੀ ਮਨੁੱਖ ਨਾਲ ਇਸ ਦੀ ਅਤਿ ਦੀ ਅਨੁਭਵਤਾ ਲਈ ਜਾਣਿਆ ਜਾਂਦਾ ਹੈ। ਸਿੱਖ ਧਰਮ ਸਰਬ-ਅਲਿੰਗਕਾਰੀ ਧਰਮ ਹੈ ਅਤੇ ਸਰਬੱਤ ਦਾ ਭਲਾ ਮੰਗਣਾ ਇਸ ਦੀ ਅਰਦਾਸ ਦਾ ਮੁੱਖ ਮੰਤਵ ਹੈ। ਇਹ ਮਨੁੱਖੀ ਹੋਂਦ ਦੇ ਸਮੁੱਚ ਨਾਲ ਜੁੜਿਆ ਮਹਿਸੂਸ ਕਰਦਾ ਹੈ ਅਤੇ ਮਨੁੱਖ ਦੇ ਹਾਲਾਤ ਨੂੰ ਸੁਧਾਰਨਾ ਇਸ ਦਾ ਮੁੱਖ ਮੰਤਵ ਹੈ। ਨੈਤਿਕ ਨਿਯਮ ਮਨੁੱਖ ਲਈ ਬਣਾਏ ਜਾਂਦੇ ਹਨ। ਇਹ ਆਤਮ ਹੈ ਜਿਸ ਨੇ ਹਮੇਸ਼ਾ ਇੱਕ ਆਦਰਸ਼ਕ ਆਤਮ ਬਣਨ ਲਈ ਜੂਝਣਾ ਹੈ, ਇੱਕ ਆਤਮ ਦੇ ਤੌਰ 'ਤੇ ਆਪਣੇ ਸਮਾਜਿਕ ਰਿਸ਼ਤਿਆਂ ਵਿਚ ਅਤੇ ਇੱਕ ਧਰਮੀ ਦੀਆਂ ਨਜ਼ਰਾਂ ਵਿਚ 'ਪਰਮਾਤਮਾ ਦੇ ਦਰ 'ਤੇ ਮਨਜ਼ੂਰ ਹੋਣਾ' ਹੈ। ਉਚਾਈ ਵੱਲ ਆਤਮ ਦੇ ਸਮੁੱਚ ਨੇ ਵੱਧਣਾ ਹੈ। ਇਸ ਲਈ ਨੈਤਿਕ ਆਦਰਸ਼ ਵੀ ਆਤਮ ਦੇ ਸਮੁੱਚ ਅਤੇ ਉਚਤਮ ਦਾ ਅਨੁਭਵ ਕਰਨਾ ਹੀ ਮੰਨਿਆ ਗਿਆ ਹੈ। ਇਸ ਲਈ ਚੇਤੰਨ ਰੂਪ ਵਿਚ ਅਜਿਹੇ ਅਮਲ ਚੁਣੇ ਜਾਣੇ ਹਨ ਜਿਹੜੇ ਇਸ ਅਨੁਭਵ ਵਿਚ ਸਹਾਈ ਹੋਣ। ਜਦੋਂ ਇਹ ਅਨੁਭਵ ਪ੍ਰਾਪਤ ਹੋ ਜਾਣਾ ਹੈ ਤਾਂ ਇਹ ਉਸ ਮਨੁੱਖ ਦੇ ਅਮਲਾਂ ਵਿਚੋਂ ਨਜ਼ਰ ਆਉਣਾ ਚਾਹੀਦਾ ਹੈ।

ਇੱਕ ਹੋਰ ਤੱਥ ਹੈ ਜਿਸ ਦਾ ਸੰਖੇਪ ਵਿਚ ਜ਼ਿਕਰ ਕੀਤਾ ਜਾਣਾ ਬਣਦਾ ਹੈ ਅਤੇ ਜੋ ਆਦਰਸ਼ਵਾਦੀ ਨੈਤਿਕ ਸਿਧਾਂਤਾਂ ਦਾ ਇੱਕ ਅਹਿਮ ਪੱਖ ਹੁੰਦਾ ਹੈ ਅਤੇ ਕੋਈ ਵੀ ਆਦਰਸ਼ਵਾਦੀ ਸਿਧਾਂਤ ਇਸ ਤੋਂ ਜ਼ਿਆਦਾ ਬਚ ਨਹੀਂ ਸਕਦਾ। ਇਹ ਹਨ ਪਰਾਭੌਤਿਕ ਧਾਰਨਾਵਾਂ ਅਤੇ ਵਿਚਾਰ ਜੋ ਨੈਤਿਕ ਵਿਚਾਰਾਂ ਨਾਲ ਗੁੰਦੇ ਹੋਏ ਜਾਪਦੇ ਹਨ। ਹਿੰਦੁਸਤਾਨ ਵਿਚ ਪ੍ਰਵਾਨ ਚੜ੍ਹੀਆਂ ਨੈਤਿਕ ਪ੍ਰਣਾਲੀਆਂ, ਸਮੇਤ ਬੁੱਧ ਧਰਮ ਅਤੇ ਜੈਨ ਧਰਮ ਦੇ, ਆਪਣੇ ਨੈਤਿਕ ਵਿਚਾਰਾਂ ਅਤੇ ਪਰਾਭੌਤਿਕ ਵਿਚਾਰਾਂ ਦੇ ਰਿਸ਼ਤੇ ਵਿਚ ਬਹੁਤ ਡੂੰਘੀ ਤਰ੍ਹਾਂ ਜੁੜੀਆਂ ਹੋਈਆਂ ਜਾਪਦੀਆਂ ਹਨ। ਇੱਕ ਤਰ੍ਹਾਂ ਨਾਲ ਇਹ ਉਨ੍ਹਾਂ ਸਾਰੀਆਂ ਨੈਤਿਕ ਪ੍ਰਣਾਲੀਆਂ ਦਾ ਪ੍ਰਮੁੱਖ ਲੱਛਣ ਹੈ ਜਿਹੜੀਆਂ ਪੈਗੰਬਰਾਂ ਦੇ ਉਪਦੇਸ਼ਾਂ ਦੇ ਨਤੀਜੇ ਵਜੋਂ ਸਥਾਪਤ ਹੋਈਆਂ ਜਾਂ ਜਿਨ੍ਹਾਂ ਨੂੰ ਸੰਤ-ਪੁਰਸ਼ਾਂ ਦੇ ਅਧਿਆਤਮਕ ਅਨੁਭਵ ਦੀ ਛੁਹ ਪ੍ਰਾਪਤ ਹੋਈ। ਇਹ ਮੰਨਿਆ ਜਾ ਸਕਦਾ ਹੈ ਕਿ ਸਿੱਖ ਨੈਤਿਕ ਪ੍ਰਣਾਲੀ ਨੂੰ ਵੀ ਗੁਰੂ ਸਾਹਿਬਾਨ ਦੇ ਅਧਿਆਤਮਕ ਅਨੁਭਵ ਦੀ ਛੁਹ ਪ੍ਰਾਪਤ ਹੈ। ਇਸ ਪਿੱਠਭੂਮੀ ਨਾਲ, ਉਸ ਸਮਾਧਾਨ ਵੱਲ ਵਧਿਆ ਜਾ ਸਕਦਾ ਹੈ, ਜੋ ਨੈਤਿਕ ਆਦਰਸ਼ ਦੇ ਰੂਪ ਵਿਚ ਸਿੱਖ ਧਰਮ ਮਨੁੱਖੀ ਦੁਬਿਧਾ ਦੀ ਉਲਝਣ ਲਈ ਪੇਸ਼ ਕਰਦਾ ਹੈ।

ਸਿੱਖ ਧਰਮ ਵਿਚ ਦਿੱਤੇ ਨੈਤਿਕ ਆਦਰਸ਼ ਨੂੰ ਸਮਝਣ ਲਈ ਨੈਤਿਕਤਾ ਦੀ ਉਸ ਸਮੱਸਿਆ ਨੂੰ ਸਮਝਣਾ ਪਵੇਗਾ ਜੋ ਇਸ ਵਿਚ ਪੇਸ਼ ਕੀਤੀ ਗਈ ਹੈ। ਇਹ ਸਮੱਸਿਆ ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਹੀ ਸਾਹਮਣੇ ਰੱਖ ਦਿੱਤੀ ਹੈ, ਜਿਸ ਬਾਣੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰੰਭ ਹੁੰਦਾ ਹੈ ਅਤੇ ਜਿਸ ਨੂੰ ਆਮ ਤੌਰ 'ਤੇ ਕੇਂਦਰੀ ਸਿੱਖ ਸਿਧਾਂਤਾਂ ਦਾ ਸਾਰਾਂਸ਼ ਵੀ ਕਿਹਾ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਅਨੁਸਾਰ ਮਨੁੱਖੀ ਸਥਿਤੀ ਦੀ ਵਿਲੱਖਣਤਾ ਇਸ ਤੱਥ ਵਿਚ ਹੈ ਕਿ ਹਰ ਬੰਦਾ ਆਪਣੀ ਇਸ ਸੰਸਾਰੀ ਹੋਂਦ ਵਿਚ ਤੰਗ ਨਜ਼ਰੀਏ ਦਾ ਸ਼ਿਕਾਰ ਹੈ। ਇਸ ਤੰਗ ਨਜ਼ਰੀਏ ਨੂੰ ਗੁਰੂ ਨਾਨਕ ਸਾਹਿਬ ਨੇ 'ਹਉਮੈ' ਦੀ ਸੰਗਿਆ ਦਿੱਤੀ ਹੈ। ਇਹ 'ਅਹੰ' ਦੀ ਭਾਵਨਾ ਹੈ ਜਿਸ ਦਾ ਇਸ਼ਾਰਾ ਤੰਗ ਜਾਂ ਸੀਮਤ ਨਜ਼ਰੀਏ ਦੇ ਰੂਪ ਵਿਚ ਕੀਤਾ ਗਿਆ ਹੈ। ਨੈਤਿਕਤਾ ਵਾਸਤੇ ਜਾਂ ਕਹਿਣਾ ਚਾਹੀਦਾ ਹੈ ਕਿ ਸਮੁੱਚੇ ਜੀਵਨ ਵਾਸਤੇ ਇਸ ਨਿੱਜਤਵ ਵਿਚ ਜਾਂ ਨਿੱਜਤਵ ਦੁਆਲੇ ਜੁੜੀ ਹੋਈ ਸਮੱਸਿਆ ਨੂੰ, ਇਸ ਤੰਗ ਨਜ਼ਰੀਏ ਨੂੰ ਵਿਸ਼ਾਲ ਕਿਸ ਤਰ੍ਹਾਂ ਕੀਤਾ ਜਾਵੇ ਤਾਂ ਕਿ ਮਨੁੱਖ ਆਪਣੇ ਅਸਲੀ ਅਤੇ ਉਚੇ ਆਪੇ ਜਾਂ ਮਹਾਨ ਆਤਮ ਨੂੰ ਅਨੁਭਵ ਕਰ ਸਕੇ।

ਇਸ ਅਸਲੀ ਆਪੇ ਨੂੰ ਜਪੁਜੀ ਵਿਚ ਗੁਰੂ ਨਾਨਕ ਨੇ 'ਸਚਿਆਰਾ' ਕਿਹਾ ਹੈ, ਜੋ ਕਿ ਆਤਮ-ਅਨੁਭਵ ਦਾ ਸਿਖਰ ਹੈ ਜਦ ਕਿ 'ਸਤਿ' ਜਾਂ 'ਸਚਿ' ਨੂੰ ਗੁਰੂ ਨਾਨਕ ਸਾਹਿਬ ਨੇ ਅਧਿਆਤਮਕ ਅਨੁਭਵ ਦੀ ਉਨਤੀ ਦਾ ਸਿਧਾਂਤ ਮੰਨਿਆ ਹੈ। 'ਸਤਿ' ਅਤੇ ਸਚਿਆਰ ਦੇ ਵਿਸ਼ਾਲ ਅਰਥਾਂ ਦਾ ਵਿਸ਼ਲੇਸ਼ਣ ਕਦੀ ਫੇਰ ਕੀਤਾ ਜਾਵੇਗਾ। ਇਥੇ ਇਹ ਦੱਸ ਦੇਣਾ ਹੀ ਕਾਫੀ ਹੈ ਕਿ 'ਸਚਿਆਰਾ' ਤੋਂ ਭਾਵ ਆਦਰਸ਼ਕ ਆਤਮ ਜਾਂ ਆਦਰਸ਼ਕ ਆਪਾ ਹੈ, ਉਹ ਆਦਰਸ਼ ਜੋ ਮਨੁੱਖ ਨੇ ਪ੍ਰਾਪਤ ਕਰਨਾ ਹੈ। ਇਸ ਪਹੁੰਚ ਅਨੁਸਾਰ ਸਦਾਚਾਰਕ ਤੌਰ 'ਤੇ ਚੰਗਾ ਵਿਅਕਤੀ ਉਹ ਹੈ ਜੋ ਆਤਮਕ ਬੁਲੰਦੀਆਂ 'ਤੇ ਉਚਾ, ਹੋਰ ਉਚਾ ਉਠਦਾ ਹੈ ਅਤੇ ਜ਼ਿੰਦਗੀ ਦੇ ਤੰਗ ਨਜ਼ਰੀਏ ਅਰਥਾਤ ਹਉਮੈ ਤੋਂ ਦੂਰ ਹੁੰਦਾ ਜਾਂਦਾ ਹੈ ਅਤੇ ਵਿਸ਼ਾਲ ਆਤਮ, ਸਚਿਆਰ ਬਣਨ ਵੱਲ ਕਾਰਜਸ਼ੀਲ ਹੁੰਦਾ ਹੈ। ਕੋਈ ਵੀ ਕਰਮ ਜਾਂ ਅਮਲ ਚੰਗਾ ਹੈ ਜੋ ਇਸ ਅਨੁਭਵ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਹੈ, ਉਚਤਮ ਅਛਾਈ ਇਸ ਦਾ ਸਿਖਰ ਹੈ।

ਇਸ ਆਤਮ-ਅਨੁਭਵ ਦੇ ਸਫਰ ਦਾ ਪਾਂਧੀ ਮਨੁੱਖ ਵੱਖ ਵੱਖ ਪੱਖਾਂ ਤੋਂ ਆਪਣੇ ਆਪੇ ਦਾ ਵਿਕਾਸ ਕਰਦਾ ਹੈ। ਇਨ੍ਹਾਂ ਪੱਖਾਂ ਦੀ ਪਛਾਣ 'ਪੰਜ' ਕੀਤੀ ਗਈ ਹੈ, ਜਿਨ੍ਹਾਂ ਵਿਚੋਂ ਚਾਰ ਨੂੰ ਠੀਕ ਉਨਤੀ ਦੇ ਪਹਿਲੂ ਕਿਹਾ ਜਾ ਸਕਦਾ ਹੈ ਅਤੇ ਪੰਜਵੇਂ ਅਤੇ ਅੰਤਿਮ ਨੂੰ ਆਤਮ-ਅਨੁਭਵ ਦਾ ਸਿਖਰ ਮੰਨਿਆ ਜਾ ਸਕਦਾ ਹੈ। ਇਨ੍ਹਾਂ ਪੰਜਾਂ ਖੰਡਾਂ ਦਾ ਵਿਸਥਾਰ ਵਿਚ ਅਧਿਐਨ ਕਦੀ ਫੇਰ ਕੀਤਾ ਜਾਵੇਗਾ। ਇਥੇ ਇਨ੍ਹਾਂ ਦਾ ਜ਼ਿਕਰ ਇਸ ਨੁਕਤੇ ਨੂੰ ਉਭਾਰਨ ਲਈ ਕੀਤਾ ਜਾਵੇਗਾ ਕਿ 'ਵਿਕਾਸ' ਸਿੱਖ ਧਰਮ ਦਾ ਮੂਲ ਸੰਕਲਪ ਹੈ। ਇਹ ਪਹਿਲੂ ਜਾਂ ਪੜਾਅ ਜਿਨ੍ਹਾਂ ਨੂੰ 'ਖੰਡ' ਕਿਹਾ ਗਿਆ ਹੈ, ਇਹ ਹਨ-ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਆਖਰੀ ਅਤੇ ਸਿਖਰ ਦਾ ਪੜਾਅ ਸੱਚ ਖੰਡ ਹੈ।

ਧਰਮ ਖੰਡ ਵਿਕਾਸ ਜਾਂ ਉਨਤੀ ਵੱਲ ਪਹਿਲਾ ਪੜਾਅ ਹੋਣ ਦੇ ਨਾਤੇ ਉਹ ਅਵਸਥਾ ਹੈ ਜਿਸ ਵਿਚ ਸਮਾਜਿਕ ਨਿਰਧਾਰਤ ਫਰਜ਼ ਆਪਣੀ ਪੂਰੀ ਯੋਗਤਾ ਅਨੁਸਾਰ ਨਿਭਾਏ ਜਾਂਦੇ ਹਨ।

ਗਿਆਨ ਖੰਡ ਦੂਸਰਾ ਪੜਾਅ ਹੈ ਜਿਸ ਵਿਚ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਸਿਆਣਪ ਨੂੰ ਆਤਮਸਾਤ ਕੀਤਾ ਜਾਂਦਾ ਹੈ। ਇਸ ਪੜਾਅ 'ਤੇ ਭਾਵਨਾਵਾਂ ਦਾ ਸੰਤੁਲਨ ਅਤੇ ਇੱਕਸੁਰਤਾ, ਆਤਮਕ ਏਕਤਾ ਅਤੇ ਸੂਖਮਤਾ ਦਾ ਅਨੁਭਵ ਪ੍ਰਾਪਤ ਕੀਤਾ ਜਾਂਦਾ ਹੈ ਜੋ ਕਿ ਅਗਲੇ ਪੜਾਅ ਵੱਲ ਸੰਕੇਤ ਹੈ।

ਚੌਥੇ ਪੜਾਅ 'ਤੇ ਆਤਮ ਵਿਚ ਵਿਸ਼ਾਲਤਾ ਅਤੇ ਵਿਆਪਕਤਾ ਆ ਜਾਂਦੀ ਹੈ, ਇਸ ਨਜ਼ਰੀਏ ਤੋਂ ਕਿ ਉਸ ਦੇ ਅਮਲ ਸਰਬ-ਵਿਆਪਕ ਅਤੇ ਵਿਸ਼ਾਲ ਹੋ ਜਾਂਦੇ ਹਨ। ਉਹ ਅਧਿਆਤਮਕ ਸ਼ਕਤੀ ਨਾਲ ਭਰਪੂਰ ਹੋ ਜਾਂਦਾ ਹੈ। ਕਰਮ ਖੰਡ ਦੇ ਇਸ ਪੜਾਅ 'ਤੇ ਆਤਮ ਦੀ ਵਿਆਖਿਆ 'ਆਪਾ ਰਹਿਤ ਆਤਮ' ਕੀਤੀ ਜਾ ਸਕਦੀ ਹੈ ਕਿਉਂਕਿ ਉਸ ਵਿਚ ਹਉਮੈ ਦੀ ਭਾਵਨਾ ਲੇਸ-ਮਾਤਰ ਵੀ ਨਹੀਂ ਰਹਿੰਦੀ। ਉਹ ਸਮਾਜਿਕ ਅਤੇ ਨੈਤਿਕ ਕਰਮ ਕਰਨੇ ਜਾਰੀ ਰੱਖਦਾ ਹੈ। ਮਨੁੱਖ ਆਪਣੇ ਪਰਉਪਕਾਰੀ ਜਿਊੜੇ ਨੂੰ ਮਨੁੱਖਤਾ ਦੀ ਸੇਵਾ ਵਿਚ ਇੱਕ ਅਧਿਆਤਮਕ ਜੋਧੇ ਵਾਂਗ ਜਾਂ ਅਧਿਆਤਮਕ ਨਾਇਕ ਵਾਂਗ ਲਗਾ ਦਿੰਦਾ ਹੈ। ਆਤਮ ਅਨੁਭਵ ਦੇ ਉਚੇ ਪੜਾਅ ਵੱਲ ਵਧਣ ਲਈ ਉਹ ਪੂਰੀ ਤਰ੍ਹਾਂ ਸਮਰੱਥ ਹੋ ਜਾਂਦਾ ਹੈ। (ਇਹ ਹੈ ਸਿੱਖ ਦਾ ਪਰਉਪਕਾਰੀ ਹੋਣ ਦਾ ਅਸਲੀ ਸੁਭਾਅ। ਇਹ ਨਹੀਂ ਕਿ ਲੰਗਰ ਵਿਚ ਹਿੱਸਾ ਪਾ ਕੇ ਜਾਂ ਗੁਰਦੁਆਰਿਆਂ ਦੀ ਆਧੁਨਿਕ ਦਿੱਖ ਬਣਾਉਣ ਲਈ ਪੈਸਾ ਚੜ੍ਹਾ ਕੇ ਫਿਰ ਕਮੇਟੀਆਂ 'ਤੇ ਕਾਬਜ ਹੋਣ ਲਈ ਡਾਂਗ-ਸੋਟਾ ਹੋਣਾ, ਇੱਕ ਦੂਸਰੇ ਦੀਆਂ ਪੱਗਾਂ ਉਛਾਲਣੀਆਂ ਅਤੇ ਸਮਾਜ ਦੀ ਭਲਾਈ ਦੇ ਕੰਮ ਕਰਨ ਦੀ ਥਾਂ ਗੁਰੂ ਘਰਾਂ ਦਾ ਪੈਸਾ ਮੁਕੱਦਮਿਆਂ 'ਤੇ ਬਰਬਾਦ ਕਰਨਾ। ਅਜਿਹਾ ਕਰਨਾ ਗੁਰੂ ਵਾਲੇ ਹੋਣਾ ਨਹੀਂ, ਗੁਰੂ ਤੋਂ ਬੇਮੁੱਖ ਹੋਣਾ ਹੈ।)

ਪੰਜਵਾਂ ਅਤੇ ਆਖਰੀ ਪੜਾਅ ਸੱਚ ਖੰਡ ਹੈ ਜੋ ਕਿ ਇੱਕ ਸਰਬ-ਵਿਆਪਕ ਨਜ਼ਰੀਆ, ਸਰਬ-ਵਿਆਪਕ ਸੁਹਜਾਤਮਕ ਭਾਈਚਾਰਕਤਾ ਅਤੇ ਸਰਬ-ਵਿਆਪਕ ਇਰਾਦਾ ਗ੍ਰਹਿਣ ਕਰ ਲੈਣ ਦੇ ਨਜ਼ਰੀਏ ਤੋਂ ਆਤਮ ਦੀ ਪ੍ਰਾਪਤੀ ਹੈ। ਇਸ ਵਿਚ ਕਰਮ (ਕਰਨੀ), ਚੇਤੰਨਤਾ ਅਤੇ ਵਿਸਮਾਦ ਸ਼ਾਮਲ ਹੈ (ਸੰਨਿਆਸੀਆਂ ਵਾਂਗ ਸੰਸਾਰ ਦਾ ਤਿਆਗ ਨਹੀਂ)। ਇਹ 'ਸਚਿਆਰ' ਪਦ ਹੈ, 'ਉਚਤਮ ਅਛਾਈ' ਹੈ ਜਿਸ ਦੀ ਪ੍ਰਾਪਤੀ ਲਈ ਆਤਮ ਅਭਿਲਾਸ਼ਾ ਕਰਦਾ ਹੈ। ਉਹ ਇਸ ਦ੍ਰਿਸ਼ਟੀ ਤੋਂ ਪੂਰਨ ਮਨੁੱਖ ਬਣ ਜਾਂਦਾ ਹੈ ਕਿ ਉਸ ਉਹ ਭਲਾਈ ਸਹਿਜ ਸੁਭਾਅ ਕਰਦਾ ਹੈ ਅਰਥਾਤ ਭਲਾ ਕਰਨਾ ਉਸ ਦਾ ਸਹਿਜ ਸੁਭਾਅ ਬਣ ਜਾਂਦਾ ਹੈ। ਆਤਮ ਵਿਚ ਦੂਸਰਿਆਂ ਤੋਂ ਵੱਖਰੀ ਕਿਸਮ ਦਾ ਹੋਣ ਦੀ ਕੋਈ ਚੇਤਨਾ ਹੁੰਦੀ ਹੈ ਅਤੇ ਇਹ ਉਸ ਦੇ ਅਮਲਾਂ ਅਤੇ ਕੰਮਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਆਖਰੀ ਪੜਾਅ ਦੀਆਂ ਸਾਰੀਆਂ ਵਿਆਖਿਆਵਾਂ ਧੁੰਦਲੀਆਂ ਜਾਪ ਸਕਦੀਆਂ ਹਨ, ਉਨ੍ਹਾਂ ਦੀ ਸਪੱਸ਼ਟ ਵਿਆਖਿਆ ਮੁਸ਼ਕਿਲ ਹੈ। ਮੁਸ਼ਕਿਲ ਪੱਕੇ ਤੌਰ 'ਤੇ ਪੜਾਅ ਦੀ ਹੈ, ਉਸ ਲਈ ਜਿਸ ਦਾ ਨਜ਼ਰੀਆ ਤੰਗ ਹੈ, ਸਰਬ-ਵਿਆਪਕ ਨਜ਼ਰੀਏ ਦੇ ਸਾਰੇ ਵਿਸਥਾਰ (ਜਿਨ੍ਹਾਂ ਵਿਚ ਤਿੰਨੋਂ ਪੱਖ ਗਿਆਨਾਤਮਕ, ਭਾਵਾਤਮਕ ਅਤੇ ਸੰਕਲਪਾਤਮਕ ਸ਼ਾਮਲ ਹਨ) ਨੂੰ ਸ਼ਾਇਦ ਸਮਝਿਆ ਨਾ ਜਾ ਸਕੇ। ਇਸ ਖੰਡ ਦੀ ਉਭਰਵੀਂ ਵਿਆਖਿਆ ਨਿਰੰਤਰ ਕਾਰਜਸ਼ੀਲਤਾ ਹੈ (ਕਰ ਕਰ ਵੇਖੈ), ਇੱਛਾ ਅਤੇ ਕਾਰਜ ਵਿਚ ਇੱਕਸੁਰਤਾ (ਜਿਵ ਜਿਵ ਹੁਕਮ ਤਿਵੈ ਤਿਵ ਕਾਰ) ਹੈ। ਇਹ ਉਹ ਸਰਬ-ਵਿਆਪਕ ਨਜ਼ਰੀਆ ਹੈ ਜਿਸ ਦੀ ਗੱਲ ਹੁਣ ਤੱਕ ਵਾਰ ਵਾਰ ਕੀਤੀ ਗਈ ਹੈ ਅਤੇ ਜਿਸ ਨੂੰ ਗੁਰੂ ਨਾਨਕ ਨੇ ਕਿਹਾ ਹੈ ਕਿ ਦੱਸ ਸਕਣਾ ਮੁਸ਼ਕਿਲ ਹੈ, 'ਨਾਨਕ ਕਥਨਾ ਕਰੜਾ ਸਾਰੁ।' ਫਿਰ ਵੀ, ਇਹ ਕਿਹਾ ਜਾ ਸਕਦਾ ਹੈ ਕਿ ਇਸ ਪੜਾਅ ਦੀ ਨਿਸ਼ਾਨੀ 'ਮੈਂ' ਅਤੇ ਨਿਜ ਦੀ ਭਾਵਨਾ ਨੂੰ ਪੂਰੀ ਤਰ੍ਹਾਂ ਨਿਕਾਲ ਦੇਣ, ਅਸਲੀ ਆਤਮ ਦੇ ਅਨੁਭਵ ਵਾਲੇ ਵਿਅਕਤੀਤਵ ਦਾ ਅਹਿਸਾਸ, ਬਿਨਾ ਕਿਸੇ ਆਪਣੇ ਹਿਤ ਦੇ ਦੂਸਰਿਆਂ ਦੀ ਸਹਾਇਤਾ ਕਰਨ ਲਈ ਉਦਮ ਕਰਨ ਦੀ ਲਗਨ ਵਿਚ ਜੁੜੇ ਰਹਿਣ ਦੀ ਅਵਸਥਾ ਹੈ। ਇਹ ਇੱਕ ਤਰ੍ਹਾਂ ਨਾਲ ਆਪਾ ਦੇ ਕੇ ਆਪਾ-ਅਨੁਭਵ ਕਰਨ ਵਰਗੀ ਅਵਸਥਾ ਹੈ।

ਨੈਤਿਕ ਸਮੱਸਿਆ ਦੇ ਇਸ ਕਿਸਮ ਦੇ ਨਜ਼ਰੀਏ ਵਿਚ ਅਤੇ ਆਤਮ-ਅਨੁਭਵ ਦੇ ਆਦਰਸ਼ ਦੀ ਪ੍ਰਾਪਤੀ ਲਈ ਮਨੁੱਖੀ ਕਰਮ ਦੇ ਸਬੰਧ ਵਿਚ ਬਹੁਤ ਸਾਰੀਆਂ ਅੜਚਣਾਂ ਅਤੇ ਰੁਕਾਵਟਾਂ ਹਨ। ਗੁਰੂ ਨਾਨਕ ਸਾਹਿਬ ਇਨ੍ਹਾਂ ਅੜਚਣਾਂ ਦਾ ਸਾਰ ਲੱਭਦੇ ਹਨ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂਆਂ ਨੇ ਇਸ ਭਾਲ ਨੂੰ ਜਾਰੀ ਰੱਖਿਆ।

ਇਸ ਸੰਖੇਪ ਵਿਆਖਿਆ ਤੋਂ ਇੱਕ ਗੱਲ ਸਪੱਸ਼ਟ ਹੁੰਦੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਸਿੱਖ ਨੂੰ ਸੰਸਾਰਕਤਾ ਨਾਲੋਂ ਤੋੜਿਆ ਨਹੀਂ ਸਗੋਂ ਮਨੁੱਖੀ ਸਮਾਜ ਨਾਲ ਨੇੜਿਓਂ ਜੁੜ ਕੇ ਇਸ ਨੂੰ ਸੁਧਾਰਨ ਦੀ ਗੱਲ ਕੀਤੀ ਹੈ। ਅੱਜ ਕੱਲ੍ਹ ਬਹੁਤੇ ਸਿੱਖ ਡੇਰੇਦਾਰ ਸੰਤਾਂ ਦੇ ਸ਼ਰਧਾਲੂ ਹਨ ਜੋ ਗੁਰਮਤਿ ਵਿਚਾਰਧਾਰਾ ਦੇ ਬਿਲਕੁਲ ਉਲਟੀ ਦਿਸ਼ਾ ਵਿਚ ਉਪਦੇਸ਼ ਕਰਦੇ ਹਨ ਤਾਂ ਕਿ ਸੰਸਾਰਕ ਮੁਸ਼ਕਿਲਾਂ ਨਾਲ ਜੂਝਣ ਦੀ ਥਾਂ ਲੋਕ ਉਨ੍ਹਾਂ ਦੇ ਚਰਨਾਂ ਵਿਚ ਡਿਗੇ ਰਹਿਣ ਅਤੇ ਮਾਇਆ ਭੇਟ ਕਰਦੇ ਰਹਿਣ।

*(ਨੋਟ: ਇਹ ਲੇਖ ਡਾ. ਅਵਤਾਰ ਸਿੰਘ ਦੀ ਪੁਸਤਕ 'ਤੇ ਆਧਾਰਤ ਹੈ)*

ਗੁਰਬਾਣੀ ਗਿਆਨ

## ਮਾਤ ਗਰਭ ਮਹਿ ਆਪਨ ਸਿਮਰਨੁ ਦੇ

**ਸੋਰਠਿ ਮਹਲਾ ੫**

ਮਾਤ ਗਰਭ ਮਹਿ ਆਪਨ ਸਿਮਰਨੁ ਦੇ
ਤਹ ਤੁਮ ਰਾਖਨਹਾਰੇ॥
ਪਾਵਕ ਸਾਗਰ ਅਥਾਹ ਲਹਰਿ ਮਹਿ
ਤਾਰਹੁ ਤਾਰਨਹਾਰੇ॥੧॥
ਮਾਧੌ ਤੂ ਠਾਕੁਰੁ ਸਿਰਿ ਮੋਰਾ॥
ਈਹਾ ਊਹਾ ਤੁਹਾਰੋ ਧੋਰਾ॥ਰਹਾਉ॥
ਕੀਤੇ ਕਉ ਮੇਰੈ ਸੰਮਾਨੈ
ਕਰਣਹਾਰੁ ਤ੍ਰਿਣੁ ਜਾਨੈ॥
ਤੂ ਦਾਤਾ ਮਾਗਨ ਕਉ ਸਗਲੀ
ਦਾਨੁ ਦੇਹਿ ਪ੍ਰਭ ਭਾਨੈ॥੨॥
ਖਿਨ ਮਹਿ ਅਵਰੁ ਖਿਨੈ ਮਹਿ ਅਵਰਾ
ਅਚਰਜ ਚਲਤ ਤੁਮਾਰੇ॥
ਰੂੜੋ ਗੂੜੋ ਗਹਿਰ ਗੰਭੀਰੋ
ਊਚੌ ਅਗਮ ਅਪਾਰੇ॥੩॥
ਸਾਧਸੰਗਿ ਜਉ ਤੁਮਹਿ ਮਿਲਾਇਓ
ਤਉ ਸੁਨੀ ਤੁਮਾਰੀ ਬਾਣੀ॥
ਅਨਦੁ ਭਇਆ ਪੇਖਤ ਹੀ ਨਾਨਕ
ਪ੍ਰਤਾਪ ਪੁਰਖ ਨਿਰਬਾਣੀ॥੪॥

ਗੁਰਦੇਵ ਪਿਤਾ ਜੀ ਉਸ ਮਿਹਰਬਾਨ ਪ੍ਰਭੂ ਦੀ ਉਸਤਤਿ ਕਰਦੇ ਹਨ, ਮਾਤ ਗਰਭ ਮਹਿ ਆਪਨ ਸਿਮਰਨੁ ਦੇ, ਭਾਵ ਹੇ ਮੇਰੇ ਪ੍ਰਭ ਜੀਉ! ਮਾਂ ਦੇ ਪੇਟ ਵਿਚ ਪਲ ਰਹੇ ਬੱਚੇ ਨੂੰ ਤੂੰ ਆਪਣਾ ਨਾਮ ਸਿਮਰਨ ਦੇ ਕੇ ਉਸ ਦੀ ਰੱਖਿਆ ਕਰਦਾ ਹੈਂ; ਤਹ ਤੁਮ ਰਾਖਨਹਾਰੇ, ਭਾਵ ਗਰਭ ਦੀ ਅੱਗ ਵਿਚ ਵੀ ਸਾਨੂੰ ਬਚਾ ਲੈਂਦਾ ਹੈਂ; ਪਾਵਕ ਸਾਗਰ ਅਥਾਹ ਲਹਰਿ ਮਹਿ, ਭਾਵ ਹੇ ਮੇਰੇ ਪ੍ਰਭ ਜੀਉ! ਪਾਵਕ ਸਾਗਰ ਵਿਕਾਰਾਂ ਦੀ ਅੱਗ ਦੇ ਸਮੁੰਦਰ ਦੀਆਂ ਅਥਾਹ ਲਹਿਰਾਂ ਵਿਚ ਮੈਂ ਫਸਿਆ ਪਿਆ ਹਾਂ ਤੇ ਤਾਰਨਹਾਰ ਪ੍ਰਭੂ ਮੈਨੂੰ ਪਾਰ ਲਗਾਵੋ।

ਮਾਧੌ ਤੂ ਠਾਕੁਰੁ ਸਿਰਿ ਮੋਰਾ॥
ਈਹਾ ਊਹਾ ਤੁਹਾਰੋ ਧੋਰਾ॥ਰਹਾਉ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਰਹਾਉ ਦੀ ਪੰਕਤੀ ਵਿਚ ਉਸ ਅਕਾਲ ਪੁਰਖ ਕੋਲ ਆਪਣੀ ਅਰਦਾਸ ਕਰਦੇ ਹਨ, ਮਾਧੌ ਤੂ ਠਾਕੁਰੁ ਸਿਰਿ ਮੋਰਾ, ਭਾਵ ਹੇ ਮਾਇਆਪਤੀ ਪ੍ਰਭੂ ਜੀਉ! ਮੇਰੇ ਸਿਰ ਉਤੇ ਬਸ ਤੇਰਾ ਹੀ ਹੱਥ ਹੈ ਅਤੇ ਪ੍ਰਭ ਜੀ, ਤੂੰ ਹੀ ਮੇਰਾ ਰਾਖਾ ਹੈਂ! ਈਹਾ ਊਹਾ ਤੁਹਾਰੋ ਧੋਰਾ, ਭਾਵ ਹੇ ਪ੍ਰਭੂ ਜੀਉ! ਇਸ ਲੋਕ ਜਾਂ ਸੰਸਾਰ ਵਿਚ ਉਹ, ਭਾਵ ਪ੍ਰਲੋਕ ਵਿਚ ਵੀ ਹੇ ਜਗਤ ਦੇ ਤਾਰਨ ਹਾਰ ਪ੍ਰਭੂ ਜੀਉ! ਮਿਹਰਾਂ ਦੇ ਮਾਲਕ ਪ੍ਰਭੂ ਜੀਉ!! ਮੈਨੂੰ ਤਾਂ ਬਸ ਇਕ ਤੇਰਾ ਹੀ ਆਸਰਾ ਹੈ।

ਕੀਤੇ ਕਉ ਮੇਰੈ ਸੰਮਾਨੈ
ਕਰਣਹਾਰੁ ਤ੍ਰਿਣੁ ਜਾਨੈ॥
ਤੂ ਦਾਤਾ ਮਾਗਨ ਕਉ ਸਗਲੀ
ਦਾਨੁ ਦੇਹਿ ਪ੍ਰਭ ਭਾਨੈ॥੨॥

ਹੇ ਜਗਤ ਦੇ ਮਾਲਕ ਪ੍ਰਭੂ ਜੀਉ! ਕੀਤੇ ਕਉ ਮੇਰੈ ਸੰਮਾਨੈ, ਭਾਵ ਇਹ ਜੀਵ ਤੇਰੀਆਂ ਬਣਾਈਆਂ ਹੋਈਆਂ ਚੀਜ਼ਾਂ ਨੂੰ ਤਾਂ ਸੁਮੇਰ ਪਰਬਤ ਜੈਸੀਆਂ ਵੱਡੀਆਂ-ਵੱਡੀਆਂ ਸਮਝਦਾ ਹੈ; ਕਰਣਹਾਰੁ ਤ੍ਰਿਣੁ ਜਾਨੈ, ਭਾਵ ਤੈਨੂੰ ਸਾਰੀ ਸ੍ਰਿਸ਼ਟੀ ਬਣਾਉਣ ਵਾਲੇ ਨੂੰ ਇਕ ਤੀਲੇ ਜਾਂ ਤਿਣਕੇ ਦੀ ਨਿਆਈਂ ਹੀ ਜਾਣਦਾ ਹੈ; ਤੂ ਦਾਤਾ ਮਾਗਨ ਕਉ ਸਗਲੀ, ਭਾਵ ਹੇ ਮਿਹਰਬਾਨ ਪ੍ਰਭੂ ਜੀਉ! ਤੂੰ ਤਾਂ ਦਾਤਾਂ ਵੰਡਣ ਵਾਲਾ ਦਾਤਾ ਹੈਂ ਅਤੇ ਇਹ ਸਾਰੀ ਲੋਕਾਈ ਭਿਖਾਰੀ ਬਣ ਕੇ ਤੇਰੇ ਦਰ ਤੋਂ ਮੰਗਾਂ ਮੰਗਦੀ ਹੈ ਅਤੇ ਹੇ ਪਿਤਾ! ਤੂੰ ਸਭ ਲੋਕਾਈ ਨੂੰ ਦਾਨ ਦੇਣ ਵਾਲਾ ਹੈਂ।

ਖਿਨ ਮਹਿ ਅਵਰੁ ਖਿਨੈ ਮਹਿ ਅਵਰਾ
ਅਚਰਜ ਚਲਤ ਤੁਮਾਰੇ॥
ਰੂੜੋ ਗੂੜੋ ਗਹਿਰ ਗੰਭੀਰੋ
ਊਚੌ ਅਗਮ ਅਪਾਰੇ॥੩॥

ਹੇ ਸੰਸਾਰ ਦੇ ਮਾਲਕ ਪ੍ਰਭੂ ਜੀਉ! ਖਿਨ ਮਹਿ ਅਵਰੁ, ਭਾਵ ਇਕ ਛਿਨ ਵਿਚ ਤੂੰ ਕੁਝ ਹੋਰ ਕਰਦਾ ਹੈਂ ਅਤੇ ਅਗਲੇ ਹੀ ਛਿਨ ਵਿਚ ਤੂੰ ਕੁਝ ਹੋਰ ਦਾ ਹੋਰ ਕਰ ਦਿੰਦਾ ਹੈਂ; ਅਚਰਜ ਚਲਤ ਤੁਮਾਰੇ, ਭਾਵ ਮੇਰੇ ਪ੍ਰਭੂ ਜੀਉ! ਤੇਰੇ ਕੌਤਕ ਤਾਂ ਹੈਰਾਨ ਕਰ ਦੇਣ ਵਾਲੇ ਹਨ; ਰੂੜੋ ਗੂੜੋ ਗਹਿਰ ਗੰਭੀਰੋ, ਭਾਵ ਹੇ ਪਹੁੰਚ ਤੋਂ ਪਰੇ ਅਪਹੁੰਚ ਪ੍ਰਭ ਜੀਉ! ਹੇ ਅਤਿ ਸੁੰਦਰ ਅਤੇ ਸਾਰੇ ਹੀ ਸੰਸਾਰ ਵਿਚ ਸਮਾਏ ਹੋਏ ਪ੍ਰਭੂ! ਤੂੰ ਬਹੁਤ ਵੱਡੇ ਦਿਲ ਵਾਲਾ ਹੈਂ, ਤੂੰ ਸਭ ਤੋਂ ਉਚਾ ਹੈਂ, ਬੇਅੰਤ ਹੈਂ ਅਤੇ ਜਗਤ ਦਾ ਮਾਲਕ ਹੈਂ।

ਸਾਧਸੰਗਿ ਜਉ ਤੁਮਹਿ ਮਿਲਾਇਓ
ਤਉ ਸੁਨੀ ਤੁਮਾਰੀ ਬਾਣੀ॥
ਅਨਦੁ ਭਇਆ ਪੇਖਤ ਹੀ ਨਾਨਕ
ਪ੍ਰਤਾਪ ਪੁਰਖ ਨਿਰਬਾਣੀ॥੪॥

ਸਾਧਸੰਗਿ ਜਉ ਤੁਮਹਿ ਮਿਲਾਇਓ, ਭਾਵ ਹੇ ਘਟ-ਘਟ ਵਿਚ ਵਸ ਰਹੇ ਪ੍ਰਭੂ ਜੀਉ! ਜਦੋਂ ਤੂੰ ਆਪ ਆਪਣੀ ਕਿਰਪਾ ਦੇ ਸਦਕਾ ਜੀਵ ਨੂੰ ਸਾਧ ਸੰਗਤ ਵਿਚ ਮਿਲਾ ਦਿੰਦਾ ਹੈਂ; ਤਉ ਸੁਨੀ ਤੁਮਾਰੀ ਬਾਣੀ, ਭਾਵ ਤਾਂ ਫਿਰ ਉਹ ਵਡਭਾਗਾ ਜੀਵ ਤੇਰੀ ਸਿਫ਼ਤ-ਸਾਲਾਹ ਦੀ ਬਾਣੀ ਸੁਣਦਾ ਹੈ। ਅਨਦੁ ਭਇਆ ਪੇਖਤ ਹੀ ਨਾਨਕ, ਭਾਵ ਹੇ ਮਿਹਰਬਾਨ ਪ੍ਰਭ ਜੀ! ਇਹ ਨਾਨਕ ਆਖਦਾ ਹੈ ਕਿ ਉਹ ਪੁਰਖ ਜੋ ਸਰਬਵਿਆਪਕ ਹੈ ਅਤੇ ਵਾਸਨਾ ਤੋਂ ਰਹਿਤ ਹੈ, ਉਸ ਦਾ ਪ੍ਰਤਾਪ ਵੇਖ ਕੇ ਮੇਰੇ ਅੰਦਰ ਇਕ ਆਤਮਕ ਅਨੰਦ ਅਤੇ ਚਾਉ ਪੈਦਾ ਹੋ ਰਿਹਾ ਹੈ।

ਗੁਰੂ ਪਿਆਰਿਓ, ਆਓ! ਸ਼ਬਦ ਗੁਰੂ ਦੀ ਵਿਚਾਰ ਨਾਲ ਮਨ ਜੋੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਬਹੁਪੱਖੀ ਸ਼ਖਸੀਅਤ ਬਾਬਾ ਬੁੱਢਾ ਜੀ

ਸਿੱਖ ਪਰੰਪਰਾ ਵਿਚ ਬਾਬਾ ਬੁੱਢਾ ਦਾ ਸਤਿਕਾਰਯੋਗ ਸਥਾਨ ਹੈ ਪਰ ਉਨ੍ਹਾਂ ਦੇ ਜੀਵਨ ਬਾਰੇ ਲਿਖਤੀ ਜਾਣਕਾਰੀ ਬਹੁਤ ਘੱਟ ਮਿਲਦੀ ਹੈ। ਬਾਬਾ ਬੁੱਢਾ ਇਕੱਲੇ ਐਸੇ ਵਿਅਕਤੀ ਸਨ ਜਿਨ੍ਹਾਂ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਤੇ (ਗੁਰੂ) ਹਰਿ ਰਾਇ ਤੇ (ਗੁਰੂ) ਤੇਗ ਬਹਾਦਰ, ਭਾਵ ਅੱਠਾਂ ਪਾਤਸ਼ਾਹੀਆਂ ਦੇ ਨਾ ਸਿਰਫ਼ ਦਰਸ਼ਨ ਕੀਤੇ ਸਗੋਂ ਪੰਜ ਪਾਤਸ਼ਾਹੀਆਂ ਨੂੰ ਆਪਣੇ ਹੱਥੀਂ ਤਿਲਕ ਵੀ ਲਾਇਆ।



ਸਭ ਤੋਂ ਪਹਿਲਾਂ 17ਵੀਂ ਸਦੀ ਦੇ ਸ਼ੁਰੂ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਆਪ ਦਾ ਜ਼ਿਕਰ ਮਿਲਦਾ ਹੈ ਜਿਸ ਤੋਂ ਬਾਬਾ ਬੁੱਢਾ ਬਾਰੇ

**ਪ੍ਰੋ. ਜੋਗਿੰਦਰ ਸਿੰਘ ਰਮਦੇਵ**
**ਫੋਨ: 847-543-7565**

ਉਨ੍ਹਾਂ ਦੇ ਸਿੱਖ ਇਤਿਹਾਸ ਵਿਚ ਪ੍ਰਸਿੱਧ ਸਥਾਨ ਦਾ ਵਰਣਨ ਆਉਂਦਾ ਹੈ। ਭਾਈ ਗੁਰਦਾਸ ਗੁਰੂ ਨਾਨਕ ਦੇ ਸਿੱਖਾਂ ਦਾ ਵਰਣਨ ਕਰਦਿਆਂ 19ਵੀਂ ਪਉੜੀ ਦੀ ਚੌਥੀ ਲਾਈਨ ਵਿਚ ਬਾਬੇ ਬੁੱਢੇ ਦਾ ਉਲੇਖ ਜਿਥੇ ਅਜਿਤੇ ਰੰਧਾਵੇ ਨੂੰ ਭਲਾ ਕਿਹਾ ਹੈ, ਉਥੇ ਬਾਬੇ ਬੁੱਢਾ ਨੂੰ ਇਕ ਮਨ ਹੋ ਕੇ ਈਸ਼ਵਰ ਦੇ ਨਾਂ ਨੂੰ ਧਿਆਨ ਵਾਲਾ ਉਲੀਕਿਆ ਹੈ।

ਜਿਤਾ ਰੰਧਾਵਾ ਭਲਾ ਹੈ
ਬੂੜਾ ਬੁੱਢਾ ਇਕ ਮਨਿ ਧਿਆਵੈ॥

ਇਸ ਤੋਂ ਛੁੱਟ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਪੁਰਾਣੇ ਖਰੜਿਆਂ ਵਿਚ ਵੀ ਉਨ੍ਹਾਂ ਦਾ ਜ਼ਿਕਰ ਆਉਂਦਾ ਹੈ। ਮਹਾਨ ਕੋਸ਼ ਅਨੁਸਾਰ ਬਾਬਾ ਬੁੱਢਾ ਦਾ ਜਨਮ 1506 ਈ. 6 ਅਕਤੂਬਰ ਦਿਨ ਮੰਗਲਵਾਰ ਨੂੰ ਭਾਈ ਸੁੱਖਾ ਦੇ ਘਰ ਮਾਤਾ ਗੌਰਾ ਦੀ ਕੁੱਖੋਂ ਪਿੰਡ ਕਥੂਨੰਗਲ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਬੂੜਾ ਸੀ ਅਤੇ ਬਚਪਨ ਕਥੂਨੰਗਲ ਹੀ ਬੀਤਿਆ। ਬਾਅਦ ਵਿਚ ਮਾਤਾ ਪਿਤਾ ਨਾਲ ਪਿੰਡ ਰਾਮਦਾਸ ਵਿਚ ਆ ਵਸੇ। ਉਸ ਸਮੇਂ ਉਹ 12 ਸਾਲਾਂ ਦੇ ਸਨ। ਸੰਮਤ 1575 ਵਿਚ ਜਗਤ ਗੁਰੂ ਨਾਨਕ ਦੇਵ ਵਿਚਰਦੇ ਹੋਏ ਬੂੜਾ ਦੇ ਪਿੰਡ ਵੱਲ ਆਏ ਤਾਂ ਇਹ ਪਸ਼ੂ ਚਾਰਦੇ ਹੋਏ, ਪ੍ਰੇਮ ਭਾਵ ਨਾਲ ਗੁਰੂ ਦੀ ਸੇਵਾ ਵਿਚ ਦੁੱਧ ਦਾ ਛੰਨਾ ਲੈ ਕੇ ਹਾਜ਼ਰ ਹੋਏ। ਬੜੀਆਂ ਹੀ ਵਿਵੇਕ ਵਿਰਾਗ ਦੀਆਂ ਗੱਲਾਂ ਸੁਣਾਈਆਂ। ਸਤਿਗੁਰੂ ਨੇ ਫਰਮਾਇਆ ਕਿ ਤੇਰੀ ਉਮਰ ਭਾਵੇਂ ਛੋਟੀ ਹੈ ਪਰ ਸਮਝ ਕਰ ਕੇ ਬੁੱਢਾ ਹੈਂ। ਉਸ ਦਿਨ ਤੋਂ ਉਨ੍ਹਾਂ ਦਾ ਨਾਂ ਬੁੱਢਾ ਪ੍ਰਸਿੱਧ ਹੋਇਆ। ਬਾਬਾ ਬੁੱਢਾ ਨੇ ਸਿੱਖੀ ਧਾਰਨ ਕਰ ਕੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰੂ ਘਰ ਵਿਚ ਵੱਡਾ ਮਾਣ ਪਾਇਆ। ਉਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੱਕ ਜਿਉਂਦੇ ਰਹੇ।

ਬਾਬਾ ਬੁੱਢਾ ਦਾ ਵਿਆਹ ਕਥੂਨੰਗਲ ਵਿਖੇ 1580 ਬਿਕਰਮੀ ਫੱਗਣ 15 (1538 ਈ. ਵਿਚ) ਐਤਵਾਰ ਨੂੰ ਅਚਲ (ਬਟਾਲੇ) ਵਿਚ ਸਮਰਾਹ ਗੋਤ ਦੀ 'ਮਿਰਆ' ਨਾਲ ਹੋਇਆ। ਬਾਬਾ ਦੇ ਘਰ ਚਾਰ ਪੁੱਤਰ ਹੋਏ। ਪਹਿਲੇ ਪੁੱਤਰ ਸੁਧਾਰੀ ਦਾ ਜਨਮ 1527 ਈ., ਦੂਜੇ ਭਿਖਾਰੀ ਦਾ ਜਨਮ 1531 ਈ. ਤੀਜੇ ਪੁੱਤ 'ਮਹਿਮ' ਦਾ ਜਨਮ 1533 ਈ. ਅਤੇ ਚੌਥੇ ਪੁੱਤਰ ਭਾਨਾ ਦਾ ਜਨਮ 1536 ਈ. ਵਿਚ ਹੋਇਆ। 'ਗੁਰਪ੍ਰਤਾਪ ਸੂਰਜ' ਅਨੁਸਾਰ ਬਾਬਾ ਬੁੱਢਾ ਗੁਰੂ ਨਾਨਕ ਦੇਵ ਨਾਲ ਕਰਤਾਰਪੁਰ ਰਹਿ ਕੇ ਗੁਰੂ ਤੇ ਸੰਗਤ ਦੀ ਸੇਵਾ ਕਰਦੇ ਰਹੇ।

ਗੁਰੂ ਨਾਨਕ ਨੇ ਆਪਣਾ ਸਮਾਂ ਨੇੜੇ ਜਾਣ 'ਜੋਤਿ' ਭਾਈ ਲਹਿਣੇ ਵਿਚ ਪਰਵਿਰਤ ਕਰ ਦਿੱਤੀ। ਜੂਨ 1539 ਈ. ਵਿਚ ਉਨ੍ਹਾਂ ਨੂੰ ਆਪਣਾ ਅੰਗ ਜਾਣ ਉਨ੍ਹਾਂ ਨੂੰ ਗੁਰੂ ਅੰਗਦ ਬਣਾ ਦਿੱਤਾ। ਬਾਬਾ ਬੁੱਢਾ ਤੋਂ ਗੁਰਿਆਈ ਦਾ ਤਿਲਕ ਲਗਵਾ, ਉਨ੍ਹਾਂ ਆਪ ਗੁਰੂ-ਜੋਤਿ ਨੂੰ ਮੱਥਾ ਟੇਕਿਆ। ਅੰਗਦ ਦੇਵ ਨੂੰ ਗੱਦੀ ਮਿਲਣ 'ਤੇ ਵਿਰੋਧ ਹੋਇਆ ਤਾਂ ਉਹ ਕਰਤਾਰਪੁਰ ਛੱਡ ਕੇ ਖਡੂਰ ਵੱਲ ਚਲੇ ਗਏ ਪਰ ਗੁਰੂ ਨਾ ਖਡੂਰ ਪੁੱਜੇ ਤੇ ਨਾ ਹੀ ਕਿਸੇ ਨੂੰ ਪਤਾ ਚਲਿਆ ਕਿ ਗੁਰੂ ਕਿਥੇ ਲੋਪ ਹੋ ਗਏ ਹਨ। 'ਸੂਰਜ ਪ੍ਰਕਾਸ਼' ਦੇ ਲਿਖਾਰੀ ਅਨੁਸਾਰ ਕੋਈ ਛੇ ਮਹੀਨੇ ਸੰਗਤਾਂ ਨੂੰ ਗੁਰੂ ਦੇ ਦਰਸ਼ਨ ਨਾ ਹੋਏ ਤਾਂ ਸਭ ਬਾਬਾ ਬੁੱਢਾ ਪਾਸ ਆਏ। ਬਾਬੇ ਨੂੰ ਵਰ ਸੀ ਕਿ "ਤੈਥੋਂ ਕਦੇ ਓਹਲੇ ਨਾ ਹੋਸਾਂ", ਉਹ ਸਿੱਧੇ ਖਡੂਰ ਨੇੜੇ ਸੰਘਰ ਆਏ। ਉਥੇ ਮਾਤਾ ਵਿਗਈ ਨੂੰ ਮਿਲੇ। 'ਮਹਿਮਾ ਪ੍ਰਕਾਸ਼' ਵਿਚ ਲਿਖਿਆ ਹੈ ਕਿ ਮਾਤਾ ਵਿਗਈ ਨੂੰ ਆਗਿਆ ਕੀਤੀ ਹੋਈ ਸੀ ਕਿ "ਕੋਠੜੀ ਦਾ ਦਰਵਾਜ਼ਾ ਮੁੰਦ ਕੇ ਕੋਠੜੀ ਕੋ ਲੇਪ ਛਡਣਾ। ਜੋ ਸਾਡੀ ਖ਼ਬਰ ਪੁੱਛੇ ਤਾਂ ਦੱਸਣਾ ਨਹੀਂ।"

ਬਾਬਾ ਬੁੱਢਾ ਨੇ ਦਰਵਾਜ਼ਾ ਖੋਲਿਆ ਤੇ ਸਿੱਖ ਵਾੜੀ ਦੀ ਦੇਖ-ਭਾਲ ਤੇ ਸੰਭਾਲ ਕਰਨ ਲਈ ਬੇਨਤੀ ਕੀਤੀ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਗੁਰ ਸੰਗਤ ਨਵ ਜਨਮੇ ਬੂਟੇ ਉਤੇ ਹੱਲੇ ਕਰ ਰਹੀ ਹੈ, ਸੰਨਿਆਸੀ ਇਕੱਠੇ ਹੋ ਗਏ ਹਨ। ਇਸ ਸਮੇਂ ਅਗਵਾਈ ਦੀ ਲੋੜ ਹੈ। ਗੁਰੂ ਅੰਗਦ ਨੇ ਬੇਨਤੀ ਸਵੀਕਾਰ ਕੀਤੀ ਅਤੇ ਅਜਿਹੇ ਉਪਰਾਲੇ ਕੀਤੇ ਕਿ ਸਿੱਖੀ ਦੀ ਮਹਿਕ ਸਾਰੇ ਮਾਝੇ 'ਚ ਫੈਲ ਗਈ। ਬਾਬਾ ਬੁੱਢਾ ਇਲਾਕੇ ਵਿਚ ਵਿਚਰੇ ਤੇ ਖਡੂਰ ਸਾਹਿਬ ਦਾ ਕੇਂਦਰ ਮਜ਼ਬੂਤ ਕੀਤਾ ਤੇ ਮਾਤਾ ਖੀਵੀ ਨਾਲ ਮਿਲ ਕੇ ਲੰਗਰ ਦੀ ਸੰਭਾਲ ਕਰਦੇ ਰਹੇ।

ਗੁਰੂ ਅੰਗਦ ਨੇ ਆਪਣਾ ਸਮਾਂ ਨੇੜੇ ਜਾਣ ਗੁਰੂ ਗੱਦੀ ਅਮਰ ਦਾਸ ਨੂੰ ਸੌਂਪੀ ਤੇ ਆਪ 29 ਮਾਰਚ ਸੰਨ 1552 ਨੂੰ ਜੋਤੀ ਜੋਤਿ ਸਮਾ ਗਏ। ਪੁੱਤਰਾਂ ਨੇ ਆਪਣੇ ਹੱਕ ਜਤਾਏ ਪਰ ਗੁਰੂ ਅੰਗਦ ਨੇ ਇਹ ਆਖ ਕੇ 'ਪੰਡ ਉਠਾਉਣ ਜੋਗ ਮੈ ਇਹ ਹੀ ਡਿਠਾ' ਕਹਿ ਕੇ ਗੱਲ ਮੁਕਾ ਦਿੱਤੀ। ਆਪਣੇ ਹੱਥੀਂ ਗੁਰੂ ਅਮਰ ਦਾਸ ਨੂੰ ਤਖ਼ਤ 'ਤੇ ਬਿਠਾ ਕੇ ਮੱਥਾ ਟੇਕਿਆ ਤੇ ਸ਼ਬਦ ਖ਼ਜ਼ਾਨਾ ਬਖ਼ਸ਼ ਦਿੱਤਾ। ਬਾਬਾ ਬੁੱਢਾ ਨੂੰ ਤਿਲਕ ਲਗਾਉਣ ਦੀ ਆਗਿਆ ਦਿੱਤੀ। ਦਾਤੂ ਤੇ ਦਾਸੂ ਨੇ ਵਿਰੋਧ ਕੀਤਾ ਅਤੇ ਆਪ ਗੋਇੰਦਵਾਲ ਚਲੇ ਗਏ ਪਰ ਉਥੇ ਵੀ ਇਕ ਦਿਨ ਭਰੇ ਦਰਬਾਰ ਵਿਚ ਦਾਤੂ ਨੇ ਗੁਰੂ ਅਮਰਦਾਸ ਨੂੰ ਲੱਤ ਕੱਢ ਮਾਰੀ ਪਰ ਨਿਮਰਤਾ ਤੇ ਸ਼ਾਂਤੀ ਦੇ ਪੁੰਜ ਨੇ ਚਰਨ ਫੜ ਲਏ ਤੇ ਘੁੱਟਣ ਲੱਗੇ ਤੇ ਮੁੱਖੋਂ ਫਰਮਾਇਆ, 'ਆਪ ਦੇ ਚਰਨ ਕੋਮਲ, ਮੇਰੇ ਹੱਡ ਕਰੜੇ।' ਦੂਜੇ ਦਿਨ ਗੋਇੰਦਵਾਲ ਛੱਡ ਬਾਸਰਕੇ ਚਲੇ ਗਏ।

ਸੰਗਤਾਂ ਨੂੰ ਜਦ ਗੁਰੂ ਪਾਤਸ਼ਾਹ ਦੇ ਦਰਸ਼ਨ ਨਾ ਹੋਏ ਤਾਂ ਸੰਗਤਾਂ ਵਿਆਕੁਲ ਹੋ ਗਈਆਂ। ਡਾਵਾਂ-ਡੋਲ ਸੰਗਤਾਂ ਦਾ ਧਿਆਨ ਮੁੜ ਬਾਬਾ ਬੁੱਢਾ ਵੱਲ ਗਿਆ। ਬਾਬਾ ਬੁੱਢਾ ਨੇ ਵਿਉਂਤ ਬਣਾਈ। ਗੁਰੂ ਦੀ ਘੋੜੀ ਅੱਗੇ ਲਾ, ਪਿੱਛੇ ਨੂੰ ਤੁਰ ਪਏ। ਘੋੜੀ ਬਾਸਰਕੇ ਜਾ ਕੇ ਇਕ ਕੋਠੇ ਅੱਗੇ ਰੁਕੀ। ਉਸ ਦੇ ਦਰਵਾਜ਼ੇ ਅੱਗੇ ਪਾਤਸ਼ਾਹ ਦੇ ਹੱਥਾਂ ਦਾ ਲਿਖਿਆ ਸੀ, "ਜੇ ਕੋਈ ਇਹ ਦਰ ਖੋਲ੍ਹੇਗਾ, ਉਹ ਸਾਡਾ ਸਿੱਖ ਨਹੀਂ ਹੋਵੇਗਾ ਤੇ ਅਸੀਂ ਉਸ ਦੇ ਗੁਰੂ ਨਹੀਂ ਰਹਾਂਗੇ।" ਸੰਗਤ ਤਾਂ ਇਹ ਪੜ੍ਹ ਕੇ ਹੋਰ ਘਾਬਰ ਗਈ ਪਰ ਬਾਬਾ ਬੁੱਢਾ ਮੁਸਕਰਾ ਪਏ ਤੇ ਰਮਜ਼ ਸਮਝ ਗਏ। ਉਨ੍ਹਾਂ ਪਿਛਲੇ ਪਾਸਿਉਂ ਪੱਛਮ ਵਿਚ ਸੰਨ੍ਹ ਮਾਰੀ ਤੇ ਉਸੇ ਮਘੋਰੇ ਵਿਚੋਂ ਸਭ ਤੋਂ ਪਹਿਲਾਂ ਕੋਠੇ ਅੰਦਰ ਚਲੇ ਗਏ। ਗੁਰੂ ਸਾਹਿਬ ਬਾਬਾ ਬੁੱਢਾ ਨੂੰ ਵੇਖ ਕੇ ਮੁਸਕਰਾ ਪਏ। ਬਾਬਾ ਬੁੱਢਾ ਨੇ ਗੁਰੂ ਦੇ ਚਰਨ ਛੋਹੇ ਅਤੇ ਰਮਜ਼ ਖੋਲ੍ਹ ਦਿੱਤੀ ਕਿ ਅਸਾਂ ਆਪ ਦਾ ਹੁਕਮ ਮੰਨਿਆ ਹੈ ਤੇ ਦਰਵਾਜ਼ਾ ਨਹੀਂ ਖੋਲ੍ਹਿਆ। ਸੰਗਤਾਂ ਨੇ ਉਚੀ ਆਖਿਆ,

ਧੰਨ ਭਾਈ ਬੁੱਢਾ, ਜਿਨ ਗੁਰੂ ਲੱਧਾ।

ਉਥੇ ਹੁਣ ਗੁਰਦੁਆਰਾ ਬਣਿਆ ਹੋਇਆ ਹੈ ਜੋ ਸੰਨ੍ਹ ਸਾਹਿਬ ਨਾਂ ਨਾਲ ਪ੍ਰਸਿੱਧ ਹੈ। ਕੋਠੇ ਦਾ ਦਰਵਾਜ਼ਾ ਪੱਛਮ ਵੱਲ ਹੈ ਤੇ ਸੰਨ੍ਹ ਪੂਰਵ ਦਿਸ਼ਾ ਵੱਲ ਹੈ। ਅੰਦਰ ਮੰਜੀ ਸਾਹਿਬ ਹੈ। ਗੁਰੂ ਗ੍ਰੰਥ ਸਾਹਿਬ ਦਾ ਨਿਤ ਪ੍ਰਕਾਸ਼ ਹੁੰਦਾ ਹੈ, ਪੁਜਾਰੀ ਨਿਰਮਲੇ ਸਿੰਘ ਹਨ। ਗੁਰੂ ਅਮਰ ਦਾਸ ਨੇ ਜਦ ਵੇਖਿਆ ਕਿ ਸੁੱਚ-ਭਿੱਟ, ਊਚ-ਨੀਚ ਤੇ ਛੂਤ-ਛਾਤ ਕਾਰਨ ਮਨੁੱਖ, ਮਨੁੱਖ ਤੋਂ ਘਿਰਣਾ ਕਰਦਾ ਹੈ ਤਾਂ ਉਨ੍ਹਾਂ ਉਸ ਦੇ ਸਦੀਵੀ ਹੱਲ ਲਈ ਬਾਉਲੀ ਬਣਾਉਣੀ ਚਾਹੀ ਜਿਥੇ ਹਰ ਧਰਮ, ਹਰ ਜਾਤ, ਹਰ ਇਲਾਕੇ ਦਾ ਮਨੁੱਖ ਇਸ਼ਨਾਨ ਕਰੇ, ਵਿਤਕਰਿਆਂ ਰੂਪੀ ਚੌਰਾਸੀ ਤੋਂ ਮੁਕਤ ਹੋ ਸਕੇ। ਗੁਰੂ ਸਾਹਿਬ ਨੇ 1552 ਈ. ਵਿਚ ਬਾਬਾ ਬੁੱਢਾ ਪਾਸੋਂ ਬਾਉਲੀ ਦਾ ਟੱਕ ਲਗਵਾਇਆ। ਇਸ ਪਵਿੱਤਰ ਕਾਰਜ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਵੀ ਬਾਬਾ ਬੁੱਢਾ ਜੀ ਨੂੰ ਸੌਂਪ ਦਿੱਤੀ। ਛੇ ਸਾਲ ਬਾਉਲੀ ਸਾਹਿਬ ਦੀ ਸਮਾਪਤੀ ਵਿਚ ਲੱਗੇ।

ਗੁਰੂ ਅਮਰ ਦਾਸ ਨੇ ਸਿੱਖੀ ਦੇ ਪ੍ਰਚਾਰ ਖੇਤਰ ਵਧਾਉਣ ਤੇ ਨਿਯਮਬੱਧ ਕਰਨ ਹਿਤ 22 ਮੰਜੀਆਂ ਦੀ ਸਥਾਪਨਾ ਕੀਤੀ। ਇਸ ਮੰਜੀ ਪ੍ਰਥਾ ਦੇ ਮੁੱਖ ਪ੍ਰਬੰਧਕ ਬਾਬਾ ਬੁੱਢਾ ਜੀ ਹੀ ਸਨ।


ਚੌਥੇ ਗੁਰੂ ਰਾਮਦਾਸ ਜਦ ਗੁਰਗੱਦੀ 'ਤੇ ਬੈਠੇ ਤਾਂ ਉਨ੍ਹਾਂ ਨੂੰ ਤਿਲਕ ਵੀ ਬਾਬਾ ਬੁੱਢਾ ਨੇ ਹੀ ਲਾਇਆ ਸੀ। ਤੀਜੇ ਗੁਰੂ ਦਾ ਸੰਸਕਾਰ ਵੀ ਉਨ੍ਹਾਂ ਆਪਣੇ ਹੱਥੀਂ ਕੀਤਾ। ਗੁਰੂ ਰਾਮਦਾਸ ਨੇ ਜਦੋਂ ਅੰਮ੍ਰਿਤਸਰ ਨਗਰ ਦੀ ਸਥਾਪਨਾ ਕੀਤੀ ਤਾਂ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਬਾਬਾ ਬੁੱਢਾ ਦੇ ਹੱਥਾਂ ਨਾਲ ਅਰੰਭ ਕਰਵਾਈ। ਅੰਮ੍ਰਿਤਸਰ ਸਰੋਵਰ ਦੇ ਨਿਰਮਾਣ ਦੀ ਜ਼ਿੰਮੇਵਾਰੀ ਵੀ ਬਾਬਾ ਬੁੱਢਾ ਨੂੰ ਸੌਂਪੀ ਗਈ। ਉਹ ਪਰਿਕਰਮਾ ਵਿਚ ਬੇਰੀ ਹੇਠ ਬੈਠ ਕੰਮ ਦੀ ਦੇਖ-ਭਾਲ ਕਰਦੇ ਸਨ। ਉਹ ਬੇਰੀ ਅੱਜ ਵੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਮੌਜੂਦ ਹੈ ਜੋ ਬਾਬਾ ਬੁੱਢਾ ਦੇ ਨਾਂ ਨਾਲ ਪ੍ਰਸਿੱਧ ਹੈ।



*ਬੇਰੀ ਬਾਬਾ ਬੁੱਢਾ ਜੀ ਜੋ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਮੌਜੂਦ ਹੈ।*

ਸ੍ਰੀ ਗੁਰੂ ਅਰਜਨ ਦੇਵ ਸੰਨ 1581 ਈ. ਵਿਚ ਗੁਰਗੱਦੀ 'ਤੇ ਬੈਠੇ ਤਾਂ ਰੀਤੀ ਅਨੁਸਾਰ ਤਿਲਕ ਇਕ ਵਾਰ ਫਿਰ ਬਾਬਾ ਬੁੱਢਾ ਨੇ ਲਗਾਇਆ। ਗੁਰੂ ਅਰਜਨ ਦੇਵ ਦੇ ਹਿਰਦੇ ਵਿਚ ਬਾਬਾ ਬੁੱਢਾ ਲਈ ਇੰਨਾ ਸਤਿਕਾਰ ਸੀ ਕਿ ਜਦੋਂ ਮਾਤਾ ਗੰਗਾ ਨੇ ਪਤੀ ਤੋਂ ਪੁੱਤਰ-ਯਾਚਨਾ ਕੀਤੀ ਤਾਂ ਪਤੀ ਨੇ ਪੁੱਤਰ ਵਰਗਾ ਮਿੱਠਾ ਮੇਵਾ ਸੰਤਾਂ ਦੀ ਸੇਵਾ ਵਿਚ ਪ੍ਰਾਪਤ ਕਰਨ ਦਾ ਆਦੇਸ਼ ਕੀਤਾ। ਜਦ ਗੰਗਾ ਸ਼ਾਹੀ ਠਾਠ-ਬਾਠ ਨਾਲ ਰੱਥਾਂ ਉਤੇ ਸਵਾਰ ਹੋ ਕੇ ਬੀੜ ਸਾਹਿਬ ਪੁੱਜੇ ਅਤੇ ਬਾਬਾ ਬੁੱਢਾ ਵੱਲੋਂ ਕਿਸੇ ਵੀ ਅਸ਼ੀਰਵਾਦ ਦਾ ਇਸ਼ਾਰਾ ਨਾ ਮਿਲਿਆ ਤਾਂ ਘਰ ਪੁੱਜ ਕੇ ਗੁਰੂ ਅਰਜਨ ਦੇਵ ਨੂੰ ਸਾਰੀ ਗੱਲ ਦੱਸੀ। ਅੱਗਿਉਂ ਗੁਰੂ ਨੇ ਕਿਹਾ, "ਗੰਗਾ ਗੁਰੂ ਘਰ ਵਿਚ ਰਹਿੰਦਿਆਂ ਤੁਹਾਨੂੰ ਇੰਨਾ ਪਤਾ ਨਹੀਂ ਲੱਗਾ ਕਿ ਸੰਤਾਂ ਦੀ ਸੇਵਾ ਵਿਚ ਮਾਣ ਨਾਲ ਨਹੀਂ, ਨਿਮਰਤਾ ਨਾਲ ਜਾਈਦਾ ਹੈ। ਫਿਰ ਆਪਣੀ ਪਤਨੀ ਨੂੰ ਆਪਣੇ ਹੱਥੀਂ ਪੀਹਣ, ਪਕਾਉਣ, ਪੈਦਲ ਤੁਰ ਕੇ ਜਾਣ ਦੀ ਸਲਾਹ ਦਿੱਤੀ। ਇਸ ਗੱਲ ਦਾ ਉਲੇਖ ਮਿਲਦਾ ਹੈ ਕਿ ਗੁਰੂ ਹਰਿਗੋਬਿੰਦ ਦੇ ਜਨਮ ਸਮੇਂ ਬਾਬਾ ਬੁੱਢਾ, ਭਾਈ ਗੁਰਦਾਸ ਨੂੰ ਨਾਲ ਲੈ ਕੇ ਵਧਾਈ ਦੇਣ ਲਈ ਆਪ ਪੁੱਜੇ ਸਨ। ਗੁਰੂ ਹਰਿਗੋਬਿੰਦ ਜੀ ਨੂੰ ਵਿਦਿਆ ਦੇਣ ਦੇ ਕੰਮ ਦੀ ਜ਼ਿੰਮੇਵਾਰੀ ਵੀ ਬਾਬਾ ਬੁੱਢਾ ਨੂੰ ਸੌਂਪੀ ਗਈ।

ਗੁਰੂ ਅਰਜਨ ਦੇਵ ਦੀ ਗੱਦੀ-ਨਸ਼ੀਨੀ ਸਮੇਂ ਵੀ ਉਨ੍ਹਾਂ ਦੇ ਵੱਡੇ ਭਾਈ ਬਾਬਾ ਪ੍ਰਿਥੀ ਚੰਦ ਨੇ ਬਹੁਤ ਬੁਰਾ ਮਨਾਇਆ। ਪਿਤਾ ਗੁਰੂ ਰਾਮਦਾਸ ਨੂੰ ਵੀ ਬੜਾ ਦੁਖੀ ਕੀਤਾ। ਭਾਈ ਗੁਰਦਾਸ ਦੇ ਸਮਝਾਉਣ ਦਾ ਵੀ ਕੋਈ ਫਰਕ ਨਾ ਪਿਆ। ਇਥੋਂ ਤੱਕ ਕਿ ਭਾਈ ਗੁਰਦਾਸ ਨੇ 'ਮੀਣਾ' ਤਕ ਦਾ ਸ਼ਬਦ ਪਰਤਿਆ। ਗੁਰੂ ਹਰਗੋਬਿੰਦ ਸਾਹਿਬ ਦੇ ਜਨਮ 'ਤੇ ਪ੍ਰਿਥੀ ਚੰਦ ਨੂੰ ਬਹੁਤ ਦੁੱਖ ਹੋਇਆ। ਅਰੰਭ ਵਿਚ ਉਸ ਨੂੰ ਉਮੀਦ ਸੀ ਕਿ ਸ਼ਾਇਦ ਉਨ੍ਹਾਂ ਦੇ ਬੇਟੇ ਮਨੋਹਰ ਦਾਸ ਮਿਹਰਬਾਨ ਨੂੰ ਗੱਦੀ ਮਿਲ ਜਾਏ ਕਿਉਂ ਜੋ ਮਿਹਰਬਾਨ ਵੀ ਗੁਰੂ ਅਰਜਨ ਦੇਵ ਦੇ ਬੜਾ ਨੇੜੇ ਸਨ। ਚੰਗੇ ਕੀਰਤਨੀਏ ਤੇ ਬਾਣੀ ਦੇ ਰਸੀਆ ਸਨ ਤੇ ਗੁਰੂ ਅਰਜਨ ਦੇਵ ਵੀ ਇਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ ਪਰ ਹਰਿਗੋਬਿੰਦ ਸਾਹਿਬ ਦੇ ਜਨਮ ਨੇ ਇਨ੍ਹਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ।



***ਚਿੱਤਰਕਾਰ ਦੀਆਂ ਨਜ਼ਰਾਂ ਵਿਚ ਬਾਬਾ ਬੁੱਢਾ ਜੀ ਅਤੇ ਮਾਤਾ ਗੰਗਾ ਜੀ ਜੋ ਉਨ੍ਹਾਂ ਨੂੰ ਭੋਜਨ ਛਕਾ ਰਹੇ ਹਨ।***

ਪ੍ਰਿਥੀ ਚੰਦ ਨੇ ਜਦ ਇਹ ਡਿੱਠਾ ਕਿ ਮਿਹਰਬਾਨ ਦੀ ਗੱਲ ਹੁਣ ਨਹੀਂ ਬਣਨੀ ਤਾਂ ਉਸ ਨੇ ਬਾਲਕ ਗੁਰੂ ਹਰਿਗੋਬਿੰਦ 'ਤੇ ਮਾਰੂ ਵਾਰ ਕਰਨੇ ਸ਼ੁਰੂ ਕਰ ਦਿੱਤੇ। ਵਾਹਿਗੁਰੂ ਦੀ ਮਿਹਰ ਸਦਕਾ ਉਸ ਦੇ ਸਾਰੇ ਵਾਰ ਖਾਲੀ ਗਏ। ਗੁਰੂ ਅਰਜਨ ਦੇਵ ਬਾਲਕ "ਗੁਰੂ" ਨੂੰ ਅੰਮ੍ਰਿਤਸਰ ਲੈ ਆਏ। ਜਦ ਉਹ ਪੰਜ ਸਾਲ ਦੇ ਹੋਏ ਤਾਂ ਅੱਖਰੀ ਵਿੱਦਿਆ ਦਾ ਕਾਰਜ ਬਾਬਾ ਦੇ ਸਪੁਰਦ ਕੀਤਾ ਗਿਆ। ਉਹ ਘੋੜ ਸਵਾਰੀ ਵਿਚ ਅਜਿਹੇ ਤਾਕ ਹੋ ਗਏ ਕਿ ਕੋਈ ਉਨ੍ਹਾਂ ਨਾਲ ਘੋੜ ਸਵਾਰੀ ਵਿਚ ਮੁਕਾਬਲਾ ਨਾ ਕਰ ਸਕਦਾ। ਪ੍ਰਿਥੀ ਚੰਦ ਆਪਣੇ ਮੰਤਵ ਵਿਚ ਕਾਮਯਾਬੀ ਮਿਲਦੀ ਨਾ ਵੇਖ ਕੇ 'ਹੇਹਠੀ' ਤੁਰ ਗਏ ਤੇ ਉਥੇ ਆਪਣਾ ਵੱਖ 'ਹਰਿਮੰਦਰ' ਉਸਾਰ ਲਿਆ ਤੇ ਛੋਟੀਆਂ ਸਾਜ਼ਿਸ਼ਾਂ ਤੋਂ ਬਾਅਦ ਵੱਡੀਆਂ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ।

ਪਹਿਲਾਂ ਬੀਰਬਲ ਰਾਹੀਂ, ਫੇਰ ਸੁਲਹੀ ਖਾਨ ਤੇ ਸੁੱਲਭੀ ਖਾਨ ਨਾਲ ਮਿਲ ਕੇ ਹੱਲੇ ਕਰਾਉਣੇ ਚਾਹੇ ਪਰ ਕਿਸੇ ਪਾਸੇ ਵੀ ਕਾਮਯਾਬੀ ਹਾਸਲ ਨਾ ਹੋਈ। ਆਖਿਰ ਅਕਬਰ ਪਾਸ ਸ਼ਿਕਾਇਤ ਕੀਤੀ ਗਈ ਕਿ ਗੁਰੂ ਅਰਜਨ ਅਜਿਹਾ ਗ੍ਰੰਥ ਤਿਆਰ ਕਰ ਰਹੇ ਹਨ ਜਿਸ ਵਿਚ ਹਿੰਦੂਆਂ, ਮੁਸਲਮਾਨਾਂ ਵਿਰੁਧ ਲਿਖਿਆ ਹੋਇਆ ਹੈ। ਅਕਬਰ ਨੇ ਗੁਰੂ ਅਰਜਨ ਦੇਵ ਨੂੰ ਬਟਾਲਾ ਬੁਲਾ ਭੇਜਿਆ। ਅਕਬਰ 1598 ਈ. 'ਚ ਗੁਰੂ ਅਰਜਨ ਦੇਵ ਨੂੰ ਗੋਇੰਦਵਾਲ ਮਿਲ ਕੇ ਭਾਵੇਂ ਸ਼ਲਾਘਾ ਕਰ ਚੁੱਕਾ ਸੀ ਪਰ ਸ਼ਿਕਾਇਤ ਦੀ ਨਵਿਰਤੀ ਜ਼ਰੂਰੀ ਸੀ। ਗੁਰੂ ਜੀ ਨੇ ਭਾਈ ਬੁੱਢਾ ਤੇ ਭਾਈ ਗੁਰਦਾਸ ਨੂੰ ਭੇਜਿਆ। ਅਕਬਰ ਬਾਦਸ਼ਾਹ ਨੇ ਦੋਵੇਂ ਪੱਖ ਸੁਣਨ ਉਪਰੰਤ (ਗੁਰੂ) ਗ੍ਰੰਥ ਸਾਹਿਬ ਨੂੰ ਤਾਜ਼ੀਮ ਦੇ ਲਾਇਕ ਪੁਸਤਕ ਆਖ ਕੇ ਸਿਰ ਨਿਵਾਇਆ ਤੇ ਮੁਹਰਾਂ ਭੇਟ ਕੀਤੀਆਂ ਅਤੇ ਸਤਿਕਾਰ ਨਾਲ ਵਿਦਾ ਕੀਤਾ।

ਗੁਰੂ ਅਰਜਨ ਦੇਵ ਨੇ ਸਮੁੱਚੀ ਮਾਨਵਤਾ ਦੇ ਉਦਾਰ ਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਤਿਆਰ ਕੀਤਾ। ਕਾਫ਼ੀ ਸੋਚ ਵਿਚਾਰ ਕਰਕੇ ਗੁਰੂ ਜੀ ਨੇ ਬਾਬਾ ਬੁੱਢਾ ਨੂੰ ਮੁੱਖ ਗ੍ਰੰਥੀ ਦੀ ਸੇਵਾ ਸੌਂਪਣ ਦਾ ਫੈਸਲਾ ਲਿਆ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿਚ,

ਕਰਤ ਵਿਚਾਰ ਇਹ ਠਹੁਰਾਈ।
ਬੁੱਢਾ ਸੇਵਾ ਨਿਪੁਨਾਈ।
ਗੁਰੂ ਨਾਨਕ ਇਨ ਦਰਸ਼ਨ ਕਰੇ।
ਸੇਵਾ ਮੈਂ ਅਤਿ ਹਿਤ ਇਹ ਧਰੇ।

ਜਦ ਪਾਵਨ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਤਾਂ ਮੁੱਖ ਗ੍ਰੰਥੀ ਬਾਬਾ ਬੁੱਢਾ ਨੂੰ ਨੀਯਤ ਕੀਤਾ ਗਿਆ ਅਤੇ ਬਾਬਾ ਬੁੱਢਾ ਨੇ ਪਹਿਲਾ ਵਾਕ ਸੰਗਤਾਂ ਨੂੰ ਸਰਵਣ ਕਰਵਾਇਆ। ਜਦ ਵਾਕ ਦੇ ਸ਼ਬਦ ਉਨ੍ਹਾਂ ਦੇ ਮੁੱਖ ਤੋਂ ਨਿਕਲੇ ਤਾਂ ਸਾਰਿਆਂ ਦੇ ਨੇਤਰਾਂ ਵਿਚ ਸ਼ੁਕਰਾਨੇ ਦਾ ਜਲ ਭਰ ਆਇਆ। ਪਹਿਲਾ ਵਾਕ ਸੀ,

ਮਹਲਾ 5
ਵਿਚਿ ਕਰਤਾ ਪੁਰਖੁ ਖਲੋਆ॥
ਵਾਲੁ ਨ ਵਿੰਗਾ ਹੋਆ॥
...
ਬਾਬਾ ਨਾਨਕ ਪ੍ਰਭ ਸਰਣਾਈ॥
ਸਭ ਚਿੰਤਾ ਗਣਤ ਮਿਟਾਈ॥

ਸੱਚਮੁੱਚ ਕੌਮ ਦੀਆਂ ਚਿੰਤਾਵਾਂ ਗੁਰੂ ਅਰਜਨ ਦੇਵ ਨੇ ਮਿਟਾ ਦਿੱਤੀਆਂ ਸਨ। ਜਿਸ ਕੌਮ ਕੋਲ ਕੇਂਦਰ, ਗ੍ਰੰਥ ਤੇ ਨਾਮ ਸ਼ਕਤੀ ਸੀ, ਉਸ ਨੂੰ ਹੁਣ ਕੋਈ ਤਾਕਤ ਉਖਾੜ ਨਹੀਂ ਸਕਦੀ ਸੀ।

ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਪਿੱਛੋਂ ਗੁਰੂ ਹੁਕਮ ਅਨੁਸਾਰ ਬਾਬਾ ਬੁੱਢਾ ਨੇ ਗੁਰੂ ਹਰਿਗੋਬਿੰਦ ਨੂੰ ਗੁਰਿਆਈ ਦਾ ਤਿਲਕ ਦਿੱਤਾ ਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ ਤਾਂ ਜੋ ਜ਼ਾਲਮ ਤੇ ਜਾਬਰ ਹਕੂਮਤ ਦੀਆਂ ਵਧੀਕੀਆਂ ਦਾ ਮੁਕਾਬਲਾ ਕੀਤਾ ਜਾ ਸਕੇ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸ਼ਹੀਦ ਗੁਰੂ ਪਿਤਾ ਦੀ ਇੱਛਾ ਅਨੁਸਾਰ ਹਰ ਤਰ੍ਹਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਬਾਬਾ ਬੁੱਢਾ ਤੋਂ ਰਖਵਾਈ ਗਈ। ਗੁਰੂ ਹਰਿਗੋਬਿੰਦ ਸਾਹਿਬ ਨੇ ਇਤਨੀ ਇਹਤਿਆਤ ਵਰਤੀ ਕਿ ਕਿਸੇ ਮਿਸਤਰੀ ਦਾ ਹੱਥ ਨਾ ਲਗੇ। ਤਖਤ ਅਕਾਲ ਦਾ ਹੈ, ਇਸ ਦੀ ਉਸਾਰੀ ਕਰਨ ਵਾਲੇ ਵੀ ਅਕਾਲ ਦੇ ਸਹੀ ਪੁਰਖ ਹੋਣੇ ਚਾਹੀਦੇ ਹਨ। ਗੁਰੂ ਹਰਿਗੋਬਿੰਦ ਗਾਰਾ ਲਿਆਂਦੇ, ਬਾਬਾ ਬੁੱਢਾ ਇੱਟਾਂ ਫੜਾਉਂਦੇ ਤੇ ਭਾਈ ਗੁਰਦਾਸ ਉਸਾਰੀ ਕਰੀ ਜਾਂਦੇ। ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ,

ਕਿਸੀ ਰਾਜ ਨਹਿ ਹਾਥ ਲਗਾਯੋ,
ਬੁੱਢਾ ਔ ਗੁਰਦਾਸ ਬਨਾਯੋ।

ਅਕਾਲ ਤਖਤ ਦੀ ਉਚਾਈ ਜਾਣ ਬੁੱਝ ਕੇ ਇਕ ਨੇਜ਼ਾ ਉਚੀ 12 ਫੁੱਟ ਰੱਖੀ ਗਈ। ਅੰਮ੍ਰਿਤਸਰ ਨੂੰ ਪਨਾਹ ਬਣਾ ਦਿੱਤਾ ਤੇ ਚਾਰੇ ਪਾਸੇ ਇਹ ਫਰਮਾਨ ਘੱਲ ਦਿੱਤੇ ਕਿ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ, ਅੱਛਾ ਘੋੜਾ ਤੇ ਉਠਦੀ ਜਵਾਨੀ ਹੈ। ਕੁਝ ਲੋਕਾਂ ਕਿੰਤੂ ਕੀਤੇ ਪਰ ਬਾਬਾ ਬੁੱਢਾ ਜੀ ਨੇ ਭਾਈ ਗੁਰਦਾਸ ਨਾਲ ਰਲ ਕੇ ਮੂੰਹ-ਤੋੜ ਉਤਰ ਦਿੱਤਾ। ਇਸ ਸਭ ਦਾ ਸਿੱਟਾ ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫ਼ਤਾਰੀ ਵਿਚ ਨਿਕਲਿਆ। ਗੁਰੂ ਜੀ ਨੂੰ ਗਵਾਲੀਅਰ ਕਿਲ੍ਹੇ ਭੇਜ ਦਿੱਤਾ ਗਿਆ। ਇਕ ਸੌ ਤਿੰਨ ਸਾਲਾਂ ਦੇ ਹੋਣ ਦੇ ਬਾਵਜੂਦ ਬਾਬਾ ਬੁੱਢਾ ਟਿਕ ਕੇ ਨਹੀਂ ਬੈਠੇ। ਗੁਰੂ ਦੀ ਯਾਦ ਰੱਖਣ ਲਈ ਉਨ੍ਹਾਂ ਚੌਕੀਆਂ ਦੀ ਰੀਤੀ ਚਲਾਈ। ਮੁਸਲਮਾਨ ਸਮਕਾਲੀ ਇਤਿਹਾਸਕਾਰ ਹਸਨ

*(ਬਾਕੀ ਸਫਾ 33 'ਤੇ)*

# ਕੁੜੀਆਂ

**ਸਰਘੀ ਨੇ ਆਪਣੀ ਇਸ ਕਹਾਣੀ 'ਕੁੜੀਆਂ' ਵਿਚ ਆਪਣੇ ਨਾਂ ਵਰਗੀ ਹੀ ਬਾਤ ਪਾਈ ਹੈ ਅਤੇ ਕੁੜੀਆਂ ਦੇ ਦਰਦ ਨੂੰ ਆਪਣੇ ਸ਼ਬਦਾਂ ਰਾਹੀਂ ਜ਼ੁਬਾਨ ਦਿੱਤੀ ਹੈ। ਕਹਾਣੀ ਸ਼ੁਰੂ ਹੁੰਦੀ ਹੈ ਤਾਂ ਜਾਪਦਾ ਹੈ ਜਿਵੇਂ ਚਾਰੇ ਪਾਸੇ ਹਨੇਰਾ ਛਾਈ ਜਾਂਦਾ ਹੈ; ਕਹਾਣੀ ਮੁੱਕਣ ਵੱਲ ਵਧਦੀ ਹੈ ਤਾਂ ਲਗਦਾ ਹੈ, ਸਰਘੀ ਦਾ ਵੇਲਾ ਦਸਤਕ ਦੇਣ ਲੱਗਾ ਹੈ। ਉਂਝ 'ਕੁੜੀਆਂ' ਕਦੇ ਨਾ ਮੁੱਕਣ ਵਾਲੀ ਕਹਾਣੀ ਹੈ ਅਤੇ ਸਰਘੀ ਨੇ ਜਿਸ ਢੰਗ ਨਾਲ ਇਹ ਕਹਾਣੀ ਸੁਣਾਈ ਹੈ, ਉਹ ਬਰਮੇ ਦੇ ਪੇਚਾਂ ਵਾਂਗ ਜ਼ਿਹਨ ਵਿਚ ਸੁਰਾਖ ਕਰਦੀ ਚਲੀ ਜਾਂਦੀ ਹੈ। -ਸੰਪਾਦਕ**

## ਸਾਡੀ ਸਰਘੀ ਦੀ ਲੋਅ

'ਕੁੜੀਆਂ' ਕਹਾਣੀ ਦੀ ਲੇਖਕਾ ਸਰਘੀ ਰਿਸ਼ਤੇ 'ਚ ਮੇਰੀ ਭਤੀਜੀ ਲਗਦੀ ਹੈ- ਮੇਰੇ ਭਰਾ ਤੇ ਕਹਾਣੀਕਾਰ ਦਲਬੀਰ ਚੇਤਨ ਦੀ ਧੀ। ਪਿੰਡ ਤਾਰਾਗੜ੍ਹ ਤਲਾਣਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਅਖ਼ਬਾਰਾਂ, ਰਸਾਲਿਆਂ ਅਤੇ ਸਾਹਿਤਕ ਕਿਤਾਬਾਂ ਵਾਲੇ ਕਮਰੇ ਵਿਚ ਤੜਕੇ ਇਸ ਧੀ ਦਾ ਜਨਮ ਹੋਇਆ। ਬਾਪ ਨੇ ਸਾਹਿਤ ਦੀ ਗੁੜ੍ਹਤੀ ਦਿੱਤੀ ਅਤੇ ਨਾਂ ਸਰਘੀ ਰੱਖਿਆ। ਮੈਂ ਜਨਮ ਤੋਂ ਹੀ ਉਹਨੂੰ ਸਰਘਾ ਸਿੰਘ ਕਹਿੰਦਾ ਹਾਂ। ਮੇਰੇ ਜਨਮ ਤੋਂ ਬਾਅਦ ਘਰ ਵਿਚ ਜੋ ਨਵੀਂ ਪੀੜ੍ਹੀ ਚੱਲੀ, ਉਸ ਪਹਿਲੀ ਪੀੜ੍ਹੀ 'ਤੇ ਸਰਘੀ ਬਿਰਾਜਮਾਨ ਹੋਈ।

ਦੋ ਸਾਲ ਬਾਅਦ ਦਲਬੀਰ ਦੇ ਘਰ ਪੁੱਤ ਨੇ ਜਨਮ ਲਿਆ। ਨਾਂ ਨਵਚੇਤਨ ਰੱਖਿਆ। ਉਨ੍ਹਾਂ ਦਿਨਾਂ ਵਿਚ ਦਲਬੀਰ ਹਫ਼ਤੇ ਬਾਅਦ ਘਰ ਆਉਂਦਾ ਸੀ। ਮੇਰੀ ਮਾਂ ਬਹੁਤ ਖੁਸ਼ ਸੀ ਕਿ ਉਹ ਪੋਤੇ ਦੀ ਦਾਦੀ ਬਣੀ ਹੈ। ਦਲਬੀਰ ਜਦ ਘਰ ਆਇਆ ਤਾਂ ਰਾਤ ਨੂੰ ਸਾਰਾ ਪਰਿਵਾਰ ਬੈਠਾ ਸੀ। ਮਾਂ ਨੇ ਗੱਲ ਤੋਰੀ- "ਵੇ ਦਲਬੀਰ! ਅਸੀਂ ਤੈਨੂੰ ਹੀ ਉਡੀਕਦੇ ਸਾਂ। ਅੱਜਕੱਲ੍ਹ ਪਤਾਸਿਆਂ ਦਾ ਰਿਵਾਜ਼ ਨਹੀਂ। ਹੁਣ ਪਤਾਸੇ ਵੰਡਦੇ ਚੰਗੇ ਨਹੀਂ ਲਗਦੇ। ਪਿੰਡ ਵਧਾਈਆਂ ਵੀ ਭੇਜਣੀਆਂ ਹਨ... ਕੱਲ੍ਹ ਨੂੰ ਹਲਵਾਈ ਘਰ ਬਿਠਾ ਲਊ, ਮੈਂ ਐਤਕੀਂ ਲੱਡੂ ਵੰਡਣੇ ਆ।" ਦਲਬੀਰ ਮਾਂ ਨੂੰ ਅੰਮਾ ਕਹਿੰਦਾ ਹੁੰਦਾ ਸੀ। ਕਹਿੰਦਾ- "ਅੰਮਾ! ਉਰੇ ਆ ਮੇਰੇ ਲਾਗੇ ਬੈਠ। ਦੋ ਸਾਲ ਪਹਿਲਾਂ ਆਪਣੇ ਘਰ ਸਰਘੀ ਨੇ ਜਨਮ ਲਿਆ ਸੀ। ਉਦੋਂ ਵੀ ਤਾਂ ਤੁਸੀਂ ਦਾਦੀ ਮਾਂ ਬਣੇ ਸੀ।" ਅੰਮਾ ਕਹਿੰਦੀ- "ਹਾਂ!" ਦਲਬੀਰ ਬੋਲਿਆ- "ਸਰਘੀ ਦੇ ਜਨਮ 'ਤੇ ਪਤਾਸੇ ਵੰਡੇ ਸੀ?" ਅੰਮਾ ਕਹਿੰਦੀ- "ਨਹੀਂ।" ਕਹਿੰਦਾ- "ਜੇ ਧੀ ਦੇ ਜਨਮ 'ਤੇ ਪਤਾਸੇ ਨਹੀਂ ਵੰਡੇ, ਤਾਂ ਹੁਣ ਪੁੱਤ ਜੰਮਣ 'ਤੇ ਲੱਡੂ ਕਾਹਦੇ?" ਅੰਮਾ ਕਹਿੰਦੀ- "ਵੇ ਦਲਬੀਰ! ਤੇਰੀਆਂ ਜਹਾਨ ਨਾਲੋਂ ਅਲੋਕਾਰ ਗੱਲਾਂ ਹੁੰਦੀਆਂ! ਕੋਈ ਧੀਆਂ ਦੇ ਪਤਾਸੇ ਲੱਡੂ ਵੀ ਵੰਡਦਾ!!" ਦਲਬੀਰ ਕਹਿੰਦਾ- "ਅੰਮਾ! ਮੈਨੂੰ ਧੀ ਵੀ ਉਦਾਂ ਦੀ, ਤੇ ਪੁੱਤ ਵੀ।" ... ਤੇ ਫਿਰ ਇਸੇ ਤਰ੍ਹਾਂ ਹੋਇਆ।

ਸਰਘੀ ਨੇ ਪੈਂਤੀ ਅੱਖਰ ਪੜ੍ਹਨੇ ਤੇ ਲਿਖਣੇ ਆਪਣੇ ਡੈਡੀ ਦੇ ਦਸਮੇਸ਼ ਪਬਲਿਕ ਸਕੂਲ ਤੋਂ ਸਿੱਖੇ। ਹੌਲੀ-ਹੌਲੀ ਉਹ ਇਨ੍ਹਾਂ ਹੀ ਪੈਂਤੀ ਅੱਖਰਾਂ ਦੀ ਡਾਕਟਰ ਬਣ ਗਈ। ਹੋਸ਼ ਸੰਭਾਲੀ ਤਾਂ ਡੈਡੀ ਦਾ ਡਾਕ ਦਾ ਕੰਮ ਸੰਭਾਲ ਲਿਆ। ਲੇਖਕਾਂ ਦੀ ਚਿੱਠੀਆਂ, ਰਸਾਲੇ ਤੇ ਕਿਤਾਬਾਂ ਦਾ ਆਉਣਾ-ਜਾਣਾ। ਦੂਜੇ ਬੱਚਿਆਂ ਨੇ ਉਹਨੂੰ ਡੈਡੀ ਦਾ ਡਾਕ ਤਾਰ ਵਿਭਾਗ ਮੰਤਰੀ ਕਹਿ ਕੇ ਛੇੜਿਆ ਕਰਨਾ।

ਹੁਣ ਸਰਘੀ ਦੀ ਕਹਾਣੀ 'ਕੁੜੀਆਂ' ਕਾਲਜੇ ਨੂੰ ਧੂਹ ਪਾ ਗਈ। ਇਹ ਸਾਰਾ ਕੁਝ ਸਾਡੇ ਆਲੇ-ਦੁਆਲੇ ਰੋਜ਼ ਵਾਪਰਦਾ ਏ। ਆਪਣੇ ਘਰ ਵਿਚ। ਆਪਣੇ ਰਿਸ਼ਤੇਦਾਰਾਂ ਦੇ ਘਰਾਂ ਵਿਚ। ਸਮਾਜ ਤਾਂ ਬਹੁਤ ਦੂਰ ਦੀ ਗੱਲ ਏ, ਪਰ ਸਮਝ ਸਾਨੂੰ ਫਿਰ ਵੀ ਨਹੀਂ ਆਉਂਦੀ ਤੇ ਨਾ ਹੀ ਅਕਲ! ਵੈਸੇ ਤਾਂ ਅੱਧੀ ਧਰਤੀ ਔਰਤ ਦੀ ਸੀ ਤੇ ਅੱਧੀ ਮਰਦ ਦੀ, ਪਰ ਮਰਦ ਨੇ ਬਹੁਤੀ ਧਰਤੀ ਉਤੇ ਕਬਜ਼ਾ ਕਰੀ ਰੱਖਿਆ। ਜਿਵੇਂ ਸੰਵਿਧਾਨ 'ਚ ਕੁਝ ਸ਼੍ਰੇਣੀਆਂ ਨੂੰ ਗਲੀਂ-ਬਾਤੀਂ ਬੜਾ ਅਹਿਮ ਸਥਾਨ ਦਿੱਤਾ ਜਾਂਦਾ ਹੈ, ਇੰਝ ਹੀ ਔਰਤ ਨੂੰ ਵੀ ਧਰਮ 'ਚ ਇੰਝ ਦਾ ਹੀ ਰੁਤਬਾ ਹਾਸਿਲ ਹੈ। ਹਕੀਕੀ ਤੌਰ 'ਤੇ ਇੰਝ ਦਾ ਕੁਝ ਵੀ ਨਹੀਂ। ਅਸੀਂ ਬੜੇ ਮਾਣ ਨਾਲ ਗੁਰੂ ਨਾਨਕ ਦੇਵ ਦੀ ਬਾਣੀ ਦੀ ਤੁਕ ਦੁਹਰਾਉਂਦੇ ਹਾਂ- ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ॥ ... ਪਰ ਰੋਜ਼ਮਰ੍ਹਾ ਦੀ ਜ਼ਿੰਦਗੀ 'ਚ ਇਸ ਉਤੇ ਅਸੀਂ ਕਿੰਨਾ ਕੁ ਅਮਲ ਕਰਦੇ ਹਾਂ ਭਲਾ?

ਸਰਘੀ ਦੀਆਂ ਕਹਾਣੀਆਂ ਪੜ੍ਹ ਕੇ ਮਨ ਖੁਸ਼ ਹੁੰਦਾ ਏ ਕਿ ਉਹਨੇ ਆਪਣੇ ਡੈਡੀ ਦੀ ਦਵਾਤ ਵਿਚੋਂ ਡੋਬੇ ਲੈ ਕੇ ਸਾਹਿਤ ਲਿਖਣਾ ਸਿੱਖਿਆ ਤੇ ਉਹਦੇ ਤੁਰ ਜਾਣ ਤੋਂ ਬਾਅਦ ਕਲਮ ਸੁੱਕਣ ਨਹੀਂ ਦਿੱਤੀ ਤੇ ਨਾ ਹੀ ਕਲਿਫ ਬੋਰਡ ਤੇ ਖਾਲੀ ਸਫ਼ਿਆਂ ਉਤੇ ਧੂੜ ਹੀ ਜੰਮਣ ਦਿੱਤੀ। ਉਹਦੀਆਂ ਕਹਾਣੀਆਂ 'ਚੋਂ ਦਲਬੀਰ ਦੇ ਨੈਣ-ਨਕਸ਼ ਦਿਖਾਈ ਦਿੰਦੇ ਹਨ ਤੇ ਉਹ ਆਪ ਵੀ ਤੁਰਿਆ ਫਿਰਦਾ ਨਜ਼ਰ ਆਉਂਦਾ ਏ।

ਸਰਘੀ ਨੇ ਪੰਜਾਬੀ ਦੀ ਪੀਐਚ.ਡੀ. ਸ਼ੁਰੂ ਕੀਤੀ ਤਾਂ ਉਹਦੇ ਕੋਲ ਦੋ ਹੌਸਲੇ ਸਨ- ਇਕ ਦਾਦੀ ਮਾਂ ਔਰ ਦੂਜੇ ਡੈਡੀ। ਦਾਦੀ ਕੋਰੀ ਅਨਪੜ੍ਹ ਪਰ ਪਤਾ ਨਹੀਂ, ਉਹਦੇ ਕੋਲ ਪੰਜਾਬੀ ਦਾ ਫੋਕਲੋਰ ਕਿਥੋਂ ਆਉਂਦਾ ਸੀ। ਗਾਉਣ, ਸਿੱਠਣੀਆਂ, ਸ਼ਗਨ, ਕੀਰਨੇ ...ਪਤਾ ਨਹੀਂ ਹੋਰ ਕੀ ਕੁਝ। ਉਹਦਾ ਡੈਡੀ ਉਹਨੂੰ ਆਪ ਯੂਨੀਵਰਸਿਟੀ ਛੱਡ ਕੇ ਆਇਆ ਤਾਂ ਕਹਿਣ ਲੱਗਾ- 'ਦੇਖ ਸਰਘੀ! ਅੱਜ ਪ੍ਰਿੰਸੀਪਲ ਪ੍ਰੋਫੈਸਰ ਸਾਰੇ ਮੇਰੇ ਕਰ ਕੇ ਤੇਰੇ ਵਾਕਫ਼ ਹਨ, ਪਰ ਜਦੋਂ ਤੂੰ ਇਥੋਂ ਪੜ੍ਹਾਈ ਖ਼ਤਮ ਕਰ ਕੇ ਨਿਕਲੇਂ ਤਾਂ...' , ਤੇ ਅੱਗੇ ਉਹ ਹਾਸ਼ੀਆ ਲਾ ਗਿਆ। ਉਦੋਂ ਸਰਘੀ ਨੂੰ ਕੁਝ ਸਮਝ ਨਹੀਂ ਸੀ ਆਇਆ। ਫਿਰ ਜਦ ਉਹ ਡਾਕਟਰ ਦੀ ਡਿਗਰੀ ਲੈ ਕੇ ਘਰ ਆਈ ਤੇ ਉਹਦੇ ਲਈ ਸਭ 'ਤੇ ਖੁਸ਼ੀ ਦਾ ਦਿਨ ਵੀ ਉਹੀ ਸੀ ਅਤੇ ਗਮੀ ਦਾ ਵੀ...

ਸਾਹਿਤਕਾਰਾਂ ਦਾ ਘਰ ਵਿਚ ਆਉਣਾ ਜਾਣਾ ਸੀ। ਇਕ ਵਾਰੀ ਦਿੱਲੀ ਤੋਂ ਡਾ. ਸੁਤਿੰਦਰ ਸਿੰਘ ਨੂਰ ਤੇ ਡਾ. ਜਗਬੀਰ ਸਿੰਘ ਆਏ। ਆਪਣੀ ਜੇਬ ਨਾਲੋਂ ਪੈੱਨ ਲਾਹ ਕੇ ਦਿੱਤਾ ਤੇ ਕਹਿਣ ਲੱਗੇ- ਸਰਘੀ ਇਸ ਪੈੱਨ ਦੀ ਲਾਜ ਰੱਖੀਂ। ਸਰਘੀ ਨੇ ਉਸੇ ਪੈੱਨ ਨਾਲ ਜੇ.ਆਰ.ਐਫ. ਦੇ ਨਾਲ ਯੂ.ਜੀ.ਸੀ. ਪਾਸ ਕੀਤੀ। ਲਹਿੰਦੇ ਪੰਜਾਬ ਦਾ ਲੇਖਕ ਤੌਕੀਰ ਚੁਗਤਾਈ ਇਕ ਵਾਰੀ ਦਿੱਲੀ ਪੰਜਾਬੀ ਕਾਨਫਰੰਸ ਵਿਚ ਆਇਆ। ਜਾਂਦਾ ਹੋਇਆ ਅੰਮ੍ਰਿਤਸਰ ਸਾਡੇ ਕੋਲ ਵੀ ਕੁਝ ਦਿਨ ਲਈ ਠਹਿਰਿਆ। ਉਸ ਤੋਂ ਬਾਅਦ ਉਹਦੇ ਘਰ ਜੌੜੀਆਂ ਬੇਟੀਆਂ ਨੇ ਜਨਮ ਲਿਆ। ਤੌਕੀਰ ਨੇ ਅੰਮ੍ਰਿਤਾ ਪ੍ਰੀਤਮ ਨੂੰ ਫੋਨ ਕੀਤਾ ਕਿ ਉਹਨੇ ਇਕ ਬੇਟੀ ਦਾ ਨਾਮ ਰੱਖ ਲਿਆ ਏ, ਦੂਜੀ ਬੇਟੀ ਦਾ ਨਾਮ ਤੁਸੀਂ ਦੱਸੋ? ਅੰਮ੍ਰਿਤਾ ਜੀ ਨੇ ਕਿਹਾ- ਦੂਜੀ ਦਾ ਨਾਮ ਸਰਘੀ ਰੱਖੋ। ਤੌਕੀਰ ਕਹਿਣ ਲੱਗਾ- ਸਰਘੀ ਤਾਂ ਦਲਬੀਰ ਚੇਤਨ ਦੀ ਧੀ ਦਾ ਨਾਂ ਹੈ। ਉਤਰ ਮਿਲਿਆ- ਹਾਂ ਮੈਨੂੰ ਪਤਾ ਏ! ਉਹ ਚੜ੍ਹਦੇ ਪੰਜਾਬ ਦੀ ਸਰਘੀ ਏ ਤੇ ਇਹ ਲਹਿੰਦੇ ਪੰਜਾਬ ਦੀ ਸਰਘੀ ਹੋਵੇਗੀ। ... ਤੇ ਤੌਕੀਰ ਨੇ ਆਪਣੀ ਬੇਟੀ ਦਾ ਨਾਂ ਸਰਘੀ ਹੀ ਰੱਖਿਆ।

*-ਪਰਸ਼ਿੰਦਰ*

*ਫੋਨ: 469-335-2263*

ਕਹਾਣੀ

*ਨੰਨ੍ਹੀ ਛਾਂ*

ਟੈਲੀਵਿਜ਼ਨ 'ਤੇ ਨੰਨ੍ਹੀ ਛਾਂ ਦੀ ਮਸ਼ਹੂਰੀ ਆਉਣ ਡਈ ਆ। ਨੰਨ੍ਹੀ ਛਾਂ ਵਾਲੀ ਬੀਬੀ ਦੇ ਬੋਲ ਮੇਰੀਆਂ ਆਂਦਰਾਂ ਨੂੰ ਧੂਹ ਪਾਉਂਦੇ। ਮੈਨੂੰ ਲੱਗਦਾ ਜਿਵੇਂ ਹਰਸਿਮਰਤ ਇਹ ਸਭ ਕੁਝ ਮੈਨੂੰ ਹੀ ਕਹਿਣ ਡਈ ਆ। ਉਦੋਂ ਮੇਰਾ ਜੀਅ ਕਰਦਾ, ਇਹ ਡੱਬਾ ਜਿਹਾ ਬੰਦ ਕਰ ਦੇਵਾਂ ਤੇ ਉਹਦੇ ਸਾਹਮਣੇ ਬੈਠੇ ਸਭ ਜੀਆਂ ਦਾ ਸਿਰ ਭੰਨ ਦੇਵਾਂ...ਪਰ ਸਾਰਾ ਗੁੱਸਾ ਅੰਦਰੋ-ਅੰਦਰੀ ਪੀ ਜਾਂਦੀ ਆਂ...ਅਜੇ ਮੇਰਾ ਵੇਲਾ ਨਹੀਂ...ਬਸ ਰੱਬ ਇਕ ਪੁੱਤ ਦੇ ਦੇਵੇ, ਫਿਰ ਦੱਸੂੰ ਪਤਾ ਇਨ੍ਹਾਂ ਸਾਰਿਆਂ ਨੂੰ...।

ਪੁੱਤ ਦਾ ਖਿਆਲ ਆਉਂਦਿਆਂ ਹੀ ਮੇਰੇ ਪੈਰ ਮੱਲੋ-ਮੱਲੀ ਉਸ ਕਮਰੇ ਨੂੰ ਹੋ ਤੁਰੇ ਜਿੱਥੇ ਮੇਰੀ ਕੁੜੀ ਘੂਕ ਸੁੱਤੀ ਪਈ ਸੀ। ਜਦੋਂ ਮਨ ਨੂੰ ਭਚੱਤਰੀ ਜਿਹੀ ਲੱਗੂ, ਕੁੜੀ ਨੂੰ ਵੇਖਣ ਲੱਗ ਪਊਂ। ਇਹਨੂੰ ਵੇਖਦਿਆਂ ਈ ਸਭ ਕੁਝ ਛੂਪਣ ਹੋ ਜਾਂਦਾ। ਸੁਖ ਨਾਲ ਪੰਜਵਾਂ ਲੱਗਾ ਤੇ ਇਨ੍ਹਾਂ ਪੰਜਾਂ ਸਾਲਾਂ 'ਚ ਜੋ ਮੈਂ ਝੱਲਿਆ ਜਾਂ ਝੱਲਣ ਡਈ ਆਂ, ਉਹ ਮੈਨੂੰ ਜਾਂ ਮੇਰੇ ਰੱਬ ਨੂੰ ਈ ਪਤਾ। "ਹੇ ਰੱਬਾ! ਚਹੁੰ ਵੇਲਿਆਂ ਦਾ ਇਕ ਵੇਲਾ! ਮੇਰੀ ਨਿਮਾਣੀ ਦੀ ਝੋਲੀ ਭਰ ਦੇਹ। ਤੇਰੇ ਘਰ ਕਿਸੇ ਸ਼ੈਅ ਦਾ ਕੋਈ ਘਾਟਾ ਨਹੀਂ। ਇਸ ਤੋਂ ਅੱਗੇ ਮੇਰੇ ਕੋਲੋਂ ਬੋਲ ਨਹੀਂ ਹੁੰਦਾ, ਅੱਖਾਂ ਭਰ ਆਉਂਦੀਆਂ...। ਮੁੰਡਾ ਲੈਣ ਲਈ ਬੜੇ ਪਾਪ ਹੋਏ ਮੇਰੇ ਤੋਂ, ਕਈ ਵਾਰੀ ਮੜ੍ਹੀਂ-ਮਸਾਣੀਂ ਜਾ ਕੇ ਨ੍ਹਾਤੀ, ਬੜੇ ਟੂਣੇ-ਟਾਮਣ ਕੀਤੇ। ਹੁਣ ਵੀ ਸੱਸ ਜਿਧਰ ਨੂੰ ਲੈ ਜਾਵੇ, ਨਾਲ ਤੁਰ ਪੈਂਦੀ ਆਂ...ਪਰ ਰੱਬ ਅਜੇ ਤੱਕ ਨਹੀਂ ਸੀ ਬਹੁੜਿਆ।

ਕੁੜੀ ਨੇ ਪਾਸਾ ਲਿਆ, ਮੈਂ ਉਹਨੂੰ ਆਪਣੀ ਹਿੱਕ ਨਾਲ ਲਾ ਲਿਆ। ਇਸ ਪੂਰੇ ਘਰ 'ਚ ਇਹੋ ਤਾਂ ਪੂਰੀ ਦੀ ਪੂਰੀ ਮੇਰੀ ਸੀ। ਮਾੜੀ ਮੋਟੀ ਖਸਮ ਗੱਲ ਸੁਣ ਲੈਂਦਾ ਪਰ ਹੈਗਾ ਉਹ ਵੀ 'ਮਾਂ ਦਾ ਦੀਵਾ'...। ਤਦੇ ਜੀਅ ਕਰਦਾ, ਮੇਰੀ ਧੀ ਛੇਤੀ-ਛੇਤੀ ਵੱਡੀ ਹੋ ਜੇ...ਮੈਂ ਸਾਰੀਆਂ ਗੱਲਾਂ ਕਰਾਂ ਇਹਦੇ ਨਾਲ...ਆਂਹਦੇ ਹੁੰਦੇ ਆ, ਮਾਵਾਂ-ਧੀਆਂ ਦੀਆਂ ਬੁੱਕਲ 'ਚ ਗੱਲਾਂ। ਹੁਣ ਤੇ ਆਪੇ ਦਲੀਲੇ ਪਈ ਰਹਿੰਦੀ ਆਂ।

ਵਿਆਹ ਦੇ ਪਹਿਲੇ ਸਾਲ ਪਲੇਠੀ ਧੀ ਹੋਈ ਤਾਂ ਸਾਰਿਆਂ ਦੇ ਮੂੰਹ ਸੀਤੇ ਗਏ। ਕਿਸੇ ਨੇ ਮੇਰੀ ਧੀ ਨੂੰ ਚੱਜ ਨਾਲ ਨਾ ਵੇਖਿਆ ਤੇ ਨਾ ਹੀ ਮੇਰੀ



ਸਾਰ ਲਈ। ਮੇਰੀ ਦਦੇਸ ਰੱਬ ਨੂੰ ਮੰਨਣ ਵਾਲੀ ਮੇਰੇ ਸਿਰ 'ਤੇ ਹੱਥ ਫੇਰਦਿਆਂ ਬੋਲੀ, "ਉਹ ਨਾਰ ਸੁਲੱਖਣੀ, ਜਿਸ ਪਹਿਲੀ ਜਾਈ ਲੱਛਮੀ।" ਪਰ ਇਹ ਕਹਿਣ ਤੋਂ ਬਾਅਦ ਉਹਦੀ 'ਵਾਜ਼ ਵੀ ਕੰਬ ਗਈ ਸੀ। ਕੋਈ ਮੇਰੇ ਖਸਮ ਨੂੰ ਕਹਿ ਛੱਡਦ, 'ਜੇ ਨ੍ਹੇਰੀ ਆਈ ਤਾਂ ਮੀਂਹ ਵੀ ਆਊਗਾ' ਚਾਹੁੰਦੀ ਤਾਂ ਮੈਂ ਵੀ ਪੁੱਤ ਸੀ। ਇਕ ਵਾਰ ਮੇਰੇ ਦਿਲ ਨੂੰ ਵੀ ਧੱਕਾ ਜਿਹਾ ਲੱਗਾ...ਪਰ ਦੁੱਧ ਉਤਰਿਆ ਤਾਂ ਧੀ ਚੰਗੀ ਲੱਗਣ ਲੱਗ ਪਈ। ਜਿਸ ਸਾਲ ਇਹ ਹੋਈ, ਸਾਡੇ ਵਿਆਹ ਦੀ ਪਹਿਲੀ ਲੋਹੜੀ ਸੀ, ਮੈਨੂੰ ਚੰਗਾ ਚੇਤਾ, ਕਿਸੇ ਨੇ ਮੇਰੀ ਧੀ ਨੂੰ ਗੋਦੀ ਚੁੱਕ ਸ਼ਗਨ ਪਾਉਂਦਿਆਂ ਆਖਿਆ ਸੀ, "ਕਰਮਾਂ ਵਾਲੀ ਆਂ ਜੀਹਨੇ ਪਹਿਲੀ ਵਾਰੀ ਮੱਲ ਲਈ, ਫਿਰ ਕਿਸੇ ਨੇ ਤੇਰੀ ਵਾਰੀ ਆਉਣ ਦੇਣੀ ਸੀ ਭਲਾ?" ਵਾਕਿਆ ਈ ਫਿਰ ਜਿਹੜੀਆਂ ਕੁੱਖੇ ਪਈਆਂ ਉਹ ਕਦੋਂ ਆਈਆਂ? ਜੇ ਇਕ ਆਈ ਵੀ ਸੀ, ਉਹ ਵੀ ਹਫ਼ਤੇ ਦੀ ਹੋ ਕੇ ਮਰ ਖਪ ਗਈ।

ਵੱਡੀ ਦੋ ਕੁ ਸਾਲ ਦੀ ਸੀ ਜਦੋਂ ਦਿਨ ਥੋੜ੍ਹੇ ਉਤੇ ਚੜ੍ਹੇ। ਐਤਕੀਂ ਸੱਸ ਕੋਈ ਢਿੱਲ ਨਹੀਂ ਸੀ ਰਹਿਣ ਦੇਣੀ ਚਾਹੁੰਦੀ। ਮੁੰਡੇ ਵਾਲੀ ਦਵਾਈ ਖਾਧੀ। ਜੀਹਦੇ ਕੋਲੋਂ ਦਵਾਈ ਲਈ, ਉਹ ਬੜਾ ਵਲੀ ਦੱਸੀਦਾ ਸੀ। ਮੋਰ ਦੇ ਖੰਭ ਨੂੰ ਛੂਹਾ ਕੇ ਸੱਜਰ ਸੂਈ ਗਾਂ ਦੇ ਦੁੱਧ ਨਾਲ ਦਵਾਈ ਖਾਣੀ ਸੀ। ਉਹਦੇ ਦੱਸੇ ਸਭ ਓਹੜ-ਪੋਹੜ ਕੀਤੇ ਪਰ ਰੱਬ ਫਿਰ ਨਹੀਂ ਸੀ ਰੀਝਿਆ। "ਵੇ ਸਰਦਾਰਾ, ਐਤਕੀਂ ਫਿਰ ਪੱਥਰ..." ਇਹ ਸੱਸ ਦੇ ਬੋਲ ਸੀ ਜਿਹੜੇ ਹਸਪਤਾਲ ਪਈ ਨੇ ਮੈਂ ਸੁਣ ਲਏ ਸੀ। ਪੱਥਰ ਜੰਮਣ ਵਾਲੀ ਮੈਂ ਆਪ ਵੀ ਪੱਥਰ ਬਣ ਗਈ। ਨਨਾਣ 'ਦੁੱਧ ਧੋਣੀ' ਕਰ ਕੇ ਗਈ ਸੀ। ਉਦੋਂ ਪਿੱਛੋਂ ਕੁੜੀ ਨੂੰ ਦੁੱਧ ਚੁੰਘਾਇਆ ਤਾਂ ਬਸ ਪਲਾਂ ਛਿਣਾਂ 'ਚ ਚਲਦੀ ਲੱਗੀ। ਹੁਣ ਕਈ ਵਾਰ ਮੈਨੂੰ ਲੱਗੂ ਇਨ੍ਹਾਂ ਮੇਰੀ ਧੀ ਜਾਣ-ਬੁਝ ਕੇ ਮਾਰ'ਤੀ। ਕੋਈ ਉਸ ਤੱਤੜੀ ਨੂੰ ਵੇਖਣ ਨਹੀਂ ਸੀ ਆਇਆ ਪਰ ਸਾਰਾ ਸ਼ਰੀਕਾ ਹਿਰਖ ਕਰਨ ਜ਼ਰੂਰ ਪਹੁੰਚਿਆ ਤੇ ਉਦੋਂ ਮੇਰੀ ਨਨਾਣ ਨੇ ਕਿਹਾ ਸੀ, "ਚੱਲ ਭਾਬੀ, ਜੀਹਦੀ ਦਾਤ ਸੀ, ਉਹ ਲੈ ਗਿਆ। ਨਾਲੇ ਕਹਿੰਦੇ ਹੁੰਦੇ ਆ...ਕੁੜੀ ਦੀ ਕੁੜੀ ਮਰਗੀ, ਕੁੜੀ ਕੁੜੀਆਂ 'ਚ ਰਲ'ਗੀ।" ਹਿਰਖ ਕਰਨ ਆਈ ਵੀ ਮੁਆਤਾ ਲਾ ਗਈ। ਉਦੋਂ ਤੋਂ ਈ ਮੈਨੂੰ ਆਪਣੀ ਨਨਾਣ ਭੋਰਾ ਚੰਗੀ ਨਹੀਂ ਲੱਗਦੀ। ਉਂਜ

**ਸਰਘੀ**
**ਫੋਨ: 91-99888-54454**

ਵੀ ਜਦੋਂ ਆਊ, ਕੋਈ ਨਾ ਕੋਈ ਕਲੇਸ਼ ਖੜ੍ਹਾ ਕਰ ਕੇ ਤੁਰਦੀ ਬਣੂ, ਨਿਰੀ ਕਲਹਿ ਦੀ ਮੁੱਢੀ।

*ਕਲਹਿ ਦੀ ਮੁੱਢੀ*

ਕੱਲ੍ਹ ਦੀ ਆ ਕੇ ਬੈਠੀ ਆ ਮੇਰੀ ਨਨਾਣ...ਸਾਰਾ ਟੱਬਰ ਉਹਦੇ ਗੋਡੇ ਮੁੱਢ ਬੈਠਾ ਹਿੜ-ਹਿੜ ਕਰਨ ਡਿਆ। ਆਪਣਾ ਖਸਮ ਤਾਂ ਪੁੱਛਿਆਂ ਬਿਨਾਂ ਹਿੱਲਦਾ ਨਹੀਂ ਤੇ ਇਥੇ ਮੇਰੇ ਖਸਮ ਨੂੰ ਪਤਾ ਨਹੀਂ ਕੀ-ਕੀ ਲਾਵਾਂ-ਲੂਤੀ ਲਾਉਂਦੀ ਰਹਿੰਦੀ ਆ...ਤੇ ਉਹ ਵੀ ਜਦੋਂ ਭੈਣ ਆਈ ਹੋਵੇ, ਮੇਰੇ 'ਤੇ ਫੋਕੇ ਫੈਂਟਰ ਚਲਾਈ ਜਾਊ। ਦੱਸਦਾ ਭਈ, ਮੈਂ ਬੜੀ ਤੁੰਨ ਕੇ ਰੱਖੀ ਆ ਆਪਣੀ ਰੰਨ। ਹੁਣ ਵੀ ਉਹਦੇ ਗੋਡੇ ਮੁੱਢ ਜੁੜ ਕੇ ਬੈਠਾ ਤੇ ਉਹ ਵੀ ਗੱਲਾਂ ਭਾਵੇਂ ਮੇਰੇ ਖਸਮ ਨਾਲ ਕਰਨ ਡਈ ਹੋਵੇ, ਸੁਣਾਈਆਂ ਮੈਨੂੰ ਕਰਦੀ, "ਵੇ ਵੀਰ! ਮੈਂ ਤਾਂ ਕਹਿੰਦੀ ਆਂ ਤੂੰ ਵੀ 'ਭੈਣੀਂ-ਭਰਾਈਂ' ਰਲੇਂ, ਆਪਣੇ ਘਰ ਬੈਠੀ ਦਾ ਵੀ ਧਿਆਨ ਤੇਰੇ 'ਚ ਰਹੂ...ਕਦ ਮੇਰਾ ਵੀਰ ਪੁੱਤ ਵਾਲਾ ਬਣੂ। ਜਿਵੇਂ ਦੀ ਮਾਂ, ਉਸੇ ਤਰ੍ਹਾਂ ਦੀ ਧੀ ਨਿਕਲੀ।" ਮੇਰੇ ਤੋਂ ਸ਼ੁਰੂ ਹੋਈ ਗੱਲ ਮੇਰੀ ਮਾਂ 'ਤੇ ਆ ਕੇ ਮੁੱਕ ਗਈ।

ਅਸੀਂ ਵੀ ਦੋਵੇਂ ਭੈਣਾਂ ਜੁ ਸਾਂ। ਮੈਂ ਗੱਲ ਸੁਣੀ ਵੀ ਅਣਸੁਣੀ ਕਰ ਦਿੰਦੀ। ਸਭ ਦੀਆਂ ਢਿੱਡ 'ਚ ਪਾ ਲਈਆਂ। ਅੰਦਰੋ-ਅੰਦਰੀ ਧੁਖਦੀ ਰਹਿੰਦੀ ਤੇ ਕਈ ਵਾਰ ਅੰਦਰੋ-ਅੰਦਰੀ ਧੁਖਦੀ ਦਾ ਧੂੰਆਂ ਸਿਰ ਨੂੰ ਜਾ ਚੜ੍ਹਦਾ।

ਸ਼ਰੀਕੇ 'ਚ ਵਿਆਹ ਆ। ਇਹ 'ਕਲਹਿ ਦੀ ਮੁੱਢੀ' ਹਫ਼ਤਾ ਪਹਿਲਾਂ ਆ ਕੇ ਬਹਿ'ਗੀ। ਅੱਜ ਤੋਂ ਚੁੱਲ੍ਹੇ ਨੇਂਦਾ...। ਮੈਨੂੰ ਵੀ ਥੋੜ੍ਹਾ ਆਰਾਮ ਮਿਲ ਜੂ। ਉਂਜ ਪਹਿਲਾਂ ਪਹਿਲ ਕਦੇ ਸ਼ਰੀਕੇ 'ਚੋਂ ਵਿਆਹ ਆਉਂਦਾ ਤਾਂ ਮੇਰਾ ਚਾਅ ਸਾਂਭਿਆ ਨਾ ਜਾਂਦਾ। ਹੁਣ ਤੇ ਬਸ ਬੰਨ੍ਹੀ-ਰੁੱਧੀ ਜਾਂਦੀ ਆਂ। ਸਾਰਾ ਟੱਬਰ ਉਥੇ ਈ ਆ...ਗਿੱਧਾ ਪੈਣ ਲੱਗਾ ਤਾਂ ਮੈਂ ਘਰ ਆ ਗਈ।

ਖੱਟ ਕੇ ਲਿਆਂਦੀਆਂ ਛਾਨਣੀਆਂ,
ਪਰ੍ਹਾਂ ਮਰ ਦਿਉਰਾ ਵੇ ਰਾਤਾਂ ਚਾਨਣੀਆਂ...।

ਵਿਆਹ ਵਾਲੇ ਘਰੋਂ ਆਉਂਦੀ ਬੋਲੀਆਂ ਦੀ 'ਵਾਜ਼ ਮੈਨੂੰ ਪ੍ਰੇਸ਼ਾਨ ਕਰਨ ਡਈ ਆ। ਹੁਣ ਗਿੱਧੇ ਦਾ ਪਿੜ ਵੇਖ ਕੇ ਮੈਂ ਤ੍ਰਹਿ ਜਾਂਦੀ ਆਂ। ਕਦੇ ਪੂਰੇ ਪੇਕੇ ਪਿੰਡ 'ਚ ਮੇਰਾ ਗਿੱਧਾ ਮਸ਼ਹੂਰ ਸੀ। ਤੀਆਂ 'ਚ ਵਿਆਹ ਦੇ ਮੌਕੇ ਮੈਂ ਗਿੱਧਾ ਪਾਉਂਦੀ ਥੱਕਦੀ ਨਾ। ਦੋ ਧਿਰਾਂ ਬਣਾ ਕੇ ਅਸੀਂ ਆਪੋ 'ਚ ਵਾਰੀ ਲਾਉਣ ਬਹਿ ਜਾਂਦੀਆਂ...। ਹਾਰਨ ਲੱਗਣਾ ਤਾਂ ਮੈਂ ਕੋਈ ਝੂਠੀ-ਮੂਠੀ ਬੋਲੀ ਘੜ ਲੈਣੀ। ਕਿਸੇ ਨੂੰ ਵੀ ਪਤਾ ਨਹੀਂ ਸੀ ਲੱਗਦਾ ਹੁੰਦਾ। ਉਹ ਦਿਨ ਪਤਾ ਨਹੀਂ ਕਿੱਥੇ ਛਿਪਣ ਹੋ'ਗੇ।

ਸਲਾਈਆਂ ਸਲਾਈਆਂ ਸਲਾਈਆਂ
ਰੌਣਕ ਗਿੱਧਿਆਂ ਦੀ ਨਨਦਾਂ ਤੇ ਭਰਜਾਈਆਂ।

ਉਦੋਂ ਵੀ ਮੈਂ ਇਹੋ ਜਿਹੀ ਬੋਲੀ ਪਾ ਕੇ ਹਟੀ ਸੀ। ਉਦੋਂ ਈ ਇਸੇ ਘਰ ਸ਼ਰੀਕਣੀਆਂ ਜੁੜੀਆਂ ਸੀ। ਮੈਂ ਆਪਣੀ ਵਾਰੀ ਲਾ ਹਟੀ ਸੀ। ਇਸ 'ਕਲਹਿ ਦੀ ਮੁੱਢੀ' ਮੇਰੀ ਨਨਾਣ ਨੇ ਗਿੱਧੇ ਦੇ ਪਿੜ 'ਚ ਮੈਨੂੰ ਖਲ੍ਹਾਰ ਕੇ ਬੋਲੀ ਪਾਈ ਸੀ।

ਸਤਿ ਦੇ ਬਚਨ ਵਿਚ ਪੁਤੀਆਂ
ਸਤਿ ਦੇ ਬਚਨ ਵਿਚ ਪੁਤੀਆਂ
ਅਸਾਂ ਤੈਨੂੰ ਨਈਉਂ ਰੱਖਣਾ
ਤੇਰੀ ਨਾੜ-ਨਾੜ ਵਿਚ ਕੁੜੀਆਂ।

ਇਹ ਬੋਲੀ ਸੁਣ ਮੈਨੂੰ ਧਰਤ ਨੇ ਵਿਹਲ ਨਾ ਦਿੱਤੀ। ਸਾਰਾ ਸਰੀਰ ਝੂਠਾ ਪੈ ਗਿਆ ਸੀ। ਐਵੇਂ ਦੋ ਕੁ ਗੇੜੇ ਲਏ...ਸਾਰੀਆਂ ਸ਼ਰੀਕਣੀਆਂ ਚੁੰਨੀਆਂ ਮੂੰਹ ਅੱਗੇ ਦੇ-ਦੇ ਹੱਸਣ। ਸਾਰੇ ਸ਼ਰੀਕੇ 'ਚੋਂ ਸੋਹਣੀ ਸੁਨੱਖੀ ਮੈਂ, ਉਸੇ ਵੇਲੇ ਪੀਲੀ ਭੂਕ ਬਣ ਗਈ ਸੀ। ਨਨਾਣ ਦੀ ਪਾਈ ਬੋਲੀ ਨੇ ਮੈਨੂੰ ਇਹੋ ਜਿਹੀ 'ਬੋਲੀ' ਮਾਰੀ ਤੇ ਮੈਂ ਬੋਲੀਆਂ ਪਾਉਣੀਆਂ ਭੁੱਲ'ਗੀ। ਉਹ ਦਿਨ ਜਾਵੇ ਤੇ ਆਹ ਦਿਨ ਆਵੇ, ਮੈਂ ਨਹੀਂ ਕਦੇ ਗਿੱਧੇ ਵਿਚ ਵੜੀ। ਕਈ ਵਾਰ ਸੋਚੂੰ 'ਚੱਲ ਛੱਡ ਮਨਾ' ਜਿੱਥੇ ਇੰਨੀਆਂ ਢਿੱਡ 'ਚ ਪਾ ਲਈਆਂ, ਉਥੇ ਇਹ ਵੀ ਸਹੀ ਪਰ ਮੈਂ ਗਿੱਧਾ ਪੈਂਦਾ ਨਈਂ ਵੇਖ ਸਕਦੀ...ਮੈਨੂੰ ਇਵੇਂ ਲੱਗੂ ਜਿਵੇਂ ਇਹ ਸਾਰੀਆਂ ਸ਼ਰੀਕਣੀਆਂ ਰਲ-ਮਿਲ ਮੇਰਾ ਮਜ਼ਾਕ ਉਡਾਉਣ ਲੱਗੀਆਂ ਹੋਣ।

ਬਾਹਰ ਖੜਕਾ ਹੋਇਆ। ਮਾਵਾਂ-ਧੀਆਂ ਆ ਗਈਆਂ ਲੱਗਦੀਆਂ। ਕਿੰਦਾਂ ਹਿੜ-ਹਿੜ ਕਰਨ ਡਈਆਂ। ਉਨ੍ਹਾਂ ਦਾ ਹਾਸਾ ਮੇਰੇ ਸਿਰ 'ਚ ਹਥੌੜੇ ਵਾਂਗ ਵੱਜਣ ਲੱਗਾ। ਜੀਅ ਕਰਦਾ ਇਸ 'ਕਲਹਿ ਦੀ ਮੁੱਢੀ' ਨੂੰ ਗੁੱਤੋਂ ਫੜ ਲਾਂ ਪਰ ਮੈਂ ਇੰਜ ਦਾ ਕੁਝ ਨਹੀਂ ਕਰ ਸਕਦੀ। ਬਾਹਰੋਂ ਆਉਂਦਾ ਹਾਸਾ, ਡੀ.ਜੇ. 'ਤੇ ਲੱਗੀਆਂ ਬੋਲੀਆਂ ਦੇ ਸ਼ੋਰ ਨਾਲ ਮੇਰਾ ਸਿਰ ਭਾਰਾ ਹੋਣ ਲੱਗਾ...ਮੈਨੂੰ ਪਤਾ ਨਈਂ ਕੀ ਹੁੱਲ ਕੁੱਦੀ...ਟੋਕਰੇ 'ਚ ਪਏ ਸਾਰੇ ਭਾਂਡਿਆਂ ਨੂੰ ਮੈਂ ਜ਼ਮੀਨ 'ਤੇ ਵਗਾਹ ਮਾਰਿਆ।

"ਨੀ! ਕੀ ਚੰਨ ਚਾੜ੍ਹਿਆ ਈ ਅੰਦਰ।"

"ਭਾਂਡੇ ਹੱਥੋਂ ਛੁੱਟ'ਗੇ ਬੀ...ਅ...ਜੀ।"

"ਨੀਂ ਬੁੰਨ੍ਹੀਏ, ਤੈਨੂੰ ਸਾਰੀ ਉਮਰ ਅਕਲ ਨਾ ਆਈ। ਧਿਆਨ ਪਤਾ ਨਹੀਂ ਕਿੱਥੇ ਲੱਗਾ ਰਹਿੰਦਾ ਤੇਰਾ।"

ਚੰਗੀ ਭਲੀ ਅਕਲ ਵਾਲੀ ਮੈਂ ਇਸ ਘਰ ਆ ਕੇ 'ਬੁੰਨ੍ਹੀ' ਬਣਗੀ। ਇਹ ਬੁੱਢੜੀ ਮੈਨੂੰ ਬੁੰਨ੍ਹੀ ਤੋਂ ਸਿਵਾ ਕੁੱਦੀ ਨਈਂ। ਮੈਨੂੰ ਸਭ ਪਤਾ, ਬਾਹਰ ਬੈਠੀਆਂ ਮਾਵਾਂ-ਧੀਆਂ ਮੇਰੇ ਈ 'ਗੁੰਡੇ' ਬੰਨ੍ਹਣ ਡਈਆਂ ਤੇ ਮੈਂ ਰਸੋਈ 'ਚ ਡਿੱਗੇ ਭਾਂਡਿਆਂ ਨੂੰ ਫਿਰ ਥਾਂ ਸਿਰ ਟਿਕਾ ਦਿੱਤਾ।

ਅਜੇ ਤੱਕ ਮੇਰਾ ਘਰਵਾਲਾ ਨਹੀਂ ਬਹੁੜਿਆ...ਪੀਣ ਡੱਫਣ ਬਹਿ ਗਿਆ ਹੋਊ...ਬਾਹਰ ਭਾਵੇਂ ਇਸ 'ਚੰਡਾਲ ਚੌਕੜੀ' ਤੋਂ ਡਰਦਾ ਮੇਰੀ ਸੁਣੇ-ਗਿਣੇ ਨਾ ਅੰਦਰ ਵੜਦਾ ਮੇਮਣਾ ਜਿਹਾ ਬਣ ਜੂ...।

'ਆਪ ਗਵਾਈਐ ਤਾਂ ਸਹੁ ਪਾਈਐ'

ਮੇਰੀਆਂ ਲਾਵਾਂ ਹੋਣ ਤੋਂ ਬਾਅਦ ਗੁਰਦੁਆਰੇ ਦੇ ਭਾਈ ਨੇ ਤੁਕ ਦੁਹਰਾਈ, 'ਆਪ ਗਵਾਈਐ ਤਾ ਸਹੁ ਪਾਈਐ', ਤੇ ਇਸ ਤੁਕ ਦਾ ਅਰਥ ਕਰਦਿਆਂ ਉਸ ਆਖਿਆ ਸੀ, "ਗ੍ਰਹਿਸਥ ਜੀਵਨ ਵਿਚਲਾ ਸਹੁ ਪਤੀ ਹੈ। ਪਤੀ ਨੂੰ ਪਾਉਣ ਲਈ ਆਪਣੀ ਹਉਮੈ ਮਾਰਨੀ ਪੈਂਦੀ ਹੈ।" ਨਿੱਤ ਨੇਮਣ ਮੇਰੀ ਮਾਂ, ਉਹ ਵੀ ਕਹਿੰਦੀ ਹੁੰਦੀ ਸੀ, "ਧੀਏ! ਆਪਾ ਗੁਆ ਕੇ ਪਤੀ ਪਰਮੇਸ਼ਰ ਨੂੰ ਪਾਈਦਾ।" ਡਰਪੋਕ ਸੀ ਉਹ, ਧੀਆਂ ਦੀ ਮਾਂ ਜੁ ਸੀ, ਮੈਨੂੰ ਪਤਾ ਨਹੀਂ ਕੀ ਕੁਝ ਸਮਝਾ ਛੱਡਿਆ। ਪਹਿਲੇ ਸਾਲ ਤਾਂ ਮੈਂ ਫਿਰ ਵੀ ਕਦੇ ਕਦਾਈਂ ਵਿੱਟਰ ਜਾਂਦੀ ਸੀ ਪਰ ਜਦੋਂ ਪਹਿਲੀ ਕੁੜੀ ਹੋਈ ਤਾਂ ਘਰਦਿਆਂ ਦੇ ਹਾਲਾਤ ਵੇਖ ਕੇ ਮੈਂ ਵੀ ਮਾਂ ਵਰਗੀ ਬਣ'ਗੀ। ਫੂਕ-ਫੂਕ ਕੇ ਕਦਮ ਰੱਖਣ ਵਾਲੀ ਤੇ ਸਾਰੇ ਟੱਬਰ ਨੇ ਮੇਰੇ 'ਤੇ ਛੱਪਾ ਪਾ ਲਿਆ। ਇਕ ਮਾੜਾ ਮੋਟਾ ਬੰਦੇ ਦਾ ਆਸਰਾ...ਕਈ ਵਾਰੀ ਜੀਅ 'ਚ ਆਊ ਆਪਾ ਗੁਆ ਕੇ ਵੀ ਕਿਤੇ ਬੰਦਾ ਜਿੱਤ ਹੋਇਆ। ਕਮਰੇ ਦੇ ਮੋਹ ਨੂੰ ਕੀ ਕਰਨਾ...ਜੋ ਕਦੇ ਬਾਹਰ ਮੇਰੀ ਧਿਰ ਨਈਂ ਬਣਦਾ।

"ਜੀਤਾਂ, ਬੂਹਾ ਖੋਲ੍ਹ।"

(ਬਾਕੀ ਅਗਲੇ ਸਫੇ 'ਤੇ)

# ਇਕ ਸਹਿਜ ਸਮਾਜ-ਸੁਧਾਰਕ

## ਸਤਿਜੁਗੀ ਲੋਕ-3

ਭਾਰਤੀ ਸਮਾਜ ਵਿਚ ਹਜ਼ਾਰਾਂ ਸਾਲਾਂ ਤੋਂ ਤੁਰੀਆਂ ਆਈਆਂ ਬਦੀਆਂ ਵਿਚੋਂ ਇਕ ਮੁੱਖ ਬਦੀ ਜਾਤਪਾਤ ਹੈ। ਇਹਨੇ ਮਨੁੱਖੀ ਸਮਾਜ ਨੂੰ ਟੁਕੜਿਆਂ ਵਿਚ ਵੰਡ ਦਿੱਤਾ ਅਤੇ ਕਿਸੇ ਨੂੰ ਉਚਾ ਐਲਾਨ ਦਿੱਤਾ ਗਿਆ, ਕਿਸੇ ਨੂੰ ਨੀਵਾਂ। ਸਮੇਂ ਸਮੇਂ ਸਮਾਜ-ਸੁਧਾਰਕ ਇਸ ਭੈੜ ਨੂੰ ਖਤਮ ਕਰਨ ਵਾਸਤੇ ਜਤਨ ਕਰਦੇ ਰਹੇ। ਇਸ ਮਾਨਵ-ਵਿਰੋਧੀ ਰੀਤ ਨੂੰ ਗੁਰੂ ਸਾਹਿਬਾਨ ਨੇ ਕਿਸੇ ਵੀ ਵਿਤਕਰੇ ਤੋ ਬਿਨਾਂ ਮਨੁੱਖ ਨੂੰ ਮਨੁੱਖ ਸਮਝਣ ਦਾ ਪ੍ਰਚਾਰ ਕਰ ਕੇ ਵੱਡੀ ਸੱਟ ਮਾਰੀ। ਤਾਂ ਵੀ ਇਹ



**ਗੁਰਬਚਨ ਸਿੰਘ ਭੁੱਲਰ**
ਫੋਨ:91-11-65736868
e-mail: bhullargs@gmail.com

ਰੀਤ ਵਾਰ ਵਾਰ ਸਿਰ ਚੁਕਦੀ ਰਹੀ। ਆਜ਼ਾਦ ਭਾਰਤ ਵਿਚ ਜਾਤਪਾਤ-ਵਿਰੋਧੀ ਕਾਨੂੰਨ ਬਣ ਜਾਣ ਦੇ ਬਾਵਜੂਦ ਇਸ ਨੂੰ ਅਜੇ ਵੀ ਖਤਮ ਨਹੀਂ ਕੀਤਾ ਜਾ ਸਕਿਆ। ਸਾਡੇ ਬਚਪਨ ਸਮੇਂ ਤਾਂ ਜਾਤਪਾਤ ਸਮਾਜ ਦਾ ਇਕ ਪ੍ਰਵਾਨਿਤ ਸੱਚ ਸੀ। ਕਥਿਤ ਉਚੀਆਂ ਜਾਤਾਂ ਵੱਲੋਂ ਹੀ ਨਹੀਂ, ਅਜੇ ਸਮਾਜ ਦੇ ਪੀੜੇ-ਨਿਰਾਦਰੇ ਹਿੱਸਿਆਂ ਵੱਲੋਂ ਆਪ ਵੀ ਇਹਨੂੰ ਸਮਾਜਕ ਜੀਵਨ ਦਾ ਇਕ ਸਾਧਾਰਨ ਵਰਤਾਰਾ ਸਮਝਿਆ ਜਾਂਦਾ ਸੀ। ਉਸ ਮਾਹੌਲ ਵਿਚ ਸਾਡੇ ਪਿੰਡ ਵਿਚ ਇਕ ਘਟਨਾ ਅਜਿਹੀ ਵਾਪਰੀ ਜੋ ਮੈਨੂੰ ਛੋਟੀ ਉਮਰੇ ਵੀ ਅਲੋਕਾਰ ਤਾਂ ਲੱਗੀ ਪਰ ਜਿਸ ਦਾ ਅਸਲ ਮਹੱਤਵ ਅੱਗੇ ਚੱਲ ਕੇ ਸਮਾਜਕ-ਰਾਜਨੀਤਕ ਸੋਝੀ ਆਈ ਤੋਂ ਸਮਝ ਆਇਆ। ਇਹ ਘਟਨਾ ਇਸ ਕਰਕੇ ਹੋਰ ਵੀ ਵੱਡੀ ਹੈ ਕਿ ਇਸ ਦਾ ਕਰਤਾ ਕੋਈ ਸਮਾਜ-ਸੁਧਾਰਕ, ਸੰਤ-ਮਹਾਤਮਾ ਜਾਂ ਆਗੂ ਹੋਣ ਦਾ ਦਾਅਵਾ ਕਰਨ ਵਾਲਾ ਨਹੀਂ ਸੀ ਸਗੋਂ ਇਹ ਸਾਡੇ-ਤੁਹਾਡੇ ਵਰਗੇ ਇਕ ਸਾਧਾਰਨ ਵਿਅਕਤੀ ਦਾ ਸਹਿਜ ਕਾਰਨਾਮਾ ਸੀ। ਇਸ ਘਟਨਾ ਦਾ ਇਕ ਮਹੱਤਵ ਇਹ ਵੀ ਹੈ ਕਿ ਇਸ ਤੋਂ ਜਾਤਪਾਤ ਬਾਰੇ ਭਾਈ ਕਾਨ੍ਹ ਸਿੰਘ ਦੇ ਵਿਚਾਰਾਂ ਦਾ ਵੀ ਪਤਾ ਲਗਦਾ ਹੈ। ਇਥੇ ਇਹ ਦੱਸਣਾ ਵੀ ਵਾਜਬ ਹੋਵੇਗਾ ਕਿ ਭਾਵੇਂ ਮਸ਼ਹੂਰ ਨਾਭਾ ਦੇ ਨਾਂ ਨਾਲ ਹੋਏ, ਪੁਰਖਿਆਂ ਤੋਂ ਮੂਲ ਵਾਸੀ ਉਹ ਸਾਡੇ ਪਿੰਡ ਪਿੱਥੋ ਦੇ ਸਨ।

ਸਾਡੇ ਪਿੰਡ ਇੰਦਰ ਸਿੰਘ ਢਿੱਲੋਂ ਨਾਂ ਦੇ ਇਕ ਸੱਜਣ ਸਨ। ਉਹ ਭਾਈ ਕਾਨ੍ਹ ਸਿੰਘ ਦੇ ਵਡੇਰੇ ਪਰਿਵਾਰ ਵਿਚੋਂ ਹੀ ਸਨ। ਉਹ ਉਮਰ ਵਿਚ ਉਨ੍ਹਾਂ ਨਾਲੋਂ ਕਾਫੀ ਛੋਟੇ ਵੀ ਸਨ ਅਤੇ ਉਨ੍ਹਾਂ ਨੇ ਉਮਰ ਵੀ ਲੰਮੀ ਭੋਗੀ। ਭਾਈ ਸਾਹਿਬ ਤਾਂ 1938 ਵਿਚ ਪੂਰੇ ਹੋ ਗਏ ਸਨ, ਉਹ 35-40 ਸਾਲ ਮਗਰੋਂ ਜਾ ਕੇ ਪੂਰੇ ਹੋਏ। ਸਾਡੇ ਪਰਿਵਾਰ ਨਾਲ ਉਨ੍ਹਾਂ ਦਾ ਨੇੜਲਾ ਵਾਸਤਾ ਰਿਹਾ ਅਤੇ ਇਕ ਵਾਰ ਉਹ ਮੇਰੇ ਕੋਲ ਦਿੱਲੀ ਵੀ ਆਏ। ਮੈਂ ਉਨ੍ਹਾਂ ਨੂੰ ਤਾਇਆ ਜੀ ਕਿਹਾ ਕਰਦਾ। ਇਸ ਲੰਮੇ ਵਾਹ ਵਿਚੋਂ ਹੀ ਮੇਰੀ ਕਹਾਣੀ 'ਕਸਤੂਰੀ ਵਾਲਾ ਮਿਰਗ' ਦਾ ਜਨਮ ਹੋਇਆ। ਇਹ ਮੇਰੀਆਂ ਉਨ੍ਹਾਂ ਇੱਕਾ-ਦੁੱਕਾ ਕਹਾਣੀਆਂ ਵਿਚੋਂ ਹੈ ਜਿਨ੍ਹਾਂ ਵਿਚ ਮੈਨੂੰ ਕਲਪਨਾ ਦਾ ਰਲਾ ਪਾਉਣਾ ਹੀ ਨਹੀਂ ਪਿਆ, ਜੀਵਨ ਵਿਚੋਂ ਉਹ ਮੈਨੂੰ ਪੱਕੀਆਂ-ਪਕਾਈਆਂ ਮਿਲ ਗਈਆਂ ਅਤੇ ਮੈਂ ਕਾਗ਼ਜ਼ ਉਤੇ ਝਰੀਟ ਦਿੱਤੀਆਂ। ਇਸ ਕਹਾਣੀ ਦੇ ਸਰਦਾਰ ਉਤਮ ਸਿੰਘ ਸੰਧੂ ਅਸਲੀ ਜੀਵਨ ਵਿਚ ਤਾਇਆ ਇੰਦਰ ਸਿੰਘ ਢਿੱਲੋਂ ਹੀ ਸਨ।

ਉਹ ਉਰਦੂ ਦੇ ਬੋਲਬਾਲੇ ਦੇ ਵੇਲੇ ਦੀਆਂ 4-5 ਜਮਾਤਾਂ ਪੜ੍ਹੇ ਹੋਏ ਸਨ। ਉਨ੍ਹਾਂ ਦਾ ਬਾਣਾ ਕਾਫੀ ਨਵੇਕਲਾ ਸੀ। ਉਹ ਕਫਾਂ ਵਾਲੇ ਬੰਦ ਗਲੇ ਦੇ ਕੁਛ ਕੁਛ ਲੰਮੇ ਕਮੀਜ਼ ਨਾਲ ਸਫੈਦ ਪੋਠੋਹਾਰੀ ਸਲਵਾਰ ਪਹਿਨਦੇ, ਜਿਸ ਦਾ ਸਾਡੇ ਇਲਾਕੇ ਵਿਚ ਰਿਵਾਜ ਨਹੀਂ ਸੀ। ਹੱਥ ਵਿਚ ਉਹ ਖ਼ੂਬਸੂਰਤ ਖੂੰਡੀ ਰਖਦੇ ਜੋ ਲੋੜ ਨਾਲੋਂ ਬਹੁਤੀ ਆਦਤ ਜਾਂ ਸ਼ੁਕੀਨੀ ਸੀ। ਪਿੰਡ ਵਾਲੀ ਜ਼ਮੀਨ ਤੋਂ ਇਲਾਵਾ ਸੰਤਾਲੀ ਤੋਂ ਪਹਿਲਾਂ ਬਹਾਵਲਪੁਰ ਵਿਚ ਵੀ ਉਨ੍ਹਾਂ ਦੇ ਮੁਰੱਬੇ ਸਨ। ਉਥੇ ਉਨ੍ਹਾਂ ਦੇ ਮੁਰੱਬਿਆਂ ਦੇ ਗੁਆਂਢੀ ਚੰਗੇ ਵੱਡੇ ਮੁਸਲਮਾਨ ਜ਼ਿੰਮੀਦਾਰ ਸਨ ਜਿਨ੍ਹਾਂ ਨਾਲ ਉਨ੍ਹਾਂ ਦਾ ਵਧੀਆ ਸਨੇਹ ਤੇ ਵਰਤ-ਵਰਤਾਵਾ ਸੀ। ਸ਼ਾਇਦ ਇਹੋ ਕਾਰਨ ਸੀ ਕਿ ਉਨ੍ਹਾਂ ਦੀ ਸੂਖਮ ਜਿਹੀ ਉਰਦੂਨੁਮਾ ਬੋਲ ਬਾਣੀ ਅਤੇ ਉਦਾਰ ਵਰਤੋਂ-ਵਿਹਾਰ ਵਿਚ ਇਕ ਖਾਸ ਸਲੀਕਾ ਅਤੇ ਸੁਚੱਜ ਸੀ। ਉਨ੍ਹਾਂ ਦੇ ਨਾਂ ਨਾਲ ਇਕ ਗੱਲ ਅਜਿਹੀ ਜੁੜੀ ਹੋਈ ਸੀ ਜੋ ਪਿੰਡ ਵਾਸੀਆਂ ਦੀ ਨਜ਼ਰ ਵਿਚ ਉਨ੍ਹਾਂ ਨੂੰ ਸਾਧਾਰਨ ਮਨੁੱਖ ਦੀ ਥਾਂ ਅਲੋਕਾਰ ਪ੍ਰਾਣੀ ਬਣਾਉਂਦੀ ਸੀ। ਲੋਕ ਹੈਰਾਨ ਹੋ ਕੇ ਦਸਦੇ ਸਨ ਕਿ ਉਨ੍ਹਾਂ ਨੇ "ਰਵਿਦਾਸੀਆਂ ਦੇ ਘਰੋਂ ਦੁੱਧ ਪੀਤਾ ਹੋਇਆ ਹੈ!" ਮਗਰੋਂ ਮੇਰੀ ਕਹਾਣੀ ਵਿਚ ਹੋਏ ਜ਼ਿਕਰ ਵਾਂਗ ਜਦੋਂ ਤਾਇਆ ਜੀ ਇੰਦਰ ਸਿੰਘ ਮੇਰੇ ਕੋਲ ਦਿੱਲੀ ਠਹਿਰੇ, ਮੈਂ ਉਨ੍ਹਾਂ ਨੂੰ ਜਾਤਪਾਤ ਦੀ ਕਥਿਤ ਭਿੱਟ ਤੋੜਨ ਦੀ ਹਿੰਮਤ ਕਰਨ ਬਾਰੇ ਪੁੱਛ ਹੀ ਲਿਆ। ਉਹ ਨਿਝੱਕ ਬੋਲੇ, ਹਾਂ ਬੇਟਾ, ਮੈਂ ਰਵਿਦਾਸੀਏ ਸੀਰੀ ਦੇ ਘਰ ਜਾ ਕੇ ਦੁੱਧ ਪੀਤਾ ਸੀ! ਤੇ ਉਨ੍ਹਾਂ ਨੇ ਉਹ ਘਟਨਾ ਪੂਰੇ ਵਿਸਤਾਰ ਵਿਚ ਸੁਣਾ ਦਿੱਤੀ।

ਸਾਡੀ ਨਾਭਾ ਰਿਆਸਤ ਵਿਚ ਮਜ਼ਬੀਆਂ ਅਤੇ ਰਵਿਦਾਸੀਆਂ ਦੇ ਵਿਹੜੇ ਫਿਰਨੀ ਤੋਂ ਬਾਹਰ ਹੁੰਦੇ ਸਨ, ਭਾਵ ਉਨ੍ਹਾਂ ਨੂੰ ਫਿਰਨੀ ਦੇ ਅੰਦਰ ਪਿੰਡ ਵਿਚ ਵਸਣ ਦੀ ਆਗਿਆ ਨਹੀਂ ਸੀ। ਜੇ ਕਿਸੇ ਪਿੰਡ ਵਾਲੇ ਨੇ ਕਿਸੇ ਮਜ਼ਬੀ-ਰਵਿਦਾਸੀਏ ਨੂੰ ਬੁਲਾਉਣਾ ਹੁੰਦਾ, ਉਹ ਉਨ੍ਹਾਂ ਦੇ ਘਰਾਂ ਦੇ ਅੰਦਰ ਨਹੀਂ ਸੀ ਜਾਂਦਾ। ਉਹ 'ਵਿਹੜੇ', ਭਾਵ ਉਨ੍ਹਾਂ ਦੇ ਘਰਾਂ ਦੇ ਸਮੂਹ ਦੇ ਬਾਹਰ ਖਲੋ ਜਾਂਦਾ ਅਤੇ ਕਿਸੇ ਅੰਦਰ ਜਾਣ ਵਾਲੇ ਨੂੰ ਆਖਦਾ, "ਓ ਬਈ, ਫਲਾਣੇ ਨੂੰ ਭੇਜੀਂ।"

ਇਕ ਦਿਨ ਤਾਇਆ ਇੰਦਰ ਸਿੰਘ ਦਾ ਰਵਿਦਾਸੀਆ ਸੀਰੀ ਪਹਿਲਾਂ ਦੱਸੇ ਬਿਨਾਂ ਕੰਮ ਉਤੇ ਨਾ ਆਇਆ। ਉਹ ਵਿਹੜੇ ਵੱਲ ਗਏ ਅਤੇ ਰੀਤ ਅਨੁਸਾਰ ਕਿਸੇ ਅੰਦਰ ਜਾਣ ਵਾਲੇ ਦੀ ਉਡੀਕ ਕੀਤੇ ਬਿਨਾਂ ਪੁਛਦੇ-ਪੁਛਾਉਂਦੇ ਸੀਰੀ ਦੇ ਘਰ ਜਾ ਪਹੁੰਚੇ। ਸੀਰੀ ਕਿਸੇ ਕੰਮ ਕਾਰਨ ਕੁਛ ਸਮੇਂ ਲਈ ਕਿਤੇ ਨੇੜੇ-ਤੇੜੇ ਹੀ ਗਿਆ ਹੋਇਆ ਸੀ। ਬਿਚਾਰੀ ਸੀਰਨ ਦਾ, ਅਚਾਨਕ ਆ ਬਣੀ ਇਸ ਅਜੀਬ ਹਾਲਤ ਕਾਰਨ, ਘਬਰਾਉਣਾ ਅਤੇ ਹੜਬੜਾਉਣਾ ਸੁਭਾਵਿਕ ਸੀ। ਉਹਨੇ ਹੱਥਾਂ ਵਿਚ ਚੁੰਨੀ ਦਾ ਲੜ ਫੜ ਕੇ ਤਾਇਆ ਜੀ ਦੇ ਪੈਰਾਂ ਨੂੰ ਭਿੱਟ ਤੋਂ ਬਚਾਉਂਦਿਆਂ ਦੋ ਕੁ ਗਿੱਠਾਂ ਦੂਰ ਧਰਤੀ ਛੂਹ ਕੇ ਪੈਰੀਂ-ਪੈਣਾ ਕੀਤਾ। ਫੇਰ ਕਦੇ ਉਹ ਪੀੜ੍ਹੀ ਨੂੰ ਹੱਥ ਪਾ ਲਵੇ, ਕਦੇ ਛੱਡ ਦੇਵੇ। ਕਦੇ ਮੰਜੇ ਵੱਲ ਅਹੁਲੇ, ਫੇਰ ਝਿਜਕ ਜਾਵੇ। ਉਹਨੂੰ ਸਮਝ ਨਹੀਂ ਸੀ ਆ ਰਹੀ, ਉਹ ਸਰਦਾਰ ਨੂੰ ਬੈਠਣ ਲਈ ਕਹੇ ਜਾਂ ਨਾ ਕਹੇ! ਜੇ ਬਿਠਾਵੇ ਤਾਂ ਕਿਥੇ ਬਿਠਾਵੇ! ਏਨੇ ਚਿਰ ਨੂੰ ਕੰਧ ਨਾਲ ਖੜ੍ਹਾ ਮੰਜਾ ਸਿੱਧਾ ਕਰ ਕੇ ਤਾਇਆ ਜੀ ਆਪੇ ਹੀ ਬਿਰਾਜਮਾਨ ਹੋ ਗਏ। ਉਹ ਬੋਲੀ, ਬਾਬਾ ਜੀ, ਤੁਸੀਂ ਬੈਠੋ, ਮੈਂ ਕਿਸੇ ਘਰ ਆਖ ਕੇ ਦੇਖਦੀ ਆਂ, ਜੇ ਜੱਟਾਂ ਦਾ ਕੋਈ ਮੁੰਡਾ ਦੁੱਧ ਲਿਆਉਣਾ ਮੰਨ ਜਾਵੇ। ਇਕ ਪਾਸੇ ਸਰਕੜਿਆਂ ਦੇ ਛਤੜੇ ਹੇਠ ਗਾਂ ਖਲੋਤੀ ਹੋਈ ਸੀ। ਉਹ ਹੱਸ ਕੇ ਬੋਲੇ, ਇਹ ਦਰਸ਼ਨ ਦੇਣ ਨੂੰ ਰੱਖੀ ਐ ਕਿ ਚਾਰ ਧਾਰਾਂ ਦੁੱਧ ਵੀ ਦਿੰਦੀ ਐ? ਉਸ ਤੋਂ ਦੁੱਧ ਦਿੰਦੀ ਸੁਣ ਕੇ ਕਹਿੰਦੇ, ਫੇਰ ਦੁੱਧ ਕਿਸੇ ਦੇ ਘਰੋਂ ਕਿਉਂ ਲਿਆਉਣਾ ਹੈ! ਉਹਨੇ ਸੰਗਦੀ-ਝਿਜਕਦੀ ਨੇ ਦੁੱਧ ਛੰਨੇ ਵਿਚ ਪਾ ਦਿੱਤਾ। ਤਾਇਆ ਇੰਦਰ ਸਿੰਘ ਨੇ ਦੁੱਧ ਛਕ ਕੇ ਤੁਰਨ ਵਾਸਤੇ ਖੜ੍ਹੇ ਹੁੰਦਿਆਂ ਉਹਨੂੰ ਅਸੀਸਾਂ ਦਿੱਤੀਆਂ ਅਤੇ ਬੋਲੇ, ਜਦੋਂ ਉਹ ਆਵੇ, ਕਹੀਂ, ਇਧਰੋਂ ਵਿਹਲਾ ਹੋ ਕੇ ਕੰਮ ਉਤੇ ਆ ਜਾਵੇ।

ਘੜੀਆਂ-ਪਲਾਂ ਵਿਚ ਗੱਲ ਪੂਰੇ ਪਿੰਡ ਵਿਚ ਅੱਗ ਦੇ ਭਬੂਕੇ ਵਾਂਗ ਫ਼ੈਲ ਗਈ। ਸਬੱਬ ਨਾਲ ਭਾਈ ਕਾਨ੍ਹ ਸਿੰਘ ਨਾਭੇ ਤੋਂ ਆਪਣੇ ਪਿੰਡ ਪਿੱਥੋ ਦੀ ਖੇਤ ਵਾਲੀ ਕੋਠੀ ਵਿਚ ਆਏ ਹੋਏ ਸਨ। ਪਿੰਡ ਦੇ ਪੈਂਚ-ਖੜਪੈਂਚ ਇਕੱਠੇ ਹੋ ਕੇ ਉਨ੍ਹਾਂ ਕੋਲ ਜਾ ਪਹੁੰਚੇ। ਭਾਈ ਸਾਹਿਬ ਨੇ ਕੁਰਸੀਆਂ-ਮੰਜੇ ਰਖਵਾ ਦਿੱਤੇ ਅਤੇ ਸਮਝਿਆ, ਉਹ ਕਿਸੇ ਸਾਂਝੇ ਕੰਮ ਵਾਸਤੇ ਸਲਾਹ ਲੈਣ ਆਏ ਹਨ। ਪਰ ਉਹ ਬੋਲੇ, ਭਾਈ ਸਾਹਿਬ, ਇੰਦਰ ਸਿੰਘ ਨੇ ਭਾਰੀ ਅਨਰਥ ਕਰ ਦਿੱਤਾ ਹੈ! ਤੇ ਉਨ੍ਹਾਂ ਨੇ ਸਾਰਾ ਕਿੱਸਾ ਕਹਿ ਸੁਣਾਇਆ।

ਭਾਈ ਸਾਹਿਬ ਕੁਛ ਪਲ ਚੁੱਪ ਰਹੇ, ਫੇਰ ਨਾਪੇ-ਤੋਲੇ ਸ਼ਬਦਾਂ ਵਿਚ ਅਤੇ ਆਪਣੇ ਵਿਸ਼ੇਸ਼ ਭਾਸ਼ਾਈ ਅੰਦਾਜ਼ ਵਿਚ ਬੋਲੇ, "ਇੰਦਰ ਸਿੰਘ ਦੀ ਅਣਗਹਿਲੀ ਹੈ, ਆਪ ਲੋਕਾਂ ਦੀ ਅਗਿਆਨਤਾ ਹੈ!" ਲੋਕ ਹੈਰਾਨ-ਪ੍ਰੇਸ਼ਾਨ ਜਿਹੇ ਹੋ ਕੇ ਬੋਲੇ, ਭਾਈ ਸਾਹਿਬ, ਗੱਲ ਸਮਝ ਨਹੀਂ ਆਈ! ਉਹ ਕਹਿਣ ਲੱਗੇ, "ਤੁਹਾਡੀ ਗੱਲ ਤੋਂ ਲਗਦਾ ਹੈ, ਇੰਦਰ ਸਿੰਘ ਨੇ ਸਫਾਈ ਦਾ ਖਿਆਲ ਨਹੀਂ ਰੱਖਿਆ, ਬਹੁਤ ਵੱਡੀ ਅਣਗਹਿਲੀ ਦਿਖਾਈ। ਤੁਹਾਨੂੰ ਰਵਿਦਾਸੀਆਂ ਦੇ ਘਰੋਂ ਉਹਦੇ ਦੁੱਧ ਪੀਣ ਦਾ ਇਤਰਾਜ ਹੈ। ਇਹ ਅਗਿਆਨਤਾ ਹੈ। ਉਹੋ ਇਸਤਰੀ ਲਿਆਉ, ਉਹੋ ਗਊ ਲਿਆਉ, ਉਹੋ ਬਰਤਨ ਲਿਆਉ; ਮੈਂ ਇਸਤਰੀ ਦੇ ਹੱਥ, ਬਰਤਨ ਤੇ ਗਊ ਦੇ ਥਣ ਚੰਗੀ ਤਰ੍ਹਾਂ ਸਾਫ ਕਰਵਾ ਲਵਾਂਗਾ ਤੇ ਤੁਹਾਡੇ ਸਾਹਮਣੇ ਉਸ ਦੇ ਹੱਥੋਂ ਉਸ ਦੀ ਗਊ ਦਾ ਦੁੱਧ ਉਸੇ ਦੇ ਬਰਤਨ ਵਿਚ ਪੀ ਲਵਾਂਗਾ!"

ਤਾਇਆ ਇੰਦਰ ਸਿੰਘ ਦੇ ਇਸ ਕਾਰਨਾਮੇ ਨੇ ਪਿੰਡ ਵਿਚੋਂ ਜਾਤਪਾਤ ਭਾਵੇਂ ਖਤਮ ਨਾ ਕੀਤੀ ਹੋਵੇ, ਘਟਾਈ ਵੀ ਨਾ ਹੋਵੇ, ਪਰ ਇਕ ਵਾਰ ਲੋਕਾਂ ਨੂੰ ਇਹ ਜ਼ਰੂਰ ਦਿਖਾ ਦਿੱਤਾ ਕਿ ਉਚਾ-ਨੀਵਾਂ ਕੋਈ ਨਹੀਂ ਹੁੰਦਾ, ਭਿੱਟ-ਸੁੱਚ ਵੀ ਕੋਈ ਨਹੀਂ ਹੁੰਦੀ, ਮਨੁੱਖ ਸਭ ਮਨੁੱਖ ਹੀ ਹੁੰਦੇ ਹਨ!

---

# ਕੁੜੀਆਂ

*(ਸਫਾ 29 ਦੀ ਬਾਕੀ)*

ਆਉਂਦੇ ਤਾਂ ਮੈਂ ਸਭ ਕਾਸੇ ਤੋਂ ਸੁਰਖਰੂ ਹੋ ਜਾਂਦੀ...ਮੈਨੂੰ ਲੱਗਦਾ ਜਿਵੇਂ ਮੈਂ ਐਵੇਂ ਈ ਇਸ ਟੱਬਰ ਦੀਆਂ ਸੱਚੀਆਂ ਝੂਠੀਆਂ ਤੁਹਮਤਾਂ ਮੱਥੇ ਮੜ੍ਹ ਲਈਆਂ...ਤੇ ਮੈਂ ਐਵੇਂ ਈ ਇੰਨੇ ਵਰ੍ਹੇ ਆਪਣੇ ਨਸੀਬਾਂ ਨੂੰ ਕੋਸਦੀ ਰਈ ਹੋਵਾਂ।

ਪਰ ਹੁਣ ਮੈਨੂੰ ਕਿਸੇ ਦੀ ਕੋਈ ਪਰਵਾਹ ਨਈਂ ਹੁਣ ਤੇ ਸੱਸ ਜੇ ਕੋਈ ਕੰਮ ਕਵ੍ਹੇ ਮੈਂ ਅਣਸੁਣੀ ਕਰ ਦੂੰ...। ਆਪਣੇ ਪੁੱਤ ਨੂੰ ਇਕ ਦਿਨ ਕਹਿੰਦੀ, "ਡਮਾਕ ਦਾ ਰੋਗ ਮਾੜਾ ਹੁੰਦਾ। ਜਾਂਦਾ ਨਈਂ ਛੇਤੀਂ...ਕੰਮ ਕੋਈ ਕਹੋ, ਕਰੂ ਹੋਰ...ਉਂਜ ਵੇਖ ਕਿਵੇਂ ਲਾਲੀਆਂ ਭਖਣ ਡਈਆਂ ਮੂੰਹ 'ਤੇ।" ਮੈਂ ਗੱਲ ਸੁਣ ਢਿੱਡੋਂ ਹੱਸੀ। ਜੀਅ 'ਚ ਆਈ ਆਖਾਂ- ਬੁੱਢੀਏ, ਹੁਣੇ ਠੀਕ ਹੋਈ ਆਂ...ਤੁਸੀਂ ਤਾਂ ਰਲ-ਮਿਲ ਮੈਨੂੰ ਸ਼ੁਦੈਣ ਕਰ ਛੱਡਿਆ ਸੀ।

ਡਾਕਟਰਨੀ ਦੇ ਕਹੇ ਮੁਤਾਬਕ ਦਵਾਈ ਖਾਂਦੀ ਆਂ। ਉਂਜ ਸਿਰ ਅਜੇ ਵੀ ਕਈ ਵਾਰ ਭਾਰਾ ਹੋ ਜਾਂਦਾ। ਗੋਲੀ ਖਾ ਲੈਂਦੀ ਆਂ ਤਾਂ ਨੀਂਦ ਜਿਹੀ ਆਉਣ ਲੱਗਦੀ ਆ। ਫਿਰ ਜਦੋਂ ਸਵੇਰੇ ਉਠਦੀ ਆਂ ਤਾਂ ਸਭ ਕੁਝ ਚੰਗਾ-ਚੰਗਾ ਲੱਗਦਾ। ਨੇਮ ਨਾਲ ਗੁਰਦੁਆਰੇ ਜਾਂਦੀ ਆਂ। ਕਈ ਜਣੀਆਂ ਮੱਥੇ ਲੱਗਦੀਆਂ। ਕਈ ਪੁੱਛ ਵੀ ਲੈਂਦੀਆਂ, "ਵਹੁਟੀਏ! ਠੀਕ ਆਂ ਹੁਣ।" ਮੈਂ ਅੱਗਾ ਵਲ ਲੈਂਦੀ, "ਲੈ ਚਾਚੀ, ਮੈਨੂੰ ਕੀ ਹੋਇਆ ਸੀ।"...ਤੇ ਫਿਰ ਉਹ ਸਾਰਾ ਤਰਸ ਮੂੰਹ 'ਤੇ 'ਕੱਠਾ ਕਰ ਕੇ ਕਹਿਣਗੀਆਂ, "ਚੱਲ ਧੀਏ! ਪਰਮਾਤਮਾ ਦੇ ਲੜ ਲੱਗੀ ਰਹਿ ਆਪੇ ਸੁਣੀ ਜਾਊ ਤੇਰੀ।" ਮੈਂ ਬਸ ਹੱਸ ਛੱਡਦੀ ਆਂ।

ਹੁਣ ਤੇ ਮੈਂ ਘਰ ਵੀ ਸੱਜ-ਸੰਵਰ ਕੇ ਰਹਿੰਦੀ ਆਂ। ਬਾਹਰੋਂ ਮੇਰਾ ਖਸਮ ਆਇਆ ਤੇ ਮੇਰੇ ਵੱਲ ਝਾਕਦਿਆਂ ਕਹਿੰਦਾ, "ਸਹੁਰੀ ਦੀਏ! ਬੜਾ ਫੱਬਣ ਡਈ ਆਂ ਅੱਜ।"

"ਫੱਬਾਂ ਨਾ...ਤੂੰ ਸਾਰਿਆਂ ਨਾਲ ਰਲ-ਮਿਲ ਮੈਨੂੰ ਸ਼ੁਦੈਣ ਕਰ ਛੱਡਿਆ। ਥੋੜ੍ਹੀ ਬਹੁਤ ਅਕਲ ਆਈ ਆ ਹੁਣ...ਆਪਣਾ ਆਪ ਸਾਂਭਿਆ।" ਮੈਂ ਐਵੇਂ ਓਪਰਿਆਂ ਜਿਹਾ ਵਾਂਗ ਜਵਾਬ ਦਿੱਤਾ। ਉਂਜ ਮੈਂ ਸਭ ਸਮਝਦੀ ਸੀ ਇਹਦੀਆਂ। ਹੁਣ ਕਿੱਦਾਂ ਮੀਣਾ-ਘੁੱਗਾ ਬਣਿਆ ਫਿਰਦਾ ਘਰ ਜੁ ਕੋਈ ਨਈਂ।

"ਝਾਕਦੀ ਕਿੱਦਾਂ! ਜਿਵੇਂ ਮੈਂ ਕੋਈ ਓਪਰਾ ਬੰਦਾ ਹੋਵਾਂ।"

"ਵੇ! ਤੂੰ ਓਪਰਾ ਈ ਬਣ ਗਿਆ ਮੇਰੇ ਲਈ...ਤੇਰੇ ਭਾਅ ਦੀ ਤਾਂ ਮੈਂ ਕਦੋਂ ਦੀ ਮਰ ਮੁੱਕ ਗਈ...ਕਦੇ ਕੁਝ ਪੁੱਛਿਆ ਈ ਮੈਨੂੰ?"

"ਚੱਲ ਸਭ ਕੁਝ ਪੁੱਛਦਾਂ। ਜ਼ਰਾ ਕਮਰੇ 'ਚ ਆ।"

ਅੱਜ ਕਿੰਨੇ ਦਿਨਾਂ ਬਾਅਦ ਉਹ ਮੇਰੇ ਨੇੜੇ ਆਉਣ ਨੂੰ ਫਿਰਦਾ। ਉਂਜ ਕਹਿੰਦੇ ਹੁੰਦੇ ਆ, 'ਖਸਮ ਹੋਵੇ ਵੱਲ ਤਾਂ ਵਿਹੜਾ ਦੇਵਾਂ ਥੱਲ' ਪਰ ਮੈਨੂੰ ਪਤਾ, ਨਾ ਇਹਨੇ ਕਦੇ ਵੱਲ ਹੋਣਾ ਤੇ ਨਾ ਹੀ ਮੇਰੇ ਤੋਂ ਵਿਹੜਾ ਥੱਲ ਹੋਣਾ। ਆਪਣੇ ਮਤਲਬ ਨੂੰ ਅੱਜ ਕਿੱਡਾ 'ਗੁੜ ਦਾ ਕੜਾਹ' ਬਣੀ ਫਿਰਦਾ। ਉਂਜ ਇਹਦੇ ਮਤਲਬ 'ਚੋਂ ਮੈਂ ਆਪਣਾ ਮਤਲਬ ਕੱਢ ਸਕਦੀ ਸੀ...ਐਵੇਂ ਅੜਬਮਤੀ ਜਿਹੀ ਹੋਈ ਬਾਹਰ ਬੈਠੀ ਰਹੀ। ਨਾਲੇ ਮੈਂ ਕਿਉਂ ਇਹਦੇ ਪਿੱਛੇ-ਪਿੱਛੇ ਤੁਰੀ ਫਿਰਾਂ? ਮੇਰੇ 'ਚ ਕਿਹੜਾ ਕੋਈ ਕਾਣ ਆ। ਕਮਰੇ 'ਚੋਂ ਬਾਹਰ ਨਿਕਲ ਮੇਰਾ ਖਸਮ ਪਜਾਮੇ ਵਾਂਗ ਭੁੜਕੀ ਜਾਵੇ। "ਸਹੁਰੀ ਦੀਏ! ਕਰ ਲਾ ਮਨ ਆਈਆਂ, ਸੌਂਕਣ ਲੈ ਕੇ ਆਊਂ ਤੇਰੀ...।"

"ਉਹ ਲੈ ਆ ਸੌਂਕਣ...ਬਣਨਾ ਜੁੜਨਾ ਤੈਨੂੰ ਉਥੋਂ ਵੀ ਕੁਝ ਨਈਂ। ਤੇਰੇ 'ਚ ਮੁੰਡਿਆਂ ਵਾਲੇ ਕਣ ਹੈ ਨਈਂ।"

"ਕੀ ਭੌਂਕੀ...ਨਾਲੇ ਸਹੁਰੇ ਦੀਏ ਦੱਸ ਖਾਂ...ਕੀ ਕੋਹੜ ਹੋਇਆ ਮੇਰੇ ਕਣਾਂ ਨੂੰ।"

ਉਹ ਚੁੱਲ੍ਹੇ ਅੱਗੇ ਪਈਆਂ ਛਿਟੀਆਂ ਨਾਲ ਮੈਨੂੰ ਝੰਬਣ ਲੱਗਿਆ। ਉਹ ਕੁੱਟੀ ਜਾਵੇ ਤੇ ਮੈਂ ਅੱਗੋਂ ਪਤਾ ਨਈਂ ਕੀ-ਕੀ ਬੱਕੜਵਾਹ ਕਰੀ ਜਾਵਾਂ।

ਚੀਕ-ਚਿਹਾੜਾ ਸੁਣ ਮੇਰੀ ਪਤੀਸ ਆ ਗਈ। ਮੇਰੇ ਖਸਮ ਹੱਥੋਂ ਛਿਟੀ ਫੜ ਕੇ ਕਹਿਣ ਲੱਗੀ, "ਵੇ! ਕਿਉਂ ਮਾਰਦਾਂ ਇਹਨੂੰ...ਜਨਾਨੀ ਤੱਤੜੀ 'ਚ ਹੁੰਦਾ ਕੀ ਆ? ਜਿਹੀ ਕੰਧ ਕੁੱਟ'ਲੀ, ਤਿਹੀ ਜਨਾਨੀ ਕੁੱਟ'ਲੀ।"

ਮੈਨੂੰ ਦੰਦਲ ਪੈ ਗਈ...ਜਦੋਂ ਸੁਰਤ ਸੰਭਾਲੀ ਤਾਂ ਮੇਰੀ ਪਤੀਸ ਮੇਰੇ ਪੈਰਾਂ ਨੂੰ ਜ਼ੋਰ-ਜ਼ੋਰ ਦੀ ਝੱਸ ਰਹੀ ਸੀ। ਮੈਂ ਚੁੰਨੀ ਦੇ ਪੱਲੇ ਬੱਧੀ ਗੋਲੀ ਖਾ ਲਈ। ਡਾਕਟਰਨੀ ਦੀ ਗੋਲੀ ਨੇ ਮੇਰੇ ਹੰਝੂ ਮੁਕਾ ਦਿੱਤੇ। ਹੁਣ ਐਵੇਂ ਮੈਨੂੰ ਗੱਲ ਗੱਲ 'ਤੇ ਰੋਣ ਨਈਂ ਆਉਂਦਾ।

"ਵੇਖ ਚਾਚੀ! ਕਰਤੂਤ ਆਪਣੇ ਪੱਲੇ ਹੈ ਨਈਂ.. ਕੁੱਟ ਕੇ ਮੈਨੂੰ ਚਲਾ ਗਿਆ।"

"ਚੱਲ ਧੀਏ! ਬੁਲਾਰਾ ਨਾ ਕਰ ਬਹੁਤਾ, ਤੂੰ ਇਥੇ ਈ ਵੱਸਣਾ। ਸਿਆਣੇ ਕਹਿੰਦੇ ਆ...ਇਕੋ ਹੱਟੀ, ਉਹ ਵੀ ਕਪੱਤੀ...ਮੁੜ-ਮੁੜ ਜਾਣਾ ਓਸੇ ਹੱਟੀ 'ਤੇ ਧੀਏ! ਤੂੰ ਦੱਸ ਖਾਂ...ਬੰਦੇ ਵੀ ਭਲਾ ਬੇਕਰਤੂਤੇ ਹੁੰਦੇ ਆ।"

"ਚਾਚੀ! ਤੈਨੂੰ ਵੀ ਨਈਂ ਪਤਾ...ਮੈਂ ਸਾਰਿਆਂ ਨੂੰ ਦੱਸੂੰ। ਮੁੰਡਿਆਂ ਵਾਲੀ ਕਰਤੂਤ ਇਹਦੇ ਪੱਲੇ ਹੈ ਨਈਂ...।"

ਮੇਰੀ ਹਰ ਗੱਲ ਦਾ ਹੁੰਗਾਰਾ ਭਰਨ ਵਾਲੀ ਚਾਚੀ ਨੇ...ਅੱਜ ਮੇਰੀ ਇਸ ਗੱਲ ਦਾ ਕੋਈ ਜਵਾਬ ਨਈਂ ਸੀ ਦਿੱਤਾ...ਬਸ ਮੇਰੇ ਸਿਰ 'ਤੇ ਹੱਥ ਰੱਖ ਕਮਰੇ 'ਚੋਂ ਬਾਹਰ ਹੋ ਗਈ ਸੀ।

### *ਤੇਰੇ ਕਣ ਕਣ ਵਿਚ ਕੁੜੀਆਂ*

ਕੱਲ੍ਹ ਦੀ ਫਿਰ 'ਕਲਹਿ ਦੀ ਮੁੱਢੀ' ਆ ਕੇ ਬੈਠੀ ਆ। ਆਉਂਦੀ ਈ ਕਹਿੰਦੀ, "ਭਾਬੀ! ਠੀਕ ਆਂ ਹੁਣ?" ਮੈਂ ਵੀ ਅੱਗੋਂ ਪਲਟ ਕੇ ਜਵਾਬ ਦਿੱਤਾ, "ਲੈ! ਮੈਨੂੰ ਕੀ ਹੋਇਆ ਸੀ?" ਉਹ ਮੇਰਾ ਮੂੰਹ ਵਿੰਹਦੀ ਰਹਿ ਗਈ। ਬਾਹਰੋਂ ਉਹਦੀ ਮਾਂ ਆਈ ਤਾਂ ਉਹਨੂੰ ਕਹਿਣ ਲੱਗੀ, "ਮਾਂ, ਆਹ ਤੇਰੀ ਨੂੰਹ ਤਾਂ ਅਲ-ਟਪਲੀਆਂ ਮਾਰਨ ਲੱਗ ਪਈ। ਕਹਿੰਦੀ ਆ, ਮੈਨੂੰ ਤਾਂ ਕਦੇ ਕੁਝ ਨਹੀਂ ਸੀ ਹੋਇਆ।"

"ਨੀ ਧੀਏ! ਕਦੇ ਕਮਲਾ ਵੀ ਆਪਣੇ ਆਪ ਨੂੰ ਕਮਲਾ ਕਹਿੰਦਾ ਹੁੰਦਾ।"

ਮਾਂ-ਧੀ ਦੀਆਂ ਗੱਲਾਂ ਸੁਣ ਮੈਨੂੰ ਆਪਣੇ ਆਪ 'ਤੇ ਸ਼ੱਕ ਜਿਹਾ ਹੋਇਆ ਪਰ ਹੁਣ ਤਾਂ ਮੇਰਾ ਸਿਰ ਵੀ ਕਦੇ ਕਦਾਈਂ ਭਾਰਾ ਹੁੰਦਾ...ਜਦ ਦਵਾਈ ਖਾ ਲਵਾਂ, ਠੀਕ ਹੋ ਜਾਂਦਾ ਪਰ ਇਹ ਵੱਡੀਆਂ ਚਾਤਰਾਂ ਮੈਨੂੰ ਸ਼ੁਦੈਣ ਕਿਉਂ ਸਮਝਦੀਆਂ। ਜੇ ਇਨ੍ਹਾਂ ਦੀਆਂ ਜ਼ਰਦੀ ਸੀ ਤਾਂ ਵੀ ਸ਼ੁਦੈਣ...ਤੇ ਹੁਣ ਜਦ ਮੈਂ ਕਹਿੰਦੀ ਆਂ, ਮੈਂ ਠੀਕ ਆਂ... ਤਾਂ ਮੰਨਦੀਆਂ ਨਈਂ।

ਇਸ 'ਕਲਹਿ ਦੀ ਮੁੱਢੀ' ਨੂੰ ਘਰੇ ਟੇਕ ਹੈ ਨਈਂ...ਅੱਠੀਂ ਦਸੀਂ ਦਿਨੀਂ ਪੇਕੇ ਆਣ ਧਮਕੂ।

ਪਰਦੇ ਪਰਦੇ ਪਰਦੇ
ਨਾਲੇ ਲੋਕੀਂ ਰੰਨਾਂ ਭਾਲਦੇ
ਨਾਲੇ ਕੁੜੀਆਂ ਜੰਮਣ ਤੋਂ ਡਰਦੇ

"ਨੀ ਭਾਬੀ! ਆਹ ਬੋਲੀਆਂ ਕਿੱਥੇ ਪੈਣ ਡਈਆਂ।"

"ਸਰਕਾਰੀ ਸਕੂਲ ਵਿਚ।"

"ਮੈਂ ਜਦੋਂ ਆਉਣ ਡਈ ਸੀ...ਵਾਹਵਾ ਝੰਡੀਆਂ ਲੱਗੀਆਂ ਸੀ ਉਥੇ।"

"ਆਹੋ, ਕੱਲ੍ਹ ਕਿਸੇ ਵੱਡੇ ਅਫ਼ਸਰ ਨੇ ਆਉਣਾ ਸਕੂਲ ਵਿਚ।" ਮੈਂ ਆਪਣੀ ਗੱਲ ਨਿਬੇੜ ਕੰਮ ਧੰਦੇ ਲੱਗ ਗਈ ਸੀ। ਉਂਜ ਵੀ ਮੈਨੂੰ ਇਹਦੇ ਨਾਲ ਸਿਰ ਖਪਾਉਣਾ ਚੰਗਾ ਨਹੀਂ ਸੀ ਲੱਗਦਾ।

ਪੇੜਾ ਪੇੜਾ ਪੇੜਾ
ਪੁੱਤਾਂ ਤੇਰਾ ਧੰਨ ਵੰਡਣਾਂ
ਧੀਆਂ ਵੰਡਣਾਂ ਦੁਖੜਾ ਤੇਰਾ।

"ਭਾਬੀ! ਆਹ ਬੋਲੀਆਂ ਕਿਵੇਂ ਦੀਆਂ ਪੈਣ ਡਈਆਂ...ਆਪਣੇ ਵੇਲੇ ਤਾਂ ਇਹੋ ਜਿਹੀਆਂ ਬੋਲੀਆਂ ਨਈਂ ਸੀ ਹੁੰਦੀਆਂ।" ਮੈਂ ਚੁੱਪ ਰਹੀ ਪਰ ਮੈਨੂੰ ਇਹ ਬੋਲੀਆਂ ਚੰਗੀਆਂ ਲੱਗਦੀਆਂ। ਰਸੋਈ 'ਚ ਮੈਂ ਇਸ 'ਕਲਹਿ ਦੀ ਮੁੱਢੀ' ਲਈ ਚਾਹ ਬਣਾਉਣ ਚਲੇ ਗਈ। ਹੁਣ ਪਤਾ ਨਈਂ ਕੀਹਦੇ ਨਾਲ ਗੱਲੀਂ ਟੱਕਰੀ ਸੀ। ਬਾਹਰ ਨਿਕਲ ਵੇਖਿਆ ਤਾਂ ਸਕੂਲ ਦੀ ਚੌਂਕੀਦਾਰਨੀ ਸੀ। ਮਾਸਟਰਨੀਆਂ ਦੀ ਚਾਹ ਲਈ ਦੁੱਧ ਲੈਣ ਆਈ ਸੀ। ਮੈਨੂੰ ਵੇਖ ਕੇ ਕਹਿਣ ਲੱਗੀ, "ਆ ਜਾਓ ਦੋਵੇਂ ਨਨਾਣ ਭਰਜਾਈ ਸਕੂਲੇ...ਰੌਣਕ ਮੇਲਾ ਵੇਖਣ... ਤੁਹਾਡੀਆਂ ਸ਼ਰੀਕਣੀਆਂ ਵੀ ਆਉਣ ਲੱਗੀਆਂ।"

"ਚੱਲ ਭਾਬੀ ਚਲੀਏ...ਪਰ ਸੱਚ...ਤੈਨੂੰ ਤਾਂ ਗਿੱਧੇ ਤੋਂ ਡਰ ਲੱਗਦਾ।"

"ਹੁਣ ਨਈਂ ਮੈਨੂੰ ਡਰ ਲੱਗਦਾ...ਗਿੱਧੇ ਤੋਂ ਤਾਂ ਕੀ...ਕਿਸੇ ਤੋਂ ਵੀ ਡਰ ਨਹੀਂ ਲੱਗਦਾ। ਮੈਂ ਕਿਉਂ ਡਰਾਂ ਭਲਾ।" ਇੰਨਾ ਆਖ ਮੈਂ ਅੰਦਰੋਂ ਨਵਾਂ ਸੂਟ ਪਾ ਉਹਦੇ ਨਾਲ ਸਕੂਲ ਪਹੁੰਚ ਗਈ।

ਝਾਵਾਂ ਝਾਵਾਂ ਝਾਵਾਂ
ਸਾਨੂੰ ਨਾ ਮਾਰੋ
ਅਸੀਂ ਹਾਂ ਨੰਨ੍ਹੀਆਂ ਛਾਵਾਂ

ਬੋਲੀ ਸੁਣ ਮੇਰੀਆਂ ਅੱਖਾਂ ਭਰ ਆਈਆਂ...ਗਿੱਧੇ 'ਚ ਨੱਚਦੀਆਂ ਕੁੜੀਆਂ ਮੈਨੂੰ ਆਪਣੀ ਹੀ ਕੁੱਖੋਂ ਜਾਈਆਂ ਲੱਗੀਆਂ। ਮੇਰਾ ਦਿਲ ਕਰੇ, ਉਨ੍ਹਾਂ ਨੂੰ ਆਪਣੀ ਹਿੱਕ ਨਾਲ ਲਾ ਲਵਾਂ। ਅਗਲੇ ਹੀ ਪਲ ਮੈਨੂੰ ਉਥੇ ਪੈਂਦੀਆਂ ਬੋਲੀਆਂ ਦੀ 'ਵਾਜ਼ ਨਈਂ ਸੀ ਸੁਣਨ ਡਈ...ਮੈਂ ਉਥੇ ਪਹੁੰਚ ਗਈ ਸੀ...ਜਿੱਥੇ ਵਿਆਹ ਵਾਲਾ ਘਰ ਸੀ...ਜਿੱਥੇ ਸਾਰੀਆਂ ਸ਼ਰੀਕਣੀਆਂ ਜੁੜ ਗਿੱਧਾ ਪਾਉਣ ਡਈਆਂ ਸੀ...ਤੇ ਜਿੱਥੇ ਮੇਰੀ ਨਨਾਣ ਨੇ ਗਿੱਧੇ ਦੇ ਪਿੜ 'ਚ ਮੈਨੂੰ ਖਲ੍ਹਾਰ ਕੇ ਬੋਲੀ ਪਾਈ ਸੀ:

ਸਤਿ ਦੇ ਬਚਨ ਵਿਚ ਪੁੜੀਆਂ
ਸਤਿ ਦੇ ਬਚਨ ਵਿਚ ਪੁੜੀਆਂ
ਅਸਾਂ ਤੈਨੂੰ ਨਈਉਂ ਰੱਖਣਾ
ਤੇਰੀ ਨਾੜ-ਨਾੜ ਵਿਚ ਕੁੜੀਆਂ।

ਨਨਾਣ ਦੀ ਪੁਰਾਣੀ ਪਾਈ ਬੋਲੀ ਮੇਰੇ ਚਾਰੇ ਪਾਸੇ ਗੂੰਜਣ ਲੱਗੀ...ਤੇ ਮੈਂ ਸਾਹਮਣੇ ਖਲੋਤੀ ਨਨਾਣ ਨੂੰ ਗਿੱਧੇ ਦੇ ਪਿੜ 'ਚ ਧੂਅ ਲਿਆਈ ਤੇ ਪੂਰੇ ਹਿੱਕ ਦੇ ਜ਼ੋਰ ਨਾਲ ਆਪਣੀ ਵਾਰੀ ਲੈਂਦਿਆਂ ਬੋਲੀ ਛੋਹ ਲਈ:

ਸਤਿ ਦੇ ਬਚਨ ਵਿਚ ਪੁੜੀਆਂ
ਸਤਿ ਦੇ ਬਚਨ ਵਿਚ ਪੁੜੀਆਂ
ਤੇਰੇ ਵੀਰ ਘਰ ਨਹੀਉਂ ਵੱਸਣਾ
ਉਹਦੇ ਕਣ-ਕਣ ਦੇ ਵਿਚ ਕੁੜੀਆਂ।

ਤੇ ਅੱਜ ਕਿੰਨੇ ਹੀ ਚਿਰਾਂ ਬਾਅਦ ਮੈਨੂੰ ਗਿੱਧੇ ਦੇ ਪਿੜ ਤੋਂ ਡਰ ਨਹੀਂ ਸੀ ਲੱਗਾ...ਤੇ ਅੱਜ ਕਿੰਨੇ ਹੀ ਚਿਰਾਂ ਬਾਅਦ ਮੈਂ ਗਿੱਧੇ ਦੇ ਪਿੜ 'ਚ ਬੋਲੀ ਪਾਈ ਸੀ...ਤੇ ਅੱਜ ਕਿੰਨੇ ਹੀ ਚਿਰਾਂ ਬਾਅਦ ਮੈਂ ਗਿੱਧਾ ਪਾਉਂਦਿਆਂ ਆਪਾ ਖੋ ਬੈਠੀ ਸੀ...ਤੇ ਅੱਜ ਕਿੰਨੇ ਹੀ ਚਿਰਾਂ ਬਾਅਦ ਬੋਲੀ ਦੀ ਲੈਅ 'ਤੇ ਮੇਰੇ ਪੈਰ ਧਰਤ ਤੋਂ ਚਾਰ-ਚਾਰ ਗਿੱਠਾਂ ਉਚੇ ਉਠਣ ਡਏ ਸੀ। ਬੋਲੀ ਦੀ ਲੈਅ ਰਤਾ ਮੱਠੀ ਹੋਈ ਤਾਂ ਸਾਹਮਣੇ ਬੈਠੀਆਂ ਮੈਨੂੰ ਮੇਰੀਆਂ ਸ਼ਰੀਕਣੀਆਂ ਦਿਸੀਆਂ ਪਰ ਉਹ ਤਾਂ ਅੱਜ ਫਿਰ ਮੇਰੇ ਵੱਲ ਈ ਵੇਖ-ਵੇਖ ਹੱਸਣ ਡਈਆਂ ਸੀ। 'ਕਲਹਿ ਦੀ ਮੁੱਢੀ' ਮੇਰੀ ਨਨਾਣ ਨੇ ਮੈਨੂੰ ਘੁੱਟ ਕੇ ਬਾਹਾਂ 'ਚ ਜਕੜ ਲਿਆ ਤੇ ਬੜੀ ਸਿਆਣੀ ਜਿਹੀ ਬਣਦੀ ਮੈਨੂੰ ਕਹਿਣ ਲੱਗੀ, "ਨੀ ਭਾਬੀ, ਥੋੜ੍ਹੀ ਅਕਲ ਕਰ...ਦਿਮਾਗ ਦਾ ਨੁਕਸ ਛੇਤੀ ਜਾਂਦਾ ਨਈਂ...ਹੁਣ ਤੇ ਤੈਨੂੰ ਥਾਂ ਕੁ ਥਾਂ ਦਾ ਵੀ ਪਤਾ ਨਈਂ ਲੱਗਦਾ। ਬੋਲੀ ਕੀ ਸੀ ਤੇ ਤੂੰ ਕੀ ਅਲ-ਟਪਲੀਆਂ ਮਾਰਨ ਲੱਗ ਪਈ। ਮੈਂ ਉਹਦੇ ਮੀਸਣੇ ਜਿਹੇ ਚਿਹਰੇ ਨੂੰ ਅਜੀਬ ਜਿਹੀਆਂ ਨਜ਼ਰਾਂ ਨਾਲ ਝਾਕਿਆ ਤੇ ਫਿਰ ਮੈਂ ਹੱਸਦੀ-ਹੱਸਦੀ ਰੋਣ ਲੱਗ ਪਈ।

*(ਸਮਾਪਤ)*

---

## ਗੀਤ

ਸਾਥੋਂ ਵੀ ਪਿਆਰ ਸਾਨੂੰ ਵੱਧ ਕਰਦੇ,
ਸਾਡੇ ਸੱਜਣ ਸਾਨੂੰ ਰੱਬ ਵਰਗੇ।

ਉਹ ਜਿਥੇ ਵੀ ਜਾਂਦੇ ਆ, ਹੁੰਦੀ ਜੈ ਜੈਕਾਰ ਹੈ।
ਹੇਰ-ਫੇਰ ਨਾ ਉਨ੍ਹਾਂ 'ਚ ਕੋਈ ਹੰਕਾਰ ਹੈ।
ਵੇਖੇ ਆ ਬਥੇਰੇ ਅਸੀਂ ਅੱਗ ਵਰਗੇ।
ਸਾਡੇ ਸੱਜਣ ਸਾਨੂੰ ਰੱਬ ਵਰਗੇ।

ਟੁੱਕ ਨੂੰ ਕਈ ਚੁੱਚ ਕਹਿਣ ਲੈ ਕੇ ਗੱਡੀਆਂ,
ਓ ਤੁਰਦੇ ਪੱਬਾਂ 'ਤੇ ਫਿਰ ਚਾ ਕੇ ਅੱਡੀਆਂ।
ਨਵੇਂ ਹੋਏ ਅਮੀਰ, ਸ਼ੋਆਂ ਵੱਧ ਕਰਦੇ।
ਸਾਡੇ ਸੱਜਣ ਸਾਨੂੰ ਰੱਬ ਵਰਗੇ।

ਰਹਿੰਦੀ 'ਚੀਮਨੇ' ਨਿਆਈਂ ਵਿਚ ਹੁੰਦੀ ਮਿਣਤੀ,
ਜੱਟ ਕਮਲੇ ਹਿਸਾਬ ਨਾ ਕੋਈ ਕਰੇ ਗਿਣਤੀ।
'ਰਾਜ' ਪਟਵਾਰੀ ਵੇਖੇ ਹੱਦ ਕਰਦੇ।
ਸਾਡੇ ਸੱਜਣ ਸਾਨੂੰ ਰੱਬ ਵਰਗੇ।

***-ਰਾਜ ਧਾਲੀਵਾਲ***

# ਮੋਚੀ ਦੀ ਖੱਲ ਉਤਾਰੀਏ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਪਿਛਲੇ ਹਫਤੇ ਇਸ ਕਾਲਮ ਵਿਚ ਅਸੀਂ ਮੁਕਤੀ ਸ਼ਬਦ ਦਾ ਨਿਪਟਾਰਾ ਕੀਤਾ ਸੀ ਪਰ ਅਜੇ ਇਸ ਦੀਆਂ ਹੋਰ ਅੰਗਲੀਆਂ-ਸੰਗਲੀਆਂ ਰਹਿੰਦੀਆਂ ਹਨ, ਅਜਿਹੀਆਂ ਕਿ ਤੁਸੀਂ ਕਦੇ ਉਨ੍ਹਾਂ ਬਾਰੇ ਸੋਚਿਆ ਵੀ ਨਹੀਂ ਹੋਵੇਗਾ। ਅਸੀਂ ਦੱਸਿਆ ਸੀ ਕਿ ਇਸ ਸ਼ਬਦ ਦਾ ਧਾਤੂ 'ਮੁਚ' ਹੈ ਜਿਸ ਦਾ ਅਰਥ ਛੱਡਣਾ, ਖਲਾਸ ਕਰਨਾ ਆਦਿ ਹੈ। ਸੰਸਕ੍ਰਿਤ ਵਿਚ ਕੰਠਮ ਸ਼ਬਦ ਨਾਲ ਲੱਗ ਕੇ ਇਸ ਦਾ ਅਰਥ ਬਣ ਜਾਂਦਾ ਹੈ-ਗਲਾ ਢਿਲਾ ਛੱਡਣਾ, ਅਰਥਾਤ ਗਲੇ ਨੂੰ ਆਪਣਾ ਕੰਮ ਕਰਨ ਦੇਣਾ, ਚਿੱਲਾਉਣਾ। ਅਸੀਂ ਪੰਜਾਬੀ ਵਿਚ 'ਮੁਕਤ ਕੰਠ' ਸਮਾਸ ਇਨ੍ਹਾਂ ਹੀ ਅਰਥਾਂ ਵਿਚ ਵਰਤ ਲੈਂਦੇ ਹਾਂ। ਅੰਗਰੇਜ਼ੀ ਸ਼ਬਦ full-throated ਕੁਝ ਅਜਿਹੇ ਹੀ ਅਰਥ ਦਿੰਦਾ ਹੈ। ਮੁਚ ਦੇ ਹੋਰ ਅਰਥ ਹਨ, ਕਿਸੇ ਨੂੰ ਬਖਸ਼ਣਾ ਜਾਂ ਜਾਨ ਬਖਸ਼ਣਾ; ਜਾਣ ਦੇਣਾ, ਭੇਜਣਾ; ਸੁੱਟਣਾ, ਉਚਰਨਾ, ਖੁਸ਼ੀ ਦੇਣਾ ਜਾਂ ਨਿਹਾਲ ਕਰਨਾ। ਧਿਆਨ ਦਿਓ ਸਾਰਿਆਂ ਵਿਚ ਕਾਸੇ ਦੇ ਛੱਡਣ ਦਾ ਭਾਵ ਹੈ। ਆਉ, ਅਸੀਂ ਪੰਜਾਬੀ ਵਿਚ ਇਸ ਧਾਤੂ ਦਾ ਹੋਰ ਕਮਾਲ ਦੇਖੀਏ। ਇਸ ਤੋਂ ਬਣੇ ਸ਼ਬਦ 'ਮੋਕਲਾ' ਦਾ ਜ਼ਿਕਰ ਅਸੀਂ ਕਰ ਆਏ ਹਾਂ ਜੋ ਇਸ ਧਾਤੂ ਦੇ ਖੁਲ੍ਹੇ ਖੁਲਾਸੇ ਹੋਣ ਦੇ ਅਰਥਾਂ ਤੋਂ ਵਿਕਸਿਤ ਹੋਇਆ। ਜੋ ਖੁਲ੍ਹਾ ਹੁੰਦਾ ਹੈ ਉਹ ਲੰਮਾ ਚੌੜਾ, ਵਿਸਤ੍ਰਿਤ, ਵਿਸ਼ਾਲ, ਵੱਡਾ, ਅਧਿਕ ਹੁੰਦਾ ਹੈ। ਲਗਭਗ ਇਨ੍ਹਾਂ ਹੀ ਅਰਥਾਂ ਵਾਲਾ ਇਕ ਸ਼ਬਦ ਹੈ 'ਮੁਚ' ਜੋ ਗੁਰਬਾਣੀ ਵਿਚ ਕਈ ਵਾਰੀ ਆਇਆ ਹੈ। ਗੁਰੂ ਨਾਨਕ ਦੇਵ ਦੀ ਇਕ ਪ੍ਰਸਿਧ ਪੰਕਤੀ 'ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ' ਵਿਚ ਅਸੀਂ ਇਹ ਸ਼ਬਦ ਦੇਖ ਸਕਦੇ ਹਾਂ। ਇਸ ਸ਼ਬਦ ਵਿਚ ਮੁਚੁ ਸ਼ਬਦ ਦਾ ਅਰਥ ਫੈਲਵਾਂ, ਲੰਮਾ ਚੌੜ੍ਹਾ ਹੈ। ਸੋ ਤੁਕ ਦਾ ਅਰਥ ਹੋਇਆ, ਸਿੰਬਲ ਦਾ ਰੁਖ ਤੀਰ ਵਾਂਗ ਸਿੱਧਾ, ਲੰਮਾ ਅਤੇ ਫੈਲਵਾਂ ਹੁੰਦਾ ਹੈ। ਇਸੇ ਤਰ੍ਹਾਂ ਪੰਜਵੇਂ ਗੁਰੂ ਦੀ ਤੁਕ, 'ਅੰਨ ਪਾਣੀ ਮੁਚੁ ਉਪਾਇ ਦੁਖ ਦਾਲਦ ਭੰਨੁ ਤਰੁ' ਭਾਵ (ਪ੍ਰਭੂ) ਅੰਨ ਪਾਣੀ ਖੁਲ੍ਹੀ ਜਾਂ ਵੱਡੀ ਮਾਤਰਾ ਵਿਚ ਪੈਦਾ ਕਰਦਾ ਹੈ।

ਇਸ ਅਰਥ ਵਿਚ ਇਸ ਸ਼ਬਦ ਦੇ ਕੁਝ ਹੋਰ ਰੂਪ ਹਨ ਮੂਚ, ਮੂਚੰ, ਮੂਚਾ, ਮੂਚੀ, ਮੂਚੇ, ਮੂਚੋ ਆਦਿ। ਅਸੀਂ ਕੁਝ ਇਕ ਦੀਆਂ ਮਿਸਾਲਾਂ ਲੈਂਦੇ ਹਾਂ। 'ਤੂੰ ਬੇਅੰਤੁ ਅਤਿ ਮੂਚੋ ਮੂਚਾ', 'ਊਚੰ ਤ ਨੀਚੰ ਨਾਨ੍ਹਾ ਸੁ ਮੂਚੰ', 'ਸਾਧ ਕੀ ਸੋਭਾ ਮੂਚ ਤੇ ਮੂਚੀ', 'ਕੋਟਿ ਗ੍ਰਹਣ ਪੁੰਨ ਫਲ ਮੂਚੇ॥' ਇਸ ਪ੍ਰਸੰਗ ਵਿਚ 'ਮਹਾਨ ਕੋਸ਼' ਦੇ ਇਸ ਇੰਦਰਾਜ ਦੀ ਚਰਚਾ ਕਰਨੀ ਬਣਦੀ ਹੈ। ਭਾਈ ਸਾਹਿਬ ਨੇ 'ਮੂਚੁ' ਦਾ ਅਰਥ ਅਧਿਕ, ਬਹੁਤ ਕਰਦਿਆਂ ਨਾਲ ਹੀ ਲਿਖ ਦਿੱਤਾ, ਦੇਖੋ ਅੰਗਰੇਜ਼ੀ much. ਇਸ ਦਾ ਮਤਲਬ ਹੈ ਭਾਈ ਸਾਹਿਬ ਗੁਰਬਾਣੀ ਦੇ 'ਮੂਚੁ' ਦਾ ਅੰਗਰੇਜ਼ੀ ਮੱਚ ਨਾਲ ਨਿਰੁਕਤਕ ਸਬੰਧ ਖਿਆਲਦੇ ਹਨ ਜੋ ਸਰਾਸਰ ਗਲਤ ਹੈ। ਸੱਚਾਈ ਇਹ ਹੈ ਕਿ ਭਾਵੇਂ ਅਰਥਾਂ ਦੀ ਸਮਾਨਤਾ ਹੈ, ਮੂਚ ਦਾ ਅੰਗਰੇਜ਼ੀ ਮੱਚ much ਨਾਲ ਕੋਈ ਰਿਸ਼ਤਾ ਨਹੀਂ। ਇਹ ਸਮਾਨ ਧੁਨੀ ਤੋਂ ਅਰਥ-ਭ੍ਰਮ ਦੀ ਉਘੜਵੀਂ ਮਿਸਾਲ ਹੈ। ਅੰਗਰੇਜ਼ੀ ਦੇ ਇਸ ਸ਼ਬਦ ਦਾ ਸਬੰਧ ਭਾਰੋਪੀ ਮੂਲ meg ਨਾਲ ਹੈ। ਇਸ ਮੂਲ ਵਿਚ ਵੀ ਵੱਡੇ ਹੋਣ ਦੇ ਭਾਵ ਹਨ। ਇਸ ਤੋਂ ਬਣੇ ਕੁਝ ਅੰਗਰੇਜ਼ੀ ਸ਼ਬਦ ਹਨ magnitude, magnate, mickel, much ਆਦਿ। ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਇਸ ਤੋਂ ਬਣੇ ਬੇਸ਼ੁਮਾਰ ਸ਼ਬਦ ਉਪਲਬਧ ਹਨ। ਸੰਸਕ੍ਰਿਤ ਇਸ ਦੀ 'ਗ' ਧੁਨੀ ਆਮ ਤੌਰ 'ਤੇ 'ਹ' ਵਿਚ ਬਦਲ ਜਾਂਦੀ ਹੈ। ਸਾਡੀਆਂ ਭਾਸ਼ਾਵਾਂ ਵਿਚ ਸਭ ਤੋਂ ਉਘੜਵਾਂ ਸ਼ਬਦ ਹੈ 'ਮਹਾਨ।' ਹੋਰ ਹਨ, ਮਹੱਤਵ, ਮਹੰਤ, ਮਹਿਮਾ ਆਦਿ।



ਗੁਰੂ ਗ੍ਰੰਥ ਸਾਹਿਬ ਵਿਚ 'ਮੁਚੁ' ਸ਼ਬਦ ਵੱਡਾ, ਵਿਸ਼ਾਲ ਦੇ ਅਰਥਾਂ ਤੋਂ ਬਿਨਾ ਹੋਰ ਅਰਥਾਂ ਵਿਚ ਵੀ ਕਈ ਥਾਂਈਂ ਆਇਆ ਹੈ, 'ਮੁਚੁ ਮੁਚੁ ਗਰਭ ਗਏ' -ਕਬੀਰ, ਕਈ ਗਰਭ ਗਿਰ ਗਏ ਹਨ। ਗੁਰੂ ਅਰਜਨ ਦੇਵ ਦੀ ਬਾਣੀ ਵਿਚ ਇਸ ਸ਼ਬਦ ਦੇ ਹੋਰ ਵਿਉਤਪਤ ਰੂਪ ਦੇਖੋ, 'ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ'; 'ਜਾ ਕੈ ਸਿਮਰਨਿ ਮੁਚਤ ਪਾਪ'; 'ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ॥' ਇਨ੍ਹਾਂ ਸਾਰੇ ਸ਼ਬਦਾਂ ਵਿਚ ਬਚਾਉਣ ਜਾਂ ਦੂਰ ਕਰਨ ਦਾ ਭਾਵ ਹੈ। ਇਸੇ ਧਾਤੂ ਤੋਂ ਬਣਿਆ ਇਕ ਹੋਰ ਸ਼ਬਦ 'ਮੋਚ' ਹੈ ਜਿਸ ਦਾ ਅਰਥ ਦੂਰ ਕਰਨ ਵਾਲਾ ਅਰਥਾਤ ਮੁਕਤ ਕਰਨ ਵਾਲਾ ਹੈ। ਇਸ ਤੋਂ ਸਮਾਸੀ ਸ਼ਬਦ ਸੰਕਟ-ਮੋਚ ਤੇ ਬੰਦੀ-ਮੋਚ ਗ੍ਰੰਥ ਸਾਹਿਬ ਵਿਚ ਮਿਲਦੇ ਹਨ, 'ਨਾਨਕ ਟੇਕ ਗੁਪਾਲ ਕੀ ਗੋਵਿੰਦ ਸੰਕਟ ਮੋਚ' -ਗੁਰੂ ਅਰਜਨ ਦੇਵ ਅਤੇ 'ਨਾਨਕ ਕਹੁ ਪ੍ਰਭ ਰਾਖਿ ਲੇਹ ਮੇਰੇ ਸਾਹਿਬ ਬੰਦੀ ਮੋਚ॥' ਦਿਲਚਸਪ ਗੱਲ ਹੈ ਕਿ ਮਹਾਨ ਕੋਸ਼ ਨੇ ਸੰਸਕ੍ਰਿਤ ਦੇ ਹਵਾਲੇ ਨਾਲ ਮੋਚ ਸ਼ਬਦ ਦੇ ਅਰਥ ਕੇਲਾ ਅਤੇ ਸਿੰਮਲ ਵੀ ਦਿੱਤੇ ਹਨ। ਪ੍ਰਗਟ ਤੌਰ 'ਤੇ ਇਹ ਦਰਖਤ ਖੁਲ੍ਹੇ ਮੋਕਲੇ ਹੋਣ ਕਾਰਨ ਇਸ ਭਾਵ ਨਾਲ ਮੇਲ ਖਾਂਦੇ ਹਨ।

ਕਈ ਲੋਕ ਇਕ ਸੰਕੀਰਣ ਨਜ਼ਰੀਏ ਤੋਂ ਪੰਜਾਬੀ ਵਿਚ ਸੰਸਕ੍ਰਿਤ ਦੇ ਸ਼ਬਦ ਵਰਤਣ ਦਾ ਤਿੱਖਾ ਵਿਰੋਧ ਕਰਦੇ ਹਨ। ਉਨ੍ਹਾਂ ਨੂੰ ਭਾਸ਼ਾਵਾਂ ਦੀ ਇਸ ਵਿਸ਼ੇਸ਼ਤਾ ਦੀ ਸਮਝ ਨਹੀਂ ਕਿ ਭਾਸ਼ਾਵਾਂ ਅਸਲ ਵਿਚ ਇਕ ਨਿਰੰਤਰ ਵਗਦਾ ਦਰਿਆ ਹੈ। ਵਿਭਿੰਨ ਭਾਸ਼ਾਵਾਂ ਦੇ ਸ਼ਬਦ ਆਪਸ ਵਿਚ ਘੁਲਦੇ ਮਿਲਦੇ ਹਨ ਤੇ ਆਪਣੀ ਭਾਸ਼ਾਈ ਵਿਸ਼ੇਸ਼ਤਾ ਦੀ ਪਛਾਣ ਗੁਆ ਲੈਂਦੇ ਹਨ। ਉਂਜ ਵੀ ਸਾਰੇ ਸ਼ਬਦ ਮਨੁਖ ਨੇ ਹੀ ਘੜੇ ਹਨ, ਚਾਹੇ ਉਹ ਕਿਤੇ ਵੀ ਵਸਦਾ ਹੋਵੇ। ਇਸ ਤਰ੍ਹਾਂ ਅਨੇਕਾਂ ਸ਼ਬਦਾਂ 'ਤੇ ਲੇਬਲ ਨਹੀਂ ਚਿਪਕਾਏ ਜਾ ਸਕਦੇ। ਮਿਸਾਲ ਵਜੋਂ ਕਿਸੇ ਨਵੀਂ ਛਪੀ ਕਿਤਾਬ ਨੂੰ ਰਿਲੀਜ਼ ਕਰਨ ਦੇ ਸਮਾਗਮ ਲਈ ਇਕ ਅਣਸਾਹਿਤਿਕ ਜਿਹਾ ਸ਼ਬਦ ਪ੍ਰਚਲਤ ਕੀਤਾ ਗਿਆ ਹੈ, 'ਘੁੰਡ-ਚੁਕਾਈ।' ਅਮਰਜੀਤ ਚੰਦਨ ਨੇ ਇਸ ਸ਼ਬਦ ਦੇ ਵਿਰੋਧ ਵਿਚ ਕਈ ਅਖਬਾਰਾਂ ਨੂੰ ਲਿਖਿਆ ਹੈ। ਪੁਸਤਕ-ਵਿਮੋਚਨ ਕੀ ਮਾੜਾ ਹੈ? ਸ਼ਾਇਦ ਇਸ ਤੋਂ ਹਿੰਦੀ ਸੰਸਕ੍ਰਿਤ ਦੀ ਬੋਅ ਆਉਂਦੀ ਹੈ।

ਗੁਰੂ ਅਰਜਨ ਦੇਵ ਨੇ ਇਕ ਸ਼ਬਦ ਵਰਤਿਆ ਹੈ ਬਿਮੁੰਚਿਤ, 'ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਹਾਇਣਹ' ਭਾਵ ਡਰ ਤੋਂ ਖਲਾਸੀ ਸਾਧ-ਸੰਗਤ ਨਾਲ ਹੁੰਦੀ ਹੈ, ਸੋ ਮਨੁਖ ਨੂੰ ਸਾਧ ਸੰਗਤ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਇਥੇ ਬਿਮੁੰਚਿਤ ਸ਼ਬਦ ਵਿਮੋਚਨ ਦਾ ਸਹਿਸਕ੍ਰਿਤੀ ਰੂਪ ਹੈ। ਗੁਰੂ ਅਰਜਨ ਦੇਵ ਦੀ ਇਕ ਹੋਰ ਤੁਕ ਦੇਖੋ, 'ਉਚਰੰਤਿ ਨਾਨਕ ਹਰ ਹਰ ਰਸਨਾ ਸਰਬ ਪਾਪ ਬਿਮੁਚਤੇ॥' ਇਹ ਸ਼ਬਦ ਵਿਮੋਚਨ ਦਾ ਹੀ ਰੁਪਾਂਤਰ ਹੈ। ਵਿਮੋਚਨ ਸ਼ਬਦ ਬਣਿਆ ਹੈ ਵਿ+ਮੋਚਨ ਤੋਂ। 'ਵਿ' ਅਗੇਤਰ ਹੋਰ ਅਰਥਾਂ ਤੋਂ ਬਿਨਾ ਦੋ ਚੀਜ਼ਾਂ ਨੂੰ ਨਿਖੇੜਨ ਦੇ ਅਰਥ ਵੀ ਦਿੰਦਾ ਹੈ। ਵਿਛੋੜਾ ਵਿਚ ਵੀ ਇਹੀ ਅਗੇਤਰ ਕਾਰਜਸ਼ੀਲ ਹੈ। ਸੋ, ਇਸ ਤੁਕ 'ਚ ਪਾਪ ਨੂੰ ਮਨੁਖ ਤੋਂ ਨਿਖੇੜਨ ਦੇ ਭਾਵ ਹਨ। ਪੁਸਤਕ ਵਿਮੋਚਨ ਦਾ ਅਰਥ ਹੈ ਜਨਤਾ ਦੀਆਂ ਨਜ਼ਰਾਂ ਤੋਂ ਲੁਕੀ ਹੋਈ ਕਿਸੇ ਕਿਤਾਬ ਨੂੰ ਇਸ ਦੀ ਛੁਪੀ ਹੋਈ ਸਥਿਤੀ ਤੋਂ ਨਿਖੇੜ ਕੇ ਲੋਕਾਂ ਸਾਹਮਣੇ ਲਿਆਉਣਾ। ਇਸੇ ਲਈ ਕਿਤਾਬ ਨੂੰ ਤਾਅ ਆਦਿ ਵਿਚ ਵਲੇਟਿਆ ਜਾਂਦਾ ਹੈ। ਘੁੰਡ-ਚੁਕਾਈ ਸ਼ਬਦ ਵਿਚ ਵੀ ਇਹੀ ਭਾਵ ਹੈ। ਪਰ ਗੌਰ ਕਰੋ, ਕੀ ਅਸੀਂ ਕਿਸੇ ਨਵੀਂ ਫਿਲਮ ਦੇ ਰਿਲੀਜ਼ ਫੰਕਸ਼ਨ ਲਈ ਫਿਲਮ ਦੀ ਘੁੰਡ-ਚੁਕਾਈ ਉਕਤੀ ਵਰਤ ਸਕਦੇ ਹਾਂ?

ਸਰੀਰ ਦੇ ਕਿਸੇ ਅੰਗ ਦੇ ਜੋੜ ਦੀ ਨਸ ਆਪਣੇ ਸਥਾਨ ਤੋਂ ਏਧਰ ਉਧਰ ਖਿਸਕ ਜਾਣ ਦੀ ਸਥਿਤੀ ਨੂੰ ਅਸੀਂ ਮੋਚ ਜਾਂ ਮਚਕੋੜ ਆਖਦੇ ਹਾਂ। ਇਥੇ ਵੀ ਭਾਵ ਆਪਣਾ ਸਥਾਨ ਛੱਡ ਜਾਣ ਵੱਲ ਹੈ। ਮਚਕੋੜ ਵਿਚ ਮੁੜਨ ਦਾ ਭਾਵ ਵੀ ਸਮਾ ਗਿਆ ਹੈ ਅਰਥਾਤ ਖਿਸਕ ਕੇ ਮੁੜ ਗਈ।


'ਰੋਮਾਂ ਨੂੰ ਸਰੀਰ ਤੋਂ ਮੋਚਨ ਕਰਨ ਵਾਲੀ ਚਿਮਟੀ' ਮੋਚਨਾ ਕਹਾਉਂਦੀ ਹੈ। 'ਮਹਾਨ ਕੋਸ਼' ਵਿਚ ਮੋਚਨ ਦਾ ਅਰਥ ਕੱਟਣਾ ਵੀ ਦਿੱਤਾ ਗਿਆ ਹੈ। ਮੋਚਨੇ ਨੂੰ ਚਰਿਤਰ 266 ਵਿਚ ਮੋਚਨ ਵੀ ਕਿਹਾ ਗਿਆ ਹੈ, 'ਮੋਚਨ ਕੋ ਗਹਿ ਕੈ ਇਕ ਹਾਥਨ ਸੀਸ ਹੂ ਕੇ ਸਭ ਕੇਸ ਉਪਾਰੈਂ।' ਮੋਚ ਵਿਚ ਕਿਸੇ ਚੀਜ਼ ਨੂੰ ਬਾਹਰ ਕਢਣ, ਤੋੜਨ ਦੇ ਭਾਵ ਹਨ। ਮਰੇ ਜਾਨਵਰ ਦੀ ਖਲ ਉਧੇੜਨ ਲਈ ਵੀ ਚਰਮ-ਮੋਚਨ ਸ਼ਬਦ ਵਰਤਿਆ ਜਾਂਦਾ ਹੈ। ਮੋਚੀ ਮੁਢਲੇ ਤੌਰ 'ਤੇ ਮਰੇ ਪਸ਼ੂਆਂ ਤੋਂ ਖੱਲ ਮੁਕਤ ਕਰਨ ਵਾਲਾ ਹੁੰਦਾ ਸੀ। ਜੁੱਤੀ ਲਈ ਅਸੀਂ ਇਕ ਸ਼ਬਦ ਵਰਤਦੇ ਹਾਂ ਮੌਜੇ। ਆਮ ਤੌਰ 'ਤੇ ਬੱਚਿਆਂ ਦੀ ਉਨ ਦੀ ਜੁਰਾਬ ਨੂੰ ਵੀਂ ਅਸੀਂ ਮੌਜੇ ਕਹਿੰਦੇ ਹਾਂ ਕਿਉਂਕਿ ਇਹ ਬੱਚਿਆਂ ਲਈ ਜੁੱਤੀ ਦਾ ਕੰਮ ਦਿੰਦੇ ਹਨ। ਸੰਸਕ੍ਰਿਤ ਵਿਚ ਵੀ ਮੋਚਿਕਾ ਸ਼ਬਦ ਇਕ ਪ੍ਰਕਾਰ ਦੀ ਜੁੱਤੀ ਹੈ। ਇਸ ਸ਼ਬਦ ਵਿਚ ਮੁਚ ਧਾਤੂ ਸਪਸ਼ਟ ਝਲਕ ਰਿਹਾ ਹੈ। ਜਦ ਮੁਚ ਤੋਂ ਚਮੜੀ ਉਤਾਰਨ ਦਾ ਭਾਵ ਵਿਕਸਿਤ ਹੋਇਆ ਤਾਂ ਜੁੱਤੀ ਦੇ ਭਾਵ ਵੀ ਆਣ ਜੁੜੇ। ਅਵੇਸਤਾ ਵਿਚ ਇਸ ਸ਼ਬਦ ਦਾ ਰੂਪ ਮੋਚ ਅਤੇ ਪਹਿਲਵੀ ਵਿਚ ਮੁਚਕ ਹੈ ਜਿਨ੍ਹਾਂ ਦੇ ਅਰਥ ਜੁੱਤੀ ਜਿਹੇ ਹਨ।

ਚਰਚਿਤ ਸ਼ਬਦਾਂ ਦੇ ਯੂਰਪ ਦੀਆਂ ਆਰਿਆਈ ਭਾਸ਼ਾਵਾਂ ਵਿਚ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ ਮਿਉਗ meug ਕਲਪਿਆ ਗਿਆ ਹੈ ਜਿਸ ਦਾ ਅਰਥ ਹੈ ਥਿੜਕਵਾਂ। ਇਸ ਮੂਲ ਦਾ ਹੀ ਸਕਾ ਸਾਡਾ ਮੁਚ ਹੈ। ਅੰਗਰੇਜ਼ੀ ਵਿਚ ਇਸ ਮੂਲ ਤੋਂ ਬਣਿਆ ਸਭ ਤੋਂ ਉਘੜਵਾਂ ਸ਼ਬਦ ਹੈ mucus ਅਰਥਾਤ ਬਲਗਮ ਜਾਂ ਰੇਸ਼ਾ। ਗੌਰਤਲਬ ਹੈ ਕਿ ਅੰਗਰੇਜ਼ੀ ਦੇ ਇਸ ਸ਼ਬਦ ਵਿਚ ਵੀ ਛੱਡਣ ਦੇ ਭਾਵ ਹਨ। ਬਲਗਮ ਨੱਕ ਆਦਿ ਦੁਆਰਾ ਛੱਡੀ ਗਈ ਹੈ। ਇਹ ਸ਼ਬਦ ਲਾਤੀਨੀ ਤੋਂ ਅੰਗਰੇਜ਼ੀ ਵਿਚ ਗਿਆ। ਲਾਤੀਨੀ ਦੇ ਇਕ ਸ਼ਬਦ emungere ਦਾ ਅਰਥ ਛਿਕ ਮਾਰਨਾ, ਨੱਕ ਸੁਣਕਣਾ ਹੁੰਦਾ ਹੈ। ਗਰੀਕ ਭਾਸ਼ਾ ਵਿਚ ਵੀ ਇਸ ਨਾਲ ਮਿਲਦੇ ਸ਼ਬਦ ਦਾ ਅਰਥ ਨੱਕ ਸੁਣਕਣਾ ਹੈ। ਇਕ ਹੋਰ ਸ਼ਬਦ ਹੈ moist ਜਿਸ ਦਾ ਅਰਥ ਗਿੱਲਾ, ਤਰ ਆਦਿ ਹੁੰਦਾ ਹੈ।

ਫਰਾਂਸੀਸੀ ਵਿਚ ਇਸ ਸ਼ਬਦ ਦਾ ਰੂਪ ਹੈ moite. ਕੁਝ ਇਕ ਦਾ ਵਿਚਾਰ ਹੈ ਕਿ ਇਹ ਸ਼ਬਦ ਵੀ ਇਸੇ ਮੂਲ ਤੋਂ ਬਣਿਆ ਹੈ। ਤੀਲੀ ਜਾਂ ਦੀਆਸਿਲਾਈ ਦੇ ਅਰਥਾਂ ਵਾਲਾ match ਸ਼ਬਦ ਵੀ ਇਸੇ ਮੂਲ ਨਾਲ ਜੋੜਿਆ ਜਾਂਦਾ ਹੈ। ਇਸ ਨੂੰ ਗਰੀਕ ਲਾਤੀਨੀ ਦੇ myxa ਤੋਂ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ ਜਿਸ ਦਾ ਅਰਥ ਦੀਵੇ ਦੀ ਬੱਤੀ ਹੁੰਦਾ ਹੈ। ਮੁਢਲੇ ਤੌਰ 'ਤੇ ਇਹ ਸ਼ਬਦ ਵੀ ਸੀਂਢ ਜਾਂ ਬਲਗਮ ਵੱਲ ਇਸ਼ਾਰਾ ਕਰਦਾ ਹੈ। ਕਲਪਨਾ ਕਰੋ, ਦੀਵੇ ਦੀ ਟੂਟੀ ਵਿਚੋਂ ਬੱਤੀ ਇਸ ਤਰ੍ਹਾਂ ਨਿਕਲੀ ਹੋਈ ਜਿਸ ਤਰ੍ਹਾਂ ਨਾਸਾਂ ਵਿਚੋਂ ਸੀਂਢ।

# ਉਤਰੀ ਭਾਰਤ ਦੀ ਨਵੀਂ ਤੇ ਪੁਰਾਣੀ ਪੀੜ੍ਹੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਉਤਰੀ ਭਾਰਤ ਵਿਚ ਨਵੀਂ ਪੀੜ੍ਹੀ ਦੇ ਪ੍ਰੇਮ ਸਬੰਧਾਂ ਦੀ ਗਾਥਾ ਬੜੀ ਗੰਭੀਰ ਰੂਪ ਧਾਰ ਗਈ ਹੈ। ਮਾਪਿਆਂ ਵਲੋਂ ਇੱਜ਼ਤ ਲਈ ਕੀਤੇ ਜਾਂਦੇ ਧੀਆਂ ਦੇ ਕਤਲਾਂ ਦਾ ਸਬੰਧ ਇਸ ਨਾਲ ਜੁੜਦਾ ਹੈ। ਮਾਪਿਆਂ ਦੀ ਜ਼ਮੀਨ ਜਾਇਦਾਦ ਉਤੇ ਭੈਣਾਂ ਨੂੰ ਮਿਲਿਆ ਬਰਾਬਰ ਦਾ ਹੱਕ ਵੀ। ਹਰਿਆਣਾ ਦੀਆਂ ਖਾਪ ਪੰਚਾਇਤਾਂ ਦੇ ਸਵੈ-ਸਿਰਜੇ ਨਿਯਮਾਂ ਨਾਲ ਇਸ ਦਾ ਸਿੱਧਾ ਨਾਤਾ ਹੈ। ਰਾਜ ਸਰਕਾਰਾਂ ਖਾਪ ਨਿਯਮਾਵਲੀ ਨੂੰ ਦੋਸ਼ੀ ਮੰਨਣੋਂ ਝਿਜਕਦੀਆਂ ਹਨ। ਪੰਚਾਇਤ, ਸਮਾਜ ਤੇ ਸਰਕਾਰ ਦਾ ਅਜਿਹੇ ਕਤਲਾਂ ਪਿਛੋਂ ਚੁੱਪ ਸਾਧਣਾ ਉਨ੍ਹਾਂ ਨੂੰ ਬਰੀ ਨਹੀਂ ਕਰਦਾ। ਖਾਪ ਨਿਯਮਾਵਲੀ ਧੀ ਨੂੰ ਜੀਨ ਪਹਿਨਣ ਤੋਂ ਵਰਜਦੀ ਹੈ ਤੇ ਆਪਣੀ ਰਾਖੀ ਲਈ ਮੋਬਾਈਲ ਵੀ ਨਹੀਂ ਰੱਖਣ ਦਿੰਦੀ। ਆਪਣੇ ਗੋਤ ਜਾਂ ਆਪਣੇ ਪਿੰਡ ਵਿਚ ਸ਼ਾਦੀ ਕਰਨੀ ਮਨ੍ਹਾਂ ਹੈ। ਨਵੀਂ ਪੀੜ੍ਹੀ ਲਈ ਪੜ੍ਹਨਾ-ਲਿਖਣਾ ਤੇ ਰੋਜ਼ਗਾਰ ਲਈ ਬਾਹਰ ਜਾਣਾ ਕਠਿਨ ਹੋ ਰਿਹਾ ਹੈ। ਧੀਆਂ-ਪੁੱਤਰ ਆਪਣੇ ਪਿੰਡ ਤੇ ਗੋਤ ਤੋਂ ਬਾਹਰ ਉਚੇ ਨੀਵੇਂ ਘਰਾਂ ਵਲ ਵਧ ਰਹੇ ਹਨ। ਕਾਨੂੰਨ ਦੀ ਦ੍ਰਿਸ਼ਟੀ ਤੋਂ ਨਵੇਂ ਘਰ ਜ਼ਮੀਨ ਜਾਇਦਾਦ ਵਿਚੋਂ ਹਿੱਸਾ ਮੰਗ ਸਕਦੇ ਹਨ। ਮਾਪਿਆਂ ਦਾ ਡਰ ਸੱਚਾ ਵੀ ਹੈ। ਪਰ ਉਹ ਇਹ ਨਹੀਂ ਸੋਚਦੇ ਕਿ ਨਵੀਂ ਪੀੜ੍ਹੀ ਨੂੰ ਇਸ ਰਾਹ ਤੋਰਨ ਵਾਲੇ ਉਹ ਆਪ ਹੀ ਹਨ।

ਮੈਂ ਖੁਦ ਪਹਿਲੀ ਪੀੜ੍ਹੀ ਵਿਚੋਂ ਹਾਂ। ਸਾਡੇ ਵੇਲੇ ਅਜਿਹੀ ਗਲਤੀ ਕਰਨ ਵਾਲਿਆਂ ਦਾ ਸਮਾਜਕ ਬਾਈਕਾਟ ਕਰ ਦਿੱਤਾ ਜਾਂਦਾ ਸੀ। ਮੇਰੇ ਪਿੰਡ ਵਿਚ ਅਜਿਹੀ ਇਕ ਜੋੜੀ ਨੂੰ ਸਰਪੰਚ ਨੇ ਪਿੰਡ ਛੱਡ ਕੇ ਕਿਧਰੇ ਦੂਰ ਜਾ ਵਸਣ ਦੀ ਸਲਾਹ ਦਿੱਤੀ ਸੀ। ਉਹ ਨਹੀਂ ਸੀ ਮੰਨੇ ਤਾਂ ਕੁੜੀ ਦੇ ਭਰਾਵਾਂ ਨੇ ਦੋਨੋਂ ਕਤਲ ਕਰ ਦਿੱਤੇ ਸਨ। ਥਾਣੇ ਵਾਲਿਆਂ ਨੂੰ ਕੋਈ ਗਵਾਹ ਵੀ ਨਹੀਂ ਸੀ ਲਭਿਆ। ਉਨ੍ਹਾਂ ਨੇ ਕੇਸ ਦਰਜ ਨਹੀਂ ਸੀ ਕੀਤਾ। ਇਹ ਉਹ ਦਿਨ ਸਨ ਕਿ ਪਿੰਡ ਜਾਂ ਮਾਂ ਬਾਪ ਦਾ ਗੋਤ ਹੀ ਨਹੀਂ ਸਹੁਰਿਆਂ ਦੇ ਗੋਤ ਵਿਚ ਵੀ ਸ਼ਾਦੀ ਨਹੀਂ ਸੀ ਹੁੰਦੀ। ਮੇਰੇ ਨਾਨੇ ਨੂੰ ਮੇਰੀ ਮਾਂ ਦਾ ਰਿਸ਼ਤਾ ਕਰਨ ਸਤਲੁਜ ਪਾਰ ਕਰਕੇ ਚਾਲੀ ਕੋਹ ਜਾਣਾ ਪਿਆ ਸੀ ਤੇ ਮਾਸੀ ਲਈ ਮੁੰਡਾ ਲੱਭਣ ਘੱਗਰ ਨਦੀ ਪਾਰ ਕਰਕੇ ਏਨੀ ਹੀ ਦੂਰ ਉਲਟੇ ਪਾਸੇ।

ਹੁਣ ਰੇਡੀਓ, ਟੈਲੀਵਿਜ਼ਨ, ਮੋਟਰ, ਕਾਰਾਂ ਤੇ ਸਕੂਟਰਾਂ ਨੇ ਸਾਰੀ ਦੁਨੀਆਂ ਨੂੰ ਰਲਗਡ ਕਰ ਛੱਡਿਆ ਹੈ। ਹਰ ਕੋਈ ਜਾਣਦਾ ਹੈ ਕਿ ਉਨਤ ਦੇਸ਼ਾਂ ਵਿਚ ਜਿੱਥੇ ਅਸੀਂ ਰੋਜ਼ੀ ਰੋਟੀ ਲਈ ਜਾਂਦੇ ਹਾਂ, ਅਜਿਹੇ ਬੰਧਨ ਉਕਾ ਹੀ ਨਹੀਂ। ਸਾਡੇ ਆਪਣੇ ਦੇਸ਼ ਵਿਚ ਦੱਖਣੀ ਮਰਿਆਦਾ ਅਨੁਸਾਰ ਮਾਮੇ ਦਾ ਆਪਣੀ ਭਾਣਜੀ ਨਾਲ ਵਿਆਹ ਕਰਨਾ ਲਾਜ਼ਮੀ ਹੈ। ਇਸ ਲਈ ਕਿ ਜੇ ਮਾਮਾ ਹੀ ਭਾਣਜੀ ਦਾ ਸਹਾਰਾ ਨਹੀਂ ਬਣੇਗਾ ਤਾਂ ਹੋਰ ਕੌਣ ਬਣੇਗਾ? ਵਿਦਿਆ ਤੇ ਆਵਾਜਾਈ ਚਾਨਣ ਵੰਡ ਰਹੀ ਹੈ। ਹਰ ਕੋਈ ਜਾਣਦਾ ਹੈ ਕਿ ਪਰੰਪਰਾ ਪੁਰਾਣੀ ਹੋ ਕੇ ਬੂ ਮਾਰਨ ਲਗ ਜਾਂਦੀ ਹੈ। ਪਰ ਇਸ ਦਾ ਭਾਵ ਇਹ ਨਹੀਂ ਕਿ ਇਸ ਨੂੰ ਉਕਾ ਹੀ ਤੱਜ ਦੇਣਾ ਚਾਹੀਦਾ ਹੈ। ਤੱਜਿਆਂ ਪੇਤਲਾਪਨ ਆ ਜਾਂਦਾ ਹੈ। ਸੁਮੇਲ ਜ਼ਰੂਰੀ ਹੈ। ਪਰ ਸੁਮੇਲ ਨੇ ਖੁਦ ਚੱਲ ਕੇ ਨਹੀਂ ਆਉਣਾ, ਇਹ ਲਿਆਉਣਾ ਪੈਣਾ ਹੈ। ਨਵੀਂ ਪੀੜ੍ਹੀ ਨੇ ਲਿਆਉਣਾ ਹੈ। ਸਾਡੀ ਪੀੜ੍ਹੀ ਨੂੰ ਚਾਹੀਦਾ ਹੈ ਕਿ ਇਸ ਵਰਤਾਰੇ ਵਿਚ ਰੋਕਾਂ ਨਾ ਲਾਈਏ।

ਸੰਪਾਦਕ ਸਿਰਜਣਾ ਦੀ ਹੋਨੋਲੂਲੂ ਫੇਰੀ: ਸਿਰਜਣਾ ਵਾਲੇ ਰਘਬੀਰ ਸਿੰਘ ਤੇ ਸੁਲੇਖਾ ਹੁਣੇ ਹੁਣੇ ਸ਼ਾਂਤ ਮਹਾਂਨਗਰ ਦੇ ਹਵਾਈ ਟਾਪੂਆਂ ਦੀ ਯਾਤਰਾ ਕਰਕੇ ਆਏ ਹਨ। ਹਵਾਈ ਦੀ ਰਾਜਧਾਨੀ ਹੋਨੋਲੂਲੂ ਵਿਚ ਪਰਲ ਹਾਰਬਰ ਬੰਦਰਗਾਹ ਅਮਰੀਕਾ ਦੀ ਜਲ ਸੈਨਾ ਦਾ ਬਹੁਤ ਵੱਡਾ ਅੱਡਾ ਹੈ। ਦੂਜੀ ਵੱਡੀ ਜੰਗ ਸਮੇਂ ਇਸ ਅੱਡੇ ਉਤੇ ਜਪਾਨੀਆਂ ਨੇ ਸਮੁੰਦਰੀ ਅਤੇ ਹਵਾਈ ਹਮਲਾ ਕਰਕੇ ਅਮਰੀਕਾ ਦਾ ਇਕ ਬਹੁਤ ਵੱਡਾ ਜੰਗੀ ਬੇੜਾ ਨਸ਼ਟ ਕਰ ਦਿੱਤਾ ਸੀ ਜਿਸ ਵਿਚ ਤਿੰਨ ਚਾਰ ਹਜ਼ਾਰ ਅਮਰੀਕੀ ਮਾਰੇ ਗਏ ਸਨ। ਇਸ ਹਮਲੇ ਦੇ ਪ੍ਰਤੀਕਰਮ ਵਜੋਂ ਹੀ ਅਮਰੀਕਾ ਨੇ ਜਪਾਨ ਦੇ ਘੁੱਗ ਵਸਦੇ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਉਤੇ ਬੰਬਾਰੀ ਕੀਤੀ ਸੀ। ਬੰਬਾਰੀ ਦੀ ਤਬਾਹੀ ਏਨੀ ਜ਼ਿਆਦਾ ਸੀ ਕਿ ਇਹ ਜਪਾਨੀਆਂ ਦੀ ਹਾਰ ਅਤੇ ਦੂਜੀ ਵੱਡੀ ਜੰਗ ਦਾ ਅੰਤ ਸਿੱਧ ਹੋਈ। ਅੱਜ ਜਪਾਨ ਦੇ ਦੋਵੇਂ ਸ਼ਹਿਰ ਮੁੜ ਵੱਸ ਚੁੱਕੇ ਹਨ ਤੇ ਇਨ੍ਹਾਂ ਟਾਪੂਆਂ ਦੀ ਰਾਜਧਾਨੀ ਹੋਨੋਲੂਲੂ ਵੀ।

ਹੋਨੋਲੂਲੂ ਵਿਚ ਪੋਲੀਨੀਸ਼ੀਅਨ ਆਦਿਵਾਸੀ ਰਹਿੰਦੇ ਹਨ। ਉਨ੍ਹਾਂ ਦੇ ਨਾਚ ਗਾਣੇ, ਕਾਹਵਾ ਘਰ, ਸ਼ਰਾਬਖਾਨੇ ਤੇ ਜੂਆ ਕੇਂਦਰ ਪ੍ਰਸਿੱਧ ਹਨ। ਇਥੇ ਹਰ ਰੋਜ਼ ਪੰਜ ਹਜ਼ਾਰ ਟੂਰਿਸਟ ਆਉਂਦੇ ਹਨ। ਇਨ੍ਹਾਂ ਟਾਪੂਆਂ ਦੀ ਗੱਲ ਸਾਡੇ ਘਰ ਹੁੰਦੀ ਰਹਿੰਦੀ ਹੈ। ਮੇਰੀ ਪਤਨੀ ਸੁਰਜੀਤ 1961 ਵਿਚ ਉਥੇ ਗਈ ਸੀ। ਅਮਰੀਕੀ ਰਾਸ਼ਟਰਪਤੀ ਓਬਾਮਾ ਦਾ ਜਨਮ ਓਥੋਂ ਦਾ ਹੈ। ਟੂਰਿਸਟ ਉਸ ਦਾ ਜਨਮ ਸਥਾਨ, ਸਕੂਲ ਤੇ ਉਹ ਹਸਪਤਾਲ ਵੀ ਵੇਖਣ ਜਾਂਦੇ ਹਨ ਜਿਸ ਵਿਚ ਉਸ ਦੀ ਜਨਮ ਤਿਥੀ ਤੇ ਮਾਤਾ-ਪਿਤਾ ਦਾ ਨਾਂ ਦਰਜ ਹੈ। ਭਲੇ ਸਮਿਆਂ ਵਿਚ ਆਦਿਵਾਸੀ ਫੁੱਲਾਂ ਤੇ ਪੱਤਿਆਂ ਦਾ ਪਹਿਰਾਵਾ ਪਹਿਨਦੇ ਸਨ ਤੇ ਇਸ ਪਹਿਰਾਵੇ ਵਿਚ ਨੱਚਦੇ ਗਾਉਂਦੇ ਮਹਿਮਾਨਾਂ ਦਾ ਸਵਾਗਤ ਕਰਦੇ ਸਨ। ਅੱਜ ਉਨ੍ਹਾਂ ਦੇ ਵਸਤਰ ਗੂੜੇ ਰੰਗ ਦੇ ਫੁੱਲਾਂ ਪੱਤਿਆਂ ਵਾਲੇ ਹੋ ਗਏ ਹਨ। ਗਲਾਂ ਵਿਚ ਫੁੱਲ, ਮਾਲਾ ਤੇ ਸਿਰ ਦੇ ਵਾਲਾਂ ਵਿਚ ਫੁੱਲਾਂ ਦੇ ਗੁੱਛੇ ਆਮ ਹਨ। ਰਘਬੀਰ ਤੇ ਸੁਰਜੀਤ ਤਬਦੀਲੀ ਦੀਆਂ ਗੱਲਾਂ ਕਰਦੇ ਹਨ। ਸੁਰਜੀਤ ਵੇਲੇ ਉਥੇ ਟੈਕਸੀ ਡਰਾਇਵਰ ਆਦਿ ਵਾਸੀ ਕੁੜੀਆਂ ਸਨ। ਸੁਰਜੀਤ ਡਰਾਇਵਰ ਕੁੜੀ ਨਾਲ ਅਗਲੀ ਸੀਟ ਉਤੇ ਬੈਠੀ ਸੀ ਤੇ ਇਸ ਦੇ ਦੋਵੇਂ ਜਮਾਤੀ ਮੁੰਡੇ ਪਿਛਲੀ ਸੀਟ ਉਤੇ।

ਇਥੇ ਜਾਣਾ ਕੋਈ ਸੌਖਾ ਕੰਮ ਨਹੀਂ। ਸਾਰੇ ਟਾਪੂ ਸਾਗਰ ਦੀ ਧੁੰਨੀ ਵਿਚ ਪੈਂਦੇ ਹਨ। ਸੁਰਜੀਤ ਹਾਰਵਰਡ ਸਕੂਲ ਆਫ ਪਬਲਿਕ ਹੈਲਥ ਦੀ ਪੜ੍ਹਾਈ ਕਰਕੇ ਵਾਪਸ ਆਉਂਦੀ ਉਥੇ ਠਹਿਰੀ ਸੀ। ਰਘਬੀਰ ਹੁਰੀਂ ਵੈਨਕੂਵਰ (ਕੈਨੇਡਾ) ਤੋਂ ਇੱਕ ਹਫਤੇ ਲਈ ਉਥੇ ਗਏ ਸਨ। ਤਿੰਨ ਹਜ਼ਾਰ ਡਾਲਰ ਦਾ ਖਰਚਾ ਕਰਕੇ। ਆਪਣੇ ਦੋ ਲੱਖ ਰੁਪਏ ਦੇ ਬਰਾਬਰ। ਇਹ ਖਰਚਾ ਉਨ੍ਹਾਂ ਦੀਆਂ ਕੈਨੇਡਾ ਤੇ ਅਮਰੀਕਾ ਰਹਿੰਦੀਆਂ ਧੀਆਂ-ਰਚਨਾ ਤੇ ਸਿਰਜਣਾ ਨੇ ਕੀਤਾ ਸੀ। ਉਹ ਏਨੀ ਦੂਰ ਜਾ ਕੇ ਵੀ ਮਾਪਿਆਂ ਬਾਰੇ ਸੋਚਦੀਆਂ ਹਨ। ਇਥੇ ਅਜਿਹੇ ਪੁੱਤਰ ਵੀ ਮਿਲਦੇ ਹਨ ਜਿਨ੍ਹਾਂ ਨੇ ਆਪਣੇ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਰਹਿਣ ਲਈ ਮਜਬੂਰ ਕਰ ਛੱਡਿਆ ਹੈ। ਮੈਂ ਇਹ ਗੱਲ ਉਨ੍ਹਾਂ ਲਈ ਲਿਖ ਰਿਹਾ ਹਾਂ ਜਿਹੜੇ ਧੀਆਂ ਦੇ ਹੁੰਦਿਆਂ ਸੁੰਦਿਆਂ ਪੁੱਤਰਾਂ ਲਈ ਮੱਥੇ ਰਗੜਦੇ ਹਨ। ਧੀਆਂ ਜ਼ਿੰਦਾਬਾਦ।

**ਅੰਤਿਕਾ:**

*(ਹਜ਼ਾਰਾ ਸਿੰਘ ਗੁਰਦਾਸਪੁਰੀ)*

ਹੈ ਮੰਤਵ ਜ਼ਿੰਦਗੀ ਦਾ
ਬਲਦੇ ਰਹਿਣਾ ਰੌਸ਼ਨੀ ਦੇਣਾ
ਜੁਗਾਂ ਤੋਂ ਖੂਨ ਦੀਵੇ ਦਾ,
ਅੱਗਾਂ ਨੂੰ ਸਹਿਣ ਲੱਗਾ ਹੈ।
ਮੇਰੀ ਕਿਸ਼ਤੀ ਨੂੰ ਨਾ ਡੱਕੋ,
ਸਮੁੰਦਰ ਦੀ ਦਸ਼ਾ ਤੱਕ ਕੇ
ਕਿਨਾਰੇ ਲਾਉਣ ਨੂੰ ਤੂਫਾਨ,
ਮਾਸਾ ਖਹਿਣ ਲੱਗਾ ਹੈ।

### ਛਾਤੀ ਅੰਦਰਲੇ ਥੇਹ (6)

# ਇਕ ਬਟਾ ਚਾਰ ਚੋਰ

*ਗੁਰਦਿਆਲ ਦਲਾਲ ਬੁਨਿਆਦੀ ਤੌਰ 'ਤੇ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*

ਸੰਨ 1961 ਵਿਚ ਮੈਂ ਨੌਵੀਂ ਜਮਾਤ ਵਿਚ ਪੜ੍ਹਦਾ ਸਾਂ। ਪਿੰਡ ਤਾਲਪੁਰ ਦੇ ਅਜੀਤ ਨਾਲ ਮੇਰੀ ਸਭ ਤੋਂ ਵੱਧ ਦੋਸਤੀ ਪੈ ਗਈ। ਅਜੀਤ ਬਹੁਤ ਸੂਹਣਾ, ਪੜ੍ਹਨ ਵਿਚ ਹੁਸ਼ਿਆਰ ਤੇ ਘਰੋਂ ਕਾਫ਼ੀ ਸੌਖਾ ਮੁੰਡਾ ਸੀ। ਉਸ ਦੇ ਕੱਪੜਿਆਂ ਤੋਂ ਉਸ ਦੀ ਅਮੀਰੀ ਝਲਕਦੀ। ਮੇਰਾ ਵੀ ਜੀਅ ਕਰਦਾ, ਮੈਂ ਉਸ ਵਰਗੇ ਕੱਪੜੇ ਅਤੇ ਬੂਟ ਪਾਵਾਂ ਪਰ ਸਾਡੇ ਤਾਂ ਚੂਹੇ ਵੀ ਭੁੱਖੇ ਮਰਦੇ ਸਨ। ਬੇਬੇ ਇਕੱਲੀ



**ਗੁਰਦਿਆਲ ਦਲਾਲ**
**ਫੋਨ: 91-98141-85363**

ਕਮਾਉਣ ਵਾਲੀ ਤੇ ਖਾਣ ਵਾਲੇ ਅਸੀਂ ਚਾਰ ਜਣੇ। ਜਿਥੇ ਰੋਟੀ ਦਾ ਸੰਸਾ ਹੋਵੇ, ਉਥੇ ਕੱਪੜਿਆਂ ਬਾਰੇ ਕੌਣ ਸੋਚ ਸਕਦਾ ਹੈ? ਅਸੀਂ ਉਹੀ ਕੁੜਤਾ ਪਜਾਮਾ ਸਾਲ ਭਰ ਦਬੱਲੀ ਜਾਂਦੇ। ਧੌੜੀ ਦੀ ਜੁੱਤੀ ਅਤੇ ਪਗੜੀ ਤਾਂ ਕਈ-ਕਈ ਸਾਲ ਕੱਢ ਦਿੰਦੀ। ਜਿਥੇ ਮੈਂ ਅਚਾਰ ਨਾਲ ਰੋਟੀ ਬੰਨ੍ਹ ਕੇ ਲਿਜਾਂਦਾ, ਅਜੀਤ ਡੱਬੇ ਵਿਚ ਪਰਾਉਂਠੇ ਅਤੇ ਸਬਜ਼ੀ ਲੈ ਕੇ ਆਉਂਦਾ। ਅਸੀਂ ਅੱਧੀ ਛੁੱਟੀ ਵੇਲੇ ਇਕੱਠੇ ਹੀ ਰੋਟੀ ਖਾਂਦੇ। ਉਹ ਅਚਾਰ ਚੁੱਕ ਲੈਂਦਾ, ਮੈਂ ਉਸ ਦੀ ਸਬਜ਼ੀ ਵਿਚ ਰੋਟੀ ਦੀ ਬੁਰਕੀ ਨਾਲ ਡੋਬਾ ਲਾ ਲੈਂਦਾ। ਰੋਟੀ ਖਾਣ ਮਗਰੋਂ ਉਹ ਮੈਨੂੰ ਬਾਜ਼ਾਰ ਲੈ ਜਾਂਦਾ। ਕਦੀ ਕੁਲਫ਼ੀ, ਕਦੀ ਛੋਲੇ, ਕਦੀ ਮਿੱਠੀਆਂ ਗੋਲੀਆਂ। ਪੈਸੇ ਉਹੀ ਦਿੰਦਾ। ਮੈਂ ਪੜ੍ਹਨ ਵਿਚ ਹੁਸ਼ਿਆਰ ਜ਼ਰੂਰ ਸਾਂ ਪਰ ਦੇਖਣ ਨੂੰ ਭੌਂਦੂ ਜਿਹਾ ਲਗਦਾ ਸਾਂ। ਮੈਂ ਅਤੇ ਅਜੀਤ ਵਿਹਲੇ ਪੀਰੀਅਡਾਂ ਵਿਚ ਵੀ ਸਵਾਲ ਕੱਢਦੇ ਰਹਿੰਦੇ।

ਸਾਡੇ ਪਿੰਡ ਰਾਇਪੁਰ ਵਿਚ ਕੋਈ ਰਿਸ਼ਤੇਦਾਰੀ ਸੀ ਅਜੀਤ ਦੀ। ਉਹ ਜਦੋਂ ਪਿੰਡ ਆਉਂਦਾ, ਸਾਡੇ ਘਰ ਵੀ ਆਉਂਦਾ। ਤਿੰਨ ਕੁ ਖਣਾਂ ਦਾ ਸਾਡਾ ਕੱਚਾ ਕੋਠਾ ਸੀ ਜਿਸ ਵਿਚ ਇਕ ਧਾਨਾਂ ਵਾਲੀ ਕੋਠੀ, ਇਕ ਪੇਟੀ, ਇਕ ਸੰਦੂਖ ਪਏ ਹੁੰਦੇ। ਨਾ ਕੋਈ ਕੁਰਸੀ, ਨਾ ਮੇਜ਼। ਅਜੀਤ ਨੂੰ ਬਿਠਾਉਣ ਲਈ ਤੇ ਉਸ ਨੂੰ ਖਵਾਉਣ ਲਈ ਵੀ ਸਾਡੇ ਘਰ ਕੁਝ ਨਾ ਹੁੰਦਾ। ਅਸੀਂ ਕੋਠੇ 'ਤੇ ਚੜ੍ਹ ਕੇ ਕਿਸੇ ਮੰਜੀ 'ਤੇ ਬੈਠ ਜਾਂਦੇ ਤੇ ਗੱਲਾਂ ਮਾਰਦੇ। ਮੇਰਾ ਜੀਅ ਕਰਦਾ, ਉਹ ਮੇਰੇ ਕੋਲ ਵੱਧ ਤੋਂ ਵੱਧ ਸਮਾਂ ਬੈਠਾ ਰਹੇ। ਇਕ ਵਾਰੀ ਮੈਂ ਉਸ ਨੂੰ ਸ਼ੇਰ ਵਾਲੀ ਚਾਬੀ ਦਾ ਛੱਲਾ ਦਿੱਤਾ ਤਾਂ ਉਹ ਬਹੁਤ ਖੁਸ਼ ਹੋਇਆ। ਅਜੀਤ ਨੂੰ ਮੇਰੀ ਗਰੀਬੀ ਨਾਲ ਕੋਈ ਘਿਰਣਾ ਨਹੀਂ ਸੀ। ਉਹ ਸਭਨਾਂ ਨਾਲ ਹੱਸ-ਹੱਸ, ਜੀ-ਜੀ ਕਰ ਕੇ ਬੋਲਦਾ। ਉਸ ਦੇ ਜਾਣ ਮਗਰੋਂ ਬੇਬੇ ਮੈਨੂੰ ਆਖਦੀ, "ਵੇ ਤੂੰ ਵੀ ਕਦੀ ਕਿਸੇ ਨੂੰ 'ਜੀ' ਕਹਿ ਦਿਆ ਕਰ।"

ਪਰ ਘਰ ਵਿਚ ਕਿਸੇ ਨੂੰ 'ਜੀ' ਕਹਿ ਕੇ ਬੁਲਾਉਣਾ ਮੈਨੂੰ ਬਹੁਤ ਔਖਾ ਲਗਦਾ। ਜਦੋਂ ਅਜੀਤ ਮੇਰੇ ਕੋਲੋਂ ਚਲਾ ਜਾਂਦਾ, ਮੈਂ ਅਗਲੇ ਦਿਨ ਦੀ ਉਡੀਕ ਸ਼ੁਰੂ ਕਰ ਦਿੰਦਾ। ਸਕੂਲ ਦੇ ਗੇਟ ਤੋਂ ਬਾਹਰ ਹੀ ਮੈਂ ਉਸ ਦਾ ਸਾਈਕਲ ਲੈ ਕੇ ਦੋ-ਤਿੰਨ ਗੇੜੇ ਬਾਜ਼ਾਰ ਵੱਲ ਲਾਉਂਦਾ। ਸਾਡੀ ਦੋਸਤੀ ਵਧਦੀ ਚਲੀ ਗਈ ਪਰ ਇਕ ਦਿਨ ਮਾੜੀ ਘਟਨਾ ਵਾਪਰ ਗਈ।



*ਸਕੂਲੀ ਦਿਨਾਂ ਦੇ ਨਜ਼ਾਰੇ*

ਉਸ ਦਿਨ ਅਜੀਤ ਰਿਸੈਸ ਹੁੰਦਿਆਂ ਹੀ ਕਿਸੇ ਕੰਮ ਸਕੂਲੋਂ ਬਾਹਰ ਚਲਾ ਗਿਆ। ਅਸੀਂ ਕੁਝ ਮੁੰਡੇ ਜਮਾਤ ਵਿਚ ਹੀ ਪੋਣਿਆਂ 'ਚੋਂ ਆਪੋ-ਆਪਣੀ ਰੋਟੀ ਕੱਢ ਕੇ ਖਾਣ ਲੱਗ ਪਏ। ਰੋਟੀ ਖਾਂਦਿਆਂ ਅਚਾਨਕ ਮੇਰੀ ਨਿਗ੍ਹਾ ਡੈਸਕ ਹੇਠ ਡਿੱਗੇ ਕੁਝ ਰੁਪਿਆਂ 'ਤੇ ਜਾ ਪਈ। ਹੇਠ ਝੁਕ ਕੇ ਮੈਂ ਉਹ ਰੁਪਏ ਬੜੀ ਹੁਸ਼ਿਆਰੀ ਨਾਲ ਆਪਣੀ ਜੁੱਤੀ ਵਿਚ ਅੜੁੰਗ ਲਏ। ਰੋਟੀ ਉਵੇਂ ਪੋਣੇ ਵਿਚ ਲਪੇਟੀ ਤੇ ਝੋਲੇ 'ਚ ਰੱਖ ਆਪ ਬਾਹਰ ਨਿਕਲ ਗਿਆ। ਨਿਵੇਕਲੀ ਜਿਹੀ ਥਾਂ 'ਤੇ ਜਾ ਕੇ ਮੈਂ ਜੁੱਤੀ 'ਚੋਂ ਰੁਪਏ ਕੱਢੇ ਤੇ ਗਿਣੇ। ਇਕ ਇਕ ਰੁਪਏ ਦੇ ਚਾਰ ਨੋਟ ਸਨ। ਸਵੇਰੇ ਹੀ ਇਹ ਰੁਪਏ ਮੈਂ ਅਜੀਤ ਕੋਲ ਦੇਖੇ ਸਨ। ਮੈਂ ਦੁਚਿੱਤੀ ਵਿਚ ਪੈ ਗਿਆ ਕਿ ਰੁਪਏ ਮੋੜਾਂ ਜਾਂ ਨਾ ਮੋੜਾਂ। ਵਾਰ-ਵਾਰ ਬੇਬੇ ਅਤੇ ਮਾਮੇ ਦੇ ਚਿਹਰੇ ਮੇਰੇ ਦਿਮਾਗ ਵਿਚ ਘੁੰਮੇ ਜੋ ਚੋਰੀ ਨੂੰ ਸਭ ਤੋਂ ਵੱਡਾ ਪਾਪ ਕਹਿੰਦੇ ਸਨ। ਵਾਰ-ਵਾਰ ਅਜੀਤ ਦਾ ਹੱਸਦਾ ਚਿਹਰਾ ਮੇਰੇ ਸਾਹਮਣੇ ਰੁਕਦਾ ਰਿਹਾ ਜਿਸ ਨੂੰ ਮੈਂ ਆਪਣਾ ਸਭ ਤੋਂ ਨੇੜੇ ਦਾ ਮਿੱਤਰ ਹੋਣ ਦਾ ਦਾਅਵਾ ਕਰਦਾ ਸਾਂ ਪਰ ਮਨ ਤਾਂ ਮਨ ਹੀ ਹੁੰਦਾ ਹੈ। ਬੇਈਮਾਨ ਹੋ ਗਿਆ! ਸੋਚ-ਸੋਚ ਮੈਂ ਫ਼ੈਸਲਾ ਕਰ ਲਿਆ ਕਿ ਇਕ ਰੁਪਿਆ ਰੱਖ ਕੇ ਤਿੰਨ ਅਜੀਤ ਨੂੰ ਮੋੜ ਦੇਵਾਂਗਾ। ਕਹਿ ਦਿਆਂਗਾ ਕਿ ਮੈਨੂੰ ਤਾਂ ਤਿੰਨ ਹੀ ਮਿਲੇ ਸਨ। ਇਕ ਰੁਪਿਆ ਹੌਲੀ-ਹੌਲੀ ਕੁਝ ਦਿਨਾਂ ਵਿਚ ਖਰਚਣ ਦੀ ਵਿਉਂਤ ਬਣਾ ਲਈ। ਸੋ, ਮੈਂ ਇਕ ਨੋਟ ਦੀ ਬੱਤੀ ਬਣਾਈ ਤੇ ਪਜਾਮੇ ਦੇ ਨੇਫੇ ਵਿਚ ਸਰਕਾ ਦਿੱਤੀ। ਜਮਾਤ ਵਿਚ ਵਾਪਸ ਆ ਕੇ ਮੈਂ ਅਜੀਤ ਨੂੰ ਕਿਹਾ, "ਆੜੀ ਸਿਆਂ, ਤੇਰਾ ਕੁਝ ਖੋਇਆ ਤਾਂ ਨਹੀਂ?"

ਉਸ ਨੇ ਜੇਬ 'ਤੇ ਹੱਥ ਮਾਰਿਆ ਤੇ ਘਬਰਾ ਕੇ ਬੋਲਿਆ, "ਮੇਰੇ ਚਾਰ ਰੁਪਏ।"

ਮੈਂ ਆਪਣੀ ਜੇਬ 'ਚੋਂ ਤਿੰਨ ਰੁਪਏ ਉਸ ਨੂੰ ਫੜਾਉਂਦਿਆਂ ਕਿਹਾ, "ਚਾਰ ਨਹੀਂ ਤਿੰਨ।"

"ਪਰ ਇਹ ਤਾਂ ਚਾਰ ਸੀਗੇ, ਇਕ ਕਿੱਥੇ ਗਿਆ?" ਅਜੀਤ ਹੈਰਾਨੀ 'ਚ ਬੋਲਿਆ।

"ਦੇਖ ਯਾਰ, ਜੇ ਰੱਖਣੇ ਹੁੰਦੇ ਤਾਂ ਸਾਰੇ ਰੱਖ ਲੈਂਦਾ।" ਮੈਂ ਕਿਹਾ ਤਾਂ ਲਾਗੇ ਬੈਠਾ ਨਿਰਮਲ ਬੋਲ ਪਿਆ, "ਮੈਨੂੰ ਇਹਦੇ 'ਤੇ ਸ਼ੱਕ ਏ। ਅੱਧੀ ਛੁੱਟੀ ਵੇਲੇ ਇਹਨੇ ਝੁਕ ਕੇ ਕੁਝ ਚੁੱਕਿਆ ਤੇ ਰੋਟੀ ਖਾਂਦਾ-ਖਾਂਦਾ ਝੋਲੇ 'ਚ ਪਾ, ਬਾਹਰ ਨੂੰ ਦੌੜ ਗਿਆ। ਇਹ ਬਾਹਰ ਕੀ ਕਰਨ ਗਿਆ ਤਾ?"

ਅਜੀਤ ਨੇ ਮੇਰੇ ਝੋਲੇ ਵਿਚ ਰੋਟੀ ਪਈ ਦੇਖੀ ਤਾਂ ਉਸ ਨੂੰ ਵੀ ਮੇਰੇ 'ਤੇ ਸ਼ੱਕ ਹੋ ਗਿਆ ਕਿ ਇਕ ਰੁਪਿਆ ਮੈਂ ਖਰਚ ਆਇਆ ਹਾਂ। ਉਹ ਬੋਲਿਆ, "ਸੱਚ ਸੱਚ ਦੱਸ ਤੂੰ ਇਕ ਰੁਪਿਆ ਖਾ ਆਇਆਂ? ਸੱਚ ਸੱਚ ਦੱਸ ਦੇ, ਤੈਨੂੰ ਮੇਰੀ ਸਹੁੰ ਲੱਗੇ।"

ਮੇਰਾ ਮੂੰਹ ਉਡ ਗਿਆ ਤੇ ਲੱਤਾਂ ਕੰਬਣ ਲੱਗੀਆਂ। ਮੈਥੋਂ ਬੋਲਿਆ ਹੀ ਨਾ ਜਾਵੇ। ਜ਼ੁਬਾਨ ਥਥਲਾ ਕੇ ਰਹਿ ਗਈ। ਆਪਣੇ ਸਭ ਤੋਂ ਨਜ਼ਦੀਕੀ ਦੋਸਤ ਦੀ ਮੈਂ ਸਹੁੰ ਕਿਵੇਂ ਖਾਂਦਾ? ਨਿਰਮਲ ਅਜੀਤ ਨੂੰ ਸਾਡੇ ਇੰਚਾਰਜ ਮਾਸਟਰ ਬਰਿੰਦਰ ਕੋਲ ਲੈ ਗਿਆ ਤੇ ਸ਼ਿਕਾਇਤ ਕਰਵਾ ਦਿੱਤੀ। ਮਾਸਟਰ ਜੀ ਨੇ ਮੈਨੂੰ ਸੱਦਿਆ। ਪੜਤਾਲ ਕਰਨ ਮਗਰੋਂ ਅਜੀਤ ਦੀ ਪਿੱਠ ਉਤੇ ਦੋ ਮੁੱਕੇ ਮਾਰ ਕੇ ਕਹਿਣ ਲੱਗੇ, "ਉਏ ਮੂਰਖਾ, ਇਕ ਤਾਂ ਇਸ ਇਮਾਨਦਾਰ ਮੁੰਡੇ ਨੇ ਤੇਰੇ ਪੈਸੇ ਮੋੜੇ, ਉਲਟਾ ਉਸੇ ਨੂੰ ਚੋਰ ਬਣਾਉਂਦਾ ਏਂ...ਤੈਨੂੰ ਸ਼ਰਮ ਹੈ ਭੋਰਾ?"

ਜਮਾਤ ਵਿਚ ਆ ਕੇ ਅਜੀਤ ਬਾਕੀ ਰਹਿੰਦੇ ਤਿੰਨ ਪੀਰੀਅਡ ਮੇਰੇ ਨਾਲ ਨਾ ਬੋਲਿਆ। ਮੈਂ ਕਈ ਵਾਰੀ ਉਸ ਵੱਲ ਦੇਖਿਆ, ਉਹ ਨਜ਼ਰਾਂ ਚੁਰਾਉਂਦਾ ਰਿਹਾ। ਮੇਰਾ ਅੰਦਰ ਮੈਨੂੰ ਲਾਹਨਤਾਂ ਪਾਉਂਦਾ ਰਿਹਾ ਕਿ ਤੂੰ ਮਿੱਤਰ-ਧ੍ਰੋਹੀ ਏਂ, ਝੂਠਾ ਏਂ, ਚੋਰ ਏਂ...ਤੈਨੂੰ ਉਸ ਦਾ ਰੁਪਿਆ ਮੋੜ ਦੇਣਾ ਚਾਹੀਦਾ ਹੈ। ਮੈਂ ਸੋਚਿਆ... ਨੇਫ਼ੇ 'ਚੋਂ ਰੁਪਿਆ ਕੱਢ ਫ਼ਰਸ਼ 'ਤੇ ਸੁੱਟ ਦੇਵਾਂ ਤੇ ਉਸ ਨੂੰ ਆਖਾਂ, "ਅਹੁ ਦੇਖ ਤੇਰਾ ਨੋਟ ਪਿਆ।"

ਪਰ ਨੋਟ ਨੇਫ਼ੇ ਦੀ ਹਨੇਰੀ ਗਲੀ ਵਿਚ ਪਤਾ ਨਹੀਂ ਕਿੱਥੇ ਗੁੰਮ ਹੋ ਗਿਆ ਸੀ। ਘਰ ਜਾ ਕੇ ਮੈਂ ਰੁਪਿਆ ਕੱਢਿਆ ਤੇ ਕਿਤਾਬ ਵਿਚ ਰੱਖ ਲਿਆ। ਮੈਂ ਬਹੁਤ ਪ੍ਰੇਸ਼ਾਨ ਸਾਂ ਕਿ ਕਿੰਨੀ ਵੱਡੀ ਗਲਤੀ ਕਰ ਬੈਠਾ ਹਾਂ। ਸੋਚ-ਸੋਚ ਨਮੋਸ਼ੀ ਹੋ ਰਹੀ ਸੀ। ਰਾਤ ਭਰ ਨੀਂਦ ਨਾ ਆਈ। ਅਗਲੇ ਦਿਨ ਮੈਂ ਉਹ ਰੁਪਿਆ ਜੇਬ ਵਿਚ ਪਾਇਆ ਤੇ ਸਕੂਲ ਚਲਾ ਗਿਆ। ਮੈਂ ਅਜੀਤ ਨੂੰ ਬੁਲਾਇਆ ਤੇ ਮਿਲਾਉਣ ਲਈ ਹੱਥ ਕੱਢਿਆ। ਉਹ ਨਾ ਬੋਲਿਆ ਤੇ ਨਾ ਹੱਥ ਮਿਲਾਇਆ। ਉਸ ਨੇ ਮੇਰੇ ਵਾਲੇ ਡੈਸਕ ਤੋਂ ਆਪਣੀ ਸੀਟ ਵੀ ਬਦਲ ਲਈ। ਅੱਧੀ ਛੁੱਟੀ ਵੇਲੇ ਤੱਕ ਮੈਂ ਡੈਸਕ 'ਤੇ ਬੈਠਾ ਤੜਫਦਾ ਰਿਹਾ। ਮੇਰੇ ਸਿਰ ਵਿਚ ਤੂਫ਼ਾਨ ਝੁਲਦਾ ਰਿਹਾ। ਪਤਾ ਨਹੀਂ, ਮਾਸਟਰ ਕੀ ਪੜ੍ਹਾਉਂਦੇ ਰਹੇ। ਅਜੀਤ ਨਾਲ ਬੈਠਣਾ ਮੇਰੀ ਆਦਤ ਬਣ ਚੁੱਕੀ ਸੀ। ਮੈਂ ਉਸ ਨੂੰ ਬੇਹੱਦ ਪਿਆਰ ਕਰਦਾ ਸਾਂ।

ਅੱਧੀ ਛੁੱਟੀ ਵੇਲੇ ਮੈਂ ਉਸ ਮਗਰ ਗਿਆ ਤੇ ਉਸ ਨੂੰ ਬਾਹੋਂ ਫੜ ਕੇ ਰੋਕ ਲਿਆ। ਫਿਰ ਜੇਬ 'ਚੋਂ ਰੁਪਿਆ ਕੱਢ ਉਸ ਨੂੰ ਫੜਾਉਂਦਿਆਂ ਕਿਹਾ, "ਅਜੀਤ, ਜੇ ਤੈਨੂੰ ਮੇਰੇ 'ਤੇ ਸ਼ੱਕ ਏ, ਤੂੰ ਆਹ ਰੁਪਿਆ ਲੈ ਲਾ। ਮੈਂ ਆਪਣੇ ਮਾਮੇ ਕੋਲੋਂ ਲੈ ਕੇ ਆਇਆ ਹਾਂ।"

ਉਸ ਨੇ ਰੁਪਿਆ ਫੜ ਕੇ ਉਲਟ-ਪੁਲਟ ਕੀਤਾ, ਫਿਰ ਬੋਲਿਆ, "ਝੂਠਿਆ! ਚੋਰਾ! ਦੇਖ ਇਸ ਉਤੇ ਏ.ਐਸ. ਲਿਖਿਆ ਹੋਇਆ। ਚਾਰਾਂ ਨੋਟਾਂ 'ਤੇ ਮੈਂ ਏ.ਐਸ. ਲਿਖਿਆ ਸੀ। ਏ.ਐਸ. ਦਾ ਮਤਲਬ ਸਮਝਦਾ ਏਂ... ਅਜੀਤ ਸਿੰਘ।"

ਉਸ ਦੀ ਗੱਲ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮੈਂ ਬਹੁਤ ਸ਼ਰਮਿੰਦਾ ਹੋਇਆ ਤੇ ਮੇਰਾ ਸਿਰ ਚਕਰਾਉਣ ਲੱਗ ਪਿਆ। ਕੁਝ ਚਿਰ ਉਹ ਮੇਰੇ ਵੱਲ ਦੇਖਦਾ ਰਿਹਾ, ਫਿਰ ਮੇਰਾ ਹੱਥ ਘੁੱਟ ਕੇ ਫੜ ਲਿਆ ਤੇ ਬੋਲਿਆ, "ਚੱਲ ਛੱਡ, ਤੂੰ ਪੂਰਾ ਚੋਰ ਨਹੀਂ। ਇਕ ਬਟਾ ਚਾਰ ਚੋਰ ਏਂ। ਚੱਲ ਆਪਾਂ ਇਹ ਰੁਪਿਆ ਖਰਚ ਕੇ ਆਈਏ।"

**(ਚਲਦਾ)**

## ਮਾਲਵੇ ਦੀਆਂ ਬਾਤਾਂ

# ਰਾਜਾ ਤੇ ਸਿਆਣਾ ਜੱਟ

*ਨਵਦੀਪ*

ਇੱਕ ਵਾਰੀ ਇੱਕ ਜੱਟ ਬੋਹਲ ਦੀ ਰਾਖੀ ਬੈਠਾ ਸੀ। ਇੱਕ ਰਾਜਾ ਸ਼ਿਕਾਰ ਖੇਡਦਾ ਉਧਰ ਆ ਗਿਆ। ਰਾਜਾ ਜਦੋਂ ਜੱਟ ਦੇ ਕੋਲ ਦੀ ਲੰਘਿਆ ਤਾਂ ਉਹਨੇ ਸੋਚਿਆ ਬਈ ਆਪਾਂ ਏਸ ਬੰਦੇ ਤੋਂ ਪੁੱਛ ਲਈਏ ਬਈ ਹਿਰਨ ਕਿੱਧਰ ਨੂੰ ਲੰਘਿਆ। ਉਹ ਜੱਟ ਸੀਗਾ ਅੰਨ੍ਹਾ। ਰਾਜਾ ਕਹਿੰਦਾ, ਭਾਈ ਸਾਹਿਬ ਹਿਰਨ ਕਿੱਧਰ ਨੂੰ ਲੰਘਿਆ। ਜੱਟ ਕਹਿੰਦਾ, ਮਹਾਰਾਜ ਹਿਰਨ ਐਧਰ ਨੂੰ ਗਿਆ। ਰਾਜਾ ਚਲਾ ਗਿਆ। ਮਗਰੋਂ ਬਜ਼ੀਰ ਆ ਗਿਆ। ਉਹ ਕਹਿੰਦਾ, "ਉਹ ਜੱਟਾ ਹਿਰਨ ਕਿੱਧਰ ਨੂੰ ਗਿਆ?" ਜੱਟ ਕਹਿੰਦਾ, ਬਜ਼ੀਰ ਸਾਹਿਬ ਹਿਰਨ ਐਧਰ ਨੂੰ ਗਿਆ। ਬਜ਼ੀਰ ਵੀ ਚਲਾ ਗਿਆ। ਉਹਦੇ ਮਗਰੇ ਗੁਲਾਮ ਆ ਗੇ। ਉਨ੍ਹਾਂ ਨੇ ਸੋਚਿਆ ਬਈ ਇਹਤੋਂ ਪੁੱਛ ਲਈਏ ਹਿਰਨ ਕਿੱਧਰ ਨੂੰ ਗਿਆ। ਗੁਲਾਮ ਕਹਿੰਦੇ ਅੰਨ੍ਹਿਆਂ ਹਿਰਨ ਕਿੱਧਰ ਨੂੰ ਗਿਆ? ਜੱਟ ਕਹਿੰਦਾ, ਗੁਲਾਮ ਜੀ ਹਿਰਨ ਐਧਰ ਨੂੰ ਗਿਆ। ਉਹ ਵੀ ਉਧਰ ਨੂੰ ਚਲੇ ਗਏ। ਰਾਜੇ ਨੇ ਹਿਰਨ ਮਾਰ ਲਿਆ। ਉਹਨੇ ਸੋਚਿਆ ਬਈ ਅੱਜ ਬਧੀਆ ਸ਼ਿਕਾਰ ਹੱਥ ਲੱਗਾ। ਬਜ਼ੀਰ ਤੇ ਗੁਲਾਮਾਂ ਤੋਂ ਪੁੱਛਿਆ, ਥੋਨੂੰ ਕੀਹਨੇ ਦੱਸਿਆ ਬਈ ਹਿਰਨ ਇਧਰ ਨੂੰ ਗਿਆ? ਜੀ ਅੰਨ੍ਹੇ ਜੱਟ ਨੇ ਦੱਸਿਆ। ਰਾਜਾ ਕਹਿੰਦਾ ਬਈ ਉਹਨੂੰ ਕਿਵੇਂ ਪਤਾ ਲੱਗਾ ਕਿ ਮੈਂ ਰਾਜਾ ਹਾਂ। ਬਜ਼ੀਰ ਕਹਿੰਦੇ ਉਹਨੇ ਮੈਨੂੰ ਬਜ਼ੀਰ ਸਾਹਿਬ ਆਖ ਕੇ ਦੱਸਿਆ ਸੀ। ਗੁਲਾਮ ਕਹਿੰਦੇ ਉਹਨੇ ਸਾਨੂੰ ਗੁਲਾਮ ਜੀ ਕਿਹਾ ਸੀ।

ਰਾਜਾ ਕਹਿੰਦਾ, ਉਹ ਝੂਠ ਮਾਰਦਾ ਹੋਣਾ, ਅੰਨ੍ਹਾ ਨਹੀਂ ਹੋਣਾ। "ਚਲੋ ਚਲ ਕੇ ਆਪਾਂ ਪੁਛੀਏ," ਰਾਜੇ ਨੇ ਕਿਹਾ। ਸਾਰੇ ਜੱਟ ਕੋਲ ਜਾ ਵੜੇ। ਰਾਜਾ ਕਹਿੰਦਾ, ਬਈ ਤੈਨੂੰ ਅੱਖੋਂ ਦਿਸਦਾ ਨੀਂ ਹੈ, ਤੈਨੂੰ ਕਿਵੇਂ ਪਤਾ ਲੱਗਾ ਕਿ ਮੈਂ ਰਾਜਾ ਹਾਂ?

ਜੱਟ ਕਹਿੰਦਾ, ਤੁਸੀਂ ਮੈਨੂੰ ਭਾਈ ਸਾਹਿਬ ਕਹਿ ਕੇ ਬੁਲਾਇਆ। ਕਿਉਂ ਕਿ ਰਾਜਾ ਪਰਜਾ ਨੂੰ ਏਸੇ ਤਰ੍ਹਾਂ ਬੁਲਾਉਂਦਾ ਹੈ। ਰਾਜਾ ਕਹਿੰਦਾ, ਬਜ਼ੀਰ ਬਾਰੇ ਤੈਨੂੰ ਕਿਮੇਂ ਪਤਾ ਲੱਗਿਆ? ਹਜ਼ੂਰ ਬਜ਼ੀਰ ਨੇ ਮੈਨੂੰ ਉਹ ਜੱਟਾ ਕਹਿ ਕੇ ਬੁਲਾਇਆ, ਮੈਂ ਸੋਚਿਆ ਇਹ ਬਜ਼ੀਰ ਹੋਣਾ। ਗੁਲਾਮਾਂ ਬਾਰੇ ਤੈਨੂੰ ਕਿਵੇਂ ਪਤਾ ਚੱਲਿਆ? ਜੱਟ ਕਹਿੰਦਾ, ਹਜ਼ੂਰ ਇਨ੍ਹਾਂ ਨੇ ਮੈਨੂੰ ਓ ਅੰਨ੍ਹਿਆ ਕਹਿ ਕੇ ਬੁਲਾਇਆ ਸੀ। ਮੈਂ ਸੋਚਿਆ ਬਈ ਇਹ ਗੁਲਾਮ ਹੋਣੇ ਨੇ, ਜਿਨ੍ਹਾਂ ਨੂੰ ਬੋਲਣ ਦੀ ਕੋਈ ਅਕਲ ਹੀ ਨਹੀਂ ਹੈ।

ਰਾਜਾ ਜੱਟ ਨੂੰ ਕਹਿੰਦਾ ਤੂੰ ਤਾਂ ਬਹੁਤ ਸਿਆਣਾ ਬੰਦਾ ਹੈਂ। ਮੈਂ ਤੈਨੂੰ ਆਵਦੇ ਦਰਬਾਰ ਵਿਚ ਲੈ ਕੇ ਜਾਣਾ ਹੈ। ਜੱਟ ਕਹਿੰਦਾ ਹਜ਼ੂਰ ਮੈਂ ਤਾਂ ਇੱਥੇ ਹੀ ਠੀਕ ਹਾਂ, ਤੁਸੀਂ ਮੈਨੂੰ ਨਾਲ ਲਿਜਾਣ ਲਈ ਰਹਿਣ ਹੀ ਦਿਉ। ਰਾਜਾ ਕਹਿੰਦਾ ਨਹੀਂ ਮੈਂ ਤੈਨੂੰ ਲੈ ਕੇ ਜ਼ਰੂਰ ਜਾਣਾ। ਜੱਟ ਕਹਿੰਦਾ ਮੇਰੇ ਮੁੰਡੇ ਮੈਨੂੰ ਏਸ ਕਰਕੇ ਰੋਟੀ ਦਿੰਦੇ ਨੇ, ਬਈ ਮੈਂ ਉਨ੍ਹਾਂ ਦੀ ਫਸਲ ਦੀ ਰਾਖੀ ਬੈਠਦਾ ਹਾਂ। ਰਾਜਾ ਕਹਿੰਦਾ ਤੇਰੀ ਅੱਜ ਤੋਂ ਪੰਜਾਹ ਰੁਪਈਏ ਮਹੀਨਾ ਤਨਖਾਹ, ਤੂੰ ਮੇਰੇ ਨਾਲ ਦਰਬਾਰ ਦੇ ਵਿਚ ਚਲ। ਜੱਟ ਰਾਜੇ ਦੇ ਨਾਲ ਦਰਬਾਰ ਵਿਚ ਆ ਗਿਆ।

ਬਜ਼ੀਰ ਕਹਿੰਦਾ ਮਹਾਰਾਜ ਕਿਤੇ ਇਹਨੇ ਤੁੱਕਾ ਹੀ ਨਾ ਲਾਇਆ ਹੋਵੇ, ਆਪਾਂ ਇਮਤਿਹਾਨ ਲਈਏ। ਉਦੋਂ ਰਾਜੇ ਦੇ ਮਹਿਲਾਂ ਵਿਚ ਘੋੜੀਆਂ ਦਾ ਦੁੱਧ ਚੋਂਦੇ ਹੁੰਦੇ ਸੀ। ਉਨ੍ਹਾਂ ਕੀ ਕੀਤਾ, ਜੱਟ ਵਾਸਤੇ ਖੱਚਰ ਦਾ ਦੁੱਧ ਚੋ ਲਿਆ। ਜਦੋਂ ਉਨ੍ਹਾਂ ਨੇ ਦੁੱਧ ਜੱਟ ਨੂੰ ਪੀਣ ਲਈ ਦਿੱਤਾ ਤਾਂ ਜੱਟ ਨੇ ਦੁੱਧ ਚਲਾ ਕੇ ਮਾਰਿਆ ਤੇ ਕਹਿੰਦਾ, ਮੈਂ ਹਰਾਮ ਦੇ ਦਾ ਦੁੱਧ ਨਹੀਂ ਪੀਂਦਾ। ਜਦੋਂ ਗੁਲਾਮ ਨੇ ਇਹ ਗੱਲ ਰਾਜੇ ਨੂੰ ਦੱਸੀ ਤਾਂ ਰਾਜਾ ਵੀ ਹੈਰਾਨ ਹੋ ਗਿਆ।

ਬਜ਼ੀਰ ਕਹਿੰਦਾ ਇਹਦੀ ਪ੍ਰੀਖਿਆ ਹੁਣ ਮੈਂ ਲਊਂਗਾ। ਬਜ਼ੀਰ ਨੇ ਆਵਦੀ ਕੁਆਰੀ ਕੁੜੀ ਗਹਿਣਿਆਂ ਨਾਲ ਸ਼ਿੰਗਾਰ 'ਤੀ ਤੇ ਉਹਨੂੰ ਬਜ਼ੀਰ ਕਹਿੰਦਾ ਕਿ ਤੂੰ ਜੱਟ ਕੋਲ ਦੀ ਲੰਘ ਜੀਂ। ਜਦੋਂ ਕੁੜੀ ਨੇ ਅੱਡੀ ਮਾਰੀ ਤਾਂ ਜੱਟ ਕਹਿੰਦਾ, ਆਹ ਕੰਜਰ ਦੀ ਕੌਣ ਜਾਂਦੀ ਆ। ਬਜ਼ੀਰ ਆਵਦੀ ਘਰ ਵਾਲੀ ਨੂੰ ਕਹਿੰਦਾ, ਦੱਸ ਇਹ ਕੁੜੀ ਕੀਹਦੀ ਆ? ਘਰ ਵਾਲੀ ਕਹਿੰਦੀ, ਜੇ ਨਾ ਹੀ ਪੁਛੇਂ ਤਾਂ ਚੰਗਾ। ਬਜ਼ੀਰ ਕਹਿੰਦਾ, ਨਹੀਂ ਮੈਨੂੰ ਦੱਸ ਦੇ ਜ਼ਰੂਰ। ਉਹਦੀ ਘਰਵਾਲੀ ਕਹਿੰਦੀ, ਲੈ ਫੇਰ ਸੁਣ ਲੈ ਜ਼ਰੂਰ। ਜਦੋਂ ਤੂੰ ਮੈਨੂੰ ਕੋਠੇ ਤੋਂ ਲੈ ਕੇ ਆਇਆ ਸੀ, ਉਦੋਂ ਮੈਂ ਗਰਭਵਤੀ ਸੀ। ਕੋਠਿਆਂ 'ਤੇ ਕੰਜਰ ਈ ਆਉਂਦੇ ਨੇ ਤੇ ਕਿਸੇ ਕੰਜਰ ਦੀ ਈ ਹੋਣੀ ਐ, ਹੋਰ ਕੀਹਦੀ? ਬਜ਼ੀਰ ਵੀ ਪੂਰਾ ਹੈਰਾਨ ਹੋ ਗਿਆ।

ਰਾਜਾ ਜੱਟ ਨੂੰ ਆਂਹਦਾ ਬਈ ਤੇਰੀ ਦੋ ਵਾਰੀ ਪ੍ਰੀਖਿਆ ਲਈ ਐ, ਤੂੰ ਦੋਨੋਂ ਵਾਰੀ ਪਾਸ ਹੋ ਗਿਆ। ਸੋ ਤੇਰੀ ਤਨਖਾਹ 2 ਰੁਪਏ ਵਧਾ'ਤੀ ਅੱਜ ਤੋਂ।

ਇੱਕ ਦਿਨ ਰਾਜਾ ਬੈਠਾ ਜੱਟ ਨਾਲ ਗੱਲਾਂ ਕਰੀ ਜਾਂਦਾ ਸੀ। ਉਥੇ ਨਾਈ ਆ ਗਿਆ। ਉਹ ਨਾਈ ਰਾਜੇ ਦੀ ਹਜਾਮਤ ਕਰਨ ਵਾਸਤੇ ਪੱਛਣਾ ਪੂਰੇ ਜੋਰ ਨਾਲ ਤਿੱਖਾ ਕਰੀ ਜਾਂਦਾ ਸੀ। ਜੱਟ ਨਾਈ ਨੂੰ ਕਹਿੰਦਾ ਕਿ ਤੂੰ ਰਾਜੇ ਦੀ ਹਜਾਮਤ ਕਰਨੀ ਐ ਜਾਂ ਉਹਦਾ ਗੱਲ ਵੱਢਣਾ ਐ। ਰਾਜੇ ਨੇ ਸੋਚਿਆ ਕਿਤੇ ਜੱਟ ਸੱਚ ਈ ਨਾ ਬੋਲਦਾ ਹੋਵੇ। ਉਹਨੇ ਨਾਈ ਨੂੰ ਫੜ੍ਹ ਕੇ ਅੰਦਰ ਕਰ 'ਤਾ। ਨਾਈ ਕਹਿੰਦਾ ਹਜ਼ੂਰ ਮੈਨੂੰ ਤਾਂ ਸੈਨਾਪਤੀ ਨੇ ਭੇਜਿਆ ਸੀ ਬਈ ਉਹ ਆਂਹਦਾ ਕਿ ਤੂੰ ਰਾਜੇ ਦਾ ਕਤਲ ਕਰ ਦੇਵੀਂ ਤੇ ਮੈਂ ਆਪ ਰਾਜਾ ਬਣ ਜੂੰਗਾ ਤੇ ਤੈਨੂੰ ਆਬਦਾ ਬਜ਼ੀਰ ਬਣਾ ਲੂੰਗਾ। ਰਾਜਾ ਜੱਟ ਨੂੰ ਕਹਿੰਦਾ ਤੂੰ ਮੇਰੀ ਜਾਨ ਬਚਾਈ ਆ, ਚਲ ਤੇਰੀ ਤਨਖਾਹ ਅੱਜ ਤੋਂ ਪੰਜ ਰੁਪਈਏ ਹੋਰ ਬਧਾ 'ਤੀ। ਇੱਕ ਦਿਨ ਰਾਜਾ ਜੱਟ ਨੂੰ ਕਹਿੰਦਾ, ਬਈ ਤੂੰ ਸਾਰਾ ਕੁਝ ਦੱਸ'ਤਾ। ਤੂੰ ਹੁਣ ਇਉਂ ਕਰ, ਮੈਨੂੰ ਦੱਸ ਮੈਂ ਕੀਹਦਾ ਹਾਂ? ਜੱਟ ਕਹਿੰਦਾ, ਹਜ਼ੂਰ ਨਾ ਹੀ ਪੁੱਛੋਂ ਤਾਂ ਚੰਗਾ ਹੈ।

ਰਾਜਾ ਕਹਿੰਦਾ, ਨਹੀਂ ਦੱਸ। ਜੱਟ ਕਹਿੰਦਾ, ਹਜ਼ੂਰ ਨਾ ਹੀ ਪੁਛੋ। ਰਾਜਾ ਕਹਿੰਦਾ ਜੇ ਨਹੀਂ ਦੱਸੇਂਗਾ ਤਾਂ ਫੜ੍ਹ ਕੇ ਅੰਦਰ ਕਰ ਦੂੰਗਾ। ਜੱਟ ਕਹਿੰਦਾ, ਜੇ ਜ਼ਰੂਰ ਹੀ ਪੁੱਛਣਾ ਹੈ ਤਾਂ ਲਉ ਸੁਣੋ। ਤੁਸੀਂ ਕਿਸੇ ਬਾਣੀਏ ਦੇ ਓ। ਰਾਜੇ ਨੂੰ ਗੁੱਸਾ ਚੜ੍ਹ ਗਿਆ। ਉਹਨੇ ਪਤਾ ਕਰ ਲਿਆ। ਰਾਜੇ ਦੇ ਪਿਉ ਦੇ ਪਹਿਲੇ ਬਿਆਹ 'ਚੋਂ ਕੋਈ ਜੁਆਕ ਹੈ ਨੀਂ ਸੀ। ਰਾਜੇ ਦੇ ਪਿਉ ਨੇ ਦੂਜਾ ਵਿਆਹ ਕਰਵਾ ਲਿਆ ਤਾਂ ਫੇਰ ਨਾ ਬਹੁਤਾ ਚਿਰ ਕੋਈ ਜੁਆਕ ਹੋਇਆ। ਉਨ੍ਹਾਂ ਦੇ ਗੁਆਂਢ 'ਚ ਕੋਈ ਬਾਣੀਆਂ ਰਹਿੰਦਾ ਸੀ। ਰਾਜੇ ਦੀ ਮਾਂ ਦੀ ਗੱਲ ਬਾਣੀਏ ਨਾਲ ਸੈਟ ਹੋ ਗਈ। ਉਥੋਂ ਰਾਜੇ ਦਾ ਜਨਮ ਹੋਇਆ। ਰਾਜਾ ਗੁੱਸੇ 'ਚ ਆ ਕੇ ਜੱਟ ਨੂੰ ਕਹਿੰਦਾ ਕਿ ਤੈਨੂੰ ਕਿਮੇ ਪਤਾ ਲੱਗਾ ਕਿ ਮੈਂ ਬਾਣੀਏ ਦਾ ਪੁਤ ਹਾਂ। ਜੱਟ ਕਹਿੰਦਾ, ਹਜ਼ੂਰ ਤੁਸੀਂ ਹੁੰਦੇ ਕਿਸੇ ਅਸਲੀ ਜੱਟ ਦੇ ਬੀਅ ਜਾਂ ਫੇਰ ਹੁੰਦੇ ਕਿਸੇ ਰਾਜੇ ਦੇ ਪੁੱਤ, ਤਾਂ ਤੁਸੀਂ ਮੇਰੀ ਤਨਖਾਹ ਰੁਪਈਏ ਦੋ ਰੁਪਈਏ ਨੀਂ ਸੀ ਵਧਾਉਂਦੇ। ਮੈਂ ਤਾਂ ਥੋਡੀ ਜਾਨ ਬਚਾਈ ਸੀ। ਤੁਸੀਂ ਮੇਰੀ ਤਨਖਾਹ ਬਧਾ 'ਤੀ ਪੰਜ ਰੁਪਈਏ। ਤੁਸੀਂ ਕਹਿਣਾ ਸੀ ਆਹ ਚੱਕ ਫਲਾਣੀ ਜਗੀਰ। ਤੁਸੀਂ ਬਾਣੀਏ ਦੇ ਹੋਣ ਕਰਕੇ ਈ ਤਨਖਾਹ ਰੁਪਈਆ ਰੁਪਈਆ ਕਰਕੇ ਬਧਾਈ ਐ।

## ਆਦਮੀ ਤਾਂ ਆਦਮੀ ਹੈ

ਆਦਮੀ ਤਾਂ ਆਦਮੀ ਹੈ
ਐਵੇਂ ਇਸ ਨੂੰ ਬਣਾਓ ਨਾ ਭਗਵਾਨ ਦੋਸਤੋ।
ਜੰਗਲੀ ਤੇ ਵਹਿਸ਼ੀ
ਆਦਤਾਂ ਦਾ ਆਦੀ ਹੈ
ਕਿਉਂ ਭਗਵਾਨ ਦੇ ਨਾਮ ਨੂੰ
ਕਰਦੇ ਹੋ ਬਦਨਾਮ ਦੋਸਤੋ।

ਮੰਦਰ, ਮਸਜਿਦ, ਮਸੀਤਾਂ, ਗੁਰੂਦੁਆਰੇ
ਭਾਵੇਂ ਇਸ ਨੇ ਉਸਾਰੇ ਨੇ ਬਥੇਰੇ।
ਮੱਥਾ ਟਿੱਕਾ, ਕਰੇ ਦਿਨ ਰਾਤ ਧੂਫ ਬੱਤੀ
ਕਰੇ ਪਾਠ ਪੂਜਾ, ਮੌਨ ਵਰਤ ਬਥੇਰੇ।
ਮਨ ਦੀ ਮੈਲ ਕਦੇ ਜਾਂਦੀ ਨਹੀਂ
ਭਾਵੇਂ ਸੈਂਕੜੇ ਅਤਰ ਫਲੇਲ ਲਗਾਵੇ ਦੋਸਤੋ।

ਇਹ ਉਚਾ ਉਠਣ ਲਈ
ਵੇਲਦਾ ਹੈ ਪਾਪੜ ਬਥੇਰੇ।
ਝੂਠ ਨੂੰ ਸੱਚ ਬਣਾਉਣ ਲਈ
ਦਿਨ ਰਾਤ ਕੱਚੇ-ਪੱਕੇ ਰੰਗ ਚਾੜ੍ਹੇ ਬਥੇਰੇ।
ਰਹਿਣ ਦਿਓ ਇਸ ਸ਼ੈਤਾਨ ਨੂੰ
ਆਪਣੇ ਆਪ 'ਤੇ ਦੋਸਤੋ।

ਜੰਗਲੀ ਤੇ ਵਹਿਸ਼ੀ ਆਦਤਾਂ ਦਾ
ਜਨਮਾਂ ਤੋਂ ਹੈ ਇਹ ਸ਼ਿਕਾਰੀ।
ਬਦਲੇ ਰੰਗ ਰੂਪ, ਬੋਲ-ਚਾਲ ਢਾਲ
ਜਿਉਂ ਸ਼ਿਕਾਰ ਕਰਨ ਲਈ ਕਰਦਾ ਸ਼ਿਕਾਰੀ
ਮੋਹ, ਮਾਇਆ, ਸ਼ੋਹਰਤ ਪਿਛੇ
ਪਾਗਲ ਹੋਇਆ ਫਿਰਦਾ ਹੈ
ਇਹ ਇਨਸਾਨ ਦੋਸਤੋ।

*-ਮੱਤ ਸਿੰਘ ਢਿੱਲੋਂ*
*ਫੋਨ: 847-308-5411*

# ਪਿਆਰ ਦੀ ਪੈੜ ਪੀਂਵਦੀ ਜ਼ਹਿਰ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਗਿਆਨੀ ਪ੍ਰੀਤਮ ਸਿੰਘ ਦੇ ਤਿੰਨ ਪੁੱਤਰ ਸਨ। ਵੱਡਾ ਕੇਵਲ ਸਿੰਘ ਜਿਹੜਾ ਸਕੂਲ ਦੇ ਅੱਗੇ ਦੀ ਤਾਂ ਕੀ, ਪਿੱਛੇ ਦੀ ਵੀ ਨਹੀਂ ਲੰਘਿਆ। ਵਿਚਕਾਰਲਾ ਸੇਵਾ ਸਿੰਘ ਦਸਵੀਂ ਪਾਸ ਕਰ ਕੇ ਫੌਜ ਵਿਚ ਭਰਤੀ ਹੋ ਗਿਆ। ਸਭ ਤੋਂ ਛੋਟਾ ਹਿੰਮਤ ਸਿੰਘ ਹੈ। ਰੱਖੜੀ ਬੰਨ੍ਹਣ ਲਈ ਆਪਣੀ ਭੈਣ ਤਾਂ ਨਹੀਂ ਸੀ, ਆਪਣੇ ਚਾਚੇ ਦੀ ਧੀ ਨੂੰ ਸਕੀ ਭੈਣ ਸਮਝ ਕੇ ਤਿੰਨੇ ਜਣੇ ਰੱਖੜੀ ਉਸ ਤੋਂ ਬੰਨ੍ਹਵਾ ਕੇ ਸਬਰ ਕਰ ਲੈਂਦੇ।

ਕੇਵਲ ਸਿੰਘ ਦੀ ਬਚਪਨ ਤੋਂ ਬਿਰਤੀ ਧਾਰਮਿਕ ਤੇ ਚੱਕਰਵਰਤੀ ਹੀ ਰਹੀ ਹੈ। ਸਕੂਲੀ ਵਿੱਦਿਆ ਦੇ ਗਿਆਨ ਤੋਂ ਬੇਸ਼ਕ ਉਹ ਪੈਦਲ ਹੀ ਸੀ ਪਰ ਇਤਿਹਾਸ ਦੀ ਜਾਣਕਾਰੀ ਤੋਂ ਉਹ ਸ਼ਤਾਬਦੀ ਐਕਸਪ੍ਰੈਸ ਸੀ। ਕੋਈ ਰਾਜਸੀ, ਧਾਰਮਿਕ ਜੋੜ ਮੇਲਾ ਉਹ ਨਹੀਂ ਸੀ ਭੁੱਲਦਾ। ਜ਼ਿਮੀਦਾਰਾਂ ਦਾ ਪੁੱਤ ਇਸ ਤਰ੍ਹਾਂ ਘਰੋਂ ਗੈਰ-ਹਾਜ਼ਰ ਰਹੇ ਤੇ ਘਰ ਦੇ ਕੰਮਾਂ ਵੱਲ ਖਿਆਲ ਨਾ ਕਰੇ, ਫਿਰ ਉਸ ਦੇ ਮੂੰਹ ਨੂੰ ਛੁਹਾਰਾ ਲੱਗਣਾ ਮੁਸ਼ਕਿਲ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਕੇਵਲ ਸਿੰਘ ਨਾਲ ਹੋਈ। ਸੇਵਾ ਸਿੰਘ ਫੌਜੀ ਨਾਲ ਹੀ ਹਿੰਮਤ ਸਿੰਘ ਵੀ ਵਿਆਹਿਆ ਗਿਆ। ਉਹ ਦੋਵੇਂ ਸਕੀਆਂ ਭੈਣਾਂ ਹਨ। ਕੇਵਲ ਸਿੰਘ ਦੀ ਵਿਆਹ ਵਾਲੀ ਵੱਤ ਲੰਘਣ ਲੱਗੀ। ਮਹਾਂਪੁਰਸ਼ਾਂ ਦੇ ਜੋੜੇ ਝਾੜਦਿਆਂ, ਸੇਵਾ ਕਰਦਿਆਂ ਕੇਵਲ ਸਿੰਘ ਵਧੀਆ ਪ੍ਰਚਾਰਕ ਬਣ ਗਿਆ। ਹੌਲੀ-ਹੌਲੀ ਢਾਡੀ ਜਥੇ ਦਾ ਮੋਹਰੀ ਬਣ ਗਿਆ। ਕੇਵਲ ਸਿੰਘ ਦੇ ਜੋਸ਼ੀਲੇ ਭਾਸ਼ਣ ਸੁਣ ਲੋਕ ਇਕੱਠੇ ਹੋਣ ਲੱਗੇ। ਫਿਰ ਮਾਮੀ ਨੇ ਰਿਸ਼ਤਾ ਕਰਾ ਦਿੱਤਾ। ਉਹਦੇ ਨਾਲੋਂ ਉਹਦੀ ਘਰ ਵਾਲੀ ਦਸ ਸਾਲ ਛੋਟੀ ਸੀ। ਗਰੀਬ ਮਾਪਿਆਂ ਇਸ ਕਰ ਕੇ ਵਿਆਹੀ ਸੀ ਕਿ ਮੁੰਡਾ ਕੁਝ ਖਾਂਦਾ-ਪੀਂਦਾ ਨਹੀਂ ਤੇ ਇਲਾਕੇ 'ਚ ਜਾਣਿਆ-ਪਛਾਣਿਆ ਨਾਂ ਹੈ।

ਪ੍ਰੀਤਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਤਿੰਨੇ ਭਰਾ ਅੱਡ ਹੋ ਗਏ। ਪ੍ਰੀਤਮ ਸਿੰਘ ਆਪਣੀ ਜਾਇਦਾਦ ਦੀ ਵੰਡ ਤਾਂ ਠੀਕ ਕਰ ਗਿਆ ਸੀ ਪਰ ਦੋਵੇਂ ਛੋਟਿਆਂ ਨੇ ਹੇਰਾਫੇਰੀ ਕਰ ਕੇ ਅੱਧਾ ਕਿੱਲਾ ਜ਼ਮੀਨ ਦਾ ਕੇਵਲ ਸਿੰਘ ਨੂੰ ਘੱਟ ਦਿੱਤਾ।

ਭਰਾਵਾਂ ਵੱਲੋਂ ਮਾਰਿਆ ਧੋਖੇ ਦਾ ਬਰਛਾ ਕੇਵਲ ਸਿੰਘ ਦਾ ਸੀਨਾ ਚੀਰ ਗਿਆ। ਉਹ ਜ਼ਖ਼ਮੀ ਸ਼ੇਰ ਵਾਂਗ ਭਰਾਵਾਂ 'ਤੇ ਟੁੱਟ ਪਿਆ ਪਰ ਉਸ ਦੀ ਘਰਵਾਲੀ ਮਿਲਾਪ ਕੌਰ ਨੇ ਭਰਾਵਾਂ ਦਾ ਮਿਲਾਪ ਕਰਾਉਂਦਿਆਂ ਕਿਸੇ ਅਣ-ਸੁਖਾਵੀਂ ਘਟਨਾ ਨੂੰ ਟਾਲ ਦਿੱਤਾ। ਦੋਵਾਂ ਨੇ ਸਬਰ ਕਰ ਕੇ ਆਪਣੇ ਗ੍ਰਹਿਸਥ ਦੀ ਗੱਡੀ ਅਗਾਂਹ ਤੋਰ ਲਈ। ਫਿਰ ਕੇਵਲ ਸਿੰਘ ਦੇ ਤਿੰਨ ਸਾਲਾਂ ਵਿਚ ਦੋ ਪੁੱਤਰ ਹੋ ਗਏ। ਭਰਜਾਈਆਂ ਵੱਲੋਂ ਐਲਾਨਿਆ ਛੜਾ ਜੇਠ ਦੋ ਪੁੱਤਰਾਂ ਨੂੰ ਮੋਢਿਆਂ 'ਤੇ ਬਿਠਾ ਖਿਡਾਉਣ ਲੱਗ ਪਿਆ। ਜਿਵੇਂ ਭਰਾਵਾਂ ਦੇ ਕਬੋਲ ਵੈਰੀ ਦੀ ਗੋਲੀ ਨਾਲੋਂ ਜ਼ਿਆਦਾ ਘਾਤਕ ਹੁੰਦੇ ਹਨ, ਇਸੇ ਤਰ੍ਹਾਂ ਹੀ ਕੇਵਲ ਸਿੰਘ ਨਾਲ ਹੋ ਰਿਹਾ ਸੀ ਪਰ ਕਹਿੰਦੇ ਹਨ ਕਿ ਜਿਸ ਦਾ ਆਪਣੇ ਗੁਰੂ 'ਤੇ ਭਰੋਸਾ ਹੋਵੇ, ਉਸ ਨੂੰ ਤੱਤੀ ਵਾਹ ਵੀ ਨਹੀਂ ਲੱਗਦੀ ਤੇ ਉਸ ਦੇ ਕਾਰਜ ਉਹ ਆਪ ਆ ਕੇ ਸੰਵਾਰਦਾ ਹੈ। ਕੇਵਲ ਸਿੰਘ ਦੀ ਬਾਂਹ ਵੀ ਵਾਹਿਗੁਰੂ ਨੇ ਆਪ ਆ ਕੇ ਫੜੀ। ਯੂਰਪ ਦੇ ਕਈ ਦੇਸ਼ਾਂ ਦਾ ਵੀਜ਼ਾ ਲੱਗ ਗਿਆ। ਕੇਵਲ ਸਿੰਘ ਆਪਣੇ ਜਥੇ ਸਮੇਤ ਦਿੱਲੀ ਤੋਂ ਰਵਾਨਾ ਹੋ ਗਿਆ।

ਆਪਣੇ ਵਤਨ ਦੀ ਮਿੱਟੀ ਤੋਂ ਆਏ ਜਥੇ ਨੂੰ ਲੋਕਾਂ ਨੇ ਪੌਂਡਾਂ, ਡਾਲਰਾਂ ਤੇ ਯੂਰੋ ਨਾਲ ਨਿਹਾਲ ਕਰ ਦਿੱਤਾ। ਕੇਵਲ ਸਿੰਘ ਨੂੰ ਲੱਗਿਆ ਕਿ ਪਰਮਾਤਮਾ ਨੇ ਕਈ ਹਾੜ੍ਹੀਆਂ ਸਾਉਣੀਆਂ ਇਕੱਠੀਆਂ ਹੀ ਉਸ ਦੀ ਝੋਲੀ ਪਾ ਦਿੱਤੀਆਂ ਹਨ; ਕਿ ਧਰਮ ਦਾ ਮਾਰਗ ਸਭ ਤੋਂ ਸੁੱਚਾ-ਸੁੱਚਾ ਹੈ। ਉਸ ਦੀ ਬਚਪਨ ਦੀ ਸੋਚ ਨੂੰ ਅੱਜ ਪਰਮਾਤਮਾ ਨੇ ਫਲ ਲਾ ਦਿੱਤਾ ਸੀ। ਆਪਣੇ ਵਤਨ ਪਰਤ ਕੇ ਉਸ ਨੇ ਇਕ ਗੱਲ ਪੱਕੀ ਰਟ ਲਈ ਕਿ ਦੋਵਾਂ ਪੁੱਤਰ ਨੂੰ ਸਿੱਖੀ ਦੇ ਰਾਹ 'ਤੇ ਤੋਰਦਿਆਂ ਉਚ ਵਿੱਦਿਆ ਦਿਵਾਵਾਂਗਾ। ਘਰ ਦੇ ਨਵੇਂ ਜੰਗਲੇ ਨੇ ਦੱਸ ਦਿੱਤਾ ਸੀ ਕਿ ਕੇਵਲ ਸਿੰਘ ਨੇ ਤਾਜੇ ਪੌਂਡ ਖਰਚੇ ਹਨ। ਪੁਰਾਣਾ ਘਰ ਢਾਹ ਕੇ ਨਵਾਂ ਬਣਾ ਲਿਆ ਸੀ। ਮਿਲਾਪ ਕੌਰ ਵੀ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਕਰਦੀ ਰਹਿੰਦੀ।

ਕੇਵਲ ਸਿੰਘ ਦੇ ਦੋਵੇਂ ਪੁੱਤ ਬੀਰਾ ਤੇ ਸੀਰਾ ਸਕੂਲ ਜਾਣ ਲੱਗੇ। ਕੇਵਲ ਸਿੰਘ ਆਪਣੇ ਜਥੇ ਨਾਲ ਪ੍ਰੋਗਰਾਮ ਕਰੀ ਜਾਂਦਾ। ਸਮੇਂ ਦਾ ਗੇੜ ਰਾਤਾਂ ਦਿਨਾਂ ਵਿਚ ਬਦਲਦਾ ਗਿਆ। ਪਤਾ ਹੀ ਨਾ ਲੱਗਿਆ ਜਦੋਂ ਬੀਰਾ ਕਾਲਜ ਪੜ੍ਹਨ ਲੱਗ ਗਿਆ। ਪੜ੍ਹਾਈ ਦੇ ਨਾਲ-ਨਾਲ ਬੀਰਾ ਹਾਕੀ ਦਾ ਵੀ ਵਧੀਆ ਖਿਡਾਰੀ ਬਣ ਗਿਆ। ਬੀਰੇ ਦਾ ਨਾਂ ਕਾਲਜ ਵਿਚ ਗੂੰਜਣ ਲੱਗਿਆ। ਇਸ ਗੂੰਜ ਦੀ ਆਵਾਜ਼ ਨੇ ਪ੍ਰਵੀਨ ਦੇ ਦਿਲ ਨੂੰ ਹਲੂਣਾ ਦੇ ਦਿੱਤਾ। ਪ੍ਰਵੀਨ ਸ਼ਹਿਰ ਦੇ ਮਸ਼ਹੂਰ ਆੜ੍ਹਤੀਆਂ ਦੀ ਕੁੜੀ ਸੀ ਜਿਹੜੀ ਅਸਮਾਨ ਤੋਂ ਉਤਰੀ ਪਰੀ ਲੱਗਦੀ ਸੀ। ਕੁੜੀਆਂ ਵਿਚ ਪ੍ਰਵੀਨ ਦੀ ਵੱਖਰੀ ਟੌਹਰ ਸੀ।

ਇਕ ਦਿਨ ਲਾਇਬਰੇਰੀ ਵਿਚ ਬੀਰੇ ਦਾ ਪ੍ਰਵੀਨ ਨਾਲ ਸਾਹਮਣਾ ਹੋ ਗਿਆ। ਚਾਰ ਅੱਖਾਂ ਨੇ ਮਿਲਦਿਆਂ ਹੀ ਦੋ ਦਿਲਾਂ ਨੂੰ ਇਕ ਕਰ ਦਿੱਤਾ। ਪ੍ਰਵੀਨ ਤੇ ਬੀਰੇ ਦਾ ਨਾਂ ਹੁਣ ਇਕੱਠਿਆਂ, ਮੁੰਡੇ ਕੁੜੀਆਂ ਦੇ ਮੂੰਹ 'ਤੇ ਆਉਂਦਾ। ਪ੍ਰਵੀਨ ਨੂੰ ਚਾਹੁਣ ਵਾਲੇ ਮੁੰਡੇ ਬੀਰੇ ਨਾਲ ਖਾਰ ਖਾਣ ਲੱਗ ਪਏ। ਹੌਲੀ-ਹੌਲੀ ਇਹ ਖਾਰ ਲੜਾਈ ਵਿਚ ਬਦਲ ਗਈ। ਮੁੰਡਿਆਂ ਨੇ ਬੀਰੇ ਨੂੰ ਇਕੱਠਿਆਂ ਹੋ ਕੇ ਕੁੱਟਿਆ। ਇਸ ਮਾਰ-ਕੁੱਟ ਵਿਚ ਬੀਰੇ ਦੀ ਬਾਂਹ ਜ਼ਖ਼ਮੀ ਹੋ ਗਈ ਤੇ ਉਸ ਦੀ ਹਾਕੀ ਦੀ ਖੇਡ ਵੀ ਜਾਂਦੀ ਰਹੀ। ਪ੍ਰਵੀਨ ਦੇ ਦਿਲ ਵਿਚ ਬੀਰੇ ਪ੍ਰਤੀ ਮੋਹ ਦੀਆਂ ਤੰਦਾਂ ਨੇ ਵਿਆਹ ਦੀ ਬੁਣਤੀ ਪਾ ਦਿੱਤੀ। ਗੱਲ ਕੇਵਲ ਸਿੰਘ ਕੋਲ ਪਹੁੰਚ ਗਈ। ਕੇਵਲ ਸਿੰਘ ਨੇ ਤਾਂ ਹਾਂ ਕਰ ਦਿੱਤੀ ਪਰ ਉਸ ਦੇ ਦੋਵੇਂ ਭਰਾ ਧਰਮ ਦੀਆਂ ਡਾਂਗਾਂ ਚੁੱਕ ਲਿਆਏ। ਅਸੀਂ ਆਪਣੇ ਭਤੀਜੇ ਦਾ ਵਿਆਹ ਹਿੰਦੂ ਧਰਮ ਵਿਚ ਨਹੀਂ ਹੋਣ ਦੇਣਾ। ਅਸੀਂ ਆਪਣੇ ਪਿਤਾ ਦੇ ਨਾਂ ਨੂੰ ਦਾਗ਼ ਨਹੀਂ ਲੱਗਣ ਦੇਣਾ। ਬੀਰੇ ਲਈ ਕੁੜੀਆਂ ਦਾ ਘਾਟਾ ਨਹੀਂ। ਕਈ ਦਿਨ ਬੀਰੇ ਦੇ ਚਾਚੇ ਗੁੱਸੇ ਦੀ ਝੱਗ ਸੁੱਟਦੇ ਰਹੇ।

ਪ੍ਰਵੀਨ ਨੇ ਵੀ ਆਪਣੇ ਮਾਪਿਆਂ ਕੋਲ ਬੀਰੇ ਬਾਰੇ ਗੱਲ ਤੋਰੀ ਤਾਂ ਮਾਪੇ ਵੀ ਗੁੱਸੇ ਨਾਲ ਇਸ ਤਰ੍ਹਾਂ ਫਟੇ ਜਿਵੇਂ ਪਟਰੋਲ ਦੀ ਗੈਲਨ ਅੱਗ ਕੋਲ ਰੱਖੀ ਹੋਵੇ। ਦੋਵਾਂ ਪਰਿਵਾਰਾਂ ਵਿਚ ਬੱਚਿਆਂ ਦੇ ਚੁੱਕੇ ਇਸ ਕਦਮ ਨੇ ਲੜਾਈ ਵਰਗਾ ਮਾਹੌਲ ਬਣਾ ਦਿੱਤਾ ਸੀ। ਪ੍ਰਵੀਨ ਦੇ ਮਾਪਿਆਂ ਨੇ ਕਿਹਾ, "ਜਾਂ ਤੂੰ ਸਾਨੂੰ ਛੱਡ ਜਾ, ਜਾਂ ਬੀਰੇ ਨੂੰ ਛੱਡ ਦੇ।" ਉਧਰ ਬੀਰੇ ਦੇ ਚਾਚੇ ਕਹਿੰਦੇ, "ਜੇ ਤੂੰ ਉਸ ਕੁੜੀ ਨਾਲ ਵਿਆਹ ਕਰਵਾਇਆ ਤਾਂ ਨਤੀਜੇ ਮਾੜੇ ਨਿਕਲਣਗੇ।" ਪਰ ਕੇਵਲ ਸਿੰਘ ਦੋਵਾਂ ਦਾ ਵਿਆਹ ਕਰਵਾ ਕੇ ਰਾਜ਼ੀ ਸੀ। ਉਹ ਇਸ ਗੱਲੋਂ ਡਰਦਾ ਸੀ ਕਿ ਜਵਾਨੀ ਪਿਆਰ ਵਿਚ ਅੰਨ੍ਹੀ ਹੁੰਦੀ ਹੈ, ਕੋਈ ਗਲਤ ਕਦਮ ਨਾ ਚੁੱਕ ਲਵੇ। ਭਰਾਵਾਂ ਦਾ ਕੀ ਜਾਣਾ, ਮੇਰਾ ਤਾਂ ਗੱਭਰੂ ਪੁੱਤ ਮੁੱਕ ਜਾਵੇਗਾ। ਕੇਵਲ ਸਿੰਘ ਸਾਰੀ ਉਮਰ ਲੋਕਾਂ ਨੂੰ ਸਿੱਖਿਆ ਦਿੰਦਾ ਰਿਹਾ ਸੀ ਅਤੇ ਅੱਜ ਉਸ ਨੂੰ ਖੁਦ ਸਿੱਖਿਆ ਦੀ ਲੋੜ ਪੈ ਗਈ ਸੀ ਕਿ ਉਹ ਕੀ ਕਰੇ! ਉਸ ਨੇ ਆਪਣੇ ਸਾਰੇ ਰਿਸ਼ਤੇਦਾਰ ਸੱਦ ਕੇ ਵਿਚਾਰ ਕਰਨ ਲਈ ਮਨ ਬਣਾਇਆ ਤੇ ਰਿਸ਼ਤੇਦਾਰਾਂ ਨੇ ਵੀ ਇਹੀ ਨਤੀਜਾ ਕੱਢਿਆ ਕਿ ਅਸੀਂ ਹਿੰਦੂਆਂ ਦੀ ਧੀ ਨੂੰਹ ਨਹੀਂ ਬਣਾਉਣੀ।

ਪ੍ਰਵੀਨ ਨੇ ਵੀ ਆਪਣੇ ਮਾਪਿਆਂ ਨੂੰ ਗੱਲਾਂ ਕਰਦਿਆਂ ਸੁਣ ਲਿਆ ਸੀ ਜਿਹੜੇ ਉਸ ਦਾ ਵਿਆਹ ਦਿੱਲੀ ਕਰਨਾ ਚਾਹੁੰਦੇ ਸਨ। ਮਾਪੇ ਕੁਝ ਕਰਦੇ, ਇਸ ਤੋਂ ਪਹਿਲਾਂ ਪ੍ਰਵੀਨ ਨੇ ਬੀਰੇ ਨਾਲ ਕੋਰਟ ਮੈਰਿਜ ਕਰਵਾ ਲਈ। ਪ੍ਰਵੀਨ ਦੇ ਮਾਪਿਆਂ ਨੇ ਉਸ ਨੂੰ ਘਰੋਂ ਸਦਾ ਲਈ ਵਿਦਾ ਕਰ ਦਿੱਤਾ। ਕੇਵਲ ਸਿੰਘ ਨੇ ਬੀਰੇ ਤੇ ਪ੍ਰਵੀਨ ਦਾ ਆਨੰਦ ਕਾਰਜ ਕਰਵਾ ਦਿੱਤਾ ਤੇ ਪ੍ਰਵੀਨ ਨੂੰ ਆਪਣੇ ਘਰ ਲੈ ਆਇਆ। ਕੇਵਲ ਸਿੰਘ ਦੇ ਭਾਈਆਂ ਨੇ ਚੰਗਾ ਖਰੂਦ ਪਾਇਆ ਪਰ ਪਾਣੀ ਵਿਚ ਮਧਾਣੀ ਪਾਉਣ ਵਾਂਗ ਪੱਲੇ ਕੁਝ ਨਾ ਪਿਆ।

ਥੋੜ੍ਹਾ ਸਮਾਂ ਹੋਰ ਲੰਘਿਆ ਤਾਂ ਪ੍ਰਵੀਨ ਨੇ ਕੇਵਲ ਸਿੰਘ ਤੋਂ ਆਗਿਆ ਲੈ ਕੇ ਆਇਲੈਟਸ ਕਰਨ ਲਈ ਮਨ ਬਣਾ ਲਿਆ। ਕਹਿੰਦੇ ਨੇ, ਜੇ ਕੁਝ ਮਨ ਵਿਚ ਪੱਕਾ ਧਾਰ ਲਈਏ ਤਾਂ ਮੰਜ਼ਿਲ ਮਿਲ ਹੀ ਜਾਂਦੀ ਹੈ। ਪ੍ਰਵੀਨ ਦੀ ਮਿਹਨਤ ਨੇ ਰੰਗ ਲਿਆਂਦਾ, ਉਸ ਦੇ ਸੱਤ ਪੁਆਇੰਟ ਆ ਗਏ। ਉਨ੍ਹਾਂ ਨੇ ਆਪਣੀ ਫਾਈਲ ਬਣਾ ਕੇ ਆਸਟਰੇਲੀਆ ਲਈ ਵੀਜ਼ਾ ਅਪਲਾਈ ਕਰ ਦਿੱਤਾ। ਪਰਮਾਤਮਾ ਨੇ ਮਿਹਰਾਂ ਭਰਿਆ ਹੱਥ ਰੱਖਿਆ। ਪ੍ਰਵੀਨ ਦੇ ਨਾਲ ਹੀ ਬੀਰੇ ਦਾ ਵੀਜ਼ਾ ਵੀ ਲੱਗ ਗਿਆ ਅਤੇ ਦੋਵੇਂ ਆਸਟਰੇਲੀਆ ਪਹੁੰਚ ਗਏ। ਬੀਰੇ ਦੇ ਚਾਚੇ ਅਤੇ ਪ੍ਰਵੀਨ ਦੇ ਮਾਪੇ ਹੈਰਾਨ ਹੋ ਗਏ ਕਿ ਉਨ੍ਹਾਂ ਤਾਂ ਰਾਹਾਂ ਵਿਚ ਕੰਡੇ ਵਿਛਾਏ ਸੀ ਪਰ ਇਨ੍ਹਾਂ ਦੇ ਗਲਾਂ ਵਿਚ ਤਾਂ ਫੁੱਲਾਂ ਦੇ ਹਾਰ ਪੈ ਗਏ! ਬੀਰੇ ਹੋਰਾਂ ਆਸਟਰੇਲੀਆ ਪਹੁੰਚ ਕੇ ਪੜ੍ਹਾਈ ਦੇ ਨਾਲ-ਨਾਲ ਕੰਮ ਵੀ ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਪਿਤਾ ਵਾਂਗ ਹੀ ਇਮਾਨਦਾਰੀ ਦਿਖਾਉਂਦਿਆਂ ਬੀਰਾ ਛੇਤੀ ਤਰੱਕੀ ਕਰ ਗਿਆ। ਕਮਾਈ ਵਿਚ ਪਈ ਬਰਕਤ ਨਾਲ ਉਹਨੇ ਕੇਵਲ ਸਿੰਘ ਨੂੰ ਨਵੀਂ ਗੱਡੀ ਲੈ ਦਿੱਤੀ।

ਕੇਵਲ ਸਿੰਘ ਦੇ ਘਰ ਲੱਗਦੀਆਂ ਰੌਣਕਾਂ ਦੇਖ ਕੇ ਉਸ ਦੇ ਦੋਵੇਂ ਭਰਾ ਹੈਰਾਨ ਹੁੰਦੇ। ਅਜੇ ਤਾਂ ਲੋਕ ਕੇਵਲ ਸਿੰਘ ਨੂੰ ਨਵੀਂ ਗੱਡੀ ਦੀਆਂ ਵਧਾਈਆਂ ਦੇ ਰਹੇ ਸਨ ਕਿ ਨਾਲ ਹੀ ਪੋਤਰੇ ਦੀਆਂ ਵਧਾਈਆਂ ਹੋ ਗਈਆਂ। ਖੁਸ਼ੀ ਨਾਲ ਖੁਸ਼ੀ ਜੁੜਦੀ ਗਈ। ਹੁਣ ਸੀਰਾ ਵੀ ਵਿਆਹੁਣ ਦੇ ਯੋਗ ਹੋ ਚੁੱਕਿਆ ਸੀ। ਬੀਰੇ ਤੇ ਪ੍ਰਵੀਨ ਨੇ ਪੜ੍ਹਾਈ ਲਈ ਆਈ ਹੋਈ ਕੁੜੀ ਨਾਲ ਗੱਲ ਕਰ ਕੇ ਸੀਰੇ ਦੇ ਵਿਆਹ ਦੀ ਗੱਲ ਪੱਕੀ ਕਰ ਲਈ। ਫਰਵਰੀ ਵਿਚ ਵਿਆਹ ਕਰਨ ਲਈ ਜਦੋਂ ਬੀਰਾ ਤੇ ਪ੍ਰਵੀਨ ਇੰਡੀਆ ਜਾਣ ਲੱਗੇ ਤਾਂ ਪ੍ਰਵੀਨ ਨੇ ਬੀਰੇ ਨੂੰ ਪੁੱਛਿਆ, "ਦਿਲਬੀਰ! ਅੱਜ ਮੈਂ ਤੁਹਾਡੇ ਕੋਲੋਂ ਕੁਝ ਮੰਗਣਾ ਹੈ।"

"ਮੇਰੀ ਜਾਨ! ਜੋ ਕੁਝ ਮੰਗਣਾ ਹੈ, ਮੰਗ... ਅਸੀਂ ਤਿਆਰ ਹਾਂ।" ਬੀਰੇ ਨੇ ਕਿਹਾ।

"ਅਸੀਂ ਇੰਡੀਆ ਜਾਣ ਤੋਂ ਪਹਿਲਾਂ ਅੰਮ੍ਰਿਤ ਛਕਣਾ ਹੈ, ਤੁਸੀਂ ਜਵਾਬ ਨਹੀਂ ਦੇਵੋਗੇ।" ਪ੍ਰਵੀਨ ਨੇ ਕਿਹਾ।

"ਸੱਚੀਂ! ਮੈਂ ਤਿਆਰ ਹਾਂ।" ਬੀਰੇ ਨੇ ਬਾਹਾਂ ਦਾ ਹਾਰ ਪ੍ਰਵੀਨ ਦੇ ਗਲ ਪਾਉਂਦਿਆਂ ਕਿਹਾ।

ਬੀਰਾ ਪਹਿਲਾਂ ਹੀ ਸਹਿਜਧਾਰੀ ਸਿੱਖ ਸੀ। ਅੰਮ੍ਰਿਤ ਛੱਕ ਕੇ ਉਹ ਗੁਰੂ ਦਾ ਸਿੰਘ ਸਜ ਗਿਆ। ਪ੍ਰਵੀਨ ਵੀ ਅੰਮ੍ਰਿਤ ਛਕ ਕੇ ਪ੍ਰਵੀਨ ਕੌਰ ਬਣ ਗਈ। ਜਦੋਂ ਦੋਵੇਂ ਆਪਣੇ ਬੱਚੇ ਤੇ ਸੀਰੇ ਦੀ ਮੰਗੇਤਰ ਨੂੰ ਨਾਲ ਲੈ ਕੇ ਪਿੰਡ ਪਹੁੰਚੇ ਤਾਂ ਲੋਕ ਹੈਰਾਨ ਹੋ ਗਏ। ਬੀਰੇ ਦੇ ਚਾਚਿਆਂ ਨੇ ਜਦੋਂ ਦੇਖਿਆ ਤਾਂ ਉਨ੍ਹਾਂ ਦੇ ਸਿਰ ਸ਼ਰਮ ਨਾਲ ਝੁਕਣ ਲੱਗੇ ਕਿ ਜਿਹੜੀ ਕੁੜੀ ਨੂੰ ਅਸੀਂ ਆਪਣੇ ਖਾਨਦਾਨ ਦੀ ਨੂੰਹ ਨਹੀਂ ਸੀ ਬਣਾਉਣਾ ਚਾਹੁੰਦੇ, ਉਸ ਕੁੜੀ ਨੇ ਖਾਨਦਾਨ ਦੀ ਪੀੜ੍ਹੀ ਨੂੰ ਸਿੱਖੀ ਨਾਲ ਜੋੜਿਆ ਹੈ। ਇੱਧਰ ਸਾਡੇ ਆਪਣੇ ਪੁੱਤ ਕੰਨਾਂ ਵਿਚ ਨੱਤੀਆਂ ਪੁਆ ਕੇ ਅਵਾਰਾਗਰਦੀ ਕਰੀ ਜਾਂਦੇ ਹਨ।

ਸੀਰੇ ਦੇ ਵਿਆਹ ਦਾ ਦਿਨ ਮਿਥਿਆ ਗਿਆ। ਬੀਰਾ ਤੇ ਪ੍ਰਵੀਨ ਆਪਣੇ ਚਾਚਿਆਂ ਵੱਲ ਗਏ ਕਿ ਸਾਰਾ ਗੁੱਸਾ ਗਿਲਾ ਖ਼ਤਮ ਕੀਤਾ ਜਾਵੇ ਤੇ ਉਹ ਸਾਰੇ ਵਿਆਹ ਵਿਚ ਸ਼ਾਮਲ ਹੋਣ ਜਾਣ। ਚਾਚੇ ਤਾਂ ਜਿਵੇਂ ਉਨ੍ਹਾਂ ਨੂੰ ਹੀ ਉਡੀਕਦੇ ਸਨ। ਪ੍ਰਵੀਨ ਨੇ ਜਾਂਦਿਆਂ ਹੀ ਫਤਹਿ ਬੁਲਾਈ ਪਰ ਉਸ ਦੀ ਫਤਿਹ ਦਾ ਜਵਾਬ ਚਾਚਿਆਂ ਦੀਆਂ ਮਾਡਰਨ ਧੀਆਂ ਤੋਂ ਦੇ ਨਾ ਹੋਇਆ। ਚਾਚਿਆਂ ਨਾਲ ਸਾਰੇ ਗਿਲੇ-ਸ਼ਿਕਵੇ ਦੂਰ ਕਰ ਕੇ ਜਦੋਂ ਪ੍ਰਵੀਨ ਉਠਣ ਲੱਗੀ ਤਾਂ ਹੱਸ ਕੇ ਬੋਲੀ, "ਚਾਚਾ ਜੀ! ਮੈਂ ਦੱਸਣਾ ਭੁੱਲ ਗਈ ਸੀ ਕਿ ਆਪਣੇ ਜਸਵੀਰ ਦੀ ਹੋਣ ਵਾਲੀ ਘਰਵਾਲੀ ਵੀ ਹਿੰਦੂਆਂ ਦੀ ਧੀ ਐ। ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ?"

"ਧੀਏ ਪ੍ਰਵੀਨ! ਤੂੰ ਅੰਮ੍ਰਿਤ ਛਕ ਕੇ ਸਿੰਘਣੀ ਹੀ ਨਹੀਂ ਬਣੀ ਸਗੋਂ ਪੁੱਤ ਬੀਰੇ ਨੂੰ ਵੀ ਸਿੰਘ ਸਜਾ ਦਿੱਤਾ ਹੈ। ਸਾਨੂੰ ਅੱਜ ਪਤਾ ਲੱਗ ਗਿਆ ਕਿ ਲੁਧਿਆਣੇ ਤੋਂ ਦਿੱਲੀ ਜਾਣ ਵਾਲੀ ਟਰੇਨ ਅੰਮ੍ਰਿਤਸਰ ਜਾ ਕੇ ਵੀ ਦਰਬਾਰ ਸਾਹਿਬ ਦੇ ਦਰਸ਼ਨ ਕਰਵਾ ਦਿੰਦੀ ਹੈ। ਜਿਉਂਦੇ ਰਹੋ...।" ਕਹਿੰਦਿਆਂ ਚਾਚੇ ਦੀਆਂ ਅੱਖਾਂ ਭਰ ਆਈਆਂ।

---

## ਬਹੁਪੱਖੀ ਸ਼ਖਸੀਅਤ ਬਾਬਾ ਬੁੱਢਾ ਜੀ

*(ਸਫਾ 27 ਦੀ ਬਾਕੀ)*

ਫਾਨੀ ਦੇ ਕਹਿਣ ਅਨੁਸਾਰ ਸੰਗਤਾਂ ਇੰਨੀਆਂ ਬਿਹਬਲ ਹੋਈਆਂ ਕਿ ਉਨ੍ਹਾਂ ਦੇ ਜਥੇ ਗਵਾਲੀਅਰ ਪੁੱਜਦੇ। ਸਿੱਖ ਇਤਿਹਾਸ ਮੁਤਾਬਿਕ ਬਾਬਾ ਬੁੱਢਾ ਬਹੁਤ ਵੱਡੀ ਚੌਕੀ ਨਾਲ ਗਵਾਲੀਅਰ ਪੁੱਜੇ। ਬਾਬਾ ਜੀ ਨੇ ਜਿਥੇ ਸਿੱਖਾਂ ਨੂੰ ਗੁਰੂ ਭਾਲਣ ਦਾ ਵਲ ਸਿਖਾਇਆ ਸੀ, ਉਥੇ ਚੌਕੀਆਂ ਕੱਢ ਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਕਰਨ ਦਾ ਢੰਗ ਵੀ ਸਿਖਾ ਦਿੱਤਾ। ਇਹੀ ਕਾਰਨ ਲਗਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ 'ਚੌਕੀਆਂ ਜੁਗੋ ਜੁਗ ਅਟੱਲ' ਹੋਣ ਦਾ ਵਰ ਦਿੱਤਾ ਸੀ। ਇੱਧਰ ਬਾਬਾ ਬੁੱਢਾ ਨੇ ਉਤਸ਼ਾਹ ਕਾਇਮ ਰੱਖਿਆ, ਉਧਰ ਮੀਆ ਮੀਰ ਜੀ, ਵਜ਼ੀਰ ਖਾਨ ਤੇ ਨੂਰ ਜਹਾਨ ਦੇ ਜ਼ੋਰ ਦੇਣ ਨਾਲ ਗੁਰੂ ਹਰਿਗੋਬਿੰਦ ਸਾਹਿਬ ਨੂੰ 1612 ਈ. ਵਿਚ ਰਿਹਾ ਕਰ ਦਿੱਤਾ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਦੇ ਵਾਪਸ ਪੁੱਜਣ ਉਤੇ ਜੋ ਸਵਾਗਤ ਸੰਗਤਾਂ ਨੇ ਕੀਤਾ, ਉਸ ਦੀ ਯਾਦ ਅੱਜ ਤੱਕ ਮਨਾਈ ਜਾਂਦੀ ਹੈ। ਬਾਬਾ ਬੁੱਢਾ ਨੇ ਗੁਰੂ ਹਰਿਗੋਬਿੰਦ ਸਾਹਿਬ ਕੋਲੋਂ "ਬੀੜ" ਜਾਣ ਦੀ ਆਗਿਆ ਲਈ ਤੇ ਆਪਣੇ ਪੁੱਤਰ ਭਾਈ ਭਾਨਾ ਨੂੰ ਗੁਰੂ ਦੇ ਹਵਾਲੇ ਕੀਤਾ।

ਬਾਬਾ ਬੁੱਢਾ ਦੇ ਸਾਰੇ ਜੀਵਨ ਵਿਚ ਕੋਈ ਵੀ ਅਜਿਹੀ ਘਟਨਾ ਦ੍ਰਿਸ਼ਟੀਗੋਚਰ ਨਹੀਂ ਹੁੰਦੀ ਜਦੋਂ ਉਨ੍ਹਾਂ ਨੇ ਗੁਰੂ ਘਰ ਵੱਲੋਂ ਮੂੰਹ ਮੋੜਿਆ ਹੋਵੇ। ਉਨ੍ਹਾਂ ਆਦਰਸ਼ ਸੇਵਕ ਵਾਂਗ ਤਨ, ਮਨ ਤੇ ਧਨ-ਸਭ ਕੁਝ ਗੁਰੂ ਅੱਗੇ ਅਰਪਣ ਕਰ ਦਿੱਤਾ। ਇਸੇ ਕਾਰਨ ਹੀ ਗੁਰੂ ਸਾਹਿਬਾਨ ਵੱਲੋਂ ਆਪ ਨੂੰ ਪੂਰਨ ਸਤਿਕਾਰ ਦਿੱਤਾ ਜਾਂਦਾ ਰਿਹਾ। ਸਾਈ ਮੀਆਂ ਮੀਰ ਦੇ ਕਹਿਣ 'ਤੇ ਕਿ ਇਕ ਮਜ਼ਲੂਮ ਲੜਕੀ ਤੇ ਸਿੱਖੀ ਪ੍ਰਤੀ ਸ਼ਰਧਾ ਕਾਰਨ ਜ਼ੁਲਮ ਹੋ ਰਿਹਾ ਹੈ, ਇਸ ਦੀ ਰੱਖਿਆ ਕਰੋ; ਗੁਰੂ ਸਾਹਿਬ ਕੌਲਾਂ ਨੂੰ ਲਾਹੌਰ ਤੋਂ ਅੰਮ੍ਰਿਤਸਰ ਲੈ ਆਏ ਅਤੇ ਉਥੇ ਉਸ ਦੇ ਰਹਿਣ ਦਾ ਪ੍ਰਬੰਧ ਕਰਾ ਦਿੱਤਾ। ਇਸ ਤੋਂ ਇਲਾਵਾ ਉਹ ਕੌਲਾਂ ਕੋਲ ਵੀ ਨਿਤ ਪ੍ਰਤੀ ਜਾਂਦੇ ਹੁੰਦੇ ਸਨ। ਗੁਰੂ ਦੇ ਵਿਰੋਧੀਆਂ ਨੂੰ ਗੱਲ ਕਰਨ ਦਾ ਮੌਕਾ ਮਿਲ ਗਿਆ ਜਿਸ ਦਾ ਪਤਾ ਪ੍ਰਮੁੱਖ ਸਿੱਖਾਂ ਨੂੰ ਵੀ ਲੱਗਾ। ਉਨ੍ਹਾਂ ਸਾਰਿਆਂ ਵਿਚਾਰ ਕੀਤੀ ਕਿ ਕੇਵਲ ਬਾਬਾ ਬੁੱਢਾ ਹਨ ਜੋ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਹਿ ਸਕਦੇ ਹਨ ਜਿਨ੍ਹਾਂ ਦਾ ਕਹਿਣਾ ਗੁਰੂ ਸਾਹਿਬ ਕਦਾਚਿਤ ਨਹੀਂ ਮੋੜ ਸਕਦੇ।

ਭਾਈ ਕਿਸ਼ਨਾ, ਤੀਰਥ, ਤਖਤੂ, ਨਿਹਾਲੂ ਅਤੇ ਤਿਲੋਕਾ-ਪੰਜ ਸਿੱਖ ਬਾਬਾ ਬੁੱਢਾ ਨੂੰ ਮਿਲਣ 'ਬੀੜ ਸਾਹਿਬ' ਵਲ ਤੁਰ ਪਏ। ਸਿੱਖਾਂ ਨੇ ਜਾ ਕੇ ਸਾਰੀ ਗੱਲ ਦੱਸੀ। ਬਾਬਾ ਜੀ ਬਹੁਤ ਬਿਰਧ ਹੋ ਚੁੱਕੇ ਸਨ, ਫਿਰ ਵੀ ਉਨ੍ਹਾਂ ਦੇ ਹਿਰਦੇ ਅੰਦਰ ਗੁਰੂ ਘਰ ਦੇ ਪਿਆਰ ਦਾ ਤੇਜ਼ ਦਰਿਆ ਵਗਦਾ ਸੀ। ਉਹ ਉਸੇ ਵੇਲੇ ਸਿੱਖਾਂ ਨਾਲ ਤੁਰ ਪਏ। ਗੁਰੂ ਜੀ ਨੇ ਬਾਬਾ ਜੀ ਨੂੰ ਆਉਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਸਾਰੀ ਗੱਲ ਦੱਸ ਦਿੱਤੀ। ਗੁਰੂ ਜੀ ਨੇ ਕਿਹਾ, "ਠੀਕ ਹੈ, ਜਿਵੇਂ ਤੁਹਾਡਾ ਸਭ ਦਾ ਹੁਕਮ ਹੈ।" ਬੀਬੀ ਕੌਲਾਂ ਗੁਰੂ ਦੇ ਹੁਕਮ ਅਨੁਸਾਰ ਕਰਤਾਰਪੁਰ ਚਲੇ ਗਏ ਅਤੇ ਪੰਦਰਾਂ ਦਿਨਾਂ ਬਾਅਦ ਹੀ ਉਹ ਸੰਮਤ 1686 'ਚ ਅਕਾਲ ਚਲਾਣਾ ਕਰ ਗਏ। ਕਰਤਾਰਪੁਰ ਵਿਚ ਹੀ ਉਨ੍ਹਾਂ ਦੀ ਸਮਾਧ ਹੈ। ਗੁਰੂ ਬਿਲਾਸ ਅਨੁਸਾਰ ਬਾਬਾ ਬੁੱਢਾ ਜੀ ਦੀ ਬੇਨਤੀ 'ਤੇ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੌਲਸਰ (ਸਰੋਵਰ) ਦੀ ਖੁਦਾਈ ਦਾ ਟੱਕ ਲਗਾਇਆ ਸੀ। ਉਨ੍ਹਾਂ ਦੇ ਕਹਿਣ 'ਤੇ ਹੀ ਗੁਰੂ ਸਾਹਿਬ ਨੇ ਬਿਬੇਕ ਸਰ ਦਾ ਟੱਕ ਲਗਾਇਆ ਸੀ। ਬਾਬਾ ਬੁੱਢਾ ਨੇ ਸਿਰ 'ਤੇ ਚੁੱਕ ਕੇ ਸਰੋਵਰ ਦੀ ਕਾਰ (ਗਾਰ) ਕੱਢੀ ਅਤੇ ਨਾਲ ਗੁਰੂ ਦੇ ਗੁਣ ਗਾਉਂਦੇ ਰਹੇ।

ਬਾਬਾ ਬੁੱਢਾ ਬਹੁਤ ਬਿਰਧ ਹੋ ਚੁੱਕੇ ਸਨ। ਉਨ੍ਹਾਂ ਆਪਣਾ ਅੰਤਮ ਸਮਾਂ ਨੇੜੇ ਜਾਣ ਕੇ ਇਕ ਸਿੱਖ ਨੂੰ ਗੁਰੂ ਹਰਿਗੋਬਿੰਦ ਪਾਸ ਭੇਜਿਆ ਅਤੇ ਦਰਸ਼ਨ ਦੇਣ ਦੀ ਬੇਨਤੀ ਕੀਤੀ। ਗੁਰੂ ਭਾਈ ਗੁਰਦਾਸ ਤੇ ਹੋਰ ਅਨੇਕ ਸੂਰਮੇ ਨਾਲ ਲੈ ਕੇ ਰਾਮਦਾਸ ਪਹੁੰਚੇ। ਪਤਾ ਲੱਗਣ 'ਤੇ ਬਾਬਾ ਬੁੱਢਾ ਗੁਰੂ ਨੂੰ ਅੱਗੇ ਲੈਣ ਜਾਣਾ ਚਾਹੁੰਦੇ ਹੋਏ ਵੀ ਬਿਰਧ ਹੋਣ ਕਰ ਕੇ ਨਾ ਜਾ ਸਕੇ। ਗੁਰੂ ਹਰਿਗੋਬਿੰਦ ਸਾਹਿਬ ਨੇ ਪਿਆਰ ਤੇ ਸਤਿਕਾਰ ਵਿਚ ਆ ਕੇ ਕਿਹਾ, "ਤੁਹਾਡੇ ਹਿਰਦੇ ਵਿਚ ਗੁਰੂ ਦਾ ਸ਼ਬਦ ਹੈ। ਗੁਰੂ ਅਰਜਨ ਨੇ ਕਿਹਾ ਹੈ ਜਿਨ੍ਹਾਂ ਗੁਰੂ ਨਾਨਕ ਦੇਵ ਦੇ ਦਰਸ਼ਨ ਕੀਤੇ ਹਨ ਤੇ ਉਨ੍ਹਾਂ ਦੀ ਸੰਗਤ ਮਾਣੀ ਹੈ, ਉਹ ਸੁਭਾਗੇ ਹਨ।"

ਅਗਲੇ ਦਿਨ ਹੀ ਬਾਬਾ ਬੁੱਢਾ ਨੇ ਜਪੁਜੀ ਦਾ ਪਾਠ ਕੀਤਾ ਤੇ ਗੁਰੂ ਹਰਿਗੋਬਿੰਦ ਜੀ ਦੇ ਸਾਹਮਣੇ ਹੀ ਚੜ੍ਹਾਈ ਕਰ ਗਏ। ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਬੁੱਢਾ ਦੇ ਮ੍ਰਿਤਕ ਸਰੀਰ ਨੂੰ ਆਪਣੀ ਹੱਥੀਂ ਚਿਤਾ ਉਤੇ ਰੱਖਿਆ।

ਚਿਖਾ ਉਪਰ ਜਬ ਹੀ ਧਰੀ ਸਾਹਿਬ ਬੁਢੇ ਦੇਹਿ॥
ਹਰਿਗੋਬਿੰਦ ਦੇ ਨੈਣ 'ਤੇ ਚਲਯੋ ਨੀਰ ਸਨੇਹ॥

ਸੋ, ਬਾਬਾ ਬੁੱਢਾ ਨੇ ਅੱਠ ਗੁਰੂ ਸਾਹਿਬਾਨ ਦੇ ਸਾਖਿਆਤ ਦਰਸ਼ਨ ਕਰ, 125 ਸਾਲ ਦੀ ਉਮਰ ਭੋਗ 16 ਨਵੰਬਰ 1631 ਈ. ਨੂੰ ਅੰਤਮ ਸਵਾਸ ਤਿਆਗੇ।

ਸੰਖੇਪ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬਾਬਾ ਬੁੱਢਾ ਸਮੇਂ ਦੀ ਨਜ਼ਾਕਤ ਨੂੰ ਸਮਝਣ ਵਾਲੇ ਸਨ। ਉਹ ਨਿਸ਼ਕਾਮ ਸੇਵਕ, ਵਧੀਆ ਨਿਗਰਾਨ, ਸਫ਼ਲ ਅਧਿਆਪਕ, ਨਿਸ਼ਕਪਟ, ਨਿਰਛਲ ਅਤੇ ਗੁਰੂ ਘਰ ਦੇ ਅਨਿੰਨ ਭਗਤ/ਸੇਵਕ ਹੋਏ ਹਨ ਜਿਨ੍ਹਾਂ ਨੇ ਆਪਣੇ ਜੀਵਨ ਦਾ ਮਨੋਰਥ ਗੁਰੂ ਘਰ ਦੀ ਸੇਵਾ ਹੀ ਰੱਖਿਆ।

---

## ਕੁੜੀਆਂ ਚਿੜੀਆਂ ਵੰਨ ਸਵੰਨੀਆਂ


ਕੁਝ ਕੁੜੀਆਂ ਨੇ ਧੀਆਂ ਵਰਗੀਆਂ ਹੱਸਣ ਤੇ ਸ਼ਰਮਾਵਣ।
ਕੁਝ ਕੁੜੀਆਂ ਨੇ ਮਾਪਿਆਂ ਵਰਗੀਆਂ ਗੋਦੀ ਲੈ ਸਮਝਾਵਣ।
ਕੁਝ ਕੁੜੀਆਂ ਨੇ ਭੈਣਾਂ ਵਰਗੀਆਂ ਮੋਹ 'ਚ ਨੀਰ ਬਹਾਵਣ।
ਕੁਝ ਕੁੜੀਆਂ ਨੇ ਵਾਂਗ ਭਰਾਵਾਂ ਦੁਸ਼ਮਣ ਮਾਰ ਮੁਕਾਵਣ।
ਕੁਝ ਕੁੜੀਆਂ ਨੇ ਮਿੱਤਰਾਂ ਵਾਂਗੂੰ ਧੁਰ ਅੰਦਰ ਲਹਿ ਜਾਵਣ।
ਕੁਝ ਕੁੜੀਆਂ ਨੇ ਕਿਸਮਤ ਵਾਂਗੂੰ ਧੁਰ ਤੱਕ ਸਾਥ ਨਿਭਾਵਣ।
ਕੁਝ ਕੁੜੀਆਂ ਤਾਂ ਪ੍ਰੇਮ 'ਚ ਰੰਗੀਆਂ, ਗੂੜ੍ਹੀਆਂ ਪ੍ਰੀਤਾਂ ਪਾਵਣ।
ਕੁਝ ਕੁੜੀਆਂ ਤਾਂ ਸਾਹਾਂ ਦੇ ਵਿਚ ਮਿਸ਼ਰੀ ਬਣ ਘੁਲ ਜਾਵਣ।
ਕੁਝ ਕੁਝ ਕੁੜੀਆਂ ਮਿੱਠਾ ਬੋਲ ਕੇ ਅੰਮ੍ਰਿਤ ਰਸ ਬਰਸਾਵਣ।
ਕੁਝ ਕੁੜੀਆਂ ਕੌੜੇ ਬੋਲ ਬੋਲ ਕੇ ਦਿਲਾਂ ਨੂੰ ਲਾਂਬੂ ਲਾਵਣ।
ਕੁਝ ਕੁੜੀਆਂ ਕੁਰਬਾਨੀ ਦੇ ਕੇ ਸੱਚਾ ਪਿਆਰ ਪੁਗਾਵਣ।
ਕੁਝ ਕੁੜੀਆਂ ਪ੍ਰੇਮੀ ਦੇ ਪੱਟ ਦਾ ਮਾਸ ਚੀਰਿਆ ਖਾਵਣ।
ਮਨ ਦੀਆਂ ਸੋਚਾਂ ਨੂੰ ਕੁਝ ਕੁੜੀਆਂ ਪੁੱਠਾ ਕਰ ਲਟਕਾਵਣ।
ਕੁਝ ਕੁੜੀਆਂ ਕੁੜੀਆਂ ਦੀਆਂ ਦੁਸ਼ਮਣ ਨਿੱਤ ਸਿਆਪੇ ਪਾਵਣ।
ਕੁਝ ਕੁੜੀਆਂ ਪੁਲਸੀਆਂ ਦੇ ਵਾਂਗੂੰ ਦਬਕੇ ਈ ਮਾਰੀ ਜਾਵਣ।
ਕੁਝ ਕੁੜੀਆਂ ਖੁਸ਼ਬੋਆਂ ਵੰਡਣ ਪੌਣੀਂ ਮਹਿਕ ਖਿੰਡਾਵਣ।
ਕੁਝ ਕੁੜੀਆਂ ਰੋਹੀ ਦੀ ਗਰਮੀ ਕੁਝ ਬਣ ਜਾਵਣ ਸਾਵਣ।
ਕੁਝ ਕੁੜੀਆਂ ਬਣ 'ਵਾਅ ਪੁਰੇ ਦੀ ਠੰਡ ਕਲੇਜੇ ਪਾਵਣ।
ਕੁਝ ਕੁੜੀਆਂ ਕਲੀਆਂ ਦੇ ਵਾਂਗੂੰ ਹੱਸਣ ਤੇ ਖਿੜ ਜਾਵਣ।
ਕੁਝ ਕੁੜੀਆਂ ਦਿਲਾਂ 'ਚ ਵੱਸ ਕੇ ਪ੍ਰੇਮ ਅਮਰ ਕਰ ਜਾਵਣ।
ਕੁਝ ਕੁੜੀਆਂ ਰੇਤੇ ਦੇ ਵਾਂਗੂੰ ਚੇਤਿਆਂ 'ਚੋਂ ਕਿਰ ਜਾਵਣ।
ਕੁਝ ਕੁੜੀਆਂ ਨੇ ਧਰਮ-ਕਰਮ ਤੇ ਸਭਿਆਚਾਰ ਸਿਖਾਵਣ।
ਕੁਝ ਕੁੜੀਆਂ ਦੀਪਕ ਜਿਹਾ ਬਣ ਕੇ ਨੇਰ੍ਹਾ ਰਾਹ ਰੁਸ਼ਨਾਵਣ।
ਕੁਝ ਕੁੜੀਆਂ ਨਿਰਸੁਆਰਥ ਹੋ ਕੇ ਤਨ-ਮਨ-ਧਨ ਸਭ ਵਾਰਨ।
ਕੁਝ ਕੁੜੀਆਂ ਬਣ ਅਤਿ ਸੁਆਰਥੀ ਕੰਮ ਕੱਢ ਕੇ ਤੁਰ ਜਾਵਣ।
ਕੁਝ ਕੁੜੀਆਂ ਨੇ ਏਨੀਆਂ ਕਰੜੀਆਂ ਪੱਥਰ ਦਿਲ ਅਖਵਾਵਣ।
ਕੁਝ ਕੁੜੀਆਂ ਜਜ਼ਬਾਤੀ ਹੋ ਕੇ ਪਲ ਪਲ ਨੀਰ ਵਹਾਵਣ।
ਕੁਝ ਕੁੜੀਆਂ ਨਜ਼ਮਾਂ ਤੇ ਕਵਿਤਾ ਕੁਝ ਗਜ਼ਲਾਂ ਬਣ ਜਾਵਣ।
ਢਾਈ ਕੁ ਅੱਖਰ ਪੜ੍ਹ ਕੇ ਪ੍ਰੇਮ ਦੇ ਡਾਕਟਰ ਗਿੱਲ ਕਹਾਵਣ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*




# ਵੰਡ ਦੀਆਂ ਦੋ ਤਸਵੀਰਾਂ





ਪਿਛਲੀ ਸਦੀ ਦੇ ਅੱਧ 'ਚ ਭਾਰਤ ਦੇ ਆਵਾਮ 'ਤੇ ਖ਼ੂਨੀ ਬਟਵਾਰਾ ਥੋਪਿਆ ਗਿਆ। ਆਲਮੀ ਇਤਿਹਾਸ 'ਚ ਗਿਣਤੀ ਪੱਖੋਂ ਆਬਾਦੀ ਦਾ ਸਭ ਤੋਂ ਵੱਡਾ ਤਬਾਦਲਾ ਹੋਇਆ। ਲਗਭਗ ਦਸ ਲੱਖ ਮਨੁੱਖੀ ਜੀਅ ਕਤਲ ਕਰ ਦਿੱਤੇ ਗਏ। ਮਨੁੱਖੀ ਸੰਵੇਦਨਾ ਅਤੇ ਕਦਰਾਂ-ਕੀਮਤਾਂ ਦਾ ਘਾਣ ਮੁਲਕ ਦੇ ਇਤਿਹਾਸ ਦਾ ਕਾਲਾ ਵਰਕਾ ਹੈ। ਵੰਡ ਦੇ ਸਾਲਾਂ (1947-48) 'ਚ ਅਮਰੀਕੀ ਬੀਬੀ ਮਾਰਗਰੇਟ ਬਰਕੇ ਵ੍ਹਾਈਟ ਹਿੰਦੋਸਤਾਨ ਵਿਚ 'ਲਾਈਫ' ਰਸਾਲੇ ਦੀ ਤਸਵੀਰਸਾਜ਼ ਸੀ। ਇਨ੍ਹਾਂ ਸਮਿਆਂ 'ਚ ਉਹਨੇ ਪੰਜਾਬ ਵਿਚ ਵੱਡੇ ਪੱਧਰ 'ਤੇ ਤਸਵੀਰਕਸ਼ੀ ਕੀਤੀ। ਵ੍ਹਾਈਟ ਦਾ ਜਨਮ ਅਮਰੀਕਾ ਵਿਚ ਸੰਨ 1904 ਵਿਚ ਹੋਇਆ। ਉਹਨੂੰ 'ਫਾਰਚੂਨ' ਰਸਾਲੇ ਵਿਚ ਪਹਿਲਾ ਕੰਮ ਮਿਲਿਆ। 1937 ਵਿਚ ਵ੍ਹਾਈਟ ਨੇ ਨਾਵਲਕਾਰ ਐਰਸਕਾਈਨ ਕਾਲਡਵੈੱਲ ਦੇ ਨਾਲ ਕਿਤਾਬ 'ਯੂ ਹੈਵ ਸੀਨ ਦੇਅਰ ਫੇਸਜ਼' ਲਈ ਕੰਮ ਕੀਤਾ। ਬੀਬੀ ਵ੍ਹਾਈਟ 'ਅਮਰੀਕਨ ਆਰਟਿਸਟ ਕਾਂਗਰਸ' ਦੀ ਸਰਗਰਮ ਕਾਰਕੁਨ ਸੀ। ਇਹ ਜੱਥੇਬੰਦੀ ਸਿਆਹਫ਼ਾਮ ਕਲਾਕਾਰਾਂ ਦੇ ਹਕੂਕ ਲਈ ਲੜਦੀ ਸੀ ਅਤੇ ਕੌਮਾਂਤਰੀ ਪੱਧਰ 'ਤੇ ਫ਼ਾਸੀਵਾਦ ਦੇ ਖਿਲਾਫ਼ ਲੜਨ ਲਈ ਮਾਲੀ ਮੱਦਦ ਭੇਜਦੀ ਸੀ। ਵ੍ਹਾਈਟ ਨੇ ਦੂਜੀ ਆਲਮੀ ਜੰਗ ਦੀ ਭਿਆਨਕਤਾ ਨੂੰ ਕੈਮਰੇ ਵਿਚ ਕੈਦ ਕੀਤਾ। ਉਹ ਪਹਿਲੀ ਔਰਤ ਤਸਵੀਰਸਾਜ਼ ਸੀ ਜਿਹਨੇ ਜੰਗ ਦੀਆਂ ਛਾਪਾਮਾਰ ਕਾਰਵਾਈਆਂ ਦੌਰਾਨ ਤਸਵੀਰਸਾਜ਼ੀ ਕੀਤੀ। 1947-48 ਵਿਚ ਉਹਨੇ ਭਾਰਤ ਦੇ ਬਟਵਾਰੇ ਦੀਆਂ ਤਸਵੀਰਾਂ ਖਿੱਚੀਆਂ। 'ਪੋਰਟਰੇਟ ਔਫ਼ ਮਾਈਸੈਲਫ਼' ਉਹਦੀ ਆਤਮ-ਕਥਾ ਹੈ। ਲੰਬੀ ਬਿਮਾਰੀ ਪਿੱਛੋਂ 1971 ਵਿਚ ਉਹਦੀ ਮੌਤ ਹੋ ਗਈ।

ਇਸ ਲੇਖ ਵਿਚ ਵੰਡ ਦੀਆਂ ਦੋ ਤਸਵੀਰਾਂ ਦੇ ਹਵਾਲੇ ਨਾਲ ਤ੍ਰਾਸਦੀ ਅਤੇ ਤਸਵੀਰਸਾਜ਼ੀ ਬਾਬਤ ਗੱਲ ਹੈ। ਪਹਿਲੀ ਤਸਵੀਰ ਮੁਸਲਿਮ ਪਰਿਵਾਰ ਦੀ ਹੈ ਜਿਹਦੇ ਵਿਚ ਦਾਦਾ-ਦਾਦੀ ਅਤੇ ਪੋਤੇ-ਪੋਤੀ ਦਿਸ ਰਹੇ ਹਨ। ਇਹ ਟੱਬਰ ਪੂਰਬੀ ਪੰਜਾਬ ਦੇ ਬਦਮਾਸ਼ਾਂ ਤੋਂ ਜਾਨ ਬਚਾਉਣ ਲਈ ਮੁਸਲਿਮ ਪਨਾਹਗੀਰਾਂ ਦੇ ਕਾਫ਼ਲੇ ਨਾਲ ਪੱਛਮੀ ਪੰਜਾਬ (ਪਾਕਿਸਤਾਨ) ਵੱਲ ਹਿਜਰਤ ਕਰ ਰਿਹਾ ਸੀ। ਬਜ਼ੁਰਗ ਦੀ ਤਬੀਅਤ ਵਿਗੜਨ ਕਰ ਕੇ ਟੱਬਰ ਕਾਫ਼ਲੇ ਤੋਂ ਬਹੁਤ ਪਿੱਛੇ ਰਹਿ ਗਿਆ। ਸੜਕ ਦੇ ਕੰਢੇ ਡੇਰਾ ਲਾਈ ਬੈਠੇ ਇਨ੍ਹਾਂ ਮਜ਼ਲੂਮਾਂ ਦੀ ਹੋਣੀ ਬਾਰੇ ਸੋਚਣਾ ਵੀ ਭੈਅ ਪੈਦਾ ਕਰਦਾ ਹੈ। ਬੀਬੀ ਵ੍ਹਾਈਟ ਨੇ ਇਹ ਤਸਵੀਰ 1947 ਦੇ ਅਕਤੂਬਰ ਮਹੀਨੇ ਵਿਚ ਖਿੱਚੀ ਸੀ। ਬੀਬੀ ਨੇ ਬਿਮਾਰ ਬਜ਼ੁਰਗ ਬਾਰੇ ਲਿਖਿਆ ਸੀ, "ਇਹ ਬਜ਼ੁਰਗ ਥਕਾਵਟ ਨਾਲ ਮਰ ਰਿਹਾ ਹੈ ਅਤੇ ਕਾਫ਼ਲਾ ਦੂਰ ਜਾ ਚੁੱਕਿਆ ਹੈ।" ਮਨ ਵਿਚ ਆਉਂਦਾ ਇਹ ਖ਼ਿਆਲ ਹਾਲਾਤ ਨੂੰ ਹੋਰ ਭਿਆਨਕ ਬਣਾਉਂਦਾ ਹੈ ਕਿ ਸ਼ਾਇਦ ਬੱਚਿਆਂ ਦੇ ਮਾਂ-ਬਾਪ ਅਤੇ ਬਜ਼ੁਰਗ ਜੋੜੇ ਦੇ ਨੂੰਹ-ਪੁੱਤ ਕਾਤਲਾਂ ਹੱਥੋਂ ਪਹਿਲਾਂ ਹੀ ਮਾਰੇ ਜਾ ਚੁੱਕੇ ਹੋਣ।

ਦੂਜੀ ਤਸਵੀਰ ਪੂਰਬੀਏ ਘੋੜਸਵਾਰ ਦੀ ਹੈ। ਇਸ ਤਸਵੀਰ ਦਾ ਨਾਮ 'ਕੌਣ ਐਂ ਤੂੰ' ਛਪਿਆ ਮਿਲਦਾ ਹੈ। ਤਸਵੀਰ ਦੇਖ ਕੇ ਕਈ ਵਿਚਾਰ ਮਨ ਵਿਚ ਆਉਂਦੇ ਹਨ। ਉਂਝ ਹਰ ਦੇਖਣ ਵਾਲੇ ਦਾ ਨਜ਼ਰੀਆ ਵੱਖਰਾ ਹੋ ਸਕਦਾ ਹੈ। ਤਸਵੀਰ ਨੂੰ ਪਰਖਣ ਵੇਲੇ ਸਮਕਾਲੀ ਹਾਲਾਤ ਅਤੇ ਚੇਤਿਆਂ 'ਚ ਸਾਂਭੇ ਨਿੱਜੀ ਅਤੇ ਸਮੂਹਕ ਤਜਰਬੇ ਦਾ ਜਾਇਜ਼ਾ ਲੈਣਾ ਲਾਜ਼ਮੀ ਹੈ। ਤਸਵੀਰ ਵਿਚ ਉਜਾਗਰ ਹੁੰਦੇ ਹੈਂਕੜੀ ਰਵੱਈਏ ਅਤੇ ਨਾਮ ਦੇ ਹਵਾਲੇ ਨਾਲ ਇਹ ਤਸਵੀਰ ਕਿਸੇ ਪੂਰਬੀਏ ਬਦਮਾਸ਼ ਦੀ ਲਗਦੀ ਹੈ। ਉਹ ਸਾਹਮਣੇ ਵਾਲੇ ਜੀਅ ਦੀ ਪਛਾਣ ਪੁੱਛ ਰਿਹਾ ਹੈ। ਕਈ ਬੰਦੇ ਘੋੜਸਵਾਰ ਨੂੰ ਰਾਖੇ ਵਜੋਂ ਮੰਨਣਗੇ ਕਿ ਸ਼ਾਇਦ ਉਹ ਪੀੜਤ ਜੀਅ ਨੂੰ ਬਚਾਉਣ ਆਇਆ ਹੋਵੇ! ਜੇ ਘੋੜਸਵਾਰ ਰਾਖਾ ਹੈ ਤਾਂ ਉਹ ਬਦਮਾਸ਼ਾਂ ਨੂੰ ਨਹੀਂ ਪੁੱਛੇਗਾ ਕਿ 'ਤੁਸੀ ਕੌਣ ਹੋ'? ਕਿਉਂਕਿ ਉਹ ਸ਼ਕਲ-ਸੂਰਤ ਤੋਂ ਮੁਕਾਮੀ ਬੰਦਿਆਂ ਦੀ ਪਛਾਣ ਕਰ ਸਕਦਾ ਹੈ। ਇਸੇ ਤਰ੍ਹਾਂ ਉਹ ਪੀੜਤ ਨੂੰ ਵੀ ਨਹੀਂ ਪੁੱਛੇਗਾ ਕਿ 'ਤੂੰ ਕੌਣ ਹੈਂ'? ਕੁਦਰਤੀ ਹੈ ਕਿ ਪੀੜਤ ਮੁਸਲਮਾਨ ਹੋਵੇਗੀ/ਹੋਵੇਗਾ। ਕਈਆਂ ਨੂੰ ਘੋੜਸਵਾਰ ਦੇ ਹੱਥ ਸਿਰਫ਼ ਖੂੰਡੀ ਹੋਣਾ ਹਮਲਾਵਰ ਨਾ ਹੋਣ ਦਾ ਸਬੂਤ ਲੱਗ ਸਕਦਾ ਹੈ ਪਰ ਦੂਜਾ ਪਾਸਾ ਇਹ ਵੀ ਹੈ ਕਿ ਇਕੱਲੀ ਖੂੰਡੀ ਨਾਲ ਬਦਮਾਸ਼ਾਂ ਦਾ ਮੁਕਾਬਲਾ ਕਰ ਕੇ ਪੀੜਤ ਨੂੰ ਨਹੀਂ ਬਚਾਇਆ ਜਾ ਸਕਦਾ। ਤਸਵੀਰ ਪੂਰਬੀ-


ਮਾਰਗਰੇਟ ਬਰਕੇ ਵ੍ਹਾਈਟ

ਪੰਜਾਬ ਦੀ ਹੈ ਜਿੱਥੇ ਪੀੜਤ ਧਿਰ ਮੁਸਲਮਾਨਾਂ ਦੀ ਸੀ। ਜਾਨ ਬਚਾਉਣ ਲਈ ਲੁਕਦੇ ਫਿਰਦੇ ਜੀਆਂ ਉੱਤੇ ਦਹਿਸ਼ਤ ਸਿਰਫ਼ ਹਥਿਆਰ ਨਾਲ ਨਹੀਂ ਪਾਈ ਜਾਂਦੀ। ਬੇਵਿਸਾਹੀ ਦੇ ਮਾਹੌਲ ਵਿਚ ਸ਼ਿਕਾਰੀ ਦਾ ਇਲਾਕਾ ਅਤੇ ਉਹਦੀ ਹੋਂਦ ਵੀ ਮਾਇਨੇ ਰੱਖਦੀ ਹੈ। ਦਹਿਸ਼ਤ ਨਾਲ ਬੰਦੇ ਦਾ ਖ਼ੂਨ ਸੁਕਾਉਣਾ ਵੀ ਖ਼ੂਨ ਬਹਾਉਣ ਦੇ ਬਰਾਬਰ ਹੈ। ਘੋੜਸਵਾਰ ਕਿਸੇ ਵੀ ਪਹਿਰਾਵੇ, ਫ਼ਿਰਕੇ ਜਾਂ ਖ਼ਿੱਤੇ ਦਾ ਹੋ ਸਕਦਾ ਹੈ ਪਰ ਪੁੱਛਿਆ ਸਵਾਲ 'ਕੌਣ ਐਂ ਤੂੰ?' ਕੇਂਦਰੀ ਨੁਕਤਾ ਬਣਦਾ ਹੈ। ਕਿਹੜੀ ਚੀਜ਼ ਬੰਦੇ ਦਾ ਖ਼ੂਨ ਸੁਕਾਉਣ ਜਾਂ ਖ਼ੂਨ ਬਹਾਉਣ ਦਾ ਕਾਰਨ ਬਣੀ? ਸਿਆਸਤਦਾਨਾਂ ਦੀ ਲੋਕ-ਮਾਰੂ ਭੂਮਿਕਾ ਦੇ ਨਾਲ ਗੁੰਡਾ-ਢਾਣੀਆਂ ਨੂੰ ਮਿਲੀ ਹੱਲਾਸ਼ੇਰੀ ਕਾਰਨਾਂ 'ਚ ਸ਼ੁਮਾਰ ਹੁੰਦੀ ਹੈ। ਮਜ਼ਲੂਮਾਂ ਦੇ ਗੁਆਂਢੀਆਂ ਦੀ ਚੁੱਪ ਵੀ ਸ਼ੱਕ ਦੇ ਘੇਰੇ 'ਚ ਆਉਂਦੀ ਹੈ।

ਦਰਅਸਲ ਉਨ੍ਹਾਂ ਸਮਿਆਂ ਵਿਚ ਬੰਦੇ ਦੀ ਪਛਾਣ ਦੇ ਮਾਅਨੇ ਗੁੰਮ ਹੋ ਗਏ ਸਨ। ਬੰਦੇ ਦੀ ਪਛਾਣ ਮਨੁੱਖ ਵਜੋਂ ਕਰਨ ਦੀ ਥਾਂ ਨਾਮ, ਪਹਿਰਾਵੇ ਜਾਂ ਧਰਮ ਨਾਲ ਕੀਤੀ ਜਾਣ ਲੱਗੀ ਸੀ। ਮਜ਼ਲੂਮਾਂ ਦੇ ਕਤਲੇਆਮ ਦਾ ਫ਼ੈਸਲਾ ਵੀ ਇਸੇ ਪਛਾਣ ਵਿਚੋਂ ਨਿਕਲਿਆ ਸੀ। ਜਦੋਂ ਮੈਂ ਤਸਵੀਰ ਨੂੰ 'ਕੌਣ ਐਂ ਤੂੰ?' ਦੇ ਹਵਾਲੇ ਨਾਲ ਦੇਖਦਾ ਹਾਂ ਤਾਂ ਮੈਂ ਮਨ ਵਿਚ ਆਇਆ ਵਿਚਾਰ ਪੇਸ਼ ਕੀਤਾ ਹੈ। ਤਸਵੀਰ ਦਾ ਨਾਮ ਮੈਂ ਆਪਣੇ ਕੋਲੋਂ ਨਹੀਂ ਘੜਿਆ। ਮੈਂ ਤਸਵੀਰ ਅਤੇ ਉਹਦੇ ਨਾਮ ਦੇ ਹਵਾਲੇ ਨਾਲ ਵਿਚਾਰ ਰੱਖਿਆ ਹੈ। ਤਸਵੀਰ ਵਿਚ ਬੰਦੇ ਦਾ ਉਜਾਗਰ ਹੁੰਦਾ ਰਵੱਈਆ ਅਤੇ ਤਸਵੀਰ ਦੇ ਨਾਮ ਤੋਂ ਅੰਦਾਜ਼ਾ ਲਗਦਾ ਹੈ ਕਿ ਇਹ ਰਵੱਈਆ ਪੀੜਤ ਬਾਬਤ ਹੋ ਸਕਦਾ ਹੈ ਜਾਂ ਤਸਵੀਰਸਾਜ਼ ਬਾਬਤ ਹੋ ਸਕਦਾ ਹੈ। ਦੋਹਾਂ ਮਾਮਲਿਆਂ ਵਿਚ ਮਸਲਾ 'ਮਨੁੱਖੀ ਪਛਾਣ' ਦਾ ਹੈ। ਤਸਵੀਰ ਸਮੁੱਚਤਾ 'ਚ ਉਹ ਨਹੀਂ ਹੁੰਦੀ ਜੋ ਦਿਸਦੀ ਹੈ। ਬਹੁਤ ਕੁਝ ਅਣਕਿਹਾ ਹੁੰਦਾ ਹੈ ਜੋ ਅਸੀਂ ਸਮਿਆਂ ਦੀ ਯਾਦਾਸ਼ਤ 'ਚੋਂ ਲੱਭਣਾ ਹੁੰਦਾ ਹੈ। ਸਵਾਲ ਹੈ ਕਿ ਅਸੀਂ ਲੱਭਣਾ ਕੀ ਚਾਹੁੰਦੇ ਹਾਂ ਅਤੇ ਅਤੀਤ ਦੀ ਤ੍ਰਾਸਦੀਆਂ ਦੇ ਹਵਾਲੇ ਨਾਲ ਸਮਕਾਲੀ ਸਮਿਆਂ ਨਾਲ ਕੀ ਸੰਵਾਦ ਰਚਾਉਣਾ ਚਾਹੁੰਦੇ ਹਾਂ? ਸੰਜੀਦਾ ਸੰਵਾਦ ਹੀ ਸਾਨੂੰ ਚੰਗੇ ਮਨੁੱਖ ਅਤੇ ਹਰ ਇਕ ਲਈ ਜਿਉਣ-ਜੋਗੇ ਸਮਾਜ ਦੀ ਸਿਰਜਣਾ ਵੱਲ ਲੈ ਕੇ ਜਾਣ ਦਾ ਸਬੱਬ ਬਣ ਸਕਦਾ ਹੈ। ਜੇ ਸਾਨੂੰ ਆਪਣੇ ਮਹਾਨ ਅਤੀਤ ਜਾਂ ਉੱਤਮ ਹੋਣ ਦਾ ਗੁਮਾਨ ਬਣਿਆ ਰਹੇਗਾ ਤਾਂ ਅਸੀਂ ਤੰਗ-ਨਜ਼ਰ ਸਮਾਜ ਦੀ ਸਿਰਜਣਾ ਵੱਲ ਜਾਵਾਂਗੇ।

ਪੰਜਾਬੀਆਂ ਨੇ ਵੰਡ ਸਮੇਂ ਲੱਖਾਂ ਸਮਕਾਲੀ ਜੀਆਂ ਨੂੰ ਮਾਰਿਆ ਸੀ ਜਿਹੜੇ ਸਦੀਆਂ ਤੋਂ ਗੁਆਂਢੀ ਸਨ। ਮੇਰੇ ਲਾਗਲੇ ਪਿੰਡਾਂ 'ਚ ਲੋਕਾਂ ਨੇ ਥੋੜ੍ਹੇ-ਬਹੁਤ ਮੁਸਲਮਾਨ ਗਰਾਂਈਂ ਬੇਸ਼ੱਕ ਬਚਾਏ ਸਨ ਪਰ ਤੱਥ ਇਹ ਵੀ ਹੈ ਕਿ ਇਹ 'ਗਰਾਂਈਆਂ ਦੇ ਰਾਖੇ' ਦੂਜੇ ਪਿੰਡਾਂ ਦੇ ਮੁਸਲਮਾਨਾਂ ਨੂੰ ਮਾਰਨ-ਲੁੱਟਣ ਜਾਂਦੇ ਰਹੇ ਹਨ। ਦੱਸੋ ਇਨ੍ਹਾਂ 'ਰਾਖਿਆਂ' ਨੂੰ ਕਿਹੜੇ ਖ਼ਾਤੇ ਪਾਈਏ? ਸੰਤਾਲੀ ਦੇ ਗੁਨਾਹ ਤੋਂ ਬਰੀ ਹੋਣ ਲਈ ਸਾਨੂੰ ਸਾਡੇ ਪੁਰਖਿਆਂ ਦੇ ਕੀਤੇ ਦਾ ਪਛਤਾਵਾ ਕਰ ਲੈਣਾ ਚਾਹੀਦਾ ਹੈ। ਇਹ ਅੱਜ ਹੋਰ ਵੀ ਲਾਜ਼ਮੀ ਹੈ ਜਦੋਂ ਫ਼ਾਸ਼ੀਵਾਦ ਅਤੇ ਬੁਨਿਆਦਪ੍ਰਸਤੀ ਦੁਬਾਰਾ ਸਿਰ ਚੁੱਕ ਰਹੀ ਅਤੇ ਮੁਸਲਮਾਨ ਇਹਦਾ ਸਭ ਤੋਂ ਵੱਡਾ ਨਿਸ਼ਾਨਾ ਹਨ।

ਮੌਤਾਂ ਨੂੰ ਅੰਕੜਿਆਂ ਦੇ ਰੂਪ ਵਿਚ ਦੇਖਣਾ ਸ਼ਬਦੀ ਹਿੰਸਾ ਹੈ। ਇਸ ਹਿੰਸਾ ਦਾ ਇਲਜ਼ਾਮ ਆਪਣੇ ਸਿਰ ਲੈਂਦੇ ਹੋਏ ਤੱਥ ਸਾਂਝਾ ਕਰਦਾ ਹਾਂ ਕਿ ਵੰਡ ਸਮੇਂ ਕਤਲ ਹੋਣ ਵਾਲੇ ਮੁਸਲਮਾਨਾਂ ਦੀ ਗਿਣਤੀ ਸਿੱਖਾਂ-ਹਿੰਦੂਆਂ ਦੇ ਕਤਲਾਂ ਤੋਂ ਦੁੱਗਣੀ ਸੀ। ਪੰਜਾਬੀਆਂ ਅਤੇ ਕੌਮੀ-ਸ਼ਾਨ ਦੇ ਝੂਠੇ ਸੋਹਲੇ ਗਾਉਣ ਵੇਲੇ ਸਾਨੂੰ ਇਹ ਤਸਵੀਰ ਦੇਖ ਲੈਣੀ ਚਾਹੀਦੀ ਹੈ। ਜੇ ਇਹ ਸਮੇਂ ਸਾਡੇ ਚੇਤਿਆਂ ਵਿਚ ਸ਼ਾਨ ਦਾ ਸਬੱਬ ਨਹੀਂ ਬਣਦੇ ਤਾਂ ਸ਼ਰਮਿੰਦਾ ਹੋ ਲੈਣਾ ਲਾਜ਼ਮੀ ਹੈ। ਇਸ ਸ਼ਰਮਿੰਦਗੀ ਵਿਚੋਂ ਦਰਦਮੰਦੀ ਦਾ ਅਹਿਸਾਸ ਜਾਗ ਸਕਦਾ ਹੈ ਜੋ ਭਵਿੱਖ ਦੀਆਂ ਤ੍ਰਾਸਦੀਆਂ ਨੂੰ ਰੋਕਣ ਦਾ ਸਬੱਬ ਬਣੇਗਾ।

### ਖ਼ਾਮੋਸ਼ ਸੁਰਾਂ-1

*ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾਵੇਗਾ ਜਿਨ੍ਹਾਂ ਨੇ ਆਪਣੀਆਂ ਸੁਰਾਂ ਨਾਲ ਫ਼ਿਲਮੀ ਗਾਇਕੀ ਵਿਚ ਨਿਵੇਕਲੇ ਰੰਗ ਭਰੇ।*

# ਪੁਰਸੋਜ਼ ਗੀਤਾਂ ਦੀ ਗਾਇਕਾ ਜਗਜੀਤ ਕੌਰ



ਸੁਰਿੰਦਰ ਸਿੰਘ ਤੇਜ
ਸੰਪਰਕ:98555-01488

ਕਈ ਵਾਰ ਸਿਰਫ ਇੱਕ ਸ਼ਾਹਕਾਰ ਗੀਤ ਕਿਸੇ ਗਾਇਕ ਜਾਂ ਗਾਇਕਾ ਨੂੰ ਅਮਰ ਬਣਾ ਦਿੰਦਾ ਹੈ। ਗਾਇਕਾ ਜਗਜੀਤ ਕੌਰ ਨੂੰ ਇਹ ਅਮਰਤਾ ਫ਼ਿਲਮ 'ਸ਼ਗੁਨ' ਦੇ ਗੀਤ 'ਤੁਮ ਅਪਨਾ ਰੰਜ-ਓ-ਗ਼ਮ, ਅਪਨੀ ਪਰੇਸ਼ਾਨੀ ਮੁਝੇ ਦੇ ਦੋ; ਤੁਮਹੇ ਗ਼ਮ ਕੀ ਕਸਮ, ਇਸ ਦਿਲ ਕੀ ਵੀਰਾਨੀ ਮੁਝੇ ਦੇ ਦੋ' ਨੇ ਬਖ਼ਸ਼ੀ। ਸਾਹਿਰ ਲੁਧਿਆਣਵੀ ਦੀ ਕਲਮ ਤੇ ਕਲਪਨਾ ਦੇ ਕਮਾਲ ਅਤੇ ਸੁਰ ਤੇ ਸ਼ਬਦ ਦੀ ਸੰਗਤ ਕਰਾਉਣ ਦੀ ਸੰਗੀਤਕਾਰ ਖ਼ੱਯਾਮ ਦੀ ਹੁਨਰਮੰਦੀ ਨੇ ਇਸ ਗੀਤ ਰਾਹੀਂ ਜਗਜੀਤ ਕੌਰ ਨੂੰ ਗਾਇਕੀ ਦੀਆਂ ਬੁਲੰਦੀਆਂ ਛੂਹਣ ਦੇ ਕਾਬਲ ਬਣਾਇਆ। ਜੋ ਹਾਵ-ਭਾਵ, ਜੋ ਲੈਅ, ਜੋ ਸੋਜ਼ ਸਾਹਿਰ ਦੇ ਸ਼ਬਦਾਂ ਵਿਚ ਹੈ, ਉਹ ਜਗਜੀਤ ਕੌਰ ਦੀ ਗਾਇਕੀ ਵਿਚ ਨਜ਼ਰ ਆਇਆ। ਇਸੇ ਸੁਮੇਲ ਨੇ ਜਗਜੀਤ ਕੌਰ ਨੂੰ ਹਿੰਦੀ ਫ਼ਿਲਮ ਗਾਇਕੀ ਦੇ ਇਤਿਹਾਸ ਵਿਚ ਨਿਵੇਕਲਾ ਮੁਕਾਮ ਦਿਵਾਇਆ।

'ਸ਼ਗੁਨ' (1964) ਵਿਚ ਵਹੀਦਾ ਰਹਿਮਾਨ, ਨਵੇਂ ਹੀਰੋ ਕਮਲਜੀਤ (ਅਸਲ ਨਾਮ ਸ਼ਸ਼ੀ ਰੇਖੀ) ਅਤੇ ਨਵੀਂ ਅਦਾਕਾਰਾ ਨਿਵੇਦਿਤਾ ਦੀਆਂ ਮੁੱਖ ਭੂਮਿਕਾਵਾਂ ਸਨ। ਜਗਜੀਤ ਕੌਰ ਵਾਲਾ ਗੀਤ ਨਿਵੇਦਿਤਾ ਉਪਰ ਫਿਲਮਾਇਆ ਗਿਆ ਸੀ। ਨਾਇਕਾ ਵਹੀਦਾ ਰਹਿਮਾਨ ਉਪਰ ਫਿਲਮਾਏ ਸੋਲੋ 'ਬੁਝਾ ਦੀਏ ਹੈਂ ਖ਼ੁਦ ਅਪਨੇ ਹਾਥੋਂ, ਮੁਹੱਬਤੋਂ ਕੇ ਦੀਏ ਜਲਾ ਕੇ' ਨੂੰ ਸੁਮਨ ਕਲਿਆਣਪੁਰ ਵੱਲੋਂ ਗਾਏ ਬਿਹਤਰੀਨ ਗੀਤਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਜੇ ਤਰਜ਼ ਤੇ ਸੰਗੀਤਕ ਸਹਿਜ ਨੂੰ ਪੈਮਾਨਾ ਬਣਾਇਆ ਜਾਵੇ ਤਾਂ ਸੁਮਨ ਵਾਲਾ ਗੀਤ ਜਗਜੀਤ ਕੌਰ ਦੇ ਗੀਤ ਨਾਲੋਂ ਬਿਹਤਰ ਜਾਪਦਾ ਹੈ ਪਰ ਜਗਜੀਤ ਕੌਰ ਨੇ ਆਪਣੀ ਗਾਇਕੀ ਅੰਦਰਲੇ ਸੋਜ਼ ਦੇ ਜ਼ਰੀਏ ਗੀਤ ਅੰਦਰ ਅਜਿਹੀ ਜਾਨ ਪਾਈ ਕਿ 'ਤੁਮ ਅਪਨਾ ਰੰਜ-ਓ-ਗ਼ਮ...' ਫ਼ਿਲਮ 'ਸ਼ਗੁਨ' ਦੀ ਜਾਨ ਅਤੇ ਪਛਾਣ ਬਣ ਗਿਆ।

ਸੁਮਨ ਕਲਿਆਣਪੁਰ ਵਾਂਗ ਜਗਜੀਤ ਕੌਰ ਦੀ ਫ਼ਿਲਮ ਸੰਗੀਤ ਜਗਤ ਵਿਚ ਆਮਦ ਮੰਗੇਸ਼ਕਰ ਭੈਣਾਂ ਦੇ ਯੁੱਗ ਦੌਰਾਨ ਹੀ ਹੋਈ ਪਰ ਉਹ ਇਨ੍ਹਾਂ ਭੈਣਾਂ ਦੀ ਪ੍ਰਤੀਯੋਗੀ ਜਾਂ ਵਿਰੋਧੀ ਨਹੀਂ ਸੀ। ਉਸ ਨੇ ਆਪਣੇ ਲਈ ਨਿਵੇਕਲਾ ਸਪੇਸ ਬਣਾਇਆ। ਇਹ ਸਪੇਸ ਬਹੁਤ ਸੀਮਤ ਸੀ। ਇਸੇ ਲਈ ਉਹ ਕਿਸੇ ਦੀ ਵਿਰੋਧੀ ਨਹੀਂ ਸਮਝੀ ਗਈ। ਉਸ ਦੀ ਆਵਾਜ਼ ਟਿਪੀਕਲ ਹਿੰਦੀ ਫ਼ਿਲਮ ਹੀਰੋਇਨ ਦੇ ਗੀਤਾਂ ਵਾਲੀ ਆਵਾਜ਼ ਨਹੀਂ ਸੀ। ਇਸ ਵਿਚ ਗ਼ਜ਼ਲ ਜਾਂ ਠੁਮਰੀ ਗਾਇਕੀ ਵਾਲੀ ਖਣਕ ਸੀ ਅਤੇ ਨਾਲ ਹੀ ਇਹ ਕਰੁਣਾਮਈ ਵੀ ਸੀ। ਇਸ ਕਰੁਣਾ ਨੂੰ ਉਸ ਦੇ ਸੰਗੀਤਕਾਰ ਪਤੀ ਮੁਹੰਮਦ ਜ਼ਹੂਰ ਹੁਸੈਨ ਹਾਸ਼ਮੀ 'ਖੱਯਾਮ' ਨੇ ਆਪਣੀਆਂ ਧੁਨਾਂ ਵਿਚ ਬਾਖ਼ੂਬੀ ਵਰਤਿਆ। ਖੱਯਾਮ ਨੇ ਉਸ ਨੂੰ ਆਪਣੇ ਗਲੇ ਦੀਆਂ ਸੀਮਾਵਾਂ ਦੇ ਅੰਦਰ ਰਹਿ ਕੇ ਗਾਇਨ ਲਈ ਪ੍ਰੇਰਿਆ ਅਤੇ ਜਦੋਂ ਵੀ ਕੋਈ ਹਟਵਾਂ, ਵੱਧ ਕਰੁਣਾਮਈ ਗੀਤ ਗਵਾਉਣ ਦਾ ਮੌਕਾ ਮਿਲਿਆ ਤਾਂ ਮੰਗੇਸ਼ਕਰ ਭੈਣਾਂ- ਲਤਾ ਜਾਂ ਆਸ਼ਾ, ਦਾ ਸਹਾਰਾ ਲੈਣ ਦੀ ਥਾਂ ਜਗਜੀਤ ਕੌਰ 'ਤੇ ਟੇਕ ਰੱਖੀ। ਇਸ ਜੁਗਲਬੰਦੀ ਨੇ 'ਦੇਖ ਲੋ ਆਜ ਹਮਕੋ ਜੀਅ ਭਰ ਕੇ, ਕੋਈ ਆਤਾ ਨਹੀਂ ਹੈ ਫਿਰ ਮਰ ਕੇ...' (ਬਾਜ਼ਾਰ, 1982) ਅਤੇ 'ਕਾਹੇ ਕੋ ਬਿਆਹੀ ਬਿਦੇਸ਼...' (ਉਮਰਾਓ ਜਾਨ, 1981) ਵਰਗੇ ਪੁਰਸੋਜ਼ ਗੀਤ ਹਿੰਦੀ ਫ਼ਿਲਮ ਸੰਗੀਤ ਦਾ ਅਮਰ ਅੰਗ ਬਣਾਏ।


ਜਗਜੀਤ ਕੌਰ ਆਪਣੇ ਪਤੀ ਖੱਯਾਮ ਅਤੇ ਗਾਇਕ ਜਗਜੀਤ ਨਾਲ।

ਚੰਗੇ ਫ਼ਨਕਾਰ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਸੀਮਾਵਾਂ ਨੂੰ ਸਮੇਂ ਦੀਆਂ ਲੋੜਾਂ ਮੁਤਾਬਕ ਢਾਲਣਾ ਸਿੱਖੇ। ਜਗਜੀਤ ਕੌਰ ਨੇ ਇਸ ਜਜ਼ਬੇ ਦਾ ਮੁਜ਼ਾਹਰਾ ਆਪਣੇ ਹੀ ਅੰਦਾਜ਼ ਨਾਲ ਕੀਤਾ। ਉਂਝ, ਉਸ ਦੀ ਆਵਾਜ਼ ਅੰਦਰਲੇ ਸੋਜ਼ ਤੇ ਕਰੁਣਾ ਨੇ ਲੋੜ ਪੈਣ 'ਤੇ ਸਰੂਰ ਤੇ ਸ਼ਊਰ ਦਾ ਰੂਪ ਵੀ ਧਾਰਿਆ ਗ੍ਰਹਿਣ ਕੀਤਾ। 1955 ਵਿਚ ਉਸ ਵੱਲੋਂ ਰਿਕਾਰਡ ਕਰਾਇਆ ਗਿਆ ਸ਼ਬਦ 'ਬਿਸਰ ਗਈ ਸਭ ਤਾਤ ਪਰਾਈ...' ਪ੍ਰਭੂ ਸਿਮਰਨ ਰਾਹੀਂ ਪ੍ਰਾਪਤ ਸਰੂਰ ਦੀ ਉਮਦਾ ਮਿਸਾਲ ਹੈ। ਪਹਿਲਾਂ 1953 ਵਿਚ 'ਦਿਲ-ਏ-ਨਾਦਾਨ' ਦੇ ਗੀਤ (ਚੰਦਾ ਗਏ ਰਾਗਿਨੀ) ਰਾਹੀਂ ਵੀ ਉਸ ਨੇ ਅਜਿਹੀ ਹੁਨਰਮੰਦੀ ਦਾ ਮੁਜ਼ਾਹਰਾ ਕੀਤਾ ਸੀ। ਸਿੱਖ ਜ਼ਿਮੀਂਦਾਰ ਪਰਿਵਾਰ ਵਿਚ ਜਨਮੀ ਜਗਜੀਤ ਕੌਰ ਦੀ ਗਾਇਕੀ ਦਾ ਸਫ਼ਰ 1950 ਵਿਚ ਪੰਜਾਬੀ ਫ਼ਿਲਮ 'ਪੋਸਤੀ' ਤੋਂ ਸ਼ੁਰੂ ਹੋਇਆ। ਫ਼ਿਲਮ ਦਾ ਸੰਗੀਤਕਾਰ ਸਰਦੂਲ ਕਵਾਤੜਾ ਸੀ ਜੋ ਆਪਣੀ ਰੰਗੀਨਮਿਜ਼ਾਜੀ ਲਈ ਜਾਣਿਆ ਜਾਂਦਾ ਸੀ। ਜਗਜੀਤ ਕੌਰ ਨੂੰ ਮੁੱਢਲੇ ਦਿਨਾਂ ਵਿਚ ਸੰਘਰਸ਼ ਕਰਨਾ ਪਿਆ, ਪਰ 1953 ਵਿਚ ਖੱਯਾਮ ਦੇ ਸੰਪਰਕ ਵਿਚ ਆਉਣ ਅਤੇ ਦੋ ਸਾਲ ਬਾਅਦ ਉਸ ਨਾਲ ਵਿਆਹ ਕਰਨ ਤੋਂ ਬਾਅਦ ਜਗਜੀਤ ਕੌਰ ਨੇ ਆਪਣੀ ਗਾਇਕੀ ਉੱਤੇ ਜ਼ੋਰ ਦੇਣ ਦੀ ਥਾਂ ਪਤੀ ਦੀ ਸਹਾਇਕ ਬਣਨ ਨੂੰ ਤਰਜੀਹ ਦਿੱਤੀ। ਉਨ੍ਹਾਂ ਦੇ ਪੁੱਤਰ ਪ੍ਰਦੀਪ ਖੱਯਾਮ ਨੇ ਇੱਕ ਸਮੇਂ ਹੀਰੋ ਬਣਨਾ ਚੁਣਿਆ ਅਤੇ 1990 ਵਿਚ ਫ਼ਿਲਮ 'ਜਾਨ-ਏ-ਵਫ਼ਾ' ਵਿਚ ਫਾਰੂਕ ਸ਼ੇਖ਼ ਨਾਲ ਅਹਿਮ ਭੂਮਿਕਾ ਨਿਭਾਈ ਪਰ ਫ਼ਿਲਮ ਦੇ ਫਲੌਪ ਹੋਣ ਤੋਂ ਬਾਅਦ ਪ੍ਰਦੀਪ ਨੇ ਕੈਨੇਡਾ ਜਾ ਵਸਣਾ ਬਿਹਤਰ ਸਮਝਿਆ ਜਿੱਥੇ ਉਸ ਦੀ ਬੇਵਕਤੀ ਮੌਤ ਹੋ ਗਈ।

ਜਗਜੀਤ ਕੌਰ ਦੇ ਗੀਤਾਂ ਦੀ ਗਿਣਤੀ ਸੌ ਦੇ ਕਰੀਬ ਹੈ। ਉਹਨੇ ਹਿੰਦੋਸਤਾਨੀ (ਹਿੰਦੀ-ਉਰਦੂ), ਮਰਾਠੀ, ਗੁਜਰਾਤੀ ਤੇ ਪੰਜਾਬੀ ਵਿਚ ਹੀ ਗੀਤ ਗਾਏ। ਉਸ ਨੇ ਆਖਰੀ ਗੀਤ 2005 ਵਿਚ ਰਿਕਾਰਡ ਕਰਵਾਇਆ ਸੀ।

COMMERCIAL GRADE
SECURITY SOLUTIONS
vista
MORE THAN SECURITY
LICENCE PLATE READER
BILL READER
LONG RANGE
CASH REGISTER INTERFACE
HD SERIES CAMERAS
SPECIAL OFFER 4 CAMERAS WITH 4 CH DVR LED MONITOR INCLUDED ~~1849~~ $1349 +Tax
SPECIAL OFFER 8 CAMERAS INSTALLATION INCLUDED LED MONITOR INCLUDED ~~2849~~ $2349 +Tax
SPECIAL OFFER 12 CAMERAS INSTALLATION INCLUDED LED MONITOR INCLUDED ~~4249~~ $3749 +Tax
Buy Online : www.ezchase.com
Email : commvision@sbcglobal.net
Call Sukhpal
661-586-5080
vista CCTV TECHNOLOGY



The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



BestNationalSolar
ਸੋਲਰ ਸਿਸਟਮ ਫਰੀ ਲਗਵਾਓ
Sun Solar Energy Solutions, Inc. Lic# 939675
SUNPOWER
Sunpower is the manufacturer of the most efficient and reliable photovoltaic modules available in the world, and was recently inducted into the Guinness Book of World Records for their unparalleled gains in efficiency.

Start Saving Today With Our 0.00 Down Solar Lease.
Guaranteed to Save You Money

ਅਗਰ ਤੁਹਾਡਾ ਬਿੱਲ ਗਰਮੀਆਂ ਵਿਚ $150 ਤੋਂ ਜ਼ਿਆਦਾ ਹੈ ਤਾਂ ਆਪਣੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ।




Maintenance, Insurance, Monitoring and Performance Guarantee included

ਕੀ ਤੁਸੀਂ ਆਪਣੇ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ।

ਫਰੀ, ਮਾਹਿਰਾਨਾ ਅਤੇ ਸਹੀ ਸਲਾਹ ਲੈਣ ਲਈ ਸਿਮਰਨ ਦਿਉਲ (ਸੋਲਰ ਇੰਜੀਨੀਅਰ) ਨੂੰ ਅੱਜ ਹੀ ਕਾਲ ਕਰੋ 661-412-4728
7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

We DO NOT Install cheap quality Panels. We Install SunPower Solar Panels (E20/327), which are the highest efficiency Panels and best in the World.

ਅਸੀਂ ਸਸਤੀ ਕਵਾਲਟੀ ਦੇ ਪੈਨਲ ਨਹੀਂ ਲਗਾਉਂਦੇ। ਅਸੀਂ ਸਿਰਫ ਸਨਪਾਵਰ, ਜੋ ਪੁਰਾਣੀ ਅਮਰੀਕਨ ਸੋਲਰ ਦੀ ਕੰਪਨੀ ਹੈ, ਦੇ ਬਣਾਏ ਪੈਨਲ ਹੀ ਲਗਾਉਂਦੇ ਹਾਂ ਜੋ ਦੁਨੀਆਂ ਵਿਚ ਸਭ ਤੋਂ ਵਧੀਆ ਪੈਨਲ ਹਨ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇੰਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।

- $ 0 down Worry Free Lease
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- Guaranteed Lowest Monthly Bill
- Fixed Monthly Low Bill
- No Need to Worry About
- Increasing Cost of Utility
- Professional Installation
- 24/7 Monitoring



The Time Is Now For Solar
Call: Simran Deol
(Solar Engineer)
at 661-412-4728

Always Remember - Best National Solar
Receive $500 By Referring Friends.

# Janta India Restaurant

369 Lytton Ave, Palo Alto, CA, 94301

ਵੀਹ ਸਾਲ ਤੋਂ ਤੁਹਾਡੀ ਸੇਵਾ ਵਿਚ



ਜਨਮ ਦਿਨ, ਗਰੈਜੂਏਸ਼ਨ, ਵਿਆਹ-ਸ਼ਾਦੀ ਜਾਂ ਫਿਰ ਵਿਆਹ ਦੀ ਵਰ੍ਹੇਗੰਢ, ਪਾਰਟੀ ਵੱਡੀ ਹੋਵੇ ਜਾਂ ਛੋਟੀ, ਕੈਟਰਿੰਗ ਲਈ ਸੰਪਰਕ ਕਰੋ

ਅਸੀਂ ਤੁਹਾਡੀ ਪਾਰਟੀ ਨੂੰ ਸੁਆਦਲੇ ਭੋਜਨ ਨਾਲ ਹੋਰ ਵੀ ਸੁਆਦਲੀ ਬਣਾਉਂਦੇ ਹਾਂ

ਫੋਨ: 650-462-5903

ਆਪਣੇ ਬਿਜਨਸ ਜਾਂ ਘਰ ਉਤੇ ਸਕਿਉਰਿਟੀ ਕੈਮਰਾ ਲਵਾਉਣਾ ਚਾਹੁੰਦੇ ਹੋ?

ਸਾਡੇ ਪਾਸ ਅਤਿ ਆਧੁਨਿਕ ਵਧੀਆ ਕੁਆਲਿਟੀ ਦੇ ਸਕਿਉਰਿਟੀ ਕੈਮਰੇ ਹਨ



**We are wholesalers on Amazon and eBay**
**Shop online at www.dvrunlimited.com**
**For best deals on Security Cameras**

Upgrade to HD-SDI or IP-Camera Mega Pixel quality 1080P
Magic DVR's with HD Blue Ray resolution
Installation available in California, Texas and New York

We sell name brand products
ACTi, BORCH, LG, Samsung, Geovision, VIVOTEK

*Please Call*

**888-233-4566**



www.dvrunlimited.com www.security360cameras.com

BOSCH SAMSUNG VIVOTEK DVR UNLIMITED INC. SECURITY CAMERAS LG Life's Good

ਗੋਲਡਨ ਪੰਜਾਬ ਕਲੱਬ ਵਲੋਂ ਪੇਸ਼ ਹੈ

# ਰੂਪ ਪੰਜਾਬਣ ਦਾ

**Oct. 19th, 2013** (3pm to 7pm)

**Union City Sports Center**
31224 Union City Blvd, Union City CA 94587

Golden Punjab Club

**Tickets: $10**

- ਕੇਵਲ ਬੱਚੀਆਂ, ਮੁਟਿਆਰਾਂ ਅਤੇ ਔਰਤਾਂ ਲਈ
- ਗੀਤ-ਸੰਗੀਤ, ਗਿੱਧਾ, ਬੋਲੀਆਂ ਅਤੇ ਡੀ.ਜੇ.
- ਪੰਜਾਬੀ ਸੂਟਾਂ ਵਿਚ ਸਜੀਆਂ ਤਿੰਨ ਪੰਜਾਬਣਾਂ ਦੀ ਚੋਣ
- ਖਾਣ-ਪੀਣ ਦੇ ਨਾਲ ਨਾਲ ਜਿਊਲਰੀ, ਮਹਿੰਦੀ ਅਤੇ ਔਰਤਾਂ ਦੇ ਮਨਭਾਉਂਦੇ ਹਰ ਤਰ੍ਹਾਂ ਦੇ ਸਟਾਲ ਲਗਾਏ ਜਾਣਗੇ






*Stage Host: Neelam Saini*



*Dr. Baljit Jammu*







**For More Info., Contact: Neelam Saini, Ph: 510-502-0551 or Dr. Baljit Jammu, Ph: 510-343-4162**